ਸਿਰਜਣਾ

ਅਕਤੂਬਰ-ਦਸੰਬਰ 2011 (ਅੰਕ 162)

October- December 2011

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

ਇਜਾਜ਼ਤ
Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ -Sign: _____

ਪਤਾ -Address: _____

1728, ਸੈਕਟਰ 43-ਬੀ,
ਚੰਡੀਗੜ੍ਹ - 160022

1728, Sector 43 - B,
Chandigarh - 160022
India

ਤਾਰੀਕ -Date: 25 - 10 - 2014

ਸਿਰਜਣਾ

ਅਕਤੂਬਰ-ਦਸੰਬਰ 2011 **162** 30 ਰੁਪਏ

ਸਿਰਜਣਾ

162
ਅਕਤੂਬਰ-ਦਸੰਬਰ 2011

ਸੰਪਾਦਕ : ਰਘਬੀਰ ਸਿੰਘ
Editor : Raghbir Singh

1728, ਸੈਕਟਰ 43-ਬੀ,
ਚੰਡੀਗੜ੍ਹ-160 022
ਫੋਨ : +91-172-2601693

SIRJANA
1728, Sector 43-B,
Chandigarh-160 022
INDIA
Phone : +91-172-2601693
E-mail :
raghbirssirjana@yahoo.com

Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

ਇਸ ਅੰਕ ਵਿਚ

ਸੰਪਾਦਕੀ / ਪ੍ਰਗਤੀਵਾਦ ਦੀ ਸਮਝ / 1

ਗੁਰਦੀਪ / ਛੇ ਗ਼ਜ਼ਲਾਂ / 4

ਬਲਵਿੰਦਰ ਗਰੇਵਾਲ /ਕਹਾਣੀ / ਸੱਚ ਦੀ ਬੇਲਾ / 7

ਮੁਖਤਿਆਰ ਸਿੰਘ / ਕਹਾਣੀ / ਜੇ ਉਹ ਮੰਨ ਜਾਣ / 32

ਵਰਿਆਮ ਸਿੰਘ ਸੰਧੂ / ਕਹਾਣੀ ਪਿਛੋਕੜ / ਭਰਾਵਾਂ ਦਾ ਮਾਣ / 47

ਸੁਰਜੀਤ ਹਾਂਸ / ਨਿਬੰਧ / ਅਨੁਵਾਦ ਬਾਰੇ / 68

ਸਾਧੂ ਸਿੰਘ / ਨਿਬੰਧ / ਪੰਜਾਬੀ ਬੋਲੀ ਦਾ ਸ਼ਬਦ-ਭੰਡਾਰ / 80

ਗੁਲਜ਼ਾਰ ਸਿੰਘ ਸੰਧੂ / ਪੁਸਤਕ ਰਿਵਿਊ / ਅਗਬੱਤੀ / 87

ਰਘਬੀਰ ਸਿੰਘ / ਪੁਸਤਕ ਰਿਵਿਊ / ਮੇਰੇ ਆਪਣੇ / 89

ਚੰਦਰ ਮੋਹਨ / ਪੁਸਤਕ ਰਿਵਿਊ / ਤੰਦ ਤਾਣੀ / 92, ਆਰ ਦੀਆਂ ਤੇ ਪਾਰ ਦੀਆਂ / 95

ਜੇ. ਬੀ. ਸੇਖੋਂ / ਪੁਸਤਕ ਰਿਵਿਊ / ਸ਼ਿਕਾਰਗਾਹ / 97

ਬਲਜੀਤ ਬਾਸੀ, ਰਾਜਿੰਦਰ ਕੌਰ, ਹਰੀ ਕ੍ਰਿਸ਼ਨ ਮਾਇਰ, ਕੇਵਲ ਕਲੌਟੀ / ਪੱਤਰ / 102

ਟਾਈਟਲ ਚਿੱਤਰ : ਦੇਵ ਟਾਈਪ-ਸੈਟਿੰਗ ਅਤੇ ਡਿਜ਼ਾਈਨਿੰਗ: ਰਾਜਪ੍ਰੀਤ ਸਿੰਘ

ਚੰਦਾ-ਦਸ ਅੰਕ : ਦੇਸ : 300 ਰੁਪਏ, ਵਾਰਸ਼ਿਕ : 120 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 25 ਪੌਂਡ, 50 ਡਾਲਰ,ਵਾਰਸ਼ਿਕ:10 ਪੌਂਡ, 20 ਡਾਲਰ

ਪ੍ਰਗਤੀਵਾਦ ਦੀ ਸਮਝ

ਸਾਢੇ ਚਾਰ ਦਹਾਕੇ ਪਹਿਲਾਂ ਜਦੋਂ 'ਸਿਰਜਣਾ' ਦਾ ਪ੍ਰਕਾਸ਼ਨ ਆਰੰਭ ਕੀਤਾ ਗਿਆ ਸੀ ਉਦੋਂ ਪੰਜਾਬੀ ਸਾਹਿਤ-ਸਭਿਆਚਾਰ ਦੇ ਖੇਤਰ ਵਿਚ ਪ੍ਰਗਤੀਵਾਦੀ-ਮਾਨਵਵਾਦੀ ਕਦਰਾਂ-ਕੀਮਤਾਂ ਨੂੰ ਉਭਾਰਨਾ ਸਾਡਾ ਐਲਾਨਿਆ ਉਦੇਸ਼ ਸੀ। ਇਸ ਮੰਤਵ ਲਈ ਅਸੀਂ ਇਕ ਨਿਸਚਤ ਸਿਧਾਂਤਕ ਤੇ ਵਿਚਾਰਧਾਰਕ ਪੈਂਤੜਾ ਮੱਲਿਆ ਹੋਇਆ ਸੀ ਜਿਸਦਾ ਆਧਾਰ ਆਮ ਰੂਪ ਵਿਚ ਸਾਹਿਤ-ਸਭਿਆਚਾਰ ਦੀ ਮਾਰਕਸਵਾਦੀ ਸਮਝ ਸੀ। ਸਮੇਂ ਸਮੇਂ ਪ੍ਰਯੋਗਵਾਦ ਜਾਂ ਆਧੁਨਿਕਤਾ ਦੇ ਨਾਂ ਹੇਠ, ਜਾਂ ਹੋਰ ਕੋਈ ਵੀ, ਜੋ ਰੁਝਾਨ ਉਭਰੇ ਉਹਨਾਂ ਨਾਲ ਇਸੇ ਦ੍ਰਿਸ਼ਟੀ-ਬਿੰਦੂ ਤੋਂ 'ਸਿਰਜਣਾ' ਵੱਲੋਂ ਚਰਚਾ ਕੀਤੀ ਗਈ ਅਤੇ ਸੰਵਾਦ ਰਚਾਇਆ ਗਿਆ। ਵਾਦ-ਵਿਵਾਦ ਤੇ ਸੰਵਾਦ ਦਾ ਇਹ ਅਮਲ ਵਧੇਰੇ ਕਰਕੇ ਤਾਂ ਉਹਨਾਂ ਨਾਲ ਹੁੰਦਾ ਸੀ ਜੋ ਪਰੋਖ ਜਾਂ ਪ੍ਰਤੱਖ ਰੂਪ ਵਿਚ ਸਾਡੀ ਵਿਚਾਰਧਾਰਕ ਪਹੁੰਚ ਤੋਂ ਪਰੇਡੇ ਸਮਝੇ ਜਾਂਦੇ ਸਨ। ਪਰ ਵੱਖ ਵੱਖ ਮੁੱਦਿਆਂ ਉੱਤੇ ਆਪਣੀ ਪਹੁੰਚ ਦੇ ਵਿਸਥਾਰ ਅਤੇ ਸਿਰਜਣਾਤਮਕਤਾ ਦੇ ਮਾਪਦੰਡਾਂ ਨੂੰ ਲੈ ਕੇ ਇਹ ਸੰਵਾਦ ਆਪਣੇ ਘੇਰੇ ਦੇ ਅੰਦਰ ਵੀ ਚੱਲਦਾ ਰਹਿੰਦਾ ਸੀ। ਇਸ ਤਰ੍ਹਾਂ ਸਾਹਿਤ ਦੀ ਸਮਾਜਕ ਸਾਰਥਕਤਾ ਨੂੰ ਸਾਹਵੇਂ ਰੱਖਕੇ ਜਿੱਥੇ ਅਣਮਨੁੱਖੀ ਤੇ ਨਕਾਰਾਤਮਕ ਰੁਝਾਨਾਂ ਦਾ ਵਿਰੋਧ ਕੀਤਾ ਜਾਂਦਾ ਰਿਹਾ ਉੱਥੇ ਨਿਰੋਲ ਨਾਅਰੇਬਾਜ਼ੀ ਵਾਲੀ ਪੇਤਲੀ ਲਿਖਤ ਦਾ ਕਦੇ ਸਮਰਥਨ ਨਾ ਕੀਤਾ ਗਿਆ। ਆਪਣੀ ਗੱਲ ਕਰਨ ਦੇ ਨਾਲ ਨਾਲ ਉਹਨਾਂ ਲਿਖਤਾਂ ਨੂੰ ਅੱਗੇ ਲਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ਜੋ ਉਚਿਤ ਕਲਾ ਪੱਧਰ ਸਹਿਤ 'ਸਿਰਜਣਾ' ਦੇ ਐਲਾਨੇ ਉਦੇਸ਼ ਦੀ ਪੂਰਤੀ ਕਰਦੀਆਂ ਸਨ। ਸਾਨੂੰ ਇਸ ਗੱਲ ਦੀ ਵੱਡੀ ਤਸੱਲੀ ਹੈ ਕਿ ਇਸ ਕਾਲ-ਖੰਡ ਵਿਚ ਉਹਨਾਂ ਸਿਰਜਕਾਂ ਤੇ ਉਹਨਾਂ ਲਿਖਤਾਂ ਨੂੰ ਹੀ ਵਡੇਰੀ ਪ੍ਰਵਾਨਗੀ ਮਿਲੀ ਜੋ 'ਸਿਰਜਣਾ' ਦੀ ਪਹੁੰਚ ਦੇ ਅਨੁਸਾਰੀ ਸਨ।

ਸਾਰੇ ਪ੍ਰਗਤੀਵਾਦੀ ਮਾਰਕਸਵਾਦੀ ਨਹੀਂ ਹੋ ਸਕਦੇ ਪਰ ਸਾਰੇ ਮਾਰਕਸਵਾਦੀ ਅਵੱਸ਼ ਪ੍ਰਗਤੀਵਾਦੀ ਹੁੰਦੇ ਹਨ। ਸਾਡੀ ਕਾਮਨਾ ਤਾਂ ਇਹ ਰਹੀ ਕਿ ਪੰਜਾਬੀ ਸਾਹਿਤ-ਸਭਿਆਚਾਰ ਦੇ ਜਗਤ ਵਿਚ ਚਿੰਤਨ ਤੇ ਰਚਨਾ ਦੀ ਪੱਧਰ ਉੱਤੇ ਮਾਰਕਸਵਾਦੀ ਸੂਝ-ਬੂਝ ਦਾ ਵਿਸਤਾਰ ਹੋਵੇ ਪਰ 'ਸਿਰਜਣਾ' ਲਈ ਇਹ ਕੋਈ ਪੱਕਾ ਪੀਡਾ ਮਾਪਦੰਡ ਨਹੀਂ ਸੀ। ਅਤੇ ਫਿਰ ਮਾਰਕਸਵਾਦ ਜਾਂ ਮਾਰਕਸਵਾਦੀ ਸਾਹਿਤਕ ਸੂਝ ਬਾਰੇ ਪਰਿਪੂਰਨਤਾ ਦਾ ਕੋਈ ਦਾਅਵਾ ਵੀ ਸਾਡੇ ਵੱਲੋਂ ਨਹੀਂ ਸੀ ਕੀਤਾ ਜਾ ਸਕਦਾ। ਜੋ ਵੀ ਸਾਡੀ ਸਮਝ ਸੀ ਉਸ ਅਨੁਸਾਰ ਪ੍ਰਗਤੀਵਾਦ-ਮਾਨਵਵਾਦ ਦੇ 'ਸਿਰਜਣਾ' ਦੇ ਐਲਾਨੇ ਉਦੇਸ਼ ਉੱਤੇ ਨਿਭਦੇ ਰਹਿਣ ਦੀ ਕੋਸ਼ਿਸ਼ ਅਵੱਸ਼ ਕੀਤੀ ਜਾਂਦੀ ਰਹੀ। 'ਸਿਰਜਣਾ' ਦੇ ਮੁੱਢਲੇ ਉਦੇਸ਼ ਬਾਰੇ ਇਸਦੀ ਬੁਨਿਆਦੀ ਪਹੁੰਚ ਵਿਚ ਇਹਨਾਂ ਪੰਜਤਾਲੀ ਵਰ੍ਹਿਆਂ ਵਿਚ ਨਾ ਕੋਈ ਤਬਦੀਲੀ ਵਾਪਰੀ ਹੈ ਅਤੇ ਨਾ ਹੀ ਇਸ ਤਰ੍ਹਾਂ ਦੀ ਲੋੜ ਮਹਿਸੂਸ ਕੀਤੀ ਗਈ ਹੈ।

ਐਪਰ ਇਹ ਕਹਿਣ ਵਿਚ ਸਾਨੂੰ ਕੋਈ ਸੰਕੋਚ ਨਹੀਂ ਕਿ ਪ੍ਰਗਤੀਵਾਦੀ ਜਾਂ ਮਾਰਕਸਵਾਦੀ ਹੋਣ ਦਾ ਮਤਲਬ ਖੜੋਤ ਗ੍ਰਸਤ ਹੋਣਾ ਨਹੀਂ। ਆਪਣੀ ਸੋਚ ਉੱਤੇ ਪਹਿਰਾ ਦੇਣ, ਆਪਣੇ ਵਿਚਾਰਧਾਰਕ ਪੈਂਤੜੇ ਉੱਤੇ ਡਟਣ ਅਥਵਾ ਪ੍ਰਤੀਬੱਧ ਰਹਿਣ ਦੇ ਗੁਣ ਦਾ ਸੱਚ ਵੀ ਸਾਪੇਖਕ ਹੀ ਹੁੰਦਾ ਹੈ। ਆਪਣੇ ਆਪ ਨੂੰ ਪ੍ਰਗਤੀਵਾਦੀ ਜਾਂ ਮਾਰਕਸਵਾਦੀ ਸਮਝਣ ਵਾਲਾ ਕੋਈ ਸਿਰਜਕ ਜਾਂ ਚਿੰਤਕ ਪ੍ਰਤੀਬੱਧਤਾ ਦੇ ਨਾਂ 'ਤੇ ਜੇ ਨਵੇਂ ਵਰਤਾਰੇ ਵੱਲ ਅੱਖਾਂ ਖੋਲ੍ਹਣੋਂ ਇਨਕਾਰੀ ਹੁੰਦਾ ਹੈ ਅਤੇ ਜੋ ਕੁਝ ਪੁਰਾਣਾ ਹੈ ਉਸ ਨਾਲ ਹੀ ਚੰਬੜਿਆ ਰਹਿੰਦਾ ਹੈ, ਤਦ ਮਾਰਕਸਵਾਦੀ ਤਾਂ ਕੀ ਪ੍ਰਗਤੀਵਾਦੀ ਅਖਵਾਉਣ ਦਾ ਵੀ ਉਹ ਅਧਿਕਾਰੀ ਨਹੀਂ। ਮਾਰਕਸਵਾਦ

ਤਾਂ ਇਕ ਵਿਗਿਆਨਕ ਪਹੁੰਚ-ਦ੍ਰਿਸ਼ਟੀ ਦਾ ਨਾਂ ਹੈ ਜਿਸਦਾ ਆਧਾਰ ਇਤਿਹਾਸਕ ਤੇ ਦਵੰਦਾਤਮਕ ਪਦਾਰਥਵਾਦ ਹੈ। ਇਸ ਦ੍ਰਿਸ਼ਟੀ ਦੇ ਅੰਤਰਗਤ ਸਮਾਂ ਵਿਹਾ ਚੁੱਕੀਆਂ ਧਾਰਨਾਵਾਂ ਨਾਲ ਚੰਬੜੇ ਰਹਿਣ ਨਾਲੋਂ ਨਵੇਂ ਸੱਚ ਨੂੰ ਅਪਨਾ ਲੈਣਾ ਹੀ ਅਸਲੀ ਮਾਰਕਸਵਾਦੀ ਹੋਣਾ ਹੋਵੇਗਾ।

ਆਪਣੀ ਸੀਮਾ ਦੇ ਅੰਤਰਗਤ ਪ੍ਰਗਤੀਵਾਦ ਦੀ ਆਪਣੀ ਸਮਝ ਨੂੰ ਸਮੇਂ ਸਮੇਂ 'ਸਿਰਜਣਾ' ਤੇ ਇਸਦੇ ਸੰਪਾਦਕ ਨੇ ਏਸੇ ਧਾਰਨਾ ਅਨੁਸਾਰ ਢਾਲਿਆ ਹੈ। ਸੋਚਧਾਰਾ ਵਿਚ ਵਿਕਾਸ ਪ੍ਰਗਤੀਵਾਦ ਦੇ ਵਿਰੋਧ ਵਿਚ ਨਹੀਂ ਜਾਂਦਾ ਸਗੋਂ ਅਜਿਹਾ ਵਿਕਾਸ ਤਾਂ ਇਸਦੇ ਅਨੁਸਾਰੀ ਮੰਨਿਆ ਜਾਣਾ ਬਣਦਾ ਹੈ। ਪਿਛਲੀ ਅੱਧੀ ਸਦੀ ਦੇ ਦੌਰਾਨ ਸੰਸਾਰ ਪੱਧਰ 'ਤੇ ਜੋ ਬਹੁਤ ਕੁਝ ਨਵਾਂ ਵਾਪਰਿਆ ਹੈ , ਭਾਰਤ ਦੇਸ਼ ਤੇ ਪੰਜਾਬ ਪ੍ਰਾਂਤ ਵੀ ਉਸਦੀ ਲਪੇਟ ਤੋਂ ਬਚ ਨਹੀਂ ਸਕੇ, ਬਚ ਸਕਦੇ ਵੀ ਨਹੀਂ ਸੀ। ਵਿਗਿਆਨਕ ਲੱਭਤਾਂ ਤੇ ਤਕਨੀਕੀ ਵਿਕਾਸ, ਰਾਜਨੀਤਕ ਸੰਦ੍ਰਿਸ਼, ਵਿਰਸੇ ਦੀ ਪਛਾਣ, ਸਮਾਜਕ ਰਿਸ਼ਤਿਆਂ, ਵਿਅਕਤੀ ਤੇ ਖਾਸਕਰ ਔਰਤ ਦੀ ਆਜ਼ਾਦੀ ਦੇ ਸੰਬੰਧ ਵਿਚ ਜੋ ਕੁਝ ਨਵਾਂ ਵਾਪਰਿਆ ਹੈ ਉਸ ਵਿਚ ਨਾ ਸਾਰਾ ਕੁਝ ਚੰਗਾ ਹੈ ਤੇ ਨਾ ਹੀ ਸਾਰਾ ਨਿੰਦਣਯੋਗ। ਸੋਵੀਅਤ ਯੂਨੀਅਨ ਤੇ ਸਮਾਜਵਾਦੀ ਕੈਂਪ ਦਾ ਵਿਖਰ ਜਾਣਾ ਜੇ ਇਕ ਬਹੁਤ ਸੋਗੀ ਤੇ ਦੁਖਦਾਈ ਘਟਨਾ ਸੀ ਤਾਂ ਯੂ.ਐੱਸ.ਏ. ਦੀ ਸਰਦਾਰੀ ਵਿਚ ਪੂੰਜੀਵਾਦ ਦਾ ਬੇਲਗਾਮ ਉਭਾਰ ਵੀ ਕੋਈ ਚੰਗੀ ਵਰਤਾਰਾ ਨਹੀਂ। ਐਪਰ ਇਹਨਾਂ ਦੋਵਾਂ ਵਰਤਾਰਿਆਂ ਨੂੰ ਵੀ ਸਰਲ ਤੇ ਸਤਈ ਜਿਹੇ ਢੰਗ ਨਾਲ ਸਿਰਫ ਨਾਂਹਮੁਖੀ ਗਰਦਾਨ ਦੇਣ ਨਾਲ ਨਹੀਂ ਸਰ ਸਕਦਾ। ਬਸਤੀਵਾਦ ਦੇ ਖਾਤਮੇ ਮਗਰੋਂ ਨਵੀਨਤਮ ਮਾਰੂ ਹਥਿਆਰਾਂ ਤੇ ਡਾਲਰਾਂ ਨਾਲ ਲੈਸ ਨਵੀਂ ਪ੍ਰਕਾਰ ਦਾ ਸਾਮਰਾਜਵਾਦ, ਤਕਨਾਲੋਜੀ ਦਾ ਨਵੀਨਤਮ ਵਿਕਾਸ ਅਤੇ ਸੰਸਾਰ ਦੇ ਇਕ ਗਲੋਬਲ ਪਿੰਡ ਬਣਨ ਦਾ ਅਮਲ ਉਹ ਹਕੀਕਤਾਂ ਹਨ ਜਿੰਨ੍ਹਾਂ ਤੋਂ ਪ੍ਰਗਤੀਵਾਦੀ ਜਾਂ ਮਾਰਕਸਵਾਦੀ ਚਿੰਤਨ ਬੇਮੁਖ ਨਹੀਂ ਹੋ ਸਕਦਾ। ਮਨੁੱਖ ਦੀ ਮਾਨਸਿਕ ਬਣਤ ਬਾਰੇ ਨਵੀਆਂ ਜੈਵਿਕ ਖੋਜਾਂ ਮਾਨਵਵਾਦੀ ਦ੍ਰਿਸ਼ਟੀ ਤੋਂ ਪ੍ਰਗਤੀਵਾਦੀਆਂ ਪਾਸੋਂ ਨਕਾਰਨ ਵਾਲੀ ਨਹੀਂ ਸਗੋਂ ਇਹਨਾਂ ਵੱਲ ਸਾਰਥਕ ਤੇ ਉਸਾਰੂ ਪਹੁੰਚ ਦੀ ਮੰਗ ਕਰਦੀਆਂ ਹਨ।

ਪਰੰਪਰਾ ਨਾਲ ਮੋਹ ਜਾਂ ਪ੍ਰਤੀਬੱਧਤਾ ਦੇ ਨਾਂ ਉੱਤੇ ਅਕਸਰ ਪ੍ਰਗਤੀਵਾਦੀ ਅਖਵਾਉਣ ਵਾਲੇ ਕੁਝ ਹਲਕੇ ਵੀ ਅਜਿਹੀ ਪਿਛਲਖੁਰੀ ਬਿਰਤੀ ਦਾ ਸ਼ਿਕਾਰ ਹੋ ਜਾਂਦੇ ਹਨ ਜਿਸਦਾ ਪ੍ਰਗਤੀਵਾਦੀ ਪਹੁੰਚ ਨਾਲ ਕੋਈ ਸਰੋਕਾਰ ਨਹੀਂ ਹੋ ਸਕਦਾ। ਇੰਝ ਕਈ ਵਾਰ ਹਰ ਨਵੀਂ ਚੀਜ਼ ਦੇ ਵਿਰੋਧ ਨੂੰ ਹੀ ਕ੍ਰਾਂਤੀਕਾਰੀ ਪਹੁੰਚ ਕਹਿਕੇ ਉਸਦਾ ਚੋਖੀ ਗਰਮਜੋਸ਼ੀ ਨਾਲ ਪਰਚਾਰ ਕੀਤਾ ਜਾਂਦਾ ਹੈ। ਪੰਜਾਬੀ ਸਭਿਆਚਾਰ ਦੇ ਗੌਰਵ ਦੇ ਨਾਂ 'ਤੇ ਆਰਥਿਕ ਤੇ ਸਮਾਜਕ ਰਿਸ਼ਤਿਆਂ ਵਿਚ ਆ ਰਹੀ ਤਬਦੀਲੀ ਨੂੰ ਮਹਿਜ਼ ਨਿੰਦੀ ਹੀ ਜਾਣਾ ਕਿਸੇ ਤਰ੍ਹਾਂ ਪ੍ਰਗਤੀਵਾਦ ਨਹੀਂ। ਬਿਹਾਰੀ ਤੇ ਉਤਰ ਪ੍ਰਦੇਸ਼ੀ ਭਈਆਂ ਦੀ ਪੰਜਾਬ ਵਿਚ ਆਮਦ ਨੂੰ ਪੰਜਾਬੀ ਸਭਿਆਚਾਰ ਲਈ ਇਕ ਮੰਦਭਾਗੀ ਚੁਣੌਤੀ ਵਜੋਂ ਪੇਸ਼ ਕਰਨਾ ਕੌਮੀ ਸ਼ਾਵਨਵਾਦ ਤਾਂ ਹੋ ਸਕਦਾ ਹੈ, ਪ੍ਰਗਤੀਵਾਦ ਨਹੀਂ। ਦਲਿਤ ਚੇਤਨਾ ਦੇ ਉਭਾਰ ਨੂੰ ਪ੍ਰਵਾਨਗੀ ਦੇਣ ਤੋਂ ਸੰਕੋਚ ਕਰਨਾ ਜਾਂ ਇਸਨੂੰ ਜ਼ਾਤਪਾਤ ਦੇ ਵਰਤਾਰੇ ਵਜੋਂ ਹੀ ਵੇਖਣਾ ਉਚਿਤ ਨਹੀਂ। ਔਰਤ ਜੇ ਜਗੀਰਦਾਰੀ ਕੀਮਤ-ਪ੍ਰਬੰਧ ਅਨੁਸਾਰ ਪਿਉ, ਭਰਾ, ਪਤੀ, ਪੁੱਤਰ ਅਥਵਾ ਮਰਦ ਦੀ ਗ਼ੁਲਾਮੀ ਤੋਂ ਮੁਕਾਬਲਤਨ ਸੁਤੰਤਰਤਾ ਪ੍ਰਾਪਤ ਕਰਨ ਵੱਲ ਅੱਗੇ ਵਧਦੀ ਹੈ ਤਾਂ ਇਸ ਵੱਲ ਤ੍ਰਿਸਕਾਰ-ਭਾਵ ਦਾ ਪ੍ਰਗਟਾਅ ਪ੍ਰਗਤੀਵਾਦੀ ਨਹੀਂ ਹੋ ਸਕਦਾ। ਇਹਨਾਂ ਸਭਨਾਂ ਮੁੱਦਿਆਂ ਦੇ ਕਲਾਤਮਕ ਸਾਹਿਤਕ ਪ੍ਰਗਟਾਅ ਬਾਰੇ 'ਸਿਰਜਣਾ' ਦੀ ਪਹੁੰਚ ਵਿਚ ਇਕਸਾਰਤਾ ਰਹੀ ਹੈ।

ਇਸ ਤਰ੍ਹਾਂ ਦੇ ਸਵਾਲਾਂ ਨੂੰ ਲੈਕੇ ਕਈ ਵਾਰ ਸਾਨੂੰ ਆਪਣਿਆਂ ਦੀ ਹੀ ਆਲੋਚਨਾ ਦਾ ਸ਼ਿਕਾਰ ਹੋਣਾ ਪਿਆ ਹੈ, ਜਦਕਿ ਵਿਰੋਧੀ ਖੈਮੇ ਵਾਲੇ ਅਨਸਰ ਚਾਘੀ ਪਾਉਣ ਦੇ ਅੰਦਾਜ਼ ਨਾਲ 'ਸਿਰਜਣਾ' ਦੀ ਪਹੁੰਚ ਵਿਚ ਤਬਦੀਲੀ ਦੀ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਾਨੂੰ ਇਹ ਮੰਨਣ ਵਿਚ ਸੰਕੋਚ ਨਹੀਂ ਕਿ ਜਿੱਥੇ ਸੰਸਾਰ ਸੰਦ੍ਰਿਸ਼ ਵਿਚ ਆਈ ਤਬਦੀਲੀ ਨੇ ਸਾਡੀ ਸੋਚ ਉੱਤੇ

ਆਪਣਾ ਪ੍ਰਭਾਵ ਪਾਇਆ ਹੈ ਉੱਥੇ ਸਾਡੀ ਆਮ ਸੂਝ ਬੂਝ ਵੀ ਉੱਥੇ ਹੀ ਸਥਿਰ ਨਹੀਂ ਰਹੀ। ਜਿੱਥੇ ਇਹ ਸਾਢੇ ਚਾਰ ਚਹਾਕੇ ਪਹਿਲਾਂ ਸੀ। ਕਿਸੇ ਵੀ ਪ੍ਰਸੰਗ ਵਿਚ ਸੂਝ ਬੂਝ ਦੇ ਅਜਿਹੇ ਵਿਕਾਸ ਦਾ ਸੁਆਗਤ ਹੋਣਾ ਚਾਹੀਦਾ ਹੈ, ਇਸਨੂੰ ਨਿੰਦਿਆ ਨਹੀਂ ਜਾ ਸਕਦਾ। ਬੇਈਮਾਨੀ ਦੀ ਭਾਵਨਾ ਨਾਲ ਜਾਂ ਸੁਆਰਥ ਹਿਤ ਹੋਈ ਸੋਚ ਦੀ ਤਬਦੀਲੀ ਨਿੰਦਣਯੋਗ ਹੁੰਦੀ ਹੈ, ਨਾ ਕਿ ਨਵੇਂ ਹਾਲਾਤ ਦੀ ਸੋਝੀ ਨਾਲ ਮੇਲ ਖਾਂਦੀ ਸੋਚ ਦਾ ਵਿਕਾਸ। ਸਾਹਿਤ ਦੀ ਵਸਤ ਤੇ ਉਸ ਵੱਲ ਪਹੁੰਚ ਨੂੰ ਅਸੀਂ ਏਸੇ ਕਸਵੱਟੀ ਨਾਲ ਵੇਖਦੇ ਆਏ ਹਾਂ ਅਤੇ ਵੇਖਣ ਦੀ ਕੋਸ਼ਿਸ਼ ਕਰਦੇ ਹਾਂ। ਪੂੰਜੀਵਾਦ ਦੀ ਬੇਲਗਾਮ ਚੜ੍ਹਤ ਦੇ ਇਸ ਦੌਰ ਵਿਚ ਕਲਾ ਦੀ ਆੜ ਵਿਚ ਦੇਹਵਾਦ, ਲੱਚਰਵਾਦ ਵਰਗੇ ਗ਼ੈਰ ਕੁਦਰਤੀ ਅਣਸਮਾਜੀ ਤੇ ਮਨੁੱਖ-ਵਿਰੋਧੀ ਵਿਕਰਤ ਪ੍ਰਗਟਾਵੇ ਦਾ ਵਿਰੋਧ ਜੇ 'ਸਿਰਜਣਾ' ਦੀ ਬੁਨਿਆਦੀ ਪਹੁੰਚ ਦੇ ਅਨੁਕੂਲ ਹੈ ਤਾਂ ਵਿਅਕਤੀਗਤ ਵਿਹਾਰ, ਸਮਾਜਕ ਜੀਵਨ ਤੇ ਰਾਜਕੀ ਵਿਵਸਥਾ ਵਿਚਲੇ ਕੁਹਜ, ਭ੍ਰਿਸ਼ਟਤਾ ਤੇ ਅਨਿਆਂ ਨੂੰ ਨੰਗਾ ਕਰਨਾ ਵੀ ਪ੍ਰਗਤੀਵਾਦੀ ਪਹੁੰਚ ਨਾਲ ਮੇਲ ਖਾਂਦਾ ਹੈ। ਆਪਣੀ ਸਮਰੱਥਾ ਅਨੁਸਾਰ 'ਸਿਰਜਣਾ' ਵੱਲੋਂ ਏਸੇ ਸੇਧ ਵਿਚ ਚਲਦੇ ਰਹਿਣ ਦੀ ਕੋਸ਼ਿਸ਼ ਜਾਰੀ ਹੈ।

-ਰਘਬੀਰ ਸਿੰਘ

ਭਾਅ ਜੀ ਗੁਰਸ਼ਰਨ ਸਿੰਘ, ਜਸਵੰਤ ਸਿੰਘ ਵਿਰਦੀ ਅਤੇ **ਡਾ. ਦਰਸ਼ਨ ਗਿੱਲ** ਪਿਛਲੇ ਦਿਨਾਂ ਵਿਚ ਇਸ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਇਹ ਤਿੰਨੇ ਹੀ ਪੰਜਾਬੀ ਸਾਹਿਤ-ਜਗਤ ਦੀਆਂ ਨਾਮਵਰ ਸ਼ਖਸੀਅਤਾਂ ਸਨ ਅਤੇ ਇਹਨਾਂ ਨੇ ਆਪਣੇ ਆਪਣੇ ਢੰਗ ਨਾਲ ਪੰਜਾਬੀ ਸਾਹਿਤ-ਸਭਿਆਚਾਰ ਨੂੰ ਅਮੀਰ ਬਣਾਉਣ ਅਤੇ ਮਾਨਵਵਾਦੀ ਪ੍ਰਗਤੀਵਾਦੀ ਦਿੱਖ ਦਾ ਪਰਚਾਰ ਪ੍ਰਸਾਰ ਕਰਨ ਵਿਚ ਬਹੁਤ ਵੱਡਾ ਯੋਗਦਾਨ ਦਿੱਤਾ। ਗੁਰਸ਼ਰਨ ਸਿੰਘ ਆਪਣੇ ਆਪ ਵਿਚ ਇਕ ਬਹੁਤ ਵੱਡੀ ਸੰਸਥਾ ਸੀ ਜਿਸਨੇ ਇਕ ਤੋਂ ਵੱਧ ਖੇਤਰਾਂ ਵਿਚ ਬਹੁਤ ਸਾਰਥਕ ਕੰਮ ਸਦਕਾ ਆਪਣੀ ਮੁਹਰ ਛਾਪ ਲਾਈ। ਲੋਕ ਰੰਗ ਮੰਚ ਦਾ ਤਾਂ ਉਹ ਬਾਬਾ ਬੋਹੜ ਸੀ ਜਿਸਨੇ ਦੂਰ-ਦੁਰਾਡੀਆਂ ਥਾਵਾਂ ਉੱਤੇ ਜਾ ਕੇ ਨਾਟਕਾਂ ਦੀਆਂ ਹਜ਼ਾਰਾਂ ਹੀ ਪੇਸ਼ਕਾਰੀਆਂ ਕਰਨ ਤੋਂ ਬਿਨਾਂ ਲੋਕਪੱਖੀ ਰੰਗਮੰਚ ਨੂੰ ਸਰਪ੍ਰਸਤੀ ਦਿੱਤੀ ਰੱਖੀ। ਰਾਜ-ਸੱਤਾ ਅਤੇ ਪਿਛਾਖੜੀ ਤਾਕਤਾਂ ਦਾ ਇਕੋ ਸਮੇਂ ਦ੍ਰਿੜਤਾ ਨਾਲ ਮੁਕਾਬਲਾ ਕਰਨ ਦੀ ਉਸਦੀ ਦਲੇਰੀ ਬੇਮਿਸਾਲ ਸੀ। ਜਸਵੰਤ ਸਿੰਘ ਵਿਰਦੀ ਨੇ ਕਹਾਣੀ ਦੀ ਵਿਧਾ ਵਿਚ ਗੁਣ ਤੇ ਗਿਣਤੀ ਦੋਹਾਂ ਹੀ ਪੱਖਾਂ ਤੋਂ ਜੋ ਯੋਗਦਾਨ ਪਾਇਆ, ਉਸਦੇ ਮਹੱਤਵ ਨੂੰ ਬਹੁਤ ਦੇਰ ਤਕ ਪਛਾਣਿਆ ਜਾਂਦਾ ਰਹੇਗਾ। ਚੂਹਾ-ਦੌੜ ਦੇ ਅੱਜੋਕੇ ਦੌਰ ਵਿਚ ਚੁੱਪ-ਚੱਪ ਜਿਵੇਂ ਵਿਰਦੀ ਆਪਣੀ ਸਿਰਜਣਾਤਮਕਤਾ ਨਾਲ ਜੁੜਿਆ ਰਿਹਾ, ਉਸ ਅੱਗੇ ਸਾਡਾ ਸਿਰ ਝੁਕਦਾ ਹੈ। ਡਾ. ਦਰਸ਼ਨ ਗਿੱਲ ਭਾਵੁਕ ਬਿਰਤੀ ਵਾਲਾ ਬਹੁਤ ਸ਼ੁਭ-ਭਾਵੀ ਮਨੁੱਖ ਸੀ ਜਿਸਨੇ ਪ੍ਰਗਤੀਵਾਦੀ ਦਿੱਖ ਵਾਲੀ ਕਵਿਤਾ ਦੀ ਰਚਨਾ ਵਿਚ ਤਾਂ ਉੱਘਾ ਯੋਗਦਾਨ ਦਿੱਤਾ ਹੀ, ਨਾਲ ਦੀ ਨਾਲ ਕੈਨੇਡਾ ਵਿਚ ਪੰਜਾਬੀ ਸਾਹਿਤ-ਸਭਿਆਚਾਰ ਦੇ ਪ੍ਰਫੁਲਨ ਲਈ ਵੀ ਬਹੁਤ ਕੁਝ ਕੀਤਾ। ਆਪਣੇ ਉਦਮੀ ਸੁਭਾਅ ਸਦਕਾ ਕੈਨੇਡਾ ਦੇ ਪੰਜਾਬੀ ਲੇਖਕਾਂ ਦੇ ਸਾਹਿਤਕ ਕਾਫਲੇ ਦਾ ਉਹ ਹਮੇਸ਼ਾ ਸਹਿਜੇ ਹੀ ਮੁਖੀ ਬਣਿਆ ਰਿਹਾ। ਇਹਨਾਂ ਤਿੰਨਾਂ ਹੀ ਸੱਜਣਾਂ ਨਾਲ ਵਿਚਾਰਾਂ ਦੀ ਸਾਂਝ ਅਤੇ ਨਿੱਜ ਦੀ ਪੱਧਰ ਉੱਤੇ ਸੰਪਾਦਕ 'ਸਿਰਜਣਾ' ਦਾ ਬਹੁਤ ਨੇੜ ਰਿਹਾ ਸੀ ਅਤੇ 'ਸਿਰਜਣਾ' ਨੂੰ ਹਮੇਸ਼ਾ ਇਹਨਾਂ ਦਾ ਸਹਿਯੋਗ ਮਿਲਦਾ ਰਿਹਾ ਸੀ। ਇਹਨਾਂ ਦੇ ਤੁਰ ਜਾਣ ਨਾਲ ਪੰਜਾਬੀ ਦੇ ਸਾਹਿਤਕ ਤੇ ਅਗਾਂਹਵਧੂ ਹਲਕਿਆਂ ਦੇ ਸਾਂਝੇ ਦੁੱਖ ਵਿਚ ਸ਼ਰੀਕ ਹੁੰਦੇ ਹੋਏ ਅਸੀਂ ਇਹਨਾਂ ਸ਼ਖਸੀਅਤਾਂ ਦੀ ਦੇਣ ਨੂੰ ਬਹੁਤ ਸ਼ਰਧਾ-ਭਾਵਨਾ ਨਾਲ ਯਾਦ ਕਰਦੇ ਹਾਂ।

ਛੇ ਗ਼ਜ਼ਲਾਂ/ਗੁਰਦੀਪ

(ਇਕ)

ਨਾ ਰੁੱਤ ਉੱਝ ਮੌਲੀ, ਨਾ ਗ਼ਮ ਜਵਾਨ ਹੋਇਆ
ਹਸ਼ਰਾਂ ਦੀ ਗੱਲ ਕਰਕੇ ਮੈਂ ਬੇਜ਼ਬਾਨ ਹੋਇਆ

ਦਿਲ ਨਾਲ ਕੀਤਾ ਵਾਅਦਾ ਮੈਥੋਂ ਨਿਭ ਨਾ ਹੋਇਆ
ਨਾ ਪੀੜ ਸਾਂਭ ਹੋਈ ਨਾ ਗ਼ਮ ਬਿਆਨ ਹੋਇਆ

ਇਹ ਵਕਤ ਅੱਜ ਤੋੜੀ ਤੁਰਿਆ ਜੋ ਨਾਲ ਮੇਰੇ
ਨਾ ਗ਼ਮ ਗੁਸਾਰ ਬਣਿਆ ਨਾ ਰਾਜ਼ਦਾਨ ਹੋਇਆ

ਰਸਤੇ ਵੀ ਬਣ ਰਹੇ ਨੇ, ਕਾਨੂੰਨ ਤੁਰਨ ਦੇ ਵੀ
ਸਾਡਾ ਅਗਾੜੀ ਤੁਰਨਾ ਪਰ ਨਾ ਆਸਾਨ ਹੋਇਆ

ਏਥੇ ਵਫ਼ਾ ਦੇ ਵਾਅਦੇ ਕਰਦੇ ਨੇ ਬੇਵਫ਼ਾ ਵੀ
ਦੇਖਾਂਗੇ ਓਸ ਵੇਲੇ ਜਦ ਇਮਤਿਹਾਨ ਹੋਇਆ

ਆਪਾ ਸੰਭਾਲ ਆਪਣਾ ਮਿਲਦਾ ਰਿਹਾ ਉਹ ਮੈਨੂੰ
ਨਾ ਮਿਹਰਬਾਨ ਹੋਇਆ ਨਾ ਬਦਗ਼ੁਮਾਨ ਹੋਇਆ।

(ਦੋ)

ਹਾਦਸੇ ਤੁਰਦੇ ਨੇ ਇਸ ਦੇ ਨਾਲ-ਨਾਲ
ਇਸ ਸੜਕ 'ਤੇ ਬਚ ਕੇ ਤੁਰਨਾ ਹੈ ਮੁਹਾਲ

ਮਸਲਿਆਂ ਦੇ ਹੱਲ ਦੇ ਹਰ ਜ਼ਿਕਰ 'ਤੇ
ਉਹ ਸਦਾ ਦਿੰਦੇ ਨੇ ਪੱਛਮ ਦੀ ਮਿਸਾਲ

ਚੰਗੀਆਂ ਰੁੱਤਾਂ ਕੋਈ ਸੁਪਨਾ ਨਹੀਂ
ਨਾ ਹੀ ਚੰਗਾ ਜੱਗ ਹੈ ਖ਼ਾਬੋਖ਼ਿਆਲ

ਜੰਗ ਅੱਜਕਲ੍ਹ ਅਮਨ ਦੀ ਦਰਬਾਨ ਹੈ
ਹਰ ਤਰਫ ਦਹਿਸ਼ਤ ਹੈ ਦਹਿਸ਼ਤ ਦੀ ਭਿਆਲ

ਜਿਸ ਦੇ ਪੈਰਾਂ ਹੇਠ ਧਰਤੀ ਹੀ ਨਹੀਂ
ਓਨ ਹੀ ਰੱਖੀ ਹੈ ਸਭ ਦੁਨੀਆ ਸੰਭਾਲ

ਭੁੱਖ ਵਿਚ ਕਰਦੀ ਹੈ ਦਰਜੇਬੰਦੀਆਂ
ਤੇਰੀ ਦਿੱਲੀ ਦੀ ਸਿਆਸਤ ਹੈ ਕਮਾਲ

ਤੇਰੇ ਬਿਨ ਰੌਣਕ ਨੇ ਦਿਲ ਲਾਉਣਾ ਨਹੀਂ
ਹੱਥ ਫੜ ਕੇ ਤੋਰ ਲੈ ਇਸ ਨੂੰ ਵੀ ਨਾਲ।

(ਤਿੰਨ)

ਰੁੱਤਾਂ ਸਾਰੀਆਂ ਨੇ ਸਿਤਮ ਦੇ ਪਰਛਾਵਿਆਂ ਥੱਲੇ
ਬਚਿਆ ਕੁਛ ਨਹੀਂ ਇਸ ਸ਼ਹਿਰ ਵਿਚ ਰੰਗੀਨੀਆਂ ਪੱਲੇ

ਮੈਂ ਚੜ੍ਹਦੇ ਸੂਰਜਾਂ 'ਤੇ ਅੱਜ ਵੀ ਇਤਬਾਰ ਕਰਦਾ ਹਾਂ
ਨਹੀਂ ਲੱਥੇ ਅਜੇ ਤੋੜੀਂ ਵੀ ਪੂਰੇ ਜੋ ਕਿਸੇ ਗੱਲੇ

ਵਿਰੋਧੀ ਧਰ ਬਣੇ ਰਹਿਣੇ ਨੇ ਜੋ ਇੰਸਾਫ਼ ਮੰਗਣਗੇ
ਤਿਰੇ ਦਰਬਾਰ ਦੀ ਰੌਣਕ ਬਣੇ ਰਹਿਣੇ ਨੇ ਦੁਮਛੱਲੇ

ਨਹੀਂ ਇਹ ਰਾਸਤਾ ਜਾਣਾ ਅਗਾੜੀ ਕਤਲੋਗ਼ਾਰਤ ਤੋਂ
ਨਹੀਂ ਜਾਣੇ ਸੁਨੇਹੇ ਅਮਨ ਦੇ ਤਲਵਾਰ ਤੋਂ ਘੱਲੇ

ਦਾਅਵੇਦਾਰ ਤੇਰੇ ਨੇੜ ਦੇ ਏਥੇ ਬਥੇਰੇ ਨੇ
ਸਦਮੇ ਪਰ ਮੇਰੇ ਵਾਂਗੂੰ ਕਿਸੇ ਨਾ ਨੇੜ ਦੇ ਝੱਲੇ

ਇੱਕਲੇ ਓਹੀ ਨੇ ਏਥੇ ਜਿਨ੍ਹਾਂ ਅਪਣੱਤ ਦੇਖੀ ਹੈ
ਨਹੀਂ ਜੋ ਨੇੜ ਨੂੰ ਪਹਿਚਾਣਦੇ ਕੀ ਹੋਣਗੇ 'ਕੱਲੇ

ਤਸੱਵਰ ਲੈਕੇ ਇੱਕ ਰੌਣਕ ਦਾ ਤੇਰੇ ਸ਼ਹਿਰ ਆਏ ਸੀ
ਤੇ ਏਥੋਂ ਇੱਕ ਤਨਹਾਈ ਨੂੰ ਆਪਣੇ ਨਾਲ ਲੈ ਚੱਲੇ।

(ਚਾਰ)

ਆਖੋ ਹਵਾ ਨੂੰ ਫੁੱਲ ਦੀ ਡਾਲੀ ਹਿਲਾਏ ਨਾ
ਸੁੱਤੀ ਪਈ ਸੁਗੰਧ ਨੂੰ ਨਾਹੱਕ ਜਗਾਏ ਨਾ

ਜਿਸਨੇ ਵੀ ਭਰਮ ਪਾਲਣਾ ਹੈ ਪਾਲਦਾ ਰਹੇ
ਖਿੜ ਜਾਣ ਪਿੱਛੋਂ ਫੁੱਲ ਕਿੱਦਾਂ ਮੁਸਕਰਾਏ ਨਾ

ਭਾਰਤ ਨੂੰ ਓਹੀ ਜਾਪਦਾ ਹੈ ਠੀਕ ਭਾਰਤੀ
ਜੋ ਆਪਣੀ ਪਛਾਣ ਦਾ ਮੁੱਦਾ ਉਠਾਏ ਨਾ

ਦਿਲ ਡਰ ਰਿਹਾ ਏ ਤੋੜਨੋ ਉਸਦੇ ਸਕੂਨ ਨੂੰ
ਬੁੱਲ੍ਹਾਂ 'ਤੇ ਆਈ ਪੀੜ ਕਿਤੇ ਪਰਤ ਜਾਏ ਨਾ

ਹੈ ਪਾਲਿਆ ਸਹੂਲਤਾਂ ਦਾ ਤੂੰ ਜਨੂਨ ਜੋ
ਕਿਧਰੇ ਇਹ ਜੀਵਨ ਹੋਰ ਵੀ ਮਸ਼ਕਿਲ ਬਣਾਏ ਨਾ

ਉਸ ਨਾਲ ਨੇੜ ਕਰਨ 'ਤੇ ਰਾਜ਼ੀ ਹੈ ਸਿਤਮਗਰ
ਜੋ ਉਸਨੂੰ ਉਸਦੇ ਸਿਤਮ ਦਾ ਚੇਤਾ ਕਰਾਏ ਨਾ

ਦਹਿਸ਼ਤ ਨੂੰ ਖ਼ਤਮ ਕਰ ਨਹੀਂ ਸਕਦਾ ਨਜ਼ਾਮ ਉਹ
ਦਹਿਸ਼ਤ ਦੇ ਪੈਦਾ ਹੋਣ ਨੂੰ ਜੋ ਸਮਝ ਪਾਏ ਨਾ

ਕੁਦਰਤ ਹੈ ਸਾਧਨ ਜਿਸ ਲਈ ਪੈਸਾ ਕਮਾਉਣ ਦਾ
ਕਿੱਦਾਂ ਭਵਿੱਖ ਏਸਦਾ ਉਹ ਦਾਅ 'ਤੇ ਲਾਏ ਨਾ।

(ਪੰਜ)

ਇੱਕੋ ਅੱਖੇ ਦੇਖਦੇ ਕਾਣੇ ਨਿਆਂ ਨੂੰ ਕੀ ਕਰਾਂ
ਹੱਕ ਵਰਗੀ ਸ਼ੈਅ ਤੋਂ ਕੋਰੇ ਅੱਖਰਾਂ ਨੂੰ ਕੀ ਕਰਾਂ

ਵੈਰ ਤੋਂ ਬਿਨ ਹੀ ਕਰੀ ਜਾਂਦੇ ਨੇ ਜਿਹੜੇ ਦੁਸ਼ਮਣੀ
ਬੇਖ਼ਬਰ ਨਾਦਾਨ ਇਨ੍ਹਾਂ ਦੁਸ਼ਮਣਾ ਨੂੰ ਕੀ ਕਰਾਂ

ਇਸ 'ਚ ਹੁਣ ਬੂਟਾ ਕੋਈ ਨਈ ਉੱਗਦਾ ਪਹਿਚਾਣ ਦਾ
ਯਾਰ ਮੈਂ ਸੀਨੇ 'ਚ ਖਾਲੀ ਏਸ ਥਾਂ ਨੂੰ ਕੀ ਕਰਾਂ

ਜਿਸਦੇ ਹਿੱਸੇ ਵਿਚ ਹੀ ਆਈ ਨਹੀਂ ਕੋਈ ਪਛਾਣ
ਸਾਂਭ ਕੇ ਵੀ ਮਿਹਰਬਾਨੋ ਓਸ ਨਾਂ ਨੂੰ ਕੀ ਕਰਾਂ

ਆਪਣੀ ਕਿਸਮਤ ਬਣਾ ਬੈਠਾ ਹਾਂ ਜੀਵਨ ਸ਼ਹਿਰ ਦਾ
ਯਾਦ ਆਉਂਦੀ ਪਿੱਪਲਾਂ ਬੋਹੜਾਂ ਦੀ ਛਾਂ ਨੂੰ ਕੀ ਕਰਾਂ

ਹਮਕਦਮ ਹੋਣਾ ਸ਼ਹਿਰ ਦਾ ਪੈ ਰਿਹਾ ਹੈ ਪੈਰ-ਪੈਰ
ਪਿੱਛੇ ਰਹਿੰਦੇ ਜਾ ਰਹੇ ਆਪਣੇ ਗਰਾਂ ਨੂੰ ਕੀ ਕਰਾਂ।

(ਛੇ)

ਥੱਕੀਆਂ ਹੋਈਆਂ ਉਮੀਦਾਂ ਦਾ ਸਫ਼ਰ
ਭਾਲਦਾ ਏ ਕੋਈ ਸਿੱਧੀ ਰਾਹਗੁਜ਼ਰ

ਐਵੇਂ ਨਾ ਦਹਿਸ਼ਤ ਦਾ ਪੈਦਾ ਕਰ ਮਾਹੌਲ
ਰਾਤ ਦਿਨ ਖਤਰੇ ਦੇ ਨਾ ਐਲਾਨ ਕਰ

ਨਾਲ ਲੈ ਕੇ ਬਸਰੋਸਾਮਾਨੀਆਂ
ਹੋ ਤੁਰੇ ਹਾਂ ਰਾਹਜ਼ਨਾਂ ਤੋਂ ਬੇਖ਼ਬਰ

ਹੱਥ ਵਿਚ ਅੱਜਕਲ੍ਹ ਹੈ ਪੱਥਰ ਖ਼ਵਾਬ ਦੇ
ਇਸ 'ਤੇ ਹੈ ਜ਼ਾਲਮ ਹਕੀਕਤ ਦਾ ਅਸਰ

ਪੀ ਗਿਆ ਸਹਿਰਾ ਦੇ ਸਾਰੇ ਹੀ ਸਰਾਬ
ਇਹ ਮੁਸਾਫਰ ਸੀ ਪਿਆਸਾ ਕਿਸ ਕਦਰ।

[ਪਿੰਡ ਅਤੇ ਡਾਕਾ: ਰੇਸ਼ਮ ਮਾਜਰੀ, ਵਾਇਆ: ਡੋਈਵਾਲਾ,
ਜ਼ਿਲ੍ਹਾ: ਦੇਹਰਾਦੂਨ, ਉੱਤਰਾਖੰਡ-248016]

ਸੱਚ ਕੀ ਬੇਲਾ

ਬਲਵਿੰਦਰ ਸਿੰਘ ਗਰੇਵਾਲ

ਕਾਨ੍ਹੀਆਂ ਨੂੰ ਦੂਜੀ ਵਾਰ ਦਮ ਦੁਆਉਣ ਲਈ ਰੱਖੀ ਅਰਥੀ ਦੇ ਸਰ੍ਹਾਣੇ ਮਿੱਸੇ ਆਟੇ ਦਾ ਪੇੜਾ ਰੱਖਣ ਲੱਗੇ ਕਰਤੇ ਦੇ ਹੱਥੋਂ ਪੇੜਾ ਛੁੱਟ ਗਿਆ। ਖਾਲੀ ਹੱਥ ਕਿੰਨਾ ਚਿਰ ਕੰਬਦਾ ਰਿਹਾ। ਕਰਤੇ ਨੂੰ ਆਪਣੇ ਦੁੱਖ 'ਚ ਆ ਰਲੇ ਭੈਅ ਦਾ ਅਹਿਸਾਸ ਫੇਰ ਹੋਇਆ। ਹੌਲ ਨਾਲ ਉਹਦਾ ਦਿਲ ਬੈਠਣ ਲੱਗਿਆ। ਜਦੋਂ ਦਾ ਦਿਨ ਚੜ੍ਹਿਆ ਸੀ ,ਭੈਅ ਵਧਦਾ ਹੀ ਗਿਆ ਸੀ। ਦੂਰ ਤਕ ਪਸਰੀ ਸੁੰਨ ਵਿਚ ਉਹਨੇ ਪਿੱਛੇ ਦੇਖਿਆ। ਕੋਈ ਨਹੀਂ ਸੀ। ਉਹਨੂੰ ਵਹਿਮ ਸੀ ਕਿ ਅੱਜ ਸਾਰਾ ਪਿੰਡ ਉਹਦੇ ਮਜ਼ਲ ਵਿਚ ਸ਼ਾਮਿਲ ਹੋਣ ਨੂੰ ਦੇਖ ਰਿਹਾ ਹੈ। ਸਾਰਾ ਪੰਥ ਉਹਦੀ ਇਸ 'ਕਰਤੂਤ' 'ਤੇ ਥੂਹ-ਥੂਹ ਕਰ ਰਿਹਾ ਹੈ। ਪਰ ਉਹਦੀ ਪਿੱਠ ਪਿੱਛੇ ਰਾਹ 'ਤੇ ਘਰਾਂ ਦੀਆਂ ਖੁਲ੍ਹੀਆਂ ਖਿੜਕੀਆਂ ਸੁੰਨ-ਮਸਾਨ ਪਈਆਂ ਸਨ। ਉਹਨੂੰ ਇਸ ਖਾਮੋਸ਼ੀ ਤੋਂ ਡਰ ਲੱਗਿਆ। ਇਕ ਵਾਰ ਤਾਂ ਉਹਦਾ ਜੀਅ ਕੀਤਾ ਕਿ ਉਹ ਵਾਪਸ ਮੁੜ ਜਾਵੇ। ਉੱਝ ਇਹ ਦੁਬਿਧਾ ਉਹਦੇ ਲਈ ਨਵੀਂ ਨਹੀਂ ਸੀ। ਦੁਬਿਧਾ ਨਾਲ ਇਹ ਯੁੱਧ ਉਹਨੇ ਪਹਿਲਾਂ ਵੀ ਲੜਿਆ ਸੀ। ਗੁਰੂ ਨੇ ਹਰ ਵਾਰ ਉਹਨੂੰ 'ਬਲ-ਬੁੱਧ' ਦੀ ਬਖਸ਼ਿਸ਼ ਕੀਤੀ ਸੀ ਤੇ ਉਹ ਦੁਬਿਧਾ ਦੇ ਖਿਲਾਫ ਜਾਨ-ਮਾਰੂ ਜੰਗ ਵਿਚ ਜੇਤੂ ਰਿਹਾ ਸੀ। ਛੱਡੀ ਹੋਈ ਨੌਕਰੀ ਤੇ ਬਾਂਹ ਦੇ ਸਾਰ ਪਾਰ ਨਿੱਕਲੀ ਗੋਲੀ ਉਹਦੀ ਜਿੱਤ ਦੀਆਂ ਗਵਾਹ ਸਨ। 'ਪਰ ਹੁਣ ਤਾਂ ਗੁਰੂ ਦੀ ਹੁਕਮ ਅਦੂਲੀ ਹੋਈ ਐ', ਝੁਕਣ ਕਰਕੇ ਖਿਸਕ ਆਈ ਗਾਤਰੇ ਪਾਈ ਕ੍ਰਿਪਾਨ ਨੂੰ ਠੀਕ ਕਰਦਿਆਂ ਉਹਨੇ ਹਉਕਾ ਭਰਿਆ।

ਉਹਤੋਂ ਛੋਟਾ ਪ੍ਰੀਤਮ, ਜੀਹਨੇ ਸਾਰੀ ਉਮਰ ਮਰਗ ਤੇ ਭੰਨਣ ਲਈ ਘੜੇ ਭਰੇ ਸਨ;ਪ੍ਰੀਤਮ, ਜੀਹਨੂੰ ਪਿੰਡ ਵਿਚ ਹੁੰਦੇ ਹਰ ਦਾਹ-ਸੰਸਕਾਰ 'ਤੇ ਇਹ ਮਾਣ ਭਰਿਆ ਵਾਕ ਸੁਣਨ ਨੂੰ ਮਿਲਦਾ ਸੀ,'ਤੇਰੇ ਬਿਨਾਂ ਤਾਂ ਪ੍ਰੀਤਮ ਸਿਆਂ ਪਿੰਡ ਨੂੰ ਨ੍ਹੇਰ ਪੈ'ਜਵੇ',ਅੱਜ ਉਸ ਪ੍ਰੀਤਮ ਦੀ ਮਜ਼ਲ 'ਚ ਗਿਣਤੀ ਦੇ ਰਿਸ਼ਤੇਦਾਰਾਂ ਅਤੇ ਇਕ 'ਭੰਗੀਦਾਸ' ਤੋਂ ਬਿਨਾਂ ਕੋਈ ਨਹੀਂ ਸੀ ਆਇਆ। ਪਿੰਡ 'ਚੋਂ ਤਾਂ 'ਕਾਮਰੇਡ ਏਕਤਾ' ਤੋਂ ਬਿਨਾ ਇਕ ਜੀਅ ਵੀ ਨਹੀਂ ਸੀ। ਦਸ ਕੁ ਬੰਦਿਆਂ ਦੇ ਮਗਰ ਬੱਸ ਇੰਨੀਆਂ ਕੁ ਹੀ 'ਬੁੜ੍ਹੀਆਂ' ਆ ਰਹੀਆਂ ਸਨ।

ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਦੇ 'ਬੱਜਰ ਗੁਨਾਹ' ਦੇ ਅਹਿਸਾਸ ਹੇਠ ਦਬਿਆ ਕਰਤਾ ਨਾਲਦਿਆਂ ਤੋਂ ਪਛੜ ਗਿਆ। ਉਦੋਂ ਹੀ ਕਿਸੇ ਦਾ ਮੋਬਾਈਲ ਬੋਲ ਪਿਆ:

ਕਲ ਆਈ ਕੁੱਤੇ ਮੁੰਹੀ ਖਾਜ ਹੋਆ ਮੁਰਦਾਰ ਗੁਸਾਈਂ...ਸਾਰਿਆਂ ਦੀ ਸੁਤਾ ਖੀਸਾ ਫਰੋਲਦੇ ਮੁਬਾਈਲ ਵਾਲੇ 'ਚ ਚਲੀ ਗਈ। ਛਿੱਥਾ ਜਿਹਾ ਹੋਇਆ ਉਹ ਕਿਸੇ ਨੂੰ ਦੱਸ ਰਿਹਾ ਸੀ:

"ਨਹੀਂ ਖਤਰੇ ਆਲੀ ਤਾਂ ਕੋਈ ਗੱਲ ਨੀ। ਪਿੰਡ ਚੰਗਾ ਈ ਐ...ਨਾ,ਨਾ ਕੋਈ ਵਿਰੋਧ ਨੀ...ਹਾਂ,ਹਾਂ 'ਪਿੰਡ ਸਾਂਝੀਆਂ' ਮੜ੍ਹੀਆਂ 'ਚੇ ਐ..."

ਕੁਝ ਦੇਰ ਚੁੱਪ ਛਾਈ ਰਹੀ। ਦੂਜੇ ਪਾਸਿਓਂ ਕੀਤੀ ਜਾ ਰਹੀ ਗੱਲਬਾਤ ਦਾ ਅੰਦਾਜ਼ਾ ਲਾਉਂਦੀ ਛੋਟੀ ਜਿਹੀ ਮਜ਼ਲ ਤੁਰਦੀ ਰਹੀ। ਕੋਈ ਹੋਰ ਵੇਲਾ ਹੁੰਦਾ ਤਾਂ ਕਰਤੇ ਦੇ ਮੂਹੋਂ ਸਹਿ ਸੁਭਾਅ ਨਿਕਲਣਾ ਸੀ-

"ਸਮੋਂ ਸਮੋਂ ਸਮਰੱਥ ਐ !ਜਣਾ ਖਣਾ ਸਮਝ ਲੈ ਬਈ 'ਆਟੋਮੈਟਿਕ ਐਕਸਚੇਂਜ' ਜੇਬ 'ਚ ਪਾਈਂ ਫਿਰਦੈ। ਮ੍ਹਾਤੜ ਮਰ ਜਾਂਦੇ ਤੀ 'ਮੈਨੂਅਲ ਐਕਸਚੇਂਜ' ਵਿਚ 'ਕੀਅ ਬੋਰਡ' ਨਾਲ ਮੱਥਾ ਮਾਰਦੇ।..." ਤੇ ਉਹਨੇ 'ਐਕਸਚੇਂਜ ਓਪਰੇਟਰ' ਦੇ ਤੌਰ 'ਤੇ ਆਪਣੇ ਨਾਲ ਵਾਪਰੇ ਕਿੱਸੇ ਸੁਣਾਉਣੇ ਸ਼ੁਰੂ ਕਰ ਦੇਣੇ ਸਨ।

ਪਰ ਹੁਣ ਮੋਬਾਈਲ ਦੀ ਗੱਲਬਾਤ ਦਾ ਖਿੱਚਿਆ ਕਰਤਾ ਕਾਹਲ ਨਾਲ ਬਾਕੀਆਂ ਦੇ ਬਰਾਬਰ ਹੋ ਗਿਆ ਸੀ।

"...ਨਹੀਂ। ਮੇਰਾ ਖਿਆਲ ਨੀ ਬਈ ਗੁਰਦੁਆਰੇ ਜਾਵਾਂਗੇ...ਹਾਂ ਠੀਕ ਐ...",ਗੱਲ ਕਰਨ ਵਾਲੇ ਨੇ ਫੋਨ ਕੰਨ ਤੋਂ ਪਰੇ ਕਰਕੇ ਆਲੇ ਦੁਆਲੇ ਦੇਖਿਆ,"...ਹਾਂ ਹੈਗਾ। ਕਰਤਾ ਹੈਗਾ... ਹਾਂ ਹਾਂ ਕਰੂ, ਕਰੂ ਕਿਉਂ ਨੀ...ਸਕਾ ਭਾਈ ਐ..."

ਗੱਲ ਕਰਤੇ ਦੇ ਸਮਝ ਨਾ ਆਈ। ਫੋਨ ਵਾਲੇ ਦੇ ਨੇੜੇ ਹੋ ਗਿਆ। ਫੋਨ ਖੀਸੇ 'ਚ ਪਾਉਂਦਾ ਉਹ ਕਰਤੇ ਤੋਂ ਪਹਿਲਾਂ ਹੀ ਬੋਲ ਪਿਆ-

"ਮੈਂ ਆਉਂਦਾ ਹੋਇਆ ਥਾਣੇ ਜਾ ਆਇਆ ਤੀ। ਓਥੋਂ ਈ ਤੀ ਫੋਨ...ਕਹਿੰਦੇ ਅਸੀਂ ਆ ਜਾਨੇ ਐਂ ਜੇ ਕੋਈ ਗੜਬੜ ਐ। ਮੈਂ ਰੋਕਤੇ। ਵਾਧੂ ਦਾ ਉਹਨਾਂ ਦਾ ਮੂੰਹ ਮੱਥਾ ਝੁਲਸਣਾ ਪਊ। ਜਦੋਂ ਦਾ ਆਹ ਰੌਲਾ ਪਿਐ,ਇਹਨਾ ਦੇ ਭਾਅ ਦਾ ਤਾਂ ਜੱਗ ਲੱਗਿਆ ਪਿਐ। ਕਹਿੰਦੇ ਗੁਰੂ-ਘਰ ਨਾ ਜਾਇਓ...ਐਥੀ ਕਰ ਲਿਓ ਅਰਦਾਸ ਜਿਹੜੀ ਕਰਨੀ ਐ...ਮੈਂ ਕਿਹਾ..."

...ਕਰਤੇ ਨੂੰ ਉਹਦੀ ਆਵਾਜ਼ ਸੁਣਨੋਂ ਹਟ ਗਈ। ਅਰਦਾਸ ਦਾ ਨਾਂ ਸੁਣਦੇ ਹੀ ਉਹਦੀਆਂ ਲੱਤਾਂ ਜਵਾਬ ਦੇਣ ਲੱਗ ਪਈਆਂ ਸਨ। ਅੰਮ੍ਰਿਤ ਛਕਣ ਤੋਂ ਬਾਅਦ ਲੰਮਾਂ ਸਮਾਂ ਤਾਂ ਉਹਦੇ ਲਈ ਅਰਦਾਸ 'ਚ ਖੜ੍ਹਨਾ ਦੁੱਭਰ ਹੋ ਜਾਂਦਾ ਰਿਹਾ ਸੀ। ਜਿਉਂ ਹੀ ਅਰਦਾਸ ਕਰਨ ਵਾਲਾ ਸਿੰਘ, ਬੱਚਿਆਂ ਦੇ ਟੋਟੇ ਗਲਾਂ 'ਚ ਪੁਆਈ ਖੜ੍ਹੀਆਂ ਸਿੰਘਣੀਆਂ ਦਾ 'ਧਿਆਨ ਧਰਨ' ਲਈ ਸੰਗਤ ਨੂੰ ਕਹਿੰਦਾ,ਕਰਤੇ ਦੇ ਆਪਣੇ ਗਲ 'ਚ ਬੱਚਿਆਂ ਦੇ ਸਿਰਾਂ ਦੀ ਮਾਲਾ ਲਟਕ ਜਾਂਦੀ। ਅਜਿਹਾ ਉਦੋਂ ਤੋਂ ਹੋਣਾ ਸ਼ੁਰੂ ਹੋਇਆ ਸੀ ਜਦੋਂ ਤੋਂ ਉਹ ਆਪਣੇ ਇਕ ਪੁਆਧੀਏ ਰਿਸ਼ਤੇਦਾਰ ਨਾਲ ਫਤਹਿਗੜ੍ਹ ਸਾਹਿਬ, ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਲਗਦੇ ਜੋੜ ਮੇਲੇ ਗਿਆ ਸੀ। ਦਸ ਕੁ ਵਰ੍ਹਿਆਂ ਦੇ ਕਰਤੇ ਨੇ ਪਹਿਲੀ ਵਾਰ ਐਡਾ ਵੱਡਾ ਇਕੱਠ ਦੇਖਿਆ ਸੀ। ਭੋਰਾ ਸਾਹਿਬ ਅਤੇ ਠੰਡੇ ਬੁਰਜ ਵਿਚ ਮੱਥਾ ਟੇਕ ਕੇ ਉਹ ਗੁਰਦੁਆਰਾ ਸਾਹਿਬ ਦੇ ਸਾਹਮਣੇ ਸਜੇ ਦਿਵਾਨ ਵਿਚ ਆ ਬੈਠੇ ਸਨ। ਢਾਡੀ ਸਿੰਘ ਠੰਡੇ ਬੁਰਜ ਵਿਚ ਕੈਦ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਪਹਿਲੀ ਰਾਤ ਦਾ ਹਾਲ ਸੁਣਾ ਰਿਹਾ ਸੀ। ਢਾਡੀ ਦੇ ਵਰਤੇ ਸ਼ਬਦਾਂ ਅਤੇ ਹਵਾ 'ਚ ਲਹਿਰਾਉਂਦੀਆਂ ਬਾਹਾਂ ਨੇ ਪੋਹ ਦੀ ਉਹ ਰਾਤ ਸਰੋਤਿਆ ਦੇ ਜਿਸਮਾਂ 'ਚ ਵਾੜ ਦਿੱਤੀ ਸੀ। ਕੰਬਦੇ ਕਰਤੇ ਨੂੰ ਆਪਣੀਆਂ ਅੱਖਾਂ 'ਚੋਂ ਪਰਲ ਪਰਲ ਵਗਦੇ ਅੱਥਰੂ,ਸਾਹਿਬਜ਼ਾਦਿਆਂ ਦੀਆਂ ਮਾਸੂਮ ਗੱਲ੍ਹਾਂ 'ਤੇ ਜੰਮ ਗਏ ਦਿਸੇ ਸਨ। ਉਸ ਦੀਆਂ ਧੁੰਦਲਾਈਆਂ ਅੱਖਾਂ ਝਪਕਣਾ ਭੁੱਲ ਗਈਆਂ ਸਨ। ਠੰਡ ਨਾਲ ਜੰਮੀ ਕਹਿਰ ਦੀ ਉਸ ਰਾਤ 'ਚ ਸੂਬਾ ਸਰਹਿੰਦ ਦੇ ਰਸੋਈਏ ਨੇ ਪਹਿਲਾ ਨਿੱਘਾ ਕਦਮ ਧਰਿਆ। ਦੱਬੇ ਪੈਰੀਂ ਪੌੜੀਆਂ ਚੜ੍ਹਦੇ ਮੋਤੀ ਦੀ ਬਿੜਕ ਕਰਤੇ ਦੇ ਠਰੇ ਕੰਨਾਂ ਨੂੰ ਸੁਣਦੀ ਰਹੀ। ਊਂਘ ਰਹੇ ਪਹਿਰੇਦਾਰ ਉਹਨੂੰ 'ਹੁਣ ਉੱਠੇ, ਹੁਣ ਉੱਠੇ' ਲਗਦੇ ਰਹੇ। ਉਹਨਾ ਦੀ ਮਾਮੂਲੀ ਜਿਹੀ ਹਰਕਤ ਤੇ ਕਰਤੇ ਦੀ ਸਾਰੀ ਦੇਹ ਧੰਦਕ ਜਾਂਦੀ। ਕਾਲੀ ਬੋਲੀ ਰਾਤ 'ਚ ਮੋਤੀ ਮਹਿਰੇ ਦੀ ਬਰਫ ਵਰਗੀ ਚਿੱਟੀ ਪਜਾਮੀ ਉਹਦੇ ਪੈਰਾਂ ਲਈ ਰਾਹ ਤਲਾਸ਼ਦੀ। ਮਾਤਾ ਗੁਜਰੀ ਦੀ ਬੁੱਕਲ 'ਚ ਬੈਠੇ ਦੋਵੇਂ ਸਾਹਿਬਜ਼ਾਦਿਆਂ ਨੂੰ ਇਕ ਹੱਥ 'ਤੇ ਰੱਖੀ ਗੜਬੀ ਪੇਸ਼ ਕਰਦੇ ਮੋਤੀ ਮਹਿਰੇ ਦੀ ਤਸਵੀਰ ਕਰਤੇ ਦੀਆਂ ਅੱਖਾਂ ਵਿਚ ਸਦਾ ਲਈ ਸਥਿਰ ਹੋ ਗਈ। ਰਿਸ਼ਤੇਦਾਰ ਨੂੰ ਦੀਵਾਨ ਵਿਚ ਸੁੱਤਾ ਪਿਆ ਛੱਡ ਕਰਤਾ ਠੰਡੇ ਬੁਰਜ ਦੀਆਂ ਪੌੜੀਆਂ ਚ ਜਾ ਬੈਠਿਆ ਸੀ। ਸਲਤਨਤ ਦੇ ਦੁਸ਼ਮਣਾਂ ਨੂੰ ਦੁੱਧ ਪਿਲਾਉਣ ਦੇ ਗੁਨਾਹ ਹੇਠ ਸਣ-ਬੱਚੇ ਕੋਹਲੂ ਪੀੜੇ ਜਾ ਰਹੇ ਗੁਰੂ ਘਰ ਦੇ 'ਮੋਤੀ' ਦੀਆਂ ਤਸਵੀਰਾਂ ਵਿਚ ਕਿੰਨੀਆਂ ਹੀ ਤਸਵੀਰਾਂ ਹੋਰ ਜੁੜੀਆਂ। ਫਿਰ ਸਾਰੀ ਉਮਰ ਜੁੜਦੀਆਂ ਰਹੀਆਂ ਸਨ। ਘਰ ਆ ਕੇ ਵੀ ਕਰਤਾ ਕਈ ਦਿਨ ਪਹਿਲਾਂ ਆਪਣੇ ਆਪ ਨੂੰ ਸੁਣਾਉਂਦਾ ਰਿਹਾ ਤੇ ਫਿਰ ਇਕ ਦਿਨ ਉਹਨੇ ਆਪਣੇ ਛੋਟੇ ਭਰਾ ਪ੍ਰੀਤਮ ਨਾਲ ਭੇਦ ਸਾਂਝਾ ਕੀਤਾ," ਆਪਾਂ ਨਾ, ਹੈਂ ਨਾ ਪ੍ਰੀਤਮਾ, 'ਬਾਬੇ ਮੋਤੀ ਮਹਿਰੇ' ਦੀ ਕੁੱਲ 'ਚੋਂ ਐਂ ਉਹਨੇ ਨਾ ...।" ...ਤੇ ਉਹਨੇ ਸਾਰੀ ਵਾਰਤਾ ਪ੍ਰੀਤਮ ਨੂੰ ਸੁਣਾਈ। ਭੋਰਾ ਭੋਰਾ। ਤੇ ਫੇਰ ਵੀ ਜਦ ਉਹਦੀ ਪੂਰੀ ਤਸੱਲੀ ਨਾ ਹੋਈ,ਉਹਨੇ ਸਕੂਲ 'ਚ ਕਈ ਹਾਣੀਆਂ ਨੂੰ ਦੱਸਿਆ,"ਹੈਂ! ,ਅਸੀਂ 'ਕ ਨਾ 'ਬਾਬੇ ਮੋਤੀ ਮਹਿਰੇ ਦੀ ਕੁੱਲ 'ਚੋਂ ਆਂ..."।

ਕਰਤਾ ਜਦ ਸ਼ਬਦ ਪੜ੍ਹਦਾ,ਧਾਰਨਾ ਲਾ ਕੇ, ਲੋਕ ਝੂੰਮਣ ਲੱਗ ਪੈਂਦੇ...

ਭਾਵੇਂ ਪੀੜਦੇ ,ਫੂਕਦੇ, ਚੀਰਦੇ

ਮੈਂ ਗੋਲਾ ਸਤਿਗੁਰ ਦਾ...ਰਾਜਿਆ, ਮੈਂ ਗੋਲਾ ਸਤਿਗੁਰ ਦਾ...

ਜਿਸ ਦਿਨ ਕਰਤੇ ਨੇ ਪਹਿਲੀ ਵਾਰ ਅਰਦਾਸ ਕੀਤੀ, ਕਰਤੇ ਲਈ ਅਰਦਾਸ ਦੇ ਮਾਅਨੇ ਬਦਲ ਗਏ ਸਨ। ਅਰਦਾਸ ਸ਼ੁਰੂ ਹੁੰਦੀ ਸਾਰ ਜਿਵੇਂ ਕੋਈ ਰੀਲ ਕਰਤੇ ਦੀਆਂ ਅੱਖਾਂ ਅੱਗੇ ਚੱਲਣੀ ਸ਼ੁਰੂ ਹੋ ਜਾਂਦੀ। ਅਰਦਾਸ ਦੇ ਚਿਤਰੇ ਦ੍ਰਿਸ਼ ਉਹਦਾ ਖੜ੍ਹਨਾ ਦੁੱਭਰ ਕਰ ਦਿੰਦੇ। ਬਹੁਤ ਵਾਰ ਉਹਦਾ ਅਰਦਾਸ ਕਰਦੇ ਦਾ ਮਨ ਭਰ ਆਉਂਦਾ। ਗਲ਼ ਰੁੱਧ ਜਾਂਦਾ। ਆਪਣੇ ਮਨ ਦੀ ਕਮਜ਼ੋਰੀ 'ਤੇ ਆਪਣੇ ਆਪ ਨੂੰ ਲਾਹਣਤਾਂ ਪਾਉਂਦਾ। ...ਬਹੁਤੀ ਵਾਰ ਟਾਲ ਹੀ ਜਾਂਦਾ। ਜਿੱਥੇ ਸਰਦਾ, ਸਾਰਦਾ...

...ਪਰ ਅੱਜ ਸਾਰਨਾ ਸੰਭਵ ਨਹੀਂ ਸੀ...

ਪੰਥ 'ਚੋਂ ਛੇਕੇ ਹੋਏ ਪ੍ਰੀਤਮ ਨੂੰ 'ਆਪਣੇ ਚਰਨ-ਕੰਵਲਾਂ 'ਚ ਨਿਵਾਸ' ਦੇਣ ਲਈ ਗੁਰੂ ਮਹਾਰਾਜ ਨੂੰ ਕੀਤੀ ਜਾਣ ਵਾਲੀ ਅਰਦਾਸ ਅਜੇ ਪੂਰੀ ਵੀ ਨਹੀਂ ਸੀ ਹੋਈ ਕਿ ਪਿੰਡ 'ਚ ਪੈਦਾ ਹੋਏ ਤਣਾਅ ਦਾ ਘੇਰਾ ਕਰਤੇ ਦੁਆਲੇ ਕਸਣਾ ਸ਼ੁਰੂ ਹੋ ਗਿਆ ਸੀ।

ਦੂਜਾ ਦਿਨ ਚੜ੍ਹਨ ਤੋਂ ਪਹਿਲਾਂ ਈ ਇਸ ਤਣਾਅ ਨੇ ਕਰਤੇ ਦੇ ਘਰ ਆ ਦਸਤਕ ਦਿੱਤੀ। ਦਸਤਕ ਦੇ ਪਰਲੇ ਪਾਰ ਚੌਂਕੀਦਾਰ ਖੜ੍ਹਾ ਸੀ...

...ਆਲੇ ਦੁਆਲੇ ਦੇ ਘਰਾਂ 'ਚੋਂ ਝਾਕਦੇ ਇਕ ਦੋ ਚਿਹਰੇ ਵੀ ਕਰਤੇ ਨੂੰ ਦਿਖੇ। ਕਰਤੇ ਦਾ ਧਿਆਨ ਆਪਣੀ ਵੱਲ ਹੋਇਆ ਦੇਖ ਕੁਸ਼ ਕਹਿਣ ਲਈ ਚੌਂਕੀਦਾਰ ਨੇ ਮੂੰਹ ਖੋਲ੍ਹਿਆ ਹੀ ਸੀ ਕਿ ਨੀਵੀਂ ਪਾਈ ਲੰਘਿਆ ਜਾਂਦਾ 'ਕਾਮਰੇਡ ਏਕਤਾ' ਉਹਨਾ ਦੇ ਵਿਚਕਾਰ ਆ ਖੜ੍ਹਿਆ। ਜਿਵੇਂ ਕੁਸ਼ ਕਹਿਣਾ ਚਾਹੁੰਦਾ ਹੋਵੇ। ਪਰ ਜਿਵੇਂ ਕਿ ਅਕਸਰ ਅਜਿਹੇ ਮੌਕਿਆਂ 'ਤੇ ਹੁੰਦਾ ਸੀ ਉਹਨੂੰ ਕਹਿਣ ਲਈ ਢੁਕਵੇਂ ਸ਼ਬਦ ਨਾ ਅਹੁੜੇ। ਅੰਦਰ ਉਠਿਆ 'ਦੁਨੀਆਂ ਭਰ ਦੇ ਮਿਹਨਤਕਸ਼ਾਂ ਨੂੰ ਇਕ ਹੋ ਜਾਣ' ਦਾ ਸੰਦੇਸ਼ ਵੀ ਬੋਲ ਕੇ ਕਹਿ ਨਾ ਹੋਇਆ। ਕਾਮਰੇਡ ਦੇ ਦੋਵੇਂ ਪਾਸੇ ਖੜ੍ਹੇ ਕਰਤੇ ਤੇ ਚੌਂਕੀਦਾਰ ਨੂੰ ਤਾਂ ਬੱਸ ਉਹ ਪੈਰ ਜਿਹੇ ਮਲਦਾ ਤੇ ਫੇਰ ਬੇ-ਦਿਲੀ ਜਿਹੀ ਨਾਲ ਤੁਰਦਾ ਦਿਸਿਆ। ਉਹ ਕਾਮਰੇਡ ਦੀ ਲੰਮੀ, ਵਾਹੀ-ਸਵਾਹਰੀ ਦਾਹੜੀ ਤੇ ਪੋਚਵੀਂ ਲਾਲ ਪੱਗ ਦੇ ਮੋੜ ਮੁੜਨ ਤਕ ਕਾਮਰੇਡ ਵੱਲ ਵੇਖਦੇ ਰਹੇ।

ਚੌਂਕੀਦਾਰ ਦੇ ਪਿੱਛੇ ਦੂਰ ਤਕ ਸੁੰਨੀ ਦਿਸਦੀ ਗਲੀ ਤੇ ਦਰਵਾਜੇ ਦੀ ਅਟਾਰੀ ਤੋਂ ਉੱਪਰ ਦਿਸਦੇ ਵਿਸ਼ਾਲ ਅਸਮਾਨ ਦੇ ਸਾਹਮਣੇ ਖੜ੍ਹਾ ਚੌਂਕੀਦਾਰ ਕਰਤੇ ਨੂੰ ਬੌਣਾ ਜਿਹਾ ਲੱਗਿਆ। ਭੋਰਾ ਕੁ। ਕਰਤੇ ਨੂੰ ਪਤਾ ਸੀ ਚੌਂਕੀਦਾਰ ਕਿਉਂ ਆਇਆ ਸੀ। ਪਰ ਉਹਨੇ ਇਹ ਨੀ ਸੀ ਸੋਚਿਆ ਕਿ ਅਗਲੇ 'ਫੁੱਲ' ਵੀ ਨੀ ਚੁਗਣ ਦੇਣਗੇ। ਅਜੇ ਤਾਂ ਉਹਨੇ ਇਹ ਗੱਲ ਈਸ਼ਵਰੀ ਨਾਲ ਵੀ ਸਾਂਝੀ ਨਹੀਂ ਸੀ ਕੀਤੀ। ਉਹਨੇ ਉਦਾਸ ਅੱਖਾਂ ਨਾਲ ਚੌਂਕੀਦਾਰ ਵੱਲ ਵੇਖਿਆ। ਪੁੱਛਿਆ ਕੁੱਝ ਨਾ-

"ਰਾਜ ਦਲਾਲ ਤੇ ਪ੍ਰਧਾਨ ਨੇ ਬੁਲਾਇਐ, ਦਰਵਾਜੇ। ਅੱਠ ਵਜੇ।"

ਹੁਕਮੀਆਂ ਲਹਿਜ਼ੇ 'ਚ ਸੁਨੇਹਾ ਦਿੰਦਾ ਚੌਂਕੀਦਾਰ ਵੀਹੀ 'ਚ ਐਂ ਖੜ੍ਹਾ ਰਿਹਾ ਜਿਵੇਂ ਜੇ ਸੂਤ ਭਰ ਵੀ 'ਗਾਹਾਂ ਹੋਇਆ ਤਾਂ ਭਿੱਟਿਆ ਜਾਵੇਗਾ। ਖੜ੍ਹੇ ਪੈਰ ਹੀ ਮੁੜ ਗਿਆ। ਮੁੜੇ ਜਾਂਦੇ ਚੌਂਕੀਦਾਰ ਦੀ ਤੋਰ 'ਚੋਂ ਕਰਤੇ ਨੂੰ ਰਾਜ ਦਲਾਲ ਦੀ ਸੱਜਰੀ ਪਾਈ 'ਸਿਰੀ ਸਾਹਿਬ' ਦੀ ਤਿੱਖੀ ਨੋਕ ਦਿਸੀ। ਚੌਂਕੀਦਾਰ ਦੇ ਮੋੜ ਮੁੜਨ ਤਕ ਕਰਤਾ ਉਹਦੇ ਵੱਲ ਦੇਖਦਾ ਰਿਹਾ। ਆਪਣੇ ਪਿੱਛੇ ਆ ਖੜ੍ਹੀ ਈਸ਼ਵਰੀ ਦਾ ਪਤਾ ਵੀ ਉਹਨੂੰ ਦਰਵਾਜਾ ਬੰਦ ਕਰਦੇ ਨੂੰ ਹੀ ਲੱਗਿਆ-

"ਕੀ ਕਹਿ ਗਿਆ ਚੌਂਕੀਦਾਰ ?" ਕਰਤੇ ਦੇ ਉਦਾਸ ਚਿਹਰੇ 'ਤੇ ਹਲਕੀ ਜਿਹੀ ਮੁਸਕਰਾਹਟ ਦੇਖ ਕੇ ਈਸ਼ਵਰੀ ਸਸ਼ੋਪੰਜ ਵਿਚ ਪੈ ਗਈ। ਕਰਤੇ ਨੂੰ ਦਰਵਾਜ਼ੇ ਸੱਦਣ ਦੀ ਅਵਾਈ ਕੱਲ੍ਹ ਉਹਦੇ ਕੰਨੀਂ ਵੀ ਪਈ ਸੀ। ਬਹੁਤੀਆਂ ਬੁੜ੍ਹੀਆਂ ਪ੍ਰੀਤਮ ਦੇ ਘਰ ਜਾਣ ਦੀ ਥਾਂ ਈਸ਼ਵਰੀ ਕੋਲ ਹੀ ਆ ਬਹਿੰਦੀਆਂ। ਮਰਗ ਦਾ ਅਫਸੋਸ ਵੀ ਹੋ ਜਾਂਦਾ। ਹੁਕਮਨਾਮਾ ਵੀ ਮੰਨਿਆਂ ਜਾਂਦਾ। ਪਰ ਬਹੁਤੀਆਂ

ਗੱਲਾਂ,ਪ੍ਰਧਾਨ ਦੀ ਟੋਲੀ ਦੇ ਖਿਲਾਫ ਉਬਲਦੇ ਪਿੰਡ ਦੇ 'ਢਿੱਡ' ਤੇ ਕਰਤੇ ਦੀ ਚੰਗਿਆਈ,ਸਚਿਆਈ ਦੇ ਦੁਆਲੇ ਹੀ ਘੁੰਮਦੀਆਂ ਰਹੀਆਂ ਸਨ। ਗੱਲਾਂ ਗੱਲਾਂ ਵਿਚ ਹੀ ਕਿਸੇ ਨੇ ਪ੍ਰਧਾਨ ਦੇ ਮੂਹੋਂ 'ਪੱਕੇ ਬੰਦੇ' ਵੱਲੋਂ ਸੁਣੀ ਕਰਤੇ ਦੀ ਦਰਵਾਜੇ ਸੱਦ ਕੇ ਲਾਹ ਪਾਹ ਕਰਨ ਵਾਲੀ ਗੱਲ ਵੀ ਈਸ਼ਵਰੀ ਦੇ ਕੰਨੀਂ ਕੱਢ ਦਿੱਤੀ ਸੀ। ਪਹਿਲਾਂ ਈ ਪਰੇਸ਼ਾਨ ਕਰਤੇ ਨੂੰ ਰਾਤ ਹੀ ਇਹ ਗੱਲ ਦੱਸਣ ਦਾ ਈਸ਼ਵਰੀ ਦਾ ਹਿਆਓਂ ਨੀ ਸੀ ਪਿਆ। ਤੇ ਹੁਣ ਪਰੇਸ਼ਾਨ ਦਿਸਣ ਦੀ ਥਾਂ ਕਰਤਾ ਉਹਤੋਂ ਪੁੱਛ ਰਿਹਾ ਸੀ–

"ਰਾਜ ਦਲਾਲ ਨੂੰ ਦੇਣ ਲਈ ਤਖੱਲੁਸ ਭਾਲਦੈਂ", ਕਰਤਾ ਦਰਵਾਜ਼ੇ ਨਾਲ ਢੋਅ ਲਾ ਕੇ ਖੜ੍ਹ ਗਿਆ–

"ਦਲਾਲ ਤੋਂ ਬਾਅਦ ਵੀ ਕਿਸੇ ਤਖੱਲੁਸ ਦੀ ਲੋੜ ਐ!", ਈਸ਼ਵਰੀ ਇਹ ਤਾਂ ਸਮਝ ਗਈ ਕਿ ਉਹਦੀ ਸੁਣੀ ਗੱਲ ਸੱਚੀ ਹੋ ਗਈ ਸੀ। ਕਰਤੇ ਨੂੰ, ਪੰਥ 'ਚੋਂ 'ਛੇਕੇ ਹੋਏ' ਪ੍ਰੀਤਮ ਦੀ ਅਰਦਾਸ ਕਰਨ ਬਦਲੇ ਦਰਵਾਜ਼ੇ ਬੁਲਾਇਆ ਗਿਆ ਸੀ। ਇਸੇ ਲਈ ਕਰਤੇ ਨੇ ਮੋੜ ਕੇ ਜੋ ਉੱਤਰ ਦਿੱਤਾ ਉਹਦੇ ਸਮਝ ਨੀ ਸੀ ਆਇਆ–

"ਦੇਖ ਪ੍ਰਧਾਨ ਤਾਂ 'ਸ਼੍ਰੋਮਣੀ ਸਿੱਖ' ਹੈਗਾ ਈ ਐ ਪਹਿਲਾਂ ਤੋਂ ਈ। 'ਆਪਣੀ ਸਿੱਖੀ' ਦਖਾਊਗਾ ਈ। ਪਰ ਆਹ ਰਾਜ ਤਾਂ ਅਜੇ ਕੱਲ੍ਹ ਪ੍ਰੇਮੀ ਹੁੰਦਾ ਤੀ, ਅੱਜ ਸਿੱਖੀ ਦਾ ਝੰਡਾ ਚੱਕੀਂ ਫਿਰਦੈ। ਇਹਨੂੰ ਪੁੱਛਦੈਂ ਬਈ ਕੀ ਕਹੀਏ!" ਕਰਤੇ ਨੂੰ ਉਹ ਮੌਕਾ ਯਾਦ ਆਇਆ ਜਦੋਂ ਮੇਜਰ ਕੱਬੇ ਨੇ ਪਹਿਲੀ ਵਾਰ ਪ੍ਰਧਾਨ ਨੂੰ 'ਸ਼੍ਰੋਮਣੀ ਸਿੱਖ' ਕਿਹਾ ਸੀ। ਅਸਲ ਵਿਚ ਪਿਛਲੀਆਂ ਚੋਣਾਂ ਦੌਰਾਨ 'ਸ਼੍ਰੋਮਣੀ ਗੁਰਦੁਆਰਾ ਕਮੇਟੀ' ਦੀ ਟਿਕਟ ਲਈ ਦਾਅਵੇਦਾਰੀ ਦੌਰਾਨ ਪ੍ਰਧਾਨ ਭਾਗ ਸਿੰਘ ਗਾਤਰਾ ਕੁੜਤੇ ਦੇ ਉਪਰੋਂ ਸਜਾ ਕੇ ਰੱਖਣ ਲੱਗ ਪਿਆ ਸੀ। ਟ੍ਰਾਂਸਪੋਰਟਰਾਂ ਦੀ ਮੀਟਿੰਗ ਦੀ ਪ੍ਰਧਾਨਗੀ ਦੌਰਾਨ ਜਾਂ ਕਿਸੇ ਅਫਸਰ ਨੂੰ ਮਿਲਣ ਵੇਲੇ ਦਾੜ੍ਹੀ ਬੰਨ੍ਹਣੀ ਛੱਡ ਕੇ,'ਪ੍ਰਕਾਸ਼' ਕਰਕੇ ਰੱਖਣ ਲੱਗ ਪਿਆ ਸੀ–

"ਹੁਣ ਬਣੇ ਨੇ ਨਾ ਪ੍ਰਧਾਨ ਸਾਹਿਬ 'ਸ਼੍ਰੋਮਣੀ ਸਿੱਖ'", ਮੇਜਰ 'ਕੱਬੇ' ਨੇ ਦਰਵਾਜ਼ੇ 'ਚ ਵੋਟਾਂ ਦੇ ਫਾਰਮ ਵੰਡਦੇ ਭਾਗ ਨੂੰ ਕਿਹਾ ਸੀ। ਗੁੱਸਾ ਤਾਂ ਪ੍ਰਧਾਨ ਨੂੰ ਆਇਆ ਸੀ ਪਰ ਮੇਜਰ ਕੇ ਲਾਣੇ ਦੀਆਂ ਅੱਠ ਵੋਟਾਂ ਸਾਰਾ ਗੁੱਸਾ ਜੀਰ ਗਈਆਂ। 'ਕਿਸੇ ਮੌਕੇ' ਦੀ ਤਾੜ 'ਚ ਪ੍ਰਧਾਨ ਹੀਂ ਹੀਂ ਕਰਕੇ ਚੁੱਪ ਕਰ ਗਿਆ।

ਟਿਕਟ ਤਾਂ ਕੋਈ 'ਦਲ ਬਦਲੂ' ਲੈ ਗਿਆ ਸੀ ਪਰ 'ਗੁਰੂ ਮਾਹਾਰਾਜ' ਨੇ ਪ੍ਰਧਾਨ ਸਾਹਿਬ ਨੂੰ ਹੋਰ ਦੋ ਰੂਟਾਂ ਦੀ ਬੱਸਾਂ ਸਮੇਤ ਬਖਸ਼ਿਸ਼ ਕਰ ਦਿੱਤੀ ਸੀ। ਇਕ ਕੰਮ ਹੋਰ ਹੋ ਗਿਆ ਸੀ। ਮੇਜਰ ਕੱਬੇ ਦਾ ਦਿੱਤਾ ਲਕਬ 'ਸ਼੍ਰੋਮਣੀ ਸਿੱਖ' ਵੀ ਪੱਕਾ ਹੋ ਗਿਆ ਸੀ। ਜਥੇਦਾਰ ਤੋਂ ਪ੍ਰਧਾਨ ਬਣੇ, 'ਬੱਸ ਆਲਿਆਂ' ਦੇ ਭਾਗ ਨੂੰ ਲੋਕ ਮੇਜਰ ਕੱਬੇ ਦੇ ਦਿੱਤੇ 'ਸ਼੍ਰੋਮਣੀ ਸਿੱਖ' ਦੇ ਲਕਬ ਨਾਲ ਨਿਵਾਜਣ ਲੱਗ ਪਏ ਸਨ।

"ਦੱਸਿਆ ਈ ਨੀ ਬਈ ਚੌਕੀਦਾਰ ਕੀ ਕਹਿ ਕੇ ਗਿਐ",ਈਸ਼ਵਰੀ ਦਾ ਧਿਆਨ ਅਜੇ ਵੀ ਰਾਤ ਸੁਣੀਆਂ ਗੱਲਾਂ 'ਚ ਲੱਗਿਆ ਹੋਇਆ ਸੀ।

ਜਵਾਬ ਦੇਣ ਦੀ ਥਾਂ ਅੰਗੜਾਈ ਭਰਦਾ ਕਰਤਾ ਰਾਤ ਦੇ ਮੁਕਾਬਲੇ ਚਿੰਤਾ ਮੁਕਤ ਨਜ਼ਰ ਆ ਰਿਹਾ ਸੀ–

"ਕੁਸ਼ ਨੀ, ਤੂੰ ਮੋਟਰ ਚਲਾ। ਤਾਜ਼ੇ ਪਾਣੀ ਨਾਲ ਨ੍ਹਾਈਏ"। ਜਿੱਥੇ ਸੀ ਪਲ ਕੁ ਓਥੇ ਈ ਖੜ੍ਹਾ ਰਿਹਾ ਤੇ ਮੋਟਰ ਚਲਾ ਕੇ ਮੁੜਦੀ ਈਸ਼ਵਰੀ ਨੂੰ ਸੁਣਾ ਕੇ ਬੋਲਿਆ,ਉੱਚੀ ਸਾਰੀ–

"ਦਰਵਾਜ਼ੇ ਬੁਲਾਉਂਦੇ ਨੇ!" ਉਹ ਅੱਖਾਂ 'ਤੇ ਛਿੱਟੇ ਮਾਰਨ ਲਈ ਸਿੰਕ 'ਤੇ ਝੁਕਿਆ। ਜਵਾਬ ਉਡੀਕਦੀ ਈਸ਼ਵਰੀ ਦਾ ਖਿਆਲ ਆਇਆ ਤਾਂ ਟੂਟੀ ਬੰਦ ਕਰਕੇ ਖੜ੍ਹਾ ਹੋ ਗਿਆ–

"ਅਕਾਲ ਤਖਤ ਸਾਹਿਬ ਇਹਨਾਂ 'ਕੱਲਿਆਂ ਦਾ ਈ ਐ? ਹੈਂ!" ਬੋਲਦਾ ਬੋਲਦਾ ਕਰਤਾ ਈਸ਼ਵਰੀ ਦੇ ਸਾਹਮਣੇ ਆ ਰੁਕਿਆ,"ਜਦੋਂ ਸੱਚੇ ਪਾਤਸ਼ਾਹ ਦਾ ਹੁਕਮ ਹੋਇਆ, ਅਕਾਲ ਤਖਤ ਸਾਹਿਬ 'ਤੇ ਵੀ ਭੁੱਲਾਂ ਬਖਸ਼ਾਵਾਂਗੇ।" ਕਰਤੇ ਦੇ ਹੱਥ ਸ਼ਰਧਾ ਵਿਚ ਜੁੜ ਗਏ ਤੇ ਸਿਰ ਛੇਵੇਂ ਪਾਤਸ਼ਾਹ ਅੱਗੇ ਝੁਕ ਗਿਆ। ਝੁਕਿਆ ਸਿਰ ਉੱਪਰ ਉੱਠਿਆ ਤਾਂ ਈਸ਼ਵਰੀ ਦੇ ਸਾਹਮਣੇ ਖੜ੍ਹ ਗਿਆ, ਤਣ ਕੇ–

"ਦੇਖ,ਚਾਹੇ ਕੋਈ ਮੁੱਲ ਤਾਰਨਾ ਪਵੇ, ਧਰਮ ਦੀ ਠੇਕੇਦਾਰੀ ਤਾਂ ਨੀ ਇਹਨਾਂ ਨੂੰ ਕਰਨ

ਦੇਣੀ ਚਾਹੀਦੀ..."

"ਮੈਂ ਵੀ ਚੱਲੂੰਗੀ ਤੇਰੇ ਨਾਲ ", ਈਸ਼ਵਰੀ ਨੇ ਕਰਤੇ ਦੀ ਗੱਲ ਟੋਕ ਕੇ ਕਿਹਾ। ਕਰਤੇ ਦੀ ਐਡੀ ਉੱਚੀ ਅਵਾਜ਼ ਸੁਣਕੇ ਉਹਨੂੰ ਚਿੰਤਾ ਹੋਈ ਸੀ,'ਇਹ ਤਾਂ ਕਦੇ ਤੱਤਾ ਬੋਲਦਾ ਨੀ ਹੁੰਦਾ', ਈਸ਼ਵਰੀ ਦੇ ਅੰਦਰ ਇਕ ਹੌਲ ਜਿਹਾ ਪਿਆ,'ਡਰ ਗਿਆ'।

ਡਰ ਵਾਲਾ ਉਹਦਾ ਖਿਆਲ ਹੋਰ ਵੀ ਪੱਕਾ ਹੋ ਗਿਆ ਜਦੋਂ ਨ੍ਹਾਉਣ ਲੱਗੇ ਕਰਤੇ ਦੀ ਧਾਰਨਾ ਪੜ੍ਹਦੀ ਆਵਾਜ਼ ਕੰਬਦੀ ਜਾਪੀ

ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ

ਫਿਰ ਧਾਰਨਾ ਪੜ੍ਹਦੇ ਕਰਤੇ ਦਾ ਗਲ਼ ਰੁਧ ਗਿਆ। ਪਹਿਲਾਂ ਉਹਦਾ ਰੁਕਦਾ ਸਾਹ ਸੁਣਿਆ। ਥੋੜ੍ਹੀ ਦੇਰ ਚੁੱਪ ਤਣੀ ਰਹੀ। ਕਰਤੇ ਦੇ ਰੋਕਦੇ ਰੋਕਦੇ ਵੀ ਹਉਕਾ ਕੀਰਨਾ ਬਣ ਗਿਆ।

"ਤੂੰ ਕਿੱਥੇ ਛਿਪ ਗਿਆ ਓਏ ਮੇਰੇ ਵੀਰਨਾ...।"

ਦੂਰ ਤਕ ਗਿਆ ਕਰਤੇ ਦਾ ਕੀਰਨਾ ਘਰ ਦੇ ਕੰਧਾਂ ਕੌਲ਼ਿਆਂ 'ਚ ਅਜੇ ਤਕ ਵੱਜਦੀਆਂ ਪ੍ਰੀਤਮ ਦੀਆਂ ਚੀਕਾਂ ਨਾਲ ਟਕਰਾ ਗਿਆ ਸੀ। ਬਾਥਰੂਮ ਦੀ ਕੰਧ ਨਾਲ ਲੱਗ ਕੇ ਧਾਹੀਂ ਰੋ ਰਹੇ ਕਰਤੇ ਦੇ ਅੰਦਰ ਡੂੰਘਾ ਉਤਰਦਾ ਹੌਲ ਉਹਨੂੰ ਦੋ ਰਾਤਾਂ ਪਿੱਛੇ ਲੈ ਗਿਆ। ਪ੍ਰੀਤਮ ਦੀ ਆਖਰੀ ਰਾਤ। ਰਾਤ ਜੀਹਨੇ ਕਈ ਰੰਗ ਬਦਲੇ ਸਨ। ਸਾਣ 'ਤੇ ਲੱਗੇ ਕਰਤੇ ਅੰਦਰਲੇ ਸਿੱਖ ਨੇ ਅਤੇ ਕੰਧੋਂ ਪਾਰ ਵਿਲਕਦੇ ਪ੍ਰੀਤਮ ਦੇ ਕਰਤੇ ਅੰਦਰਲੇ ਭਰਾ ਨੇ ਲੰਮਾਂ ਸਮਾਂ ਹੱਥੋ ਪਾਈ ਕੀਤੀ ਸੀ। ਰਾਤ, ਜਿੱਥੇ ਕਹਿਰ ਬੀਤ ਰਿਹਾ ਸੀ...ਪ੍ਰੀਤਮ ਚੀਕ ਰਿਹਾ ਸੀ...

"ਮੇਰੇ ਦੁਆ ਟੀਕਾ ਲੁਆ ਦੇ ਓਏ ਵੀਰਿਆ, ਕਰਤਿਆ!"

ਪ੍ਰੀਤਮ ਚੀਕਦਾ ਤਾਂ ਕਰਤੇ ਨੂੰ ਲਗਦਾ ਕਿ ਛੱਤ ਕਿਸੇ ਘੜੀ ਵੀ ਉਹਦੇ 'ਤੇ ਆ ਡਿੱਗੇਗੀ। ਉਹਦਾ ਦਿਲ ਫੇਲ੍ਹ ਹੋਣ ਵਾਲਾ ਹੋ ਜਾਂਦਾ। ਕੰਧ ਪਾੜ ਕੇ ਆਉਂਦੀਆਂ ਚੀਕਾਂ ਕਦੇ ਘੜੀ ਪਲ ਰੁਕਦੀਆਂ ਤਾਂ ਸੰਨਾਟਾ ਛਾ ਜਾਂਦਾ। ਗਹਿਰੇ ਹੋ ਗਏ ਹਨ੍ਹੇਰੇ 'ਚ ਰਾਤ ਹੋਰ ਡਰਾਉਣੀ ਤਰ੍ਹਾਂ ਸਾਂ ਸਾਂ ਕਰਨ ਲੱਗਦੀ। ਪ੍ਰੀਤਮ ਦੀਆਂ ਚੀਕਾਂ ਨਾਲ ਭਰਿਆ ਕਮਰਾ ਇਕ ਦਮ ਖਾਲੀ ਲੱਗਣ ਲੱਗ ਪੈਂਦਾ। ਹੌਲੀ ਹੌਲੀ, ਦਰਦ ਨਾਲ ਘੁਲ਼ਦੇ ਪ੍ਰੀਤਮ ਦੀ ਥਾਂ ਕਰਤੇ ਦੇ ਸਾਹਮਣੇ ਰੋਹ ਨਾਲ ਤਣਿਆ ਪ੍ਰੀਤਮ ਦਾ ਚਿਹਰਾ ਉੱਭਰ ਆਉਂਦਾ। ਪ੍ਰੀਤਮ ਨਾਲ ਪਹਿਲੀ ਲੜਾਈ ਮੁੜ ਸ਼ੁਰੂ ਹੋ ਜਾਂਦੀ। ਆਪਣੇ ਆਪਣੇ ਗੁਰੂ-ਪ੍ਰੇਮ ਦੀ ਚੋਣ ਨਾਲ ਲ੍ਹੂਹੇ ਗਏ ਰੂਹ ਦੇ ਰਿਸ਼ਤੇ ਯਾਦ ਆ ਜਾਂਦੇ। 'ਅਜੀਤ' ਅਖਬਾਰ ਪ੍ਰੀਤਮ ਦੇ ਹੱਥਾਂ 'ਚ ਓਵੇਂ ਜਿਵੇਂ ਕੰਬਦਾ ਦਿਸਦਾ...ਕਰਤਾ ਲੜਾਈ ਦੇ ਉਸ ਮੈਦਾਨ ਵਿਚ ਫੇਰ ਉਤਰ ਜਾਂਦਾ...ਕਮਰੇ ਵਿਚ ਚੀਕ ਦੀ ਥਾਂ ਪ੍ਰੀਤਮ ਦੀ ਜੋਸ਼ ਨਾਲ ਭਰੀ ਆਵਾਜ਼ ਗੂੰਜਣ ਲਗਦੀ...ਮੁੜ ਮੁੜ ਪੜ੍ਹੀ ਜਾ ਰਹੀ ਧਾਰਨਾ ਦੇ ਸ਼ਬਦਾਂ ਵਾਂਗ ਉਸ ਦਿਨ ਵਾਲਾ ਸੀਨ ਉਹਦੀਆਂ ਅੱਖਾਂ ਅੱਗੋਂ ਵਾਰ ਵਾਰ ਲੰਘਦਾ...

... "ਕਿਉਂ! ਪਿਤਾ ਜੀ ਲਗਦੇ ਨੇ ਸਾਵੇਂ ਗੁਰੂ ਗੋਬਿੰਦ ਸਿੰਘ,'ਕ ਨਹੀਂ। ਹੈਂ?" ਪ੍ਰੀਤਮ ਦੇ ਚਿਹਰੇ 'ਤੇ ਆਏ ਜਲੌਅ ਤੋਂ ਕਰਤੇ ਨੂੰ ਭੈਅ ਆਇਆ ਸੀ। ਅਖਬਾਰ 'ਚ ਛਪੀ 'ਪਿਤਾ ਜੀ' ਦੀ ਤਸਵੀਰ 'ਤੇ ਫਿਰਦਾ ਉਹਦਾ ਹੱਥ ਗੁਰੂ-ਚਰਨਾਂ ਦੀ ਛੋਹ ਨਾਲ ਦਗ਼ ਰਿਹਾ ਸੀ। ਬੋਲਾਂ ਵਿਚ ਅੰਤਾਂ ਦਾ ਉਤਸ਼ਾਹ ਸੀ,"ਕੱਲ੍ਹ ਨੂੰ ਪੰਜਾਬ 'ਚ ਛਕਾਉਣੈ 'ਜਾਮ-ਏ-ਇੰਸਾਂ' !"

ਪਰ ਕਰਤੇ ਨੇ ਉਹਦੀ ਸਾਰੀ ਗੱਲ ਨੀ ਸੀ ਸੁਣੀ। ਉਹਦੇ ਚੇਤੇ 'ਚ ਪਿਛਲੇ ਮਹੀਨੇ ਸਰਸੇ ਡੇਰੇ 'ਚ ਚਲਦੀ ਗੱਲਬਾਤ ਤਾਜ਼ੀ ਹੋ ਉੱਠੀ ਸੀ। ਕੋਈ ਦੱਸ ਰਿਹਾ ਸੀ ਕਿ 'ਪ੍ਰੇਮੀ' ਹੁਣ ਆਪਣੇ ਨਾਂ ਨਾਲ ਇੰਸਾਂ ਲਾਇਆ ਕਰਨਗੇ ਜਿਵੇਂ ਸਿੱਖ, ਸਿੰਘ ਲਾਉਂਦੇ ਨੇ। ਅਖਬਾਰ 'ਤੇ ਫਿਰ ਰਹੇ ਪ੍ਰੀਤਮ ਦੇ ਹੱਥ ਹੇਠ, ਸਿੰਘ ਆਸਣ 'ਚ ਬੈਠੇ 'ਪਿਤਾ ਜੀ' ਨੂੰ ਦੇਖ ਕੇ ਉਹਦੇ ਸਾਰੀ ਗੱਲ ਸਮਝ ਆ ਗਈ ਸੀ। ਸਿੱਖੀ ਦੇ ਮੁਕਾਬਲੇ ਨਵੀਂ ਕਿਸਮ ਦਾ ਅੰਮ੍ਰਿਤ ਛਕਾਉਣ ਦੀ ਤਿਆਰੀ ਚੱਲ ਰਹੀ ਸੀ। ਬਾਬਾ, ਗੁਰੂ ਗੋਬਿੰਦ ਸਿੰਘ ਦੀ ਰੀਸ ਕਰ ਰਿਹਾ ਸੀ। ਉਹਨੇ ਪ੍ਰੀਤਮ ਦੇ 'ਚਾਅ-ਮੱਚੇ' ਚਿਹਰੇ ਵੱਲ ਵੇਖਿਆ ਤੇ ਆਪਣੀ ਜਾਣ 'ਚ ਨਰਮਾਈ ਨਾਲ ਬੋਲਿਆ–

"ਮਾੜੀ ਗੱਲ ਐ। ਪਿਤਾ ਜੀ ਨੂੰ ਦਸ਼ਮੇਸ਼ ਪਿਤਾ ਦੀ ਰੀਸ ਨੀ ਕਰਨੀ ਚਾਹੀਦੀ। ਆਪਣਾ 'ਨਾਮ' ਦੇਈ ਜਾਂਦੇ ਨੇ ਉਹ ਹੀ ਵਥੇਰੈ।" ਉਹ ਅਕਸਰ ਪ੍ਰੀਤਮ ਨਾਲ ਸਤਿਸੰਗ 'ਤੇ ਚਲਿਆ ਜਾਂਦਾ ਸੀ। ਇਸ ਲਈ ਉਹਦੇ ਮੂੰਹ ਵੀ 'ਪਿਤਾ ਜੀ' ਹੀ ਚੜ੍ਹਿਆ ਹੋਇਆ ਸੀ। ਪਰ 'ਪਿਤਾ ਜੀ' ਬਾਰੇ ਕੀਤੀ ਕਰਤੇ ਦੀ ਟਿੱਪਣੀ ਨਾਲ ਪ੍ਰੀਤਮ ਰੋਹ 'ਚ ਆ ਗਿਆ। ਅਖਬਾਰ ਤੋਂ ਉੱਠਿਆ ਉਹਦਾ ਹੱਥ ਕਰਤੇ ਸਾਹਮਣੇ ਗੰਡਾਸੇ ਵਾਂਗ ਤਣ ਗਿਆ–

"ਪਿਤਾ ਜੀ ਬਾਰੇ ਜੇ ਚੰਗੀ ਨੀ ਸਰਦੀ ਨਾ! ਮਾੜੀ ਵੀ ਨਾ ਕਹਿ। ਅੱਛਿਆ! ਤੂੰ ਕੌਣ ਐਂ ਪਿਤਾ ਜੀ ਦੀ ਕੀਤੀ ਨੂੰ ਮਾੜੀ ਕਹਿਣ ਵਾਲਾ, ਹੈਂ ?" ਪ੍ਰੀਤਮ ਗੁੱਸੇ 'ਚ ਕੰਬਣ ਲੱਗ ਪਿਆ ਸੀ। ਕਰਤੇ ਨੇ ਕਿਹਾ ਤਾਂ ਹੋਰ ਕੁਝ ਨੀ ਸੀ ਪਰ ਗੁੱਸੇ ਦਾ ਵਰੋਲਾ ਉਹਦੇ ਅੰਦਰ ਵੀ ਉੱਠਿਆ ਸੀ। ਮਨੋ ਮਨੀ ਡੇਰੇ ਨਾ ਜਾਣ ਦਾ ਫੈਸਲਾ ਕਰਕੇ ਉਹ ਆਪਣਾ ਅਖਬਾਰ ਪ੍ਰੀਤਮ ਦੇ ਹੱਥ 'ਚ ਛੱਡ ਕੇ ਤੁਰ ਪਿਆ। ਚਾਰ ਕੁ ਕਦਮ ਤੁਰ ਕੇ ਰੁਕ ਗਿਆ ਸੀ। ਅੰਦਰਲਾ ਗੁੱਸਾ ਵਿਅੰਗ ਬਣ ਕੇ ਫੁੱਟਿਆ ਸੀ–

" ਅੰਮ੍ਰਿਤ ਛਕਾਉਣ ਲਈ ਪੰਜ ਸਿਰਾਂ ਦੀ ਲੋੜ ਪੈਂਦੀ ਐ,ਪ੍ਰੀਤਮ ਸਿਆਂ! ਗੁਰੂ ਨੇ ਸੱਤ ਸਿਰ ਵਾਰੇ ਸੀ। ਅੰਮ੍ਰਿਤ ਕੋਈ ਖੇਲ੍ਹ ਐ ਬਈ ਜਣਾ ਖਣਾ ਖੇਲ ਲੂ"– ਕਰਤੇ ਦੀ ਗੱਲ ਸੁਣ ਕੇ ਪ੍ਰੀਤਮ ਬਿੰਦ ਕੁ ਸੋਚਦਾ ਰਿਹਾ। ਵੱਡੇ ਭਰਾ ਦੀ ਲਾਜ ਨੇ ਉਹਦੇ ਸ਼ਬਦ ਕੁੱਝ ਦੇਰ ਤਾਂ ਰੋਕ ਰੱਖੇ। ਫੇਰ ਉਹਦੇ ਅੰਦਰਲਾ ਪ੍ਰੇਮੀ ਦੋ ਕਦਮ ਅੱਗੇ ਵਧ ਆਇਆ ਸੀ–

"ਖੜ੍ਹ ਜਾ ਬੜੇ ਭਾਈ। ਸੌ ਦੀ ਇਕ ਸੁਣ ਕੇ ਜਾਈਂ ਹੁਣ", ਪ੍ਰੀਤਮ ਕਰਤੇ ਦੇ ਬਰਾਬਰ ਜਾ ਖੜ੍ਹਿਆ ਸੀ–

"ਗੁਰੂ ਦੀ ਤਾਂ ਗੁਰੂ ਜਾਣੇ! ਪਰ ਜੇ ਪ੍ਰੇਮੀਆਂ ਦੇ ਸਿਰਾਂ ਦੀ ਲੋੜ ਪਈ ਤਾਂ ਪੰਜਾਂ 'ਚ ਨੀ, ਪੰਜਾਹਾਂ ਦੀ ਗਿਣਤੀ 'ਚ ਵਾਰਾਂਗੇ। ਤੇ ਗੱਲ ਸੁਣ ਲੈ! ਕਿਸੇ ਦਾ ਗੁਰੂ ਜਣਾ ਖਣਾ ਨੀ ਹੁੰਦਾ। ਜਿਹੋ ਜਿਹਾ ਤੇਰਾ ਗੁਰੂ ਤੈਨੂੰ ਐ,ਉਹੋ ਜਿਹੇ ਮੇਰੇ ਲਈ ਪਿਤਾ ਜੀ ਨੇ। ਬਾਕੀ ਇਕ ਦੋ ਦਿਨਾਂ ਨੂੰ ਦੇਖ ਲਿਓ ਜਹੂਰਾ..."

"ਜਹੂਰਾ ਤਾਂ ਸਾਹਮਣੇ ਦਿਖੀ ਜਾਂਦੈ! ਘਾਹ ਦੀਆਂ ਤਿੜ੍ਹਾਂ ਵਾਂਗ ਇਕ ਦੂਜੇ ਨਾਲ ਲਿਪਟੇ ਹੋਏ ਤੁਸੀਂ ਦੋਏ ਭਾਈ ਸੂਲਾਂ ਵਾਂਗ ਇਕ ਦੂਜੇ ਦੇ ਸਾਹਮਣੇ ਖੜ੍ਹਾ 'ਤੇ"। ਕਾਮਰੇਡ 'ਏਕਤਾ' ਨੇ ਉਹਨਾ ਨੂੰ ਗੁੱਥਮ ਗੁੱਥਾ ਹੋਣੋਂ ਬਚਾਇਆ ਸੀ।

"ਇਹ ਲੜਾਈ ਤੇਰੇ ਨੀ ਸਮਝ ਆਉਣੀ ਕਾਮਰੇਡ...", ਇਕ ਹੱਥ ਆਪਣੇ ਦਿਲ 'ਤੇ ਅਤੇ ਦੂਜਾ ਕਾਮਰੇਡ ਦੇ ਮੋਢੇ 'ਤੇ ਰੱਖ ਕੇ ਪ੍ਰੀਤਮ ਸਿੱਧਾ ਉਹਦੀਆਂ ਅੱਖਾਂ 'ਚ ਝਾਕਿਆ ਤਾਂ ਉਹਦੀਆਂ ਅੱਖਾਂ 'ਚ ਮਸ਼ਕਰੀ ਦਾ ਭਾਵ ਦੇਖ ਕੇ ਕਾਮਰੇਡ ਹੱਸ ਪਿਆ–

"ਇਹ ਗੱਲ ਤਾਂ ਤੇਰੀ ਠੀਕ ਐ ਪ੍ਰੀਤਮ ਸਿਆਂ! ਬਹੁਤੀਆਂ ਗੱਲਾਂ ਮੌਕੇ 'ਤੇ ਸਮਝ ਨੀ ਆਉਂਦੀਆਂ ਹੁੰਦੀਆਂ। ਪਾਰਟੀ ਸਕੂਲ ਲੈਣ ਆਏ ਕਾਮਰੇਡ ਚੱਕਰਵਰਤੀ ਨੇ ਜਦੋਂ ਕਹਿਣਾਂ ਬਈ ਸਾਰੀਆਂ ਬੁਨਿਆਦਪ੍ਰਸਤ ਧਿਰਾਂ ਦੀ ਸ਼ਾਹ-ਰਗ ਇਕੋ ਹੁੰਦੀ ਐ, ਮੇਰੇ ਵਰਗਿਆਂ ਨੇ ਉਹਦੀ ਗੱਲ ਦਾ ਮਜ਼ਾਕ ਉਡਾਉਣਾ ਬਈ ਕਾਮਰੇਡ ਰਹਿੰਦਾ ਕਿੱਥੇ ਐ! ਅਕਾਲ ਤਖਤ ਸਾਹਿਬ 'ਤੇ ਹਮਲਾ ਹੋਏ ਨੂੰ ਥੋੜ੍ਹਾ ਈ ਟੈਮ ਹੋਇਆ ਸੀ ਅਜੇ। ਅਸੀਂ ਸੋਚਣਾ ਬਈ ਅਕਾਲ ਤਖਤ ਸਾਹਿਬ 'ਤੇ ਹਮਲੇ ਪਿੱਛੇ ਇਕ ਧਿਰ ਮਰਨ-ਮਾਰਨ ਨੂੰ ਫਿਰਦੀ ਐ ਤੇ ਦੂਜੀ ਸੁਆਗਤ ਕਰੀ ਜਾਂਦੀ ਐ। ਇਹਨਾਂ ਦੀ ਸ਼ਾਹ-ਰਗ ਇਕੋ ਕਿਵੇਂ ਹੋਈ?" ਆਪਣੀ ਗੱਲ ਦਾ ਪ੍ਰਭਾਵ ਜਾਚਣ ਲਈ ਕਾਮਰੇਡ ਏਕਤਾ ਰੁਕਿਆ। ਪ੍ਰੀਤਮ ਦੇ ਮੋਢੇ 'ਤੇ ਹੱਥ ਰੱਖ ਕੇ ਉਹਦੀਆਂ ਅੱਖਾਂ 'ਚ ਝਾਕਿਆ।

"ਗੱਲ ਦੀ ਤਾਂ ਹੁਣ ਸਮਝ ਆਉਂਦੀ ਐ ਜਦ ਸਾਂਝੀ ਸਰਕਾਰ ਚਲਾਈ ਜਾਂਦੇ ਨੇ। ਤੂੰ ਇਹ ਸਮਝ ਲੈ ਬਈ ਬਾਬਾ ਤੇ ਸਰਕਾਰ ਇਕੋ ਹਾਕਮ ਦੇ ਸੇਵਾਦਾਰ ਨੇ। ਲੜੀ ਤੁਸੀਂ ਦੋਏ ਭਾਈ ਜਾਨੇਓਂ। ਐਦੋਂ ਉਤੇ 'ਚੀਂ ਹੋਰ ਕਿਹੜਾ ਜਹੂਰਾ ਹੁੰਦੈ?ਹੈਂ!"

"ਹੋਰ ਵੀ ਹੁੰਦੈ। ਤੂੰ ਵੀ ਦੇਖਲੀਂ, ਤੈਂ ਕਿਹੜਾ ਚਲਿਆ ਜਾਣੈ ਕਿਤੇ..." ਕਾਮਰੇਡ ਦੀ ਗੱਲ ਪ੍ਰੀਤਮ ਦੇ ਸਿਰ ਉਪਰੋਂ ਲੰਘ ਗਈ ਸੀ।

...'ਜਹੂਰੇ' ਦੀ ਉਡੀਕ ਬਹੁਤੇ ਦਿਨ ਨਹੀਂ ਸੀ ਕਰਨੀ ਪਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਧਾਰੇ ਜਾਣ ਦੇ ਵਿਰੋਧ ਵਿਚ ਪੰਜਾਬ ਦੀਆਂ ਸਿੱਖ ਜਥੇਬੰਦੀਆਂ ਹਰਕਤ ਵਿਚ ਆ ਗਈਆਂ ਸਨ। ਦੂਜੇ ਦਿਨ ਹੀ ਬਠਿੰਡੇ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਅਗਵਾਈ ਵਿਚ ਰੋਸ ਮਾਰਚ ਕੀਤਾ ਗਿਆ। ਬਾਬੇ ਦਾ ਪੁਤਲਾ ਫੂਕਿਆ ਗਿਆ। 'ਜਹੂਰੇ ਦੀ ਸਿਖਰ ਇਹ ਸੀ ਕਿ ਮਾਰਚ ਨੂੰ ਰੋਕਣ ਲਈ ਪੁਲੀਸ ਦੀ ਥਾਂ 'ਸੱਚੇ ਸੌਦੇ' ਵਾਲੇ ਪ੍ਰੇਮੀਆਂ ਦਾ 'ਡਾਂਗਧਾਰੀ' ਜੱਥਾ 'ਡਿਊਟੀ' 'ਤੇ ਸੀ। ਡਿਊਟੀ ਪ੍ਰਤੀ ਇਸ ਜਥੇ ਨੂੰ ਕਾਹਲੀ ਇੰਨੀ ਸੀ ਕਿ ਉਹ ਮਾਰਚ ਦੇ ਮਿਥੇ ਹੋਏ ਮੋੜ ਤਕ ਪਹੁੰਚਣ ਦੀ ਵੀ ਉਡੀਕ ਨਾ ਕਰ ਸਕੇ। ਡੇੜ੍ਹ ਕਿਲੋਮੀਟਰ ਪਹਿਲਾਂ ਹੀ ਆ ਘੇਰਿਆ। ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਸਿੱਖਾਂ ਨੂੰ ਇਸ ਤਰ੍ਹਾਂ ਜਾਨ ਬਚਾਉਣ ਲਈ ਭੱਜਦੇ ਵੇਖਿਆ ਗਿਆ। ਟੀ.ਵੀ. ਚੈਨਲਾਂ ਦੀਆਂ ਖਬਰਾਂ ਅਤੇ ਦੂਜੇ ਦਿਨ ਦੇ ਅਖਬਾਰਾਂ ਨੇ ਭਜਾ ਭਜਾ ਕੇ ਕੁੱਟੇ ਸਿੱਖਾਂ ਦੀਆਂ ਰੁਲਦੀਆਂ ਪੱਗਾਂ ਸਾਰੇ ਸੰਭਵ ਕੋਣਾਂ ਤੋਂ ਦਿਖਾਈਆਂ। 'ਕੁਦਰਤ' ਨੇ ਬਚਾਅ ਇਹ ਕੀਤਾ ਕਿ ਮਾਰਚ ਦੀ ਅੰਗਵਾਈ ਕਰਨ ਵਾਲੇ ਦੋਵੇਂ ਮੈਂਬਰ ਬਚ ਗਏ। ਕੁੱਟੇ ਗਏ ਸਾਰੇ ਸਾਧਾਰਨ ਸਿੱਖ ਹੀ ਸਨ।

ਦੋ ਕੁ ਦਿਨ ਸੌਰ ਵਿਚਾਰਨ ਮਗਰੋਂ ਰਾਜਨੀਤਕ ਪਾਰਟੀਆਂ ਮੈਦਾਨ ਵਿਚ ਆ ਗਈਆਂ। ਵੋਟਾਂ ਨੇੜੇ ਹੋਣ ਕਰਕੇ ਬਿਆਨ ਐਨੀ ਗੋਲਾਈ ਅਖਤਿਆਰ ਕਰ ਗਏ ਕਿ ਸਮੱਸਿਆ ਵਿਚ ਕਿਧਰੋਂ ਵੀ ਦਾਖਲ ਹੋਣਾ ਅਸੰਭਵ ਹੋ ਗਿਆ।

"ਸਰਕਾਰ ਕਿੱਥੇ ਐ ? ਕੀ ਕਰਦੀ ਐ ?" ਇੱਕੋ ਗੱਲ 'ਤੇ ਇਕ ਦਿਨ ਵਿਰੋਧੀ ਧਿਰ ਗਰਜਦੀ, ਦੂਜੇ ਦਿਨ ਮਿਆਂਕਦੀ ਸੁਣਦੀ।

"ਇਹ ਸਭ ਕੁਝ ਵਿਰੋਧੀ ਧਿਰ ਦੀ ਵੋਟਾਂ ਖਾਤਰ ਰਚੀ ਸਾਜ਼ਿਸ਼ ਐ" ਸਰਕਾਰ ਅੱਗਾਂ ਲਾਉਂਦੇ ਪ੍ਰੇਮੀਆਂ ਨੂੰ ਤੇ ਨੰਗੀਆਂ ਕ੍ਰਿਪਾਨਾਂ ਚੁੱਕੀਂ ਫਿਰਦੇ ਸਿੱਖਾਂ ਤੇ ਅੱਧੋਂ ਵੱਧ 'ਸਹਿਜਧਾਰੀਆਂ' ਨੂੰ 'ਇੱਕੋ ਨਜ਼ਰ' ਦੇਖਦੀ ਵੀ 'ਇਕ ਪਾਸੇ' ਝੁਕੀ ਦਿਸਦੀ।

ਮਸਲੇ ਨੂੰ 'ਆਪਣੇ' ਵੋਟਾਂ ਵਾਲੇ ਛਾਬੇ 'ਚ ਰੱਖ ਕੇ ਵੇਚਣ ਦੀ ਕੋਸ਼ਿਸ਼ ਕਰਨ ਵਾਲੇ ਵਪਾਰੀਆਂ ਦੀਆਂ ਕਲਾਬਾਜ਼ੀਆਂ ਨੇ 'ਕਾਵਾਂਰੌਲੀ' ਚੱਕੀ ਪਈ ਸੀ।

ਅਖਬਾਰਾਂ 'ਚ ਛਪੀਆਂ ਫੋਟੋਆਂ 'ਚ ਸਾਰੀਆਂ ਧਿਰਾਂ ਦੇ ਵੱਡੇ ਆਗੂਆਂ ਨੂੰ 'ਸੱਚੇ ਸੌਦੇ' ਵਾਲੇ ਬਾਬੇ ਦੇ ਚਰਨਾਂ 'ਚ ਕਿਸੇ ਕਮੇਡੀ ਨਾਟਕ ਦੇ ਪਾਤਰਾਂ ਵਾਂਗ ਹੱਥ ਜੋੜੀ ਖੜ੍ਹੇ ਦੇਖਕੇ ਸਾਧਾਰਨ ਬੰਦਾ ਬੌਂਦਲਿਆ ਫਿਰਦਾ। 'ਕਾਮਰੇਡ ਏਕਤਾ' ਇਹਦੀ ਵਿਆਖਿਆ ਆਪਣੇ ਢੰਗ ਨਾਲ ਕਰਦਾ–

"ਬਾਬੇ ਕੋਲ ਵੋਟਾਂ ਨੇ। ਡੇਰਿਆਂ 'ਚ ਗੁਰਦੁਆਰੇ,ਮੰਦਰਾਂ 'ਚੋਂ ਖਦੇੜੀਆਂ ਸਾਰੀਆਂ ਜਾਤਾਂ 'ਕੱਠੀਆਂ ਮਿਲ ਜਾਂਦੀਆਂ ਨੇ। ਲੋਕ-ਰੋਹ 'ਸੇਵਾ' ਦੀ ਟੋਕਰੀ ਹੇਠ ਦਬ ਜਾਂਦੈ"।

ਪੰਜਾਬ ਦਾ ਮਸਾਂ ਮਸਾਂ ਟਿਕਾਣੇ ਆਇਆ 'ਅੰਦਰ' ਹਿੱਲ ਗਿਆ ਸੀ। ਥਾਂਓਂ ਥਾਂਈਂ ਹੋ ਰਹੇ ਝਗੜਿਆਂ ਨਾਲ ਬੇ-ਚੈਨ ਹੋਇਆ ਕਾਮਰੇਡ 'ਏਕਤਾ' 'ਕੱਲੇ 'ਕੱਲੇ ਨੂੰ ਸਮਝਾਉਂਦਾ ਫਿਰਦਾ:

"ਤੁਸੀਂ ਸਮਝਦੇ ਕਿਉਂ ਨੀ! ਡੇਰਾਵਾਦ ਖਿੱਚੇ ਹੋਏ ਨੀ ਧੱਕੇ ਹੋਏ ਲੋਕਾਂ ਦੀ ਠਾਹਰ ਐ। ਹਾਕਮ ਧਿਰਾਂ ਦੀ ਖੜ੍ਹੀ ਕੀਤੀ ਇਕ ਹੋਰ ਵੰਡ। ਮੇਰੀ ਮੰਨੋ, ਮਿਹਨਤਕਸ਼ਾਂ ਨੂੰ ਇਕ ਹੋਣਾ ਪਊ।" ਕਾਮਰੇਡ 'ਏਕਤਾ' ਆਪਣੀ ਜਾਣੇ ਫਿਰ ਮੈਦਾਨ ਵਿਚ ਆ ਗਿਆ ਸੀ। ਉਹਦੇ ਅੰਦਰ 'ਮਿਹਨਤਕਸ਼ਾਂ ਦੀ ਏਕਤਾ' ਦਾ ਨਾਹਰਾ ਗੂੰਜਣ ਲੱਗ ਪਿਆ ਸੀ–

"ਦੁਨੀਆਂ ਭਰ ਦੇ ਮਿਹਨਤਕਸ਼ਾਂ ਦਾ ਇਕ ਹੋਏ ਬਿਨਾਂ ਨੀ ਸਰਨਾ", ਉਹ ਤੋੜਾ ਝਾੜਦਾ।

"ਪਿੰਡ ਉਜੜਿਆ ਜਾਂਦੈ, ਕਮਲੀ ਨੂੰ ਝਾਟਾ ਖੋਹਣ ਦੀ ਪਈ ਐ", ਪ੍ਰੇਮੀਆਂ ਨੂੰ ਘੇਰ ਕੇ ਚੇਅਰਮੈਨੀ ਦੀ ਪੌੜੀ ਚੜ੍ਹਨ ਦੀ ਕੋਸ਼ਿਸ਼ 'ਚ ਲੱਗਿਆ ਪ੍ਰਧਾਨ, ਕਾਮਰੇਡ ਦੀ ਲਾਹ-ਪਾਹ ਕਰਨ ਤਕ ਜਾਂਦਾ।

"ਕੌਮ ਦੀ ਬੇ-ਪਤੀ ਦਾ ਚੌਅ ਚੜ੍ਹਿਆ ਪਿਐ। ਚੌਅ ਨੀ ਚੜ੍ਹਿਆ ਪਿਆ"।

ਇਹੀ ਬੇ-ਪਤੀ ਕਰਤੇ ਨੂੰ ਵੀ ਚੁਭਦੀ ਰਹੀ ਸੀ...

ਪਹਿਲਾਂ ਤਾਂ ਸਿੱਖਾਂ ਦੀ ਹੁੰਦੀ ਬੇ-ਪਤੀ ਉਹਨੂੰ ਐਵੇਂ 'ਆਰਜ਼ੀ' ਜਾਪੀ। ਪਰ ਜਦੋਂ ਉਹਦੇ

ਕੋਲ ਬੈਠੀ ਈਸ਼ਵਰੀ ਨੇ ਡਾਂਗਾਂ ਵਾਲੇ ਪ੍ਰੇਮੀਆਂ ਦੇ 'ਗੈਰ-ਪੰਜਾਬੀ' ਮੁੜੰਗੇ ਪਛਾਣੇ ਤਾਂ ਕਰਤੇ ਦੇ ਧੁਰ ਅੰਦਰ ਕੋਈ ਡਰ ਕੰਬਿਆ। ਉਹ ਸੌਣਾ ਭੁੱਲ ਗਿਆ। ਦੇਰ ਰਾਤ ਤਕ ਵੱਖ ਵੱਖ ਚੈਨਲਾਂ 'ਤੇ ਜੁੜੇ ਤੋਂ ਫੜੇ, ਹਾੜ੍ਹੇ ਕੱਢਦੇ ਸਿੱਖਾਂ ਦੀਆਂ ਤਸਵੀਰਾਂ ਦੇਖਦਾ ਰਿਹਾ। ਨੀਂਦ ਵਿਚ ਮਈ ਦਾ ਤਪਦਾ ਹਨ੍ਹੇਰਾ ਉਹਨੂੰ ਕੁੱਪ ਰਹੀੜੇ ਲੈ ਗਿਆ ਜਿੱਥੇ ਮੁਗਲ ਹਕੂਮਤ ਨੇ ਸਿੱਖਾਂ ਦਾ ਵੱਡਾ ਕਤਲੇਆਮ ਕੀਤਾ ਸੀ। ਅਜਿਹਾ ਅਕਸਰ ਹੀ ਹੁੰਦਾ ਸੀ ਕਿ ਜਦੋਂ ਕਦੇ ਕਰਤਾ ਭੀੜ ਮੂਹਰੇ ਭੱਜੇ ਜਾਂਦੇ ਬੰਦਿਆਂ ਨੂੰ ਦੇਖਦਾ,ਉਹਦੇ ਅੰਦਰ ਦੂਜਾ ਘੱਲੂਘਾਰਾ ਵਾਪਰਨ ਲੱਗ ਜਾਂਦਾ। ਸੂਬਾ ਲਹੌਰ ਯਾਹੀਆ ਖਾਂ ਅਤੇ ਉਸ ਦੀ ਮਦਦ 'ਤੇ ਆਏ ਸੂਬਾ ਸਰਹਿੰਦ ਜੈਨ ਖਾਂ ਦੀ ਅੰਮਣਮੱਤੀ ਫੌਜ ਮੂਹਰੇ ਭੱਜੇ ਜਾਂਦੇ ਸਿੱਖ ਉੱਭਰ ਆਉਂਦੇ। ਪੰਦਰਾਂ ਹਜ਼ਾਰ ਦੇ ਜਥੇ 'ਚ ਬਾਹਰਲੇ ਪਾਸੇ ਲੜਦੇ ਸ੍.ਜੱਸਾ ਸਿੰਘ ਆਹਲੂਵਾਲੀਆ ਵਰਗੇ ਸਿੱਖ ਯੋਧੇ, ਦੂਜੇ ਘੇਰੇ 'ਚ ਬਜ਼ੁਰਗ ਤੇ ਔਰਤਾਂ ਅਤੇ ਘੇਰੇ ਦੇ ਧੁਰ ਅੰਦਰ ਬੱਚੇ। ਜੱਥਾ ਵੱਢ ਵੀ ਹੋਈ ਜਾਂਦਾ ਤੇ ਅੱਗੇ ਵੀ ਵਧੀ ਜਾਂਦਾ। ਅੱਗੇ ਵੀ ਵਧੀ ਜਾਂਦਾ ਤੇ ਵੱਢ ਵੀ ਹੋਈ ਜਾਂਦਾ। ਜਦੋਂ ਤਕ ਲਾਸ਼ਾਂ ਲਤਾੜਦੇ ਮੁਗਲ, ਬੱਚਿਆਂ ਤਕ ਨਾ ਪਹੁੰਚਦੇ, ਕਰਤਾ ਬਰਦਾਸ਼ਤ ਕਰ ਜਾਂਦਾ। ਪਰ ਜਿਉਂ ਹੀ ਜ਼ਾਲਮ ਦੀ ਤਲਵਾਰ ਬੱਚਿਆਂ ਤਕ ਪਹੁੰਚਦੀ, ਉਹਦਾ ਤ੍ਰਾਹ ਨਿਕਲ ਜਾਂਦਾ। ਪਹਿਲੀ ਵਾਰ ਤਾਂ ਉਹ ਤਲਵਾਰ ਵਾਂਗ ਘੁੰਮਦੀ ਢਾਡੀ ਦੀ ਬਾਂਹ ਵੇਖ ਕੇ ਦਿਵਾਨ ਛੱਡ ਆਇਆ ਸੀ। ਢਾਡੀ ਦਾ ਹਵਾ 'ਚ ਚਿਤਰਿਆ ਘੱਲੂਘਾਰੇ ਦਾ ਦ੍ਰਿਸ਼ ਕਿੰਨੇ ਹੀ ਦਿਨ ਉਹਦਾ ਪਿੱਛਾ ਕਰਦਾ ਰਿਹਾ ਸੀ।

"ਮੁਗਲ ਬਣਗੇ ਪ੍ਰੇਮੀ ਤਾਂ"-ਰੋਹ 'ਚ ਆਏ ਪ੍ਰੇਮੀਆਂ ਨੇ ਜਦੋਂ ਖਰੂਦ ਕੀਤਾ, ਬਾਜ਼ਾਰ ਵਿਚ ਸਿੱਖਾਂ ਦੀਆਂ ਦੁਕਾਨਾਂ ਪਛਾਣ-ਪਛਾਣ ਢਾਹੀਆਂ ਤਾਂ ਕਰਤੇ ਦੇ ਅੰਦਰ ਘੱਲੂਘਾਰੇ ਦਾ ਸਹਿਮ ਘਰ ਕਰ ਗਿਆ ਸੀ। ਤੀਜੇ ਦਿਨ ਹੀ ਤਲਵੰਡੀ ਸਾਬੋ 'ਚ ਸਿੱਖਾਂ ਦਾ 'ਕੱਠ ਦੇਖ ਕੇ ਉਹ ਹੋਰ ਵੀ ਡਰ ਗਿਆ ਸੀ। ਡਰ ਤਾਂ ਉਹ ਇਸ ਗੱਲੋਂ ਵੀ ਗਿਆ ਸੀ ਕਿ ਸਿੱਖ ਕਿੱਥੇ ਗਏ! ਸਿੱਖਾਂ ਦੇ ਇਸ 'ਕੱਠ 'ਚ ਬਹੁਤੇ ਨੌਜਵਾਨ ਸਿਰੋਂ ਮੋਨੇ ਸਨ।

"ਇਹ ਹੋ ਕੀ ਗਿਆ ਜਾਰ ਮੁੰਡਿਆਂ ਨੂੰ", ਉਹਨੇ ਦੁੱਖ ਤੇ ਹੈਰਾਨੀ ਜ਼ਾਹਰ ਕੀਤੀ ਸੀ-

"ਮੁੰਡਾ ਕਿਹੜਾ ਰੱਖਦੈ ਕੇਸ ਅੱਜ ਕੱਲ੍ਹ? ਹੈਂ! ਸਾਹਮਣੇ ਵਾਲਾ ਹਸਦਾ,"ਤਾਂ ਹੀ ਤਾਂ ਤੈਨੂੰ ਕਮਲਾ ਕਹਿੰਦੇ ਨੇ"। ਫੇਰ ਕਰਤੇ ਨੂੰ ਉਲਾਂਭਾ ਦਿੰਦਾ," ਊਂ ਤੇਰੇ ਵਰਗੇ ਨਾਈਆਂ ਦੀ ਰਾਖੀ ਕਰਨ ਵਾਲਿਆਂ ਨੂੰ ਹੋਰ ਕੀ ਲਗਦਾ ਤੀ ਬਈ ਨਾਈ ਰਹਿਣਗੇ ਤਾਂ ਮੁੰਡਿਆਂ ਦੇ ਕੇਸ ਵੱਧ ਵਧਿਆ ਕਰਨਗੇ,ਹੈਂ?"

"ਮੈਂ ਉਹ ਗੱਲ ਨੀ ਕਰਦਾ ਜਾਰ। ਮੈਂ ਤਾਂ...", ਕਰਤੇ ਦੇ ਸਮਝ ਨਹੀਂ ਸੀ ਆ ਰਿਹਾ ਬਈ ਉਹ ਆਪਣੀ ਗੱਲ ਕਿਵੇਂ ਸਮਝਾਵੇ। ਕੀਹਨੂੰ ਕੀਹਨੂੰ ਸਮਝਾਵੇ।

"ਮੈਂ ਤਾਂ ਮੈਂ ਤਾਂ ਕੀ! ਤੈਂ ਤਾਂ ਲੰਡੇ ਚੋਅ ਮਾਂਗੂ ਪੁੱਠਾ ਵਗਣੈ। ਹਰ ਘੜੀ ਪੁੱਠਾ ਨੀ ਵਗਣਾ!"

'ਇਹਨਾ ਨੂੰ ਹਰੇਕ ਸਿੱਧੀ ਗੱਲ ਪੁੱਠੀ ਕਿਉਂ ਲਗਦੀ ਐ ...' ਕਰਤਾ ਅਗਲੇ ਬੰਦੇ ਨਾਲ ਉਲਝਣ ਦੀ ਥਾਂ ਆਪਣੇ ਆਪ ਨਾਲ ਹੀ ਉਲਝ ਗਿਆ ਸੀ,'ਧੱਕਾ ਖਾੜਕੂਆਂ ਨੇ ਕੀਤੈ ਕਮਲਾ ਮੈਨੂੰ ਦੱਸਦੇ ਨੇ'।

ਕਰਤਾ ਮਨੋ ਮਨੀ ਖਾੜਕੂਆਂ ਨਾਲ ਖਹਿਬੜਨ ਲੱਗ ਪਿਆ ਸੀ। ਉਹ ਇਸ ਗੱਲੋਂ ਹੈਰਾਨ ਵੀ ਹੁੰਦਾ ਕਿ ਉਦੋਂ ਉਹਨੂੰ ਖਾੜਕੂਆਂ ਦਾ ਸਕੂਲਾਂ ਦੀਆਂ ਵਰਦੀਆਂ ਬਦਲਣਾਂ,ਦੁਕਾਨਾਂ, ਸੜਕਾਂ ਦੇ ਬੋਰਡ ਨੀਲੇ, ਕੇਸਰੀ ਲਿਖਾਉਣਾ ਨੀ ਸੀ ਚੁਭਿਆ ਪਰ ਜਿਉਂ ਹੀ ਨਾਈਆਂ ਨੂੰ ਧਮਕੀਆਂ ਆਈਆਂ ਉਹਦੇ ਅੰਦਰ ਨਾਬਰੀ ਉੱਠ ਖੜ੍ਹੀ ਸੀ...

ਖਾੜਕੂ ਧਿਰਾਂ ਨੇ 'ਖਾਲਿਸਤਾਨ' ਵਿਚ ਰੋਮਾਂ ਦੀ ਬੇ-ਅਦਬੀ ਕਰਨ ਵਾਲਿਆਂ ਨੂੰ ਹੁਣੇ ਤੋਂ 'ਸੋਧਣ' ਦਾ ਫੈਸਲਾ ਕਰ ਲਿਆ ਸੀ। ਕਸਬੇ ਵਿਚ ਸਹਿਮ ਫੈਲ ਗਿਆ ਸੀ। ਪੰਜਾਬ ਵਿਚ ਇਕ ਦੋ ਥਾਂ ਨਾਈਆਂ ਅਤੇ ਝਟਕੱਈਆਂ ਦੇ ਖੋਖਿਆਂ 'ਚੋਂ ਉੱਠੇ ਧੂਏਂ ਨੇ ਇਸ ਸਹਿਮ ਨੂੰ ਹੋਰ ਵੀ ਗਲ-ਘੋਟੂ ਬਣਾ ਦਿੱਤਾ ਸੀ। ਪੰਜਾਬ ਦੀ ਭੋਇੰ ਨੂੰ ਪੱਧਰਾ ਕਰਨ ਲਈ ਜੋੜੇ ਇਸ ਸੁਹਾਗੇ ਹੇਠ ਭੁਰਨ ਤੋਂ ਇਨਕਾਰ

ਕਰਨ ਵਾਲੀਆਂ ਰੋੜੀਆਂ ਵਿਚ ਟੈਲੀਫੋਨ ਐਕਸਚੇਂਜ ਦੀ ਵੱਖੀ 'ਚ ਰੱਖੇ ਲੱਕੜੀ ਦੇ ਖੋਖੇ ਵਾਲਾ ਸੀਤੂ ਵੀ ਸੀ। ਐਲਾਨ ਤੋਂ ਬਾਅਦ ਵੀ ਉਹਨੇ ਖੋਖਾ ਖੁਲ੍ਹਾ ਰੱਖਿਆ ਤਾਂ ਧਮਕੀ ਦੇਣ ਵਾਲੇ ਘਰ ਪਹੁੰਚ ਗਏ। ਜਾਂਦੇ ਹੋਏ ਖੋਖੇ ਨੂੰ ਅੱਗ ਲਾ ਗਏ। ਹਵਾ 'ਚ ਰਲੇ ਧੂਏਂ ਨੇ ਉਹਦਾ ਸਾਹ ਰੋਕ ਦਿੱਤਾ। ਪਿਆ ਈ ਰਹਿ ਗਿਆ। ਸੀਤੂ ਦੀ ਮੌਤ ਨੂੰ ਖਾੜਕੂਆਂ ਵੱਲੋਂ ਕੀਤਾ ਕਤਲ ਐਲਾਨ ਕੇ ਕਾਮਰੇਡਾਂ ਨੇ ਰੋਸ ਮਾਰਚ ਦਾ ਹੋਕਾ ਦੇ ਦਿੱਤਾ। ਅਫਸੋਸ ਨੂੰ ਗਏ ਕਰਤੇ ਨੂੰ ਸੱਥਰ 'ਤੇ ਬੈਠੇ 'ਹੇਅਰ ਡਰੈਸਰਾਂ' ਦੀਆਂ ਗੱਲਾਂ ਤੋਂ ਨਾਈਆਂ ਨੂੰ ਦਿੱਤੀ ਇਸ ਧਮਕੀ 'ਚੋਂ ਧੱਕੇ ਅਤੇ ਚੁਲ੍ਹਿਆਂ 'ਚ ਬੁਝਦੀ ਅੱਗ ਦੀ ਸੋਝੀ ਹੋਈ-

"ਇਹ ਤਾਂ ਜ਼ੁਲਮ ਐ", ਘਰ ਆਇਆ ਕਰਤਾ ਈਸ਼ਵਰੀ ਦੇ ਸਾਹਮਣੇ ਰੋਣਹਾਕਾ ਹੋਇਆ ਬੈਠਾ ਸੀ-

"ਗੱਲ ਤਾਂ ਠੀਕ ਐ ਤੇਰੀ। ਜਿਵੇਂ ਤੂੰ ਕਹਿੰਦਾ ਹੁੰਨੈ ਅਖੇ 'ਸੱਭੇ ਸਾਂਝੀਵਾਲ ਸਦਾਇਨ...'। ਸਿੱਖਾਂ ਦੇ ਰਾਜ 'ਚ ਐਂ ਤਾਂ ਨੀ ਹੋਣੀ ਚਾਹੀਦੀ"। ਈਸ਼ਵਰੀ ਨੇ ਹੁੰਗਾਰਾ ਭਰਿਆ ਸੀ।

ਕਰਤੇ ਨੂੰ ਸੀਤੂ ਦੇ ਜੁਆਕ ਵਿਲਕਦੇ ਸੁਣੀ ਗਏ। ਦੂਜੇ ਦਿਨ ਇਕ ਭੋਗ 'ਤੇ ਧਾਰਨਾ ਪੜ੍ਹਦੇ ਕਰਤੇ ਨੇ ਕੀਰਤਨ ਰੋਕਿਆ ਤੇ ਬਿਨਾਂ ਕਿਸੇ ਪ੍ਰਸੰਗ ਤੋਂ ਹੀ ਸੀਤੂ ਦੇ ਜੁਆਕਾਂ ਦਾ ਦੁੱਖ ਸੰਗਤ 'ਚ ਬਿਆਨ ਕਰ ਦਿੱਤਾ। ਜਿਵੇਂ ਉਹਨੇ ਬਾਅਦ 'ਚ ਈਸ਼ਵਰੀ ਨੂੰ ਦੱਸਿਆ,'ਬਿਆਨ ਕਰ ਹੋ ਗਿਆ'। ਕਈਆਂ ਨੇ ਸਮਝਾਇਆ, 'ਕਰਤਾ ਸਿਆਂ ਕਿਉਂ ਕਮਲਾ ਹੋਇਐਂ!ਕਿਉਂ ਨਾਈਆਂ ਪਿੱਛੇ ਮਰਨ ਨੂੰ ਫਿਰਦੈਂ"।

"ਸੀਤੂ ਦੇ ਜੁਆਕਾਂ ਦੇ ਵਿਰਲਾਪ ਦੇ ਕੀਤੇ ਤੇਰੇ ਵਿਖਿਆਨ ਨੇ ਮੇਰੀ ਤਾਂ ਨੀਂਦ ਹਰਾਮ ਕਰ'ਤੀ", ਸ਼ੁਰੂ ਤੋਂ ਹੀ 'ਕਿਰਤੀ ਦਾ ਜਥਾ' ਦੇ ਨਾਂ ਨਾਲ ਜਾਣੇ ਜਾਂਦੇ ਕਰਤੇ ਦੇ ਕੀਰਤਨੀ ਜਥੇ ਦੇ ਢੋਲਕ ਮਾਸਟਰ ਚਲੇ ਆਉਂਦੇ ਨਿਧਾਨ ਸਿੰਘ ਨੇ ਕਿਹਾ ਸੀ। ਮਾਰਚ ਵਾਲੇ ਦਿਨ ਉਹਨੇ ਵੀ ਸ੍ਰੀ ਸਾਹਿਬ ਸਜਾਈ ਤੇ ਕਰਤੇ ਦੇ ਨਾਲ ਰਲਕੇ ਕਾਮਰੇਡਾਂ ਦੇ ਜਲੂਸ 'ਚ ਜਾ ਜੈਕਾਰਾ ਛੱਡਿਆ, ਦੋਵੇਂ ਬਾਹਾਂ ਖੜ੍ਹੀਆਂ ਕਰਕੇ,"ਬੋਲੇ ਸੋ ਨਿਹਾਲ..."। ਮਾਰਚ 'ਤੇ ਹੋਈ ਪੁਲੀਸ ਫਾਇਰਿੰਗ ਅਤੇ ਖਾੜਕੂਆਂ ਵੱਲੋਂ ਐਨ ਸਾਹਮਣੇ ਆਕੇ ਚਲਾਈਆਂ ਗੋਲੀਆਂ ਵਿਚੋਂ ਇਕ ਗੋਲੀ ਕਰਤੇ ਦੀ ਉੱਪਰ ਉੱਠੀ ਹੋਈ ਸੱਜੀ ਬਾਂਹ 'ਚ ਆ ਲੱਗੀ-

"ਗਿਆਨੀ ਤੈਨੂੰ ਸ਼ਰਮ ਨੀ ਆਈ ਸਿੱਖ ਹੋ ਕੇ 'ਕੇਸ ਕਤਲ ਕਰਨ ਆਲਿਆਂ' ਦੀ ਮਦਦ 'ਤੇ ਗਿਐਂ?" ਹਸਪਤਾਲ ਵਿਚ ਬਿਆਨ ਲੈਣ ਆਏ ਅੰਮ੍ਰਿਤਧਾਰੀ ਥਾਣੇਦਾਰ ਨੇ ਕਰਤੇ ਨੂੰ ਝਿੜਕਿਆ ਸੀ। ਥਾਣੇਦਾਰ ਦੇ ਸੱਜੇ ਹੱਥ ਕੱਚ ਦੇ ਗਿਲਾਸ 'ਚ ਪਈ, ਆਪਣੀ ਬਾਂਹ 'ਚੋਂ ਨਿਕਲੀ ਗੋਲੀ ਵੱਲ ਵੇਖਦਿਆਂ ਕਰਤਾ ਮੁਸਕਰਾਇਆ ਸੀ-

"ਨੌਵੇਂ ਪਾਤਸ਼ਾਹ ਕਿਹੜਾ ਜਨੇਊ ਪਹਿਨਦੇ ਸੀ, ਥਾਣੇਦਾਰ ਸਾਹਿਬ!"

ਥਾਣੇਦਾਰ ਨੇ ਹੱਥ 'ਚ ਫੜੀ ਕਰਤੇ ਦੀ ਜ਼ਖਮੀ ਬਾਂਹ ਥਾਏਂ ਛੱਡ ਦਿੱਤੀ-

"ਤੂੰ ਸਾਲਿਆ ਝਿਊਰਾ ਨੌਮਾ ਪਾਤਸ਼ਾਹ ਬਣ ਗਿਆ? ਹੈਂ ? ਸਾਲਾ ਸਿੰਘਾਂ ਨੂੰ ਔਰੰਗਜ਼ੇਬ ਨਾਲ ਮਲਾਉਂਦੈ। ਥੋਡੇ ਵਰਗਿਆਂ ਦੇ ਤਾਂ ਸਿਰ 'ਚ ਮਾਰਨੀ ਚਾਹੀਦੀ ਸੀ ਗੋਲੀ "। ਗੁਲੂਕੋਜ਼ ਨਾਲ ਸੁੱਜੀ ਹੋਈ ਕਰਤੇ ਦੀ ਦੂਜੀ ਬਾਂਹ ਫੜੀ ਬੈਠੇ ਨਿਧਾਨ ਸਿਓਂ ਵੱਲ ਕੌੜ ਕੇ ਝਾਕਦਾ ਥਾਣੇਦਾਰ ਬਿਆਨ ਪੂਰਾ ਹੋਣ ਤੋਂ ਪਹਿਲਾਂ ਈ ਚਲਾ ਗਿਆ ਸੀ।...

...ਥਾਣੇਦਾਰ ਦੀ ਛੱਡੀ ਬਾਂਹ ਜਿੱਥੋਂ ਹਸਪਤਾਲ ਦੇ ਬੈੱਡ ਨਾਲ ਲੱਗੀ ਸੀ,ਮੁੜਕੇ ਉਥੋਂ ਦਰਦ ਗਿਆ ਈ ਨੀ ਸੀ। ਬਾਥਰੂਮ ਦੀ ਕੰਧ ਅਤੇ ਜ਼ਾਰੋ ਜ਼ਾਰ ਰੋਂਦੇ ਕਰਤੇ ਦੇ ਮੱਥੇ ਵਿਚਕਾਰ ਆਈ ਬਾਂਹ ਉਥੋਂ ਹੀ ਦੁਖ ਗਈ ਸੀ। ਅੱਖਾਂ ਪੂੰਝਦੇ,ਕੂਹਣੀ ਤੋਂ ਉਪਰੋਂ ਦੁਖਦੀ ਬਾਂਹ ਘੁੱਟਦੇ ਕਰਤੇ ਦੇ ਹੱਥ 'ਚੋਂ ਮੱਘ ਛੁੱਟ ਕੇ ਡਿਗ ਪਿਆ। ਖੜਕਾ ਸੁਣਕੇ ਡਰੀ ਈਸ਼ਵਰੀ ਦੀ ਆਵਾਜ਼ ਸੁਣੀ-

"ਡਿਗ ਡੁਗ ਤਾਂ ਨੀ ਪਿਆ? ਕੁੰਡੀ ਲਾਹ, ਮੈਂ ਦੇਖਾਂ"-

ਕਰਤੇ ਨੇ ਨਾ ਕੁੰਡੀ ਲਾਹੀ ਨਾ ਬੋਲਿਆ। ਬਾਹਰ ਡਰੀ ਖੜ੍ਹੀ ਈਸ਼ਵਰੀ ਫੇਰ ਬੁੜਬੁੜਾਈ -

"ਕਿਤੇ ਸੱਟ ਫੇਟ ਨਾ ਖਾ ਲੀਂ"। ਪਰ ਕਰਤੇ ਨੂੰ ਈਸ਼ਵਰੀ ਦੀ ਗੱਲ ਨਹੀਂ, ਗਲੀ 'ਚੋਂ ਦਬੜਸੱਟ ਮੁੜੇ ਜਾਂਦੇ ਕਾਮਰੇਡ 'ਏਕਤਾ' ਦੀ ਪੈੜਚਾਲ ਸੁਣੀ ਸੀ। ਇਸ ਵਾਰ ਕਾਮਰੇਡ, ਚੌਂਕੀਦਾਰ ਦੇ ਮੂਹਰੇ ਆ ਰਿਹਾ ਸੀ। ਕਰਤੇ ਦੇ ਦਰਾਂ ਮੂਹਰੇ ਹੌਲੀ ਹੋ ਗਏ ਕਾਮਰੇਡ ਨੂੰ ਦੇਖਕੇ ਚੌਂਕੀਦਾਰ ਪਿੱਛੇ ਰੁਕ ਗਿਆ। ਕਾਮਰੇਡ ਲੰਘੇ ਤੋਂ ਦਰਾਂ ਮੂਹਰੇ ਆ ਕੇ ਬੋਲਿਆ-

"ਓਧਰ ਪੰਚਾਇਤ 'ਡੀਕੀ ਜਾਂਦੀ ਐ ਭਾਈ ਜੀ!"

ਚੌਂਕੀਦਾਰ ਦੀ ਆਵਾਜ਼ ਸੁਣਕੇ ਈਸ਼ਵਰੀ ਦਰਾਂ 'ਚ ਆ ਗਈ।

"ਕਿਰਤੀ ਨੂੰ ਭੇਜ ਦਿਓ ਭਾਈ ਈਸਰ ਕੌਰੇ। ਪੰਚਾਇਤ ਬੈਠੀ ਐ ਦਰਵਾਜੇ", ਈਸ਼ਵਰੀ ਨੂੰ 'ਔਖੀ ਜਿਹੀ' ਦੇਖਦੀ ਦੇਖ ਕੇ ਚੌਂਕੀਦਾਰ ਦਾ ਬੋਲ ਨਰਮ ਹੋ ਗਿਆ-

"ਸਰਪੰਚ ਵੀ ਆ ਗਿਆ?" ਈਸ਼ਵਰੀ ਨੇ ਚੌਂਕੀਦਾਰ ਵੱਲ ਸਿੱਧਾ ਦੇਖਦਿਆਂ ਪੁੱਛਿਆ-

"ਨਹੀਂ, ਸਰਪੰਚ ਨੀ। ਰਾਜ ਦਲਾਲ ਤੇ ਪ੍ਰਧਾਨ ਸਾਹਬ ਨੇ"-

"ਫੇਰ ਪੰਚਾਇਤ ਕਾਹਤੋਂ ਕਹਿਨੈਂ?" ਈਸ਼ਵਰੀ ਨੂੰ ਅਚਾਨਕ ਆਪਣੀ ਆਵਾਜ਼ ਉੱਚੀ ਹੋ ਗਈ ਲੱਗੀ। ਸਾਹ ਲੈ ਕੇ ਹੌਲੀ ਪਰ ਸਖਤੀ ਨਾਲ ਬੋਲੀ-

"ਜਾਹ ਕਹਿਦੇ,ਪਾਠ ਕਰਕੇ ਆਉਂਦੈ"।

ਮੂੰਹ 'ਤੇ ਈ ਬੰਦ ਹੋ ਗਏ ਦਰਵਾਜੇ ਵੱਲ ਦੋ ਕੁ ਵਾਰ ਬੁੱਲ੍ਹ ਟੇਰ ਕੇ ਚੌਂਕੀਦਾਰ ਮੁੜ ਗਿਆ। ਮੁੜਦੀ ਈਸ਼ਵਰੀ ਨੂੰ ਉਹਦੀ ਬੁੜਬੁੜ ਸੁਣੀ,'ਜਦ ਪ੍ਰਧਾਨ ਸਾਹਬ ਨੇ ਡਾਂਗ ਫੇਰੀ ਨਾ ਗੁਰੂ ਘਰ ਬੁਲਾ ਕੇ,ਫੇਰ ਸੁਰਤ ਆਊ ਚਾਮ੍ਹਲੀ ਹੋਈ ਜਾਤ ਨੂੰ'-

" 'ਸ਼੍ਰੋਮਣੀ ਸਿੱਖ' ਨਾਲ ਤੇਰਾ ਕੋਈ ਪਹਿਲਾਂ ਦਾ ਰੌਲੈ? ਰਾਜ ਤਾਂ ਚਲ ਪ੍ਰੀਤਮ ਦੀ ਦੁਕਾਨ ਕਰਕੇ ਔਖੈ ਪਰ ਇਹ ਕਾਹਤੋਂ ਐਨਾ ਮਗਰ ਪਿਐ ਤੇਰੇ?"।

ਕਰਤੇ ਨੇ ਪਿੰਡੇ 'ਤੇ ਪੈਂਦਾ ਪਾਣੀ ਰੋਕ ਕੇ ਈਸ਼ਵਰੀ ਦੀ ਗੱਲ ਸੁਣੀ। 'ਨਹੀਂ' ਕਹਿਣ ਲਈ ਖੁਲ੍ਹਿਆ ਉਹਦਾ ਮੂੰਹ ਇਕਦਮ ਬੰਦ ਹੋ ਗਿਆ। ਈਸ਼ਵਰੀ ਦੇ ਸਵਾਲ ਨੇ ਉਹਦੇ ਅੰਦਰ ਚਿਰਾਂ ਦੀ ਭੁੱਲ ਭੁਲਾ ਚੁੱਕੀ ਗੱਲ ਜਗਾ ਦਿੱਤੀ ਸੀ। ਉਹਨੂੰ ਹੁਣ ਤਕ ਲਗਦਾ ਰਿਹਾ ਸੀ ਕਿ ਪ੍ਰਧਾਨ ਭਾਗ ਸਿੰਘ ਨੂੰ ਇਹ ਨਹੀਂ ਸੀ ਪਤਾ ਕਿ ਕਰਤਾ ਖਾੜਕੂਆਂ ਤੇ ਪੁਲਿਸ ਵਿਚਾਲੇ ਉਹਦੀ ਵਿਚੋਲਗਿਰੀ ਬਾਰੇ ਜਾਣਦਾ ਸੀ। ਈਸ਼ਵਰੀ ਦਾ ਸਵਾਲ ਪ੍ਰੀਤਮ ਦੀ ਚਿਤਾਵਨੀ ਨਾਲ ਰਲਗੱਡ ਹੋ ਗਿਆ ਸੀ। ਪ੍ਰੇਮੀ ਬਣਿਆ ਪ੍ਰੀਤਮ,ਕਰਤੇ ਨੂੰ ਬਹੁਤੀ ਵਾਰ ਕਿਹਾ ਕਰਦਾ ਸੀ-

"ਤੈਨੂੰ ਲਗਦੈ ਇਹ ਤੇਰੀ ਜਾਤ ਭੁੱਲ ਕੇ ਤੈਨੂੰ ਸਿੱਖ ਮੰਨਦੇ ਨੇ ! ਜਿੰਨੀ ਦੇਰ ਪਾਣੀ ਭਰੇਂਗਾ,'ਬੱਲੇ ਕਿਰਤੀ ਸਾਹਬ' ਹੁੰਦੀ ਰਹੂ। ਜਦੋਂ ਅੜਿਆ, ਝੜਿਆ ਲਈਂ"।

'ਮੈਂ ਤਾਂ ਅੜਿਆ ਵੀ ਨੀ, ਬਿਨਾਂ ਅੜੇ ਈ ਝੜ ਗਿਆ ਤੀ। ਤਾਂ ਕੀ ਪ੍ਰਧਾਨ ਅਜੇ ਤਕ ਢਿੱਡ 'ਚ ਲਈਂ ਬੈਠੈ ਉਹ ਗੱਲ?' ਨ੍ਹਾ ਕੇ ਨਿਕਲੇ ਕਰਤੇ ਨੇ ਪਹਿਲਾਂ ਆਪਣੇ ਆਪ ਨੂੰ ਕਿਹਾ ਤੇ ਫੇਰ ਈਸ਼ਵਰੀ ਨੂੰ ਪ੍ਰਧਾਨ ਨਾਲ ਆਪਣਾ 'ਅਸਲੀ ਰੌਲਾ' ਦੱਸਣ ਲੱਗਿਆ। ਜ਼ਿੰਦਗੀ ਵਿਚ ਖਬਰੈ ਇਕੋ ਇਕ ਇਹੀ ਗੱਲ ਹੋਵੇ ਜਿਹੜੀ ਉਹਨੇ ਈਸ਼ਵਰੀ ਨਾਲ 'ਹਰਫ ਹਰਫ' ਸਾਂਝੀ ਨਹੀਂ ਸੀ ਕੀਤੀ। ਵੇਲੇ ਈ ਅਜਿਹੇ ਸਨ...

... ਉਦੋਂ ਅਜੇ ਕਰਤੇ ਨੇ ਟੈਲੀਫੋਨ ਦੀ ਓਪਰੇਟਰੀ ਛੱਡੀ ਨਹੀਂ ਸੀ। ਪਰ ਉਹ ਘਟਨਾ ਵਾਪਰ ਚੁੱਕੀ ਸੀ ਜੀਹਦਾ ਕਰਤਾ ਗਵਾਹ ਸੀ ਤੇ ਉਹਲੇ 'ਚ ਬੈਠਾ ਪ੍ਰਧਾਨ ਭਾਗ ਸਿੰਘ ਮੁੱਖ ਮੋਹਰਾ...

...ਉਹ ਦਿਨ ਸਨ ਜਦੋਂ ਕਰਤੇ ਨੂੰ ਦਫਤਰ ਘਰ ਵਰਗਾ ਲਗਦਾ। ਦਫਤਰ, ਜੀਹਦੀ ਕੰਧ 'ਤੇ ਲਿਖੇ, 'ਟੈਲੀਫੋਨ ਐਕਸਚੇਂਜ' ਦੇ ਹੇਠ ਦਰਵਾਜ਼ੇ 'ਤੇ ਸੁਨਹਿਰੀ ਅੱਖਰਾਂ ਵਿਚ ਲਿਖਿਆ ਸੀ: ਅਸੀਂ ਤੁਹਾਨੂੰ ਤੁਹਾਡੀਆਂ ਖੁਸ਼ੀਆਂ ਨਾਲ ਜੋੜਦੇ ਹਾਂ...ਤੇ ਅੰਦਰ 'ਓਪਰੇਟਿੰਗ ਸੀਟ' 'ਤੇ ਬੈਠਾ ਕਰਤਾ ਹਰ ਖੁਸ਼ੀ ਦੀ ਖਬਰ ਨੂੰ ਆਪਣੇ ਕੰਨਾਂ 'ਚੋਂ ਹੋ ਕੇ ਈ ਗੁਜ਼ਰਨ ਦਿੰਦਾ ਤੇ 'ਮਾੜੇ ਵੇਲੇ' ਹੈੱਡ ਗੀਅਰ ਅਗਲੇ ਦੀ ਗੱਲ ਸ਼ੁਰੂ ਹੋਣ ਤੋਂ ਪਹਿਲਾਂ ਈ ਉਤਾਰ ਦਿੰਦਾ। ਪਰ ਇਹੀ ਉਹ ਦਿਨ ਵੀ ਸਨ ਜਦੋਂ ਕਦੇ

ਕਦੇ...ਕਦੇ ਕਦੇ...ਹੈੱਡ ਗੀਅਰ 'ਚੋਂ ਬਲਦਾ ਸਿੱਕਾ ਉਹਦੇ ਕੰਨਾਂ 'ਚ ਉਤਰਨ ਲਗਦਾ...

"ਕੁਨੈਕਟ ਮੀ ਟੂ ਐੱਸ. ਐੱਸ. ਪੀ ...", ਕਰਤੇ ਨੇ ਹੈੱਡ ਗੀਅਰ ਵਿਚ ਮੰਤਰੀ ਦੀ ਗਰਜ ਸੁਣੀ ਸੀ।

"ਹੁਣ ਕੌਣ ਮਰ ਗਿਆ?" ਐੱਸ. ਐੱਸ. ਪੀ. ਦੀ ਖਿਝ ਕਰਤੇ ਦੇ ਸਮਝ ਆ ਰਹੀ ਸੀ। ਅਜੇ ਹੁਣੇ ਇਕ ਐੱਸ. ਐੱਚ. ਓ. 'ਘੰਟਾ ਭਰ' ਉਹਦੀਆਂ ਮਿੰਨਤਾਂ ਕਰਦਾ ਰਿਹਾ ਸੀ-

"ਸਰ! ਮੁੰਡੇ ਬੇ-ਕਸੂਰ ਨੇ। ਉਮਰ ਦੇ ਜਮ੍ਹਾਂ ਈ ਨਰਮ । ਮਸਾਂ ਚੌਦਾਂ ਪੰਦਰਾਂ ਦੇ ਹੋਣਗੇ..." ਥਾਣੇਦਾਰ ਰੋਣਹਾਕਾ ਹੋਇਆ ਹੋਇਆ ਸੀ।

"ਉਹ ਵੀ ਨਰਮੇ ਸੀ, ਜਿਹੜੇ ਇਹਨਾਂ ਦੇ ਪਤੰਦਰ ਨੇ ਮਾਰੇ ਨੇ,'ਜ਼ੇਰੀ ਭੂਤ' ਸਕਾ ਭਣੋਈਐ ਇਹਨਾ ਦਾ। ...ਪਾੜ ਦੇ ਹਰਾਮੀਆਂ ਦੀ..."

ਕਰਤੇ ਦੀਆਂ ਅੱਖਾਂ ਮੂਹਰੇ ਥਾਣੇ ਵਿਚ ਪੁੱਠੇ ਟੰਗੇ ਅਣਦੇਖੇ, ਦੋਏ ਮੁੰਡੇ ਉੱਭਰ ਆਏ ਸੀ। ਜਦੋਂ ਦਾ ਹਰਿਮੰਦਰ ਸਾਹਿਬ 'ਤੇ ਹਮਲਾ ਹੋਇਆ ਸੀ, ਖਾੜਕੂਆਂ ਤੇ ਪੁਲਸ ਦੌਰਾਨ ਤਿੱਖੀ ਹੋ ਗਈ ਲੜਾਈ ਦੀ ਸੁਰ ਟੈਲੀਫੋਨ ਐਕਸਚੇਂਜ ਦੇ ਰਿਸੀਵਰ ਵਿਚ ਵੀ ਸੁਣਾਈ ਦੇਣ ਲੱਗੀ ਸੀ। ਪੰਜਾਬ ਦੇ ਪਿੰਡਾਂ, ਖੇਤਾਂ, ਡੇਰਿਆਂ, ਸੜਕਾਂ ਤੇ ਥਾਣਿਆਂ 'ਚ ਡੁਲ੍ਹਦਾ ਲਹੂ ਕਰਤੇ ਵਰਗੇ ਓਪਰੇਟਰਾਂ ਦੇ ਅੰਦਰ 'ਕੱਠਾ ਹੁੰਦਾ ਰਹਿੰਦਾ ਸੀ। ਪੁਲੀਸ ਦਾ ਨਵਾਂ ਪੈਂਤੜਾ ਕਰਤੇ ਨੂੰ ਹੌਲੀ ਹੌਲੀ ਸਮਝ ਆਇਆ ਸੀ। ਮੁੰਡਿਆਂ ਦੀ ਕਾਰਵਾਈ ਦੇ ਜਵਾਬ ਵਿਚ ਸੰਬੰਧਤ ਮੁੰਡਿਆਂ ਦੇ ਰਿਸ਼ਤੇਦਾਰਾਂ ਖਿਲਾਫ ਕਾਰਵਾਈ ਕਰੋ। ਕਿਡਨੈਪਿੰਗ ਵੱਟੇ ਕਿੱਡਨੈਪ ਤੇ ਮੌਤਾਂ ਵੱਟੇ ਗਿਣਕੇ ਮੌਤਾਂ। ਸਾਲੇ ਵੱਟੇ ਸਾਲਾ, ਭਣੋਈਏ ਵੱਟੇ ਭਣੋਈਆ। ਪਰ ਉਦੋਂ ਤਕ ਕਰਤੇ ਨੂੰ ਨੀ ਸੀ ਪਤਾ ਕਿ ਪੁਲਿਸ, ਮੰਤਰੀ ਤੇ ਪਤਾ ਨੀ ਕਿੱਥੋਂ ਫੜੇ ਜਾਣ ਵਾਲੇ ਉਹਨਾਂ ਮੁੰਡਿਆਂ ਦੇ ਘਰਦਿਆਂ ਦਰਮਿਆਨ ਹੋ ਰਹੀ ਇਹ ਗੱਲਬਾਤ ਇਸ 'ਨਵੀਂ ਪੋਲੀਸੀ' ਅਨੁਸਾਰ ਹੀ ਹੋ ਰਹੀ ਸੀ। ਉਹਨੇ ਤਾਂ ਸਹਿਵਨ ਹੀ 'ਵੱਡੇ ਮੰਤਰੀ' ਦੇ 'ਜਰੂਰੀ ਸੰਦੇਸ਼' 'ਚ 'ਕਾਂਟੀਨਿਊਟੀ' ਚੈੱਕ ਕਰਨ ਦੇ ਖਿਆਲ ਨਾਲ ਹੀ ਹੈੱਡ ਗੀਅਰ ਲਾ ਰੱਖਿਆ ਸੀ। ਪਹਿਲਾਂ ਮੰਤਰੀ,ਐਸ. ਐਸ. ਪੀ. ਨੂੰ ਤੇ ਹੁਣ ਐਸ.ਐਸ.ਪੀ. ਓਹੀ ਗੱਲ ਐਸ.ਐਚ. ਓ. ਨੂੰ ਕਹਿ ਰਿਹਾ ਸੀ-

"ਤੇਰੇ ਸਮਝ ਨੀ ਆਉਂਦੀ ਇਕ ਵਾਰ ਕਹੇ ਤੋਂ! 'ਕ ਮੰਡ ਦਾ ਇਲਾਕਾ ਦੇਖਣ ਦੀ ਨੀਤ ਐ। ਫਿਰੀ ਜਾਈਂ ਸਰਕੜੇ 'ਚ ਪੱਛ ਲੁਆਉਂਦਾ। ਮੁੰਡਿਆਂ ਨੂੰ ਮੇਰੇ ਨਾਲ ਮਿਲਾਉਣ ਦੀ ਜ਼ਿੰਮੇਵਾਰੀ 'ਤੇ ਲੈਕੇ ਆ ਤੇ... ਮੁਕਾਬਲਾ ਦਖਾ ਦੀਂ... ਬਈ ਰਾਹ 'ਚ ਇਹਨਾਂ ਦਾ ਭਣੋਈਆ ਛੁਡਾਉਣ ਆ ਪਿਆ...ਗੱਲਬਾਤ 'ਚ ਪ੍ਰਧਾਨ ਕਰੂ ਤੇਰੀ ਮਦਦ...ਉਹਦੇ ਨਾਲ ਗੱਲ ਹੋਈ ਹੋਈ ਐ ਮੇਰੀ... ਨਾਲੇ ਏਸੇ ਬਹਾਨੇ ਉਹ ਲੇਂਝ ਜੇ ਭਾਈ ਜੀ ਤੋਂ ਖਹਿੜਾ ਛੁਡਾ ਲੀਂ। ਐਮੇ ਬਠਾਈਂ ਬੈਠੈਂ। ਵਿਚ ਤਾਂ ਹੈ ਨੀ ਉਹਦੇ ਕੁਸ਼", ਥਾਣੇਦਾਰ ਦੇ ਕੁਸ਼ ਹੋਰ ਬੋਲਣ ਤੋਂ ਪਹਿਲਾਂ ਈ ਦੂਜੇ ਪਾਸਿਓਂ ਫੋਨ ਰੱਖ ਦਿੱਤਾ ਗਿਆ ਸੀ। ਬੁੱਜ ਹੋਏ ਕੰਨਾਂ ਤੋਂ 'ਹੈਡ ਗੀਅਰ' ਲਾਹ ਕੇ ਬੋਰਡ 'ਚੋਂ 'ਕੀਅ' ਕੱਢਦੇ ਕਰਤੇ ਨੂੰ ਅਜੀਬ ਖਿਆਲ ਆਇਆ,'ਇਹਨਾਂ ਨੂੰ ਪਤਾ ਨੀ ਬਈ ਓਪਰੇਟਰ ਸੁਣਦੈ ਇਹਨਾਂ ਦੀ ਗੱਲ! 'ਕ ਪਰਵਾਹੇ ਨੀ ਕਰਦੇ... ਫੇਰ 'ਫੇਕ' ਕਾਲਾਂ ਕਰਕੇ ਸੂਹ ਲਾਉਂਦੇ ਫਿਰਨਗੇ'। ਕਰਤੇ ਤੋਂ ਪਹਿਲਾ ਓਪਰੇਟਰ ਐਵੇਂ ਫੜਿਆ ਸੀ। ਕਹਿੰਦੇ ਉਹ 'ਓਧਰ' ਰਲ਼ਿਆ ਹੋਇਆ ਸੀ। ਸਾਰੇ ਇਲਾਕੇ ਦੀਆਂ 'ਅੰਦਰਲੀਆਂ ਖਬਰਾਂ' ਮੁੰਡਿਆਂ ਤਕ ਪਹੁੰਚ ਜਾਂਦੀਆਂ ਸਨ। ਪਹਿਲਾਂ 'ਫੇਕ ਕਾਲਾਂ' ਦਾ ਚੱਕਰ ਚੱਲਿਆ ਤੇ ਫਿਰ ਅਚਾਨਕ ਉਹ ਗਾਇਬ ਹੋ ਗਿਆ। ਦਫਤਰੋਂ ਨਿਕਲਿਆ ਅੱਜ ਤਕ ਘਰ ਨੀ ਪੁੱਜਿਆ। ਐਸ.ਐਚ.ਓ. ਦੇ ਫੋਨ ਨੇ ਕਰਤੇ ਨੂੰ ਸੋਚਾਂ 'ਚੋਂ ਕੱਢਿਆ ਸੀ। ਉਹ ਫੇਰ ਉਹੀ ਨੰਬਰ ਮੰਗ ਰਿਹਾ ਸੀ ਜਿੱਥੇ ਉਹ ਥੋੜ੍ਹੀ ਦੇਰ ਪਹਿਲਾਂ ਹੀ ਮੁੰਡਿਆਂ ਨੂੰ ਪੇਸ਼ ਨਾ ਹੋਣ ਦੇਣ ਦਾ ਵਾਅਦਾ ਕਰਕੇ ਹਟਿਆ ਸੀ। ਬੋਰਡ ਤੇ 'ਕੀਅ' ਬਦਲਨ ਤਕ ਆਪਣੇ ਆਪ ਨੂੰ 'ਕੁਝ ਵੀ ਨਾ ਸਮਝੇ ਜਾਣ' ਦੀ ਖਿਝ ਕਰਤੇ ਦੇ ਅੰਦਰ ਬਣੀ ਰਹੀ ਸੀ।

ਕਰਤੇ ਨੂੰ ਪਤਾ ਸੀ ਇਸ ਨੰਬਰ 'ਤੇ ਪੇਸ਼ ਕਰਨ ਬਹਾਨੇ ਮਾਰੇ ਜਾਣ ਵਾਲੇ ਮੁੰਡਿਆਂ ਦੇ

ਮਾਪੇ ਬੈਠੇ ਸਨ। ਇਕ ਵਾਰ ਤਾਂ ਉਹਦਾ ਜੀਅ ਕੀਤਾ ਥਾਣੇਦਾਰ ਤੋਂ ਪਹਿਲਾਂ ਅਗਲਿਆਂ ਨੂੰ ਸੱਚ ਦੱਸ ਦੇਵੇ। ਕੁੱਝ ਦੇਰ ਉਹਦਾ 'ਕੀਅ' ਵਾਲਾ ਹੱਥ 'ਕਨੈਕਟਿੰਗ ਪੌਇੰਟ' 'ਤੇ ਰੁਕਿਆ ਵੀ ਰਿਹਾ। ਪਰ ਸਰਕਾਰੀ ਭੇਦ ਗੁਪਤ ਰੱਖਣ ਦੀ ਖਾਧੀ ਸੌਂਹ ਨੇ ਕੀਅ 'ਪਲੱਗ' ਕਰ ਦਿੱਤੀ। ਆਪਣੀ ਸਾਰੀ ਸਰਵਿਸ ਦੌਰਾਨ ਪਹਿਲੀ ਵਾਰ ਕਿਸੇ ਦੀ ਗੱਲ 'ਚੋਰੀ' ਸੁਣਨ ਲੱਗੇ ਕਰਤੇ ਦਾ ਦਿਲ ਧੜਕਿਆ। ਪਹਿਲਾਂ ਕਿਸੇ 'ਲੀਡਰ ਟਾਈਪ' ਬੰਦੇ ਦੀ ਆਵਾਜ਼ ਆਈ,"ਪ੍ਰਧਾਨ ਬੋਲਦੈਂ ਜਨਾਬ। ਹੁਣ ਕੀ ਹੁਕਮ ਐ?", ਪਰ ਜਦੋਂ ਆਵਾਜ਼ ਪਛਾਣ 'ਚ ਆਈ, ਕਰਤੇ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਇਹ ਤਾਂ ਭਾਗ ਸਿੰਘ ਬੋਲ ਰਿਹਾ ਸੀ,ਵਿਚੋਲਾ ਬਣਕੇ। ਮੁੰਡਿਆਂ ਨੂੰ ਥਾਣੇਦਾਰ ਦੀ ਮਰਜ਼ੀ ਅਨੁਸਾਰ ਪੇਸ਼ ਕਰਵਾਉਣ ਦੀ ਹਾਮੀ ਓਟ ਰਿਹਾ ਸੀ ਤੇ ਵਾਰ ਵਾਰ ਕਹਿ ਰਿਹਾ ਸੀ,"ਤੁਸੀਂ ਫਿਕਰ ਨਾ ਕਰੋ ਜਨਾਬ,ਮੈਨੂੰ ਸਭ ਪਤੈ।" ਫੇਰ ਫੋਨ ਮੁੰਡਿਆਂ 'ਚੋਂ ਕਿਸੇ ਦੇ ਬਾਪ ਨੂੰ ਫੜਾ ਦਿੱਤਾ ਗਿਆ ਸੀ। ਮਸਾਂ ਨਿਕਲਦੇ ਬੋਲ ਨਾਲ ਉਹ ਥਾਣੇਦਾਰ ਦੇ 'ਪੈਰੀਂ ਪੱਗ' ਧਰ ਰਿਹਾ ਸੀ-

"ਅਸੀਂ ਤਾਂ ਪਹਿਲਾਂ ਈ ਪ੍ਰਾਹੁਣੇ ਕੰਨੀਉਂ ਹੱਥ ਧੋਈਂ ਬੈਠੇ ਐਂ ਜਨਾਬ। ਦੇਖਿਓ ਕਿਤੇ ਮੁੰਡੇ 'ਬ ਨਾ ਗਾਲੇ ਜਾਣ। ਸਾਡੇ ਦੋਹਾਂ ਭਾਈਆਂ ਦੇ ਇਕ ਇਕ ਓ ਐ"-

"ਲੈ ਹੈ! ਮੈਂ ਕਿਹਾ ਫੁੱਲ ਦੀ ਨੀ ਲੱਗਣ ਦਿੰਦਾ ਮੁੰਡਿਆਂ ਨੂੰ। ਬੱਸ ਇਕ ਵਾਰ ਐੱਸ. ਐੱਸ. ਪੀ. ਸਾਹਿਬ ਦੇ ਪੇਸ਼ ਕਰਨੇ ਜ਼ਰੂਰ ਪੈਣਗੇ। ਚਿੰਤਾ ਨਾ ਕਰੋ...", ਕਰਤੇ ਨੇ ਰਿਸੀਵਰ ਵਿਚ ਥਾਣੇਦਾਰ ਦਾ ਸਾਹ ਸ਼ੂਕਦਾ ਸੁਣਿਆ। ਦੂਜੇ ਪਾਸੇ ਕਿਸੇ ਦਾ ਰੁਕਿਆ ਸਾਹ ਉਹਦੇ ਆਪਣੇ ਸੰਘ 'ਚ ਰੜਕਦਾ ਰਿਹਾ। ਥਾਣੇਦਾਰ ਦੀ ਨਰਮ ਹੋ ਗਈ ਆਵਾਜ਼ ਫਿਰ ਸੁਣੀ।

"ਸਮਝ ਲੋ ਮੁੰਡੇ ਤੁਹਾਡੀ ਅਮਾਨਤ ਨੇ ਮੇਰੇ ਕੋਲ...ਭਰੋਸਾ ਰੱਖੋ..."

"ਹੋਰ ਸੇਵਾ ਪਾਣੀ?" ਬੰਦੇ ਦੀ ਗੱਲ ਸੁਣ ਕੇ ਬੇਚੈਨੀ ਵਿਚ ਦਾੜ੍ਹੀ 'ਤੇ ਫਿਰਦੇ ਕਰਤੇ ਦੇ ਹੱਥ ਵਿਚ ਆਏ ਦੋ ਕੁ ਵਾਲ ਅਚੇਤ ਹੀ ਮਰੋੜੇ ਗਏ। ਫਿਰ ਜਿਵੇਂ ਕਰਤੇ ਦੇ ਕੰਨਾਂ ਵਿਚ ਬੰਬ ਫਟਿਆ-

"ਹੂੰ...ਨਹੀਂ ਬਹੁਤੀ ਲੋੜ ਨੀ ਬੱਸ ਪੰਜ ਸੱਤ ਹਜਾਰ ਤੇਲ-ਪਾਣੀ ਦਾ... ਪ੍ਰਧਾਨ ਸਾਹਬ ਨਾਲ ਕਰ ਲਿਓ ਗੱਲ। ਬੱਸ ਮੁੰਡਿਆਂ ਨੂੰ ਲੈ ਟੈਮ ਸਿਰ ਆਇਓ...",ਅਚਾਨਕ ਕੰਬ ਗਏ ਕਰਤੇ ਦਾ ਹੱਥ ਵਾਲਾਂ ਸਮੇਤ ਮੇਜ਼ ਨਾਲ ਜਾ ਟਕਰਾਇਆ। ਸ਼ਿਫਟ ਆਫ ਹੋਣ ਤੋਂ ਕਿੰਨੀ ਦੇਰ ਬਾਅਦ ਤਕ ਵੀ ਦਫਤਰ 'ਚ ਬੈਠੇ ਰਹਿਣ ਵਾਲੇ ਕਰਤੇ ਨੂੰ ਉਸ ਦਿਨ ਮਸਾਂ ਸ਼ਿਫਟ ਬਦਲੀ ਸੀ। ਰਾਹ ਵਿਚ ਵਾਰ ਵਾਰ ਲੜੀ ਜੁੜਦੀ ਰਹੀ ਸੀ। ਮੰਤਰੀ, ਐੱਸ. ਐੱਸ. ਪੀ., ਐੱਸ. ਐੱਚ. ਓ. ਤੇ ਮੁੰਡਿਆਂ ਦੇ ਮਾਪੇ। ਇਹ ਸਭ ਕੁਝ ਜੋ ਉਹਦੇ ਵਿਚੋਂ ਹੋ ਕੇ ਗੁਜ਼ਰ ਰਿਹਾ ਸੀ,' ਇਹਦੇ ਵਿਚ ਉਹ ਕਿੱਥੇ ਐ, ਜਿਹਨੂੰ ਕਰਤਾ ਕਹਿੰਦੇ ਨੇ ਲੋਕ!ਹੈਂ?' ਕਰਤਾ ਆਪਣੇ ਆਪ ਨੂੰ ਪੁੱਛਦਾ। ਸਿਰ ਝੰਡਕਦਾ। ਗਾਤਰੇ ਪਾਈ ਹਾਥੀ ਦੰਦ ਦੀ ਸਿਰੀ ਸਾਹਿਬ 'ਤੇ ਹੱਥ ਫੇਰਦਾ ਭਾਗ ਸਿੰਘ ਦਿਸਦਾ। ਪ੍ਰਕਾਸ਼ ਕੀਤੇ ਉਹਦੇ ਦਾਹੜੇ ਤੋਂ ਫਿਰਦਾ ਹੱਥ ਕਰਤੇ ਦੀ ਪਿੱਠ ਤੋਂ ਹੋ ਕੇ ਗੁਜ਼ਰਦਾ,"ਅਹਿਜੀ ਗੱਲ 'ਗਾਹਾਂ ਨੀ ਕਰੀਦੀ ਹੁੰਦੀ 'ਕਿਰਤੀ ਸਾਹਬ'! ਜਾਨ ਐ ਤਾਂ ਜਹਾਨ ਐ।" ਕਰਤਾ ਧਿਆਨ ਹੋਰ ਪਾਸੇ ਲਾਉਣ ਦੀ ਕੋਸ਼ਿਸ਼ ਕਰਦਾ। ਪਰ ਉਹਦੀ ਹੋਂਦ ਤੋਂ ਬੇ-ਪਰਵਾਹ ਆਵਾਜ਼ਾਂ ਫੇਰ ਕੰਨਾਂ 'ਚ ਗੂੰਜਣ ਲਗਦੀਆਂ।

"ਮੈਂ ਤਾਂ ਫੇਰ ਹੋਇਆ ਈ ਨਾ ਉਹਨਾਂ ਦੇ ਭਾਅ ਦਾ! ਹੈਂ! ਐਂ ਉਹਨਾਂ ਨੇ ਮੈਨੂੰ ਆਪਣੇ ਨਾਲ ਦਾ ਈ ਕਿਵੇਂ ਸਮਝ ਲਿਆ!!" ਰੋਟੀ ਖਾਂਦੇ ਕਰਤੇ ਨੇ ਅਚਾਨਕ ਈਸ਼ਵਰੀ ਤੋਂ ਪੁੱਛਿਆ ਸੀ-

"ਕੀਹਨਾਂ ਨੇ ?" ਈਸ਼ਵਰੀ ਦੇ ਗੱਲ ਸਮਝ ਨੀ ਸੀ ਆਈ।

"ਕਿਸੇ ਨੇ ਨੀ।" ਕਰਤੇ ਦੀ ਪਿੱਠ 'ਤੇ ਅਹਿੱਲ ਪਿਆ ਪ੍ਰਧਾਨ ਦਾ ਹੱਥ ਹਿਲਿਆ ਸੀ। ਉਦੋਂ ਟਾਲੀ ਗੱਲ ਕਰਤੇ ਨੇ ਈਸ਼ਵਰੀ ਨੂੰ ਰਾਤ ਨੂੰ ਅੱਧ-ਪਚੱਧ ਦੱਸੀ ਸੀ। ਪੁਲੀਸ ਨਾਲ ਰਲੇ ਪ੍ਰਧਾਨ ਦਾ ਨਾਂ ਲੁਕੋ ਗਿਆ ਸੀ-

"ਮੁੰਡੇ ਨੀ ਅੱਖਾਂ ਮੂਹਰਿਓਂ ਪਰੇ ਹੁੰਦੇ...ਹੁਣ ਕੁ ਜੇ ਲਈਂ ਜਾਂਦੇ ਹੋਣਗੇ। ਖਬਰੈ ਹੁਣ ਤਕ ਤਾਂ..."ਕਰਤੇ ਨੇ ਪਾਸਾ ਪਰਤਿਆ ਤਾਂ ਈਸ਼ਵਰੀ ਨੇ ਹਉਕਾ ਭਰਿਆ,"ਉਹਨਾਂ ਦਾ ਕੀ ਕਸੂਰ ਤੀ

ਭੋਰਾ ਭਰਾਂ ਦਾ..."

...ਫਿਰ ਤਾਂ ਕਈ ਰਾਤਾਂ ਕਰਤੇ ਨੂੰ ਇਕੋ ਸੁਪਨਾ ਆਉਂਦਾ ਰਿਹਾ। ਨੀਹਾਂ 'ਚ ਚਿਣੇ ਜਾ ਰਹੇ ਛੋਟੇ ਸਾਹਿਬਜ਼ਾਦਿਆਂ ਦਾ। ਜਲਾਦ ਦੇ ਸਿਰ 'ਤੇ ਗਰਜਦੇ ਸੂਬੇ ਦਾ...ਮੁਸਕੜੀਏਂ ਹੱਸਦੇ ਸੁੱਚਾ ਨੰਦ ਦਾ, ਗੁੱਸੇ 'ਚ ਚੀਕਦੇ ਮੰਤਰੀ ਦਾ, ਧਮਕਾਉਂਦੇ ਐੱਸ.ਐੱਸ. ਪੀ. ਦਾ,'ਜਾਨ ਐ ਤਾਂ ਜਹਾਨ ਐ' ਕਹਿ ਕੇ ਮੁਸਕਰਾਉਂਦੇ ਪ੍ਰਧਾਨ ਦਾ...ਤੇ ਦੁੱਧ ਲਈਂ ਖੜ੍ਹੇ ਮੋਤੀ ਮਹਿਰੇ ਦਾ। ਈਸ਼ਵਰੀ ਉਹਦੀ ਬੁੜ ਬੁੜ ਸੁਣਦੀ-

"ਮੈਂ ਤੇਰੀ ਕੁੱਲ 'ਚੋਂ ਨੀ ਨਿਕਲਿਆ ਬਾਬਿਆ...ਡਰ ਗਿਆ ..." ਨਿੱਤਨੇਮ ਕਰਦਾ ਵੀ ਕਰਤਾ ਕਈ ਦਿਨ ਉਖੜਿਆ ਰਿਹਾ ਸੀ। ਫਿਰ ਉਹਨੇ ਆਪਣੇ ਦਿਲ ਦੀ ਗੱਲ ਈਸ਼ਵਰੀ ਨੂੰ ਦੱਸੀ-

"ਐਕਸਚੇਂਜ ਜਾਣ ਨੂੰ ਰੂਹ ਨੀ ਮੰਨਦੀ ਹੁਣ। ਜੀਅ ਕਰਦੈ ਨੌਕਰੀ ਛੱਡ ਦਮਾਂ। ਨਿਭਣੀ ਨੀ ਹੁਣ"-

-ਦੇਖ ਲੈ! ਕਿਹੜਾ ਲੁਲ੍ਹਾਂ ਆਲੇ ਰੋਂਦੇ ਨੇ। ਦੋਂਹ ਜੋਗੀ ਪੈਨਸ਼ਨ ਮਿਲੀ ਜਾਊ। ਕਿਸੇ ਨੂੰ ਰੱਬ ਦਿੰਦਾ ਨੀ, ਕਿਸੇ ਦਾ ਛੱਡਦਾ ਨੀ...", ਆਪਣੇ ਬੇ-ਔਲਾਦ ਹੋਣ ਦਾ ਮਿਹਣਾ ਰੱਬ ਨੂੰ ਦੇ ਕੇ ਈਸ਼ਵਰੀ ਚੁੱਪ ਕਰ ਗਈ ਸੀ ਤੇ ਕਰਤਾ 'ਮਰਜ਼ੀ ਦੀ' ਰਿਟਾਇਰਮੈਂਟ ਲੈਕੇ ਘਰ ਨੂੰ ਆ ਗਿਆ ਸੀ ।

"ਆਹ ਚੰਗਾ ਕੀਤਾ ਕਰਤਾ ਸਿਆਂ! ਅੱਜ ਕੱਲ੍ਹ ਕੋਈ ਹੱਜ ਥੋੜ੍ਹੇ ਐ ਸਰਕਾਰੀ ਨੌਕਰੀ ਦਾ। ਲੋਕ ਪਏ ਤੈਨੂੰ ਕਮਲਾ ਕਹਿਣ ਮੈਂ ਤਾਂ ਸਿਆਣਪ ਏ ਮੰਨਦੈਂ ਇਹਦੇ 'ਚ ਤੇਰੀ।" ਭਾਗ ਸਿੰਘ ਦੀ ਗੱਲ ਸੁਣ ਕੇ ਕਰਤੇ ਨੂੰ ਪਿੱਠ 'ਤੇ ਹਿਲਦਾ ਇਕ ਹੱਥ ਮਹਿਸੂਸ ਹੋਇਆ ਸੀ ਤੇ ਹੁਣ ਈਸ਼ਵਰੀ ਦੇ ਸਵਾਲ ਨੇ ਕਰਤੇ ਦੇ ਅੰਦਰ ਉਸ ਹੱਥ ਨਾਲ ਪੈਦਾ ਹੁੰਦਾ ਭੈਅ ਜਗਾ ਦਿੱਤਾ ਸੀ। ਬੜੀ ਹੈਰਾਨੀ ਦੀ ਗੱਲ ਸੀ ਭਾਗ ਸਿੰਘ ਬਾਰੇ ਸਾਰੇ ਸਭ ਕੁਝ ਜਾਣਦੇ ਸਨ ਪਰ ਗੱਲ ਕੋਈ ਨਹੀਂ ਸੀ ਕਰਦਾ ਤੇ ਹੁਣ ਪ੍ਰਧਾਨ ਦੀਆਂ ਉਹਨਾਂ ਗੱਲਾਂ ਨੂੰ ਹੀ 'ਪ੍ਰਾਪਤੀਆਂ' ਵਾਂਗ ਪੇਸ਼ ਕੀਤਾ ਜਾਂਦਾ ਸੀ। ਸਾਰੇ ਉਹਨੂੰ ਪ੍ਰਧਾਨਗੀ ਦੀ ਚੌਧਰ ਦਿੰਦੇ ਤੇ ਕਬੂਲਦੇ ਸਨ। ਬੱਸ ਕਰਤੇ ਨੂੰ ਇਹ ਨੀ ਸੀ ਪਤਾ ਬਈ ਪ੍ਰਧਾਨ ਖਾੜਕੂ ਦੌਰ 'ਚ ਬਣਾਏ ਪੈਸੇ ਬਾਰੇ ਉਹਦੀਆਂ ਲੋਕਾਂ 'ਚ ਚਲਦੀਆਂ ਗੱਲਾਂ ਲਈ ਕਰਤੇ ਨੂੰ ਜ਼ਿੰਮੇਵਾਰ ਸਮਝਦਾ ਸੀ।

"ਤਾਂ ਹਾਅ ਡਰ ਦਿਲ 'ਚ ਲਈਂ ਬੈਠੈ 'ਸ਼ੁਮਣੀ ਸਿੱਖ'!" ਕਰਤੇ ਦੀ ਗੱਲ ਸੁਣ ਕੇ ਈਸ਼ਵਰੀ ਬੁੜਬੁੜਾਈ-" ਉਹਨੂੰ ਆਪਣਾ ਪਾਲਾ ਮਾਰਦੈ। ਤੈਂ ਵੀ ਗੱਲ ਦਿਲ 'ਚ ਰੱਖਣ ਆਲੀ ਹੱਦ ਕਰਤੀ! ਮੈਨੂੰ ਤਾਂ ਦੱਸਦਾ। ਇਹਦੀ ਮੋਟੇ ਢਿੱਡ ਆਲੇ ਦੀ ਮੈਂ ਖੋਲ੍ਹਦੀ ਪੋਲ। ਲੋਕਾਂ ਦੇ ਪੁੱਤ ਖਾ ਖਾ ਬਣਿਆ ਫਿਰਦੈ ! ਅੱਜ ਕਰਦੇ ਪੰਚਾਇਤ 'ਚ ਆਕੜ ਢੈਲੀ ਵੱਡੇ ਪ੍ਰਧਾਨ ਦੀ...", ਕਰਤੇ ਦੇ ਨਿੱਤਨੇਮ ਕਰਦੇ ਕਰਦੇ ਈਸ਼ਵਰੀ ਹੋਰ ਪਤਾ ਨੀ ਕੀ ਕੀ ਬੋਲੀ ਗਈ। ਚੌਂਕੀਦਾਰ ਦੀ 'ਡਾਂਗ ਫੇਰਨ' ਵਾਲੀ ਬੁੜ ਬੁੜ ਉਹਨੇ ਵੀ ਸੁਣ ਲਈ ਸੀ। ਪ੍ਰਧਾਨ ਦੀ ਮਨਸ਼ਾ ਤਾਂ ਉਹ ਵੀ ਸਮਝਦਾ ਸੀ ਪਰ ਐਵੇਂ ਲੜਦੀਆਂ ਜਨਾਨੀਆਂ ਵਾਂਗ ਮਿਹਣੇ ਮਿਹਣੀ ਹੋਣ ਦੀ ਥਾਂ ਉਹ ਪ੍ਰਧਾਨ ਨਾਲ ਬਰਾਬਰ ਮੜਿੱਕਣਾ ਚਾਹੁੰਦਾ ਸੀ। ਪ੍ਰਧਾਨ ਵਰਗਿਆਂ ਦੀ ਖਾਹ-ਮ-ਖਾਹ ਲਿਆਂਦੀ ਨ੍ਹੇਰੀ 'ਚ ਹੀ ਤਾਂ ਉਹਦਾ ਤੇ ਪ੍ਰੀਤਮ ਦਾ ਰਿਸ਼ਤਾ ਰੁੜ੍ਹ ਗਿਆ ਸੀ। ਉਹ ਹੈਰਾਨ ਸੀ ਕਿਵੇਂ ਉਹਨਾ ਦੇ ਕੂੜ-ਪ੍ਰਚਾਰ ਦੀ ਮਾਰ ਹੇਠ ਉਹ ਵੀ ਪ੍ਰੇਮੀਆਂ ਨੂੰ 'ਬਾਬੇ' ਦੇ ਬਰਾਬਰ ਖੜ੍ਹਾ ਕੇ ਹੀ ਦੇਖਦਾ ਰਿਹਾ ਸੀ ।

"ਪਟਕੇ ਦੀ ਥਾਂ ਪੱਗ ਬੰਨ੍ਹ ਕੇ ਜਾਹ,ਤਿਆਰ ਹੋ ਕੇ", ਕਾਹਲੀ 'ਚ ਅਗੜ੍ਹਾ-ਦੁਗੜ੍ਹਾ ਪਟਕਾ ਲਪੇਟਦੇ ਕਰਤੇ ਨੂੰ ਈਸ਼ਵਰੀ ਦੀ ਟੋਕ ਨੇ ਖਿਆਲਾਂ 'ਚੋਂ ਕੱਢਿਆ-

"ਨਾਲੇ ਮੈਨੂੰ ਨਾਲ ਲੈ ਕੇ ਜਾਈਂ। ਬੱਸ ਓਧਰ ਰੋਟੀ ਫੜਾ ਕੇ ਆਈ ਮੈਂ"। ਪੀਲ੍ਹਾ ਪਟਕਾ ਲਾਹ ਕੇ ਨੀਲੀ ਦਸਤਾਰ ਦੀ ਤਹਿ ਖੋਲ੍ਹਦੇ ਕਰਤੇ ਨੂੰ ਕੋਲੋਂ ਲੰਘੀ ਜਾਂਦੀ ਈਸ਼ਵਰੀ ਦੀ ਗੱਲ ਸੁਣੀ,"ਹੁਣ ਆਪਣੀ ਵਾਰੀ ਐ,ਉਹ ਤਾਂ ਆਪਣੇ ਸਿਰੋਂ ਲਾਹ ਗਿਆ ਸਾਰੀਆਂ ਦਾਈਆਂ..." ਈਸ਼ਵਰੀ ਜਦੋਂ ਦੀ ਵਿਆਹੀ ਆਈ ਸੀ ਉਹਨੇ ਹਰੇਕ ਦੁੱਖ ਸੁੱਖ 'ਚ ਪ੍ਰੀਤਮ ਨੂੰ ਕਰਤੇ ਦੇ ਮੂਹਰੇ ਖੜ੍ਹਾ ਦੇਖਿਆ ਸੀ। ਇਹ ਗੱਲ ਤਾਂ ਉਹਨੇ ਡਰਦੀ ਨੇ ਕਦੇ ਕਰਤੇ ਨਾਲ ਵੀ ਸਾਂਝੀ ਨਹੀਂ ਸੀ ਕੀਤੀ ਕਿ

ਕਰਤੇ ਤੋਂ ਚੋਰੀ ਪ੍ਰੀਤਮ ਉਹਨੂੰ ਕਿਵੇਂ ਸਾਧਾਂ ਸੰਤਾਂ ਦੇ ਲਈ ਫਿਰਿਆ ਸੀ ਔਲਾਦ ਖਾਤਰ। ਜਦ ਕਿਤੇ ਇਕੱਲੀ ਈਸ਼ਵਰੀ ਨੂੰ ਭੇਜਣਾ ਹੁੰਦਾ ਤਾਂ ਉਹ ਈਸ਼ਵਰੀ ਨੂੰ ਇਹੀ ਕਹਿੰਦਾ ਹੁੰਦਾ ਸੀ, "ਅੱਜ ਕਰਤੇ ਨੂੰ ਮੈਂ ਲਾਉਨੈ ਕਿਸੇ ਹੋਰ ਪਾਸੇ, ਤੂੰ ਦਾਈ ਦੇ ਕੇ ਆ...।"

'ਦਾਈਆਂ ਤਾਂ ਉਹਦੀਆਂ ਬਹੁਤ ਨੇ ਮੇਰੇ ਸਿਰ...' ਪੱਗ ਹੇਠ ਕੇਸਰੀ ਕੱਪੜਾ ਬੰਨ੍ਹਦੇ ਕਰਤੇ ਦੇ ਕੰਨਾਂ 'ਚ ਇਕ ਸੁਰ ਕੂਕਦੇ ਜੁਆਕਾਂ ਦੀਆਂ ਆਵਾਜ਼ਾਂ ਗੂੰਜਣ ਲੱਗ ਪਈਆਂ-

ਸਾਡੀ ਪੀਤ ਦੱਬਣਾ ਕੜੱਕ ਚੂਹੇ ਚੱਬਣਾ...ਇਕ ਚੂਹਾ ਰਹਿ ਗਿਆ ਸਿਪਾਹੀ ਫੜਕੇ ਲੈ ਗਿਆ

ਸੱਤਵੀਂ ਅੱਠਵੀਂ 'ਚ ਪੜ੍ਹਦੇ ਕਰਤੇ ਸਿਰ ਦਾਈ ਸੀ ਤੇ ਉਹਨੇ ਖੇਲ੍ਹ ਛੱਡ ਕੇ ਦੂਜੇ ਦਿਨ ਕਿਸੇ ਕੁੜੀ ਦੇ ਵਿਆਹ 'ਚ ਬੋਲੀ ਜਾਣ ਵਾਲੀ 'ਸਿੱਖਿਆ' ਯਾਦ ਕਰਨੀ ਸੀ। ਜੁਆਕ ਕਰਤੇ ਨੂੰ ਘੇਰੀਂ ਖੜ੍ਹੇ ਸਨ। ਘੇਰੇ ਦੇ ਵਿਚਕਾਰ ਕਰਤਾ ਰੋਣ ਹਾਕਾ ਹੋਇਆ ਖੜ੍ਹਾ ਸੀ। ਸਿਪਾਹੀ ਬਣੇ ਹੋਏ ਮੁੰਡੇ ਤੋਂ ਕਰਤੇ ਦੀ ਬਾਂਹ, ਮੱਝ ਬੰਨ੍ਹ ਕੇ ਆਏ ਪ੍ਰੀਤਮ ਨੇ ਛੁਡਾਈ ਸੀ -

"ਤੂੰ ਜਾਹ ਕਰਤਿਆ"। ਫੇਰ ਉਹਨੇ ਅਚਾਨਕ ਛਾਈ ਚੁੱਪ ਵਿਚ ਐਲਾਨ ਕੀਤਾ ਸੀ-

"ਕਰਤੇ ਦੀ ਦਾਈ ਮੈ ਦਊਂਗਾ। ਲੁਕ ਜੋ, ਜੀਹਨੇ ਖੇਲ੍ਹਣੈ", ਪ੍ਰੀਤਮ ਅੱਖਾਂ 'ਤੇ ਹੱਥ ਧਰਕੇ ਕੰਧ ਵੱਲ ਮੂੰਹ ਕਰਕੇ ਖੜ੍ਹ ਗਿਆ ਸੀ।

'ਪਰ ਹੁਣ ਉਹਦੀ ਬਾਂਹ ਕੀਹਨੇ ਫੜੀ ਰੱਖੀ ਸੀ। ਕੌਣ ਸੀ ਜੀਹਨੇ ਕੰਧੋਂ ਪਾਰ ਹਾਲੋਂ ਬੇਹਾਲ ਹੋ ਰਹੇ ਪ੍ਰੀਤਮ ਦੀ ਬਾਂਹ ਥੰਮ੍ਹਣ ਤੋਂ ਉਹਨੂੰ ਰੋਕ ਰੱਖਿਆ ਸੀ। ਕੀਹਨੇ ਉਹਨੂੰ ਰੋਕਿਆ ਸੀ ਉਸ ਦਿਨ ਸਤਿਸੰਗ 'ਤੇ ਜਾਣ ਦੇ ਪ੍ਰੀਤਮ ਦੇ ਹੱਕ 'ਚ ਖੜ੍ਹਨ ਤੋਂ। ਸਤਿਸੰਗ ਜਿਸ ਨੂੰ ਸਿੱਖ ਸੰਗਤ ਵੱਲੋਂ ਜਬਰੀ ਰੋਕਿਆ ਜਾਣਾ ਤੈਅ ਸੀ!' ਆਪਣੇ ਆਪ ਨਾਲ ਗੱਲੀਂ ਲੱਗਿਆ ਕਰਤਾ ਕਿੰਨੀ ਦੇਰ ਆਖਰੀ ਲੜ ਫੜੀ ਖੜ੍ਹਾ ਰਿਹਾ...

"ਮਰੇ ਪਰੇ! ਜਦ ਨਹੀਂ ਜਿੱਦ ਛੱਡਦਾ", ਈਸ਼ਵਰੀ ਨੂੰ ਕਹੇ ਆਪਣੇ ਬੋਲਾਂ ਦੀ ਕਰਤੇ ਦੇ ਅੰਦਰ ਚੀਸ ਪਈ ਤੇ ਨਾਲ ਹੀ ਯਾਦ ਆਇਆ ਪ੍ਰਧਾਨ ਦੀ ਪਾਰਟੀ ਵੱਲੋਂ ਪ੍ਰੇਮੀਆਂ ਦੀ ਹੋਈ,'ਗਿੱਦੜ ਕੁੱਟ' ਦਾ ਮਸਾਲੇ ਲਾ ਲਾ ਕੀਤਾ ਬਿਆਨ। ਉਸੇ ਗਿੱਦੜ ਕੁੱਟ 'ਚ ਪ੍ਰੀਤਮ ਦੇ ਸੱਟਾਂ ਲੱਗੀਆਂ ਸਨ ਤੇ ਧੂ ਘੜੀਸ 'ਚ ਚਮੜੀ ਉੱਧੜ ਗਈ ਸੀ-

"ਗੁੱਝੀਆਂ ਸੱਟਾਂ ਨੇ, ਸਮਾਂ ਪਾ ਕੇ ਠੀਕ ਹੋਣਗੀਆਂ",ਆਖ ਸਰਕਾਰੀ ਹਸਪਤਾਲ ਨੇ ਉਸੇ ਸ਼ਾਮ ਸਾਰੇ ਪ੍ਰੇਮੀਆਂ ਦੇ ਨਾਲ ਹੀ ਪ੍ਰੀਤਮ ਨੂੰ ਵੀ ਛੁੱਟੀ ਕਰ ਦਿੱਤੀ ਸੀ। ਟੁੱਟ ਕੇ ਫੇਫੜੇ 'ਚ ਜਾ ਖੁਭੀ, ਐਕਸਰੇ 'ਚ ਦਿਸਦੀ ਛਾਤੀ ਦੀ ਹੱਡੀ 'ਉਪਰਲਿਆਂ' ਦੇ ਮਨਸ਼ਿਆਂ ਉਹਲੇ ਛੁਪ ਗਈ ਸੀ। ਜਦ ਤਕ ਪ੍ਰਾਈਵੇਟ ਹਸਪਤਾਲ ਵਾਲਿਆਂ ਨੇ ਪੈਰਾਂ ਤੋਂ ਸਿਰ ਤਕ ਐਕਸ-ਰੇ ਕੀਤੇ, ਉਦੋਂ ਤਕ ਫੇਫੜੇ 'ਚੋਂ ਖਿੱਚਕੇ ਹੱਡੀ ਕੱਢਣ ਦੀ ਤਾਕਤ ਪ੍ਰੀਤਮ ਦੇ ਪਹਿਲਾਂ ਈ ਕਮਜ਼ੋਰ ਸਾਧਨਾਂ 'ਚੋਂ ਖਤਮ ਹੋ ਚੁੱਕੀ ਸੀ। ਫਿਰ ਤਾਂ ਉਸ ਨੂੰ ਪ੍ਰੀਤਮ ਦੀ ਵਿਗੜਦੀ ਹਾਲਤ ਦੀਆਂ ਖਬਰਾਂ ਹੀ ਮਿਲਦੀਆਂ ਰਹੀਆਂ ਸਨ। ਹਾਲਾਤ ਸੁਧਰਦੇ, ਵਿਗੜਦੇ ਰਹੇ ਸਨ ਪਰ ਪ੍ਰੀਤਮ ਦੇ ਅੰਦਰ ਹੋ ਗਏ ਜ਼ਖਮ ਵਿਗੜਦੇ ਹੀ ਚਲੇ ਗਏ ਸਨ। ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਨੀਂਹ 'ਤੇ ਉਹਨਾਂ ਦੇ ਸਾਂਝੇ ਵਿਹੜੇ ਵਿਚ ਕੰਧ ਉਸਰ ਗਈ ਸੀ। ਤੜਪਦਾ ਪ੍ਰੀਤਮ ਕੰਧ ਦੇ ਉਹਲੇ ਰਹਿ ਗਿਆ ਸੀ। ਇਧਰ ਰਹਿ ਗਈ ਸੀ ਲਗਾਤਾਰ ਕਲਪਦੀ ਈਸ਼ਵਰੀ-

"ਉਹ ਵੀ ਤਾਂ ਰੱਬ ਦਾ ਈ ਨਾਮ ਜਪਦੇ ਨੇ..." ਸਮਝਾਉਣ ਵਾਲੇ ਲਹਿਜੇ ਤੋਂ ਸ਼ੁਰੂ ਹੋਈ ਈਸ਼ਵਰੀ ਦੀ ਗੱਲ ਹਮੇਸ਼ਾ ਤਲਖੀ 'ਤੇ ਆ ਜਾਂਦੀ...

...ਬੀਤੀਆਂ ਰਾਤਾਂ 'ਚ ਈਸ਼ਵਰੀ ਨਾਲ ਚੱਲੀ ਲੰਮੀ ਲੜਾਈ ਯਾਦ ਆਉਂਦੇ ਈ ਕਰਤੇ ਦੇ ਲਹੂ 'ਚੋਂ ਕੋਈ ਚੀਜ਼ ਬਿਜਲੀ ਵਾਂਗ ਲੰਘੀ। ਡਰਾ ਕੇ ਜਾਨ ਕੱਢ ਦੇਣ ਵਾਲੇ ਈਸ਼ਵਰੀ ਦੇ ਬੋਲ ਵਾਰ ਵਾਰ ਸੁਣੇ...

"ਕਿਤੇ ਮਰੇ ਨਾ ਗਿਆ ਹੋਵੇ!" ਪ੍ਰੀਤਮ ਦੀਆਂ ਰੁਕੀਆਂ ਚੀਕਾਂ ਦਰਮਿਆਨ ਖਾਮੋਸ਼ੀ

ਪਹਿਲਾਂ ਨਾਲੋਂ ਥੋੜ੍ਹੀ ਜਿਹੀ ਵੀ ਲੰਮੀ ਹੋ ਜਾਂਦੀ ਤਾਂ ਅੱਧ ਸੁੱਤੀ ਜਿਹੀ ਈਸ਼ਵਰੀ ਇਕਦਮ ਉੱਠ ਕੇ ਬਹਿ ਜਾਂਦੀ।

"ਐਨਾ ਰੰਘੜਊ ਵੀ ਚੰਗਾ ਨੀ ਹੁੰਦਾ। ਤੈਨੂੰ ਮੈਂ ਦੱਸਾਂ। ਭਾਈਓ ਐ ਦੁਸ਼ਮਣ ਤਾਂ ਨੀਂ ਤੇਰਾ!।"

ਕਰਤਾ ਨੇੜ੍ਹੇ 'ਚ ਤੜਪਦੀ ਈਸ਼ਵਰੀ ਵੱਲ ਚੁੱਪ ਕੀਤਾ ਦੇਖੀ ਜਾਂਦਾ। ਬਹੁੜੀਆਂ ਪਾਉਂਦੇ ਪ੍ਰੀਤਮ ਦੀਆਂ ਲੇਰਾਂ ਨੇ ਲਗਾਤਾਰ ਦੂਸਰੀ ਰਾਤ ਉਹਨਾਂ ਨੂੰ ਸੌਣ ਨਹੀਂ ਸੀ ਦਿੱਤਾ। ਸਾਰੀ ਉਮਰ ਭਰਾਵਾਂ ਵਾਂਗ ਵਰਤੇ ਦਿਓਰ ਦੀ ਚੀਕ ਈਸ਼ਵਰੀ ਦਾ ਕਲੇਜਾ ਚੀਰ ਜਾਂਦੀ। ਉਹਨੂੰ ਤੌਣੀ ਆ ਜਾਂਦੀ। ਕਠਪੁਤਲੀ ਵਾਂਗ ਉੱਠ ਕੇ ਬਹਿ ਗਈ ਈਸ਼ਵਰੀ ਰੋਣ ਹਾਕੀ ਹੋ ਕੇ ਕਈ ਵਾਰ ਬੋਲੀ ਸੀ -

"ਮੈਂ ਤਾਂ ਜਾਊਂ! ਤੂੰ ਰੋਕ ਕੇ ਦਖਾ!" ਉਹ ਮੰਜੇ ਹੇਠੋਂ ਜੁੱਤੀ ਟੋਲਦੀ, ਲਾਈਟ ਲਾਉਂਦੀ ਵੀ ਕਰਤੇ ਦੇ ਮੰਜੇ ਵੱਲ ਦੇਖੀ ਜਾਂਦੀ।

"ਓਧਰੇ ਰਹੀਂ ਫੇਰ! ਇਆ ਮੈਂ ਘਰ ਛੱਡ ਜੂੰ", ਕਰਤੇ ਦੀ ਉਨੀਂਦਰੀ ਆਵਾਜ਼ ਆਉਂਦੀ। ਕੁੰਡਾ ਖੋਲ੍ਹਣ ਲਈ ਉੱਠਿਆ ਈਸ਼ਵਰੀ ਦਾ ਹੱਥ ਥਾਂਏਂ ਰੁਕ ਜਾਂਦਾ। ਲਾਈਟ ਬੁਝਾ ਕੇ ਮੰਜੇ 'ਤੇ ਬੈਠੀ ਬੁੜ ਬੁੜ ਕਰੀ ਜਾਂਦੀ,"ਮੈਨੂੰ ਐਂ ਦੱਸ! ਬਈ ਜੇ ਮੈਂ ਉਹਦੇ ਮਰਦੇ ਦੇ ਮੂੰਹ ਪਾਣੀ ਪਾ ਦੂੰ ਤੇਰੀ ਸਿੱਖੀ ਪਤਾ ਨੀ ਕਿਵੇਂ ਭਿੱਟੀ ਜਾਊ। ਆਪੇ ਕਹਿਨੈਂ ਧਰਮ ਦੀਨ ਦੁਖੀ ਦੀ ਸੇਵਾ ਦਾ ਈ ਨਾਓਂ ਐ। ਸਾਹਮਣੇ ਬੰਦਾ ਮਰਦਾ ਦੇਖੀਂ ਜਾਨੈਂ.....", ਈਸ਼ਵਰੀ ਦਾ ਰੋਣ ਨਿਕਲ ਜਾਂਦਾ।

"ਬੂਹਕੀ ਜਾ ਬੇ-ਦੀਨ ਬੰਦੇ ਪਿੱਛੇ", ਕਰਤਾ ਐਂ ਬੋਲਦਾ ਜਿਵੇਂ ਆਪਣੇ ਆਪ ਨੂੰ ਰੋਣ ਤੋਂ ਵਰਜ ਰਿਹਾ ਹੋਵੇ। ਈਸ਼ਵਰੀ ਟਿਕ ਜਾਂਦੀ ਤਾਂ ਕਰਤੇ ਦੇ ਆਪਣੇ ਅੰਦਰ ਕੰਧ ਟੱਪ ਜਾਣ ਦੀ ਲੂਹਰੀ ਉਠਦੀ। ਮਰਨਹਾਰ ਪ੍ਰੀਤਮ ਬਾਰੇ ਐਧਰੋਂ ਓਧਰੋਂ ਸੁਣੀਆਂ ਗੱਲਾਂ ਉਹਦੇ ਯਾਦ ਆ ਜਾਂਦੀਆਂ। ਪ੍ਰੀਤਮ ਦੇ ਫੇਫੜੇ 'ਚ ਖੁਭ ਗਈ ਹੱਡੀ ਦੀ ਰੜਕ ਉਹਨੂੰ ਆਪਣੀ ਛਾਤੀ 'ਚ ਮਹਿਸੂਸ ਹੁੰਦੀ। ਪ੍ਰੀਤਮ ਦੀ ਤੜਫਦੀ ਦੇਹ ਦਿਸਦੀ। ਦਰਦ ਨਾਲ ਅੱਡੇ ਮੂੰਹ 'ਚ ਚੀਕਾਂ ਨਾਲ ਸੁੱਜਿਆ ਹਲਕ ਦਿਸਦਾ। ਪਾਟਣ 'ਤੇ ਆਈਆਂ ਪ੍ਰੀਤਮ ਦੀਆਂ ਅੱਖਾਂ ਉਹਦੇ ਸਾਹਮਣੇ ਜੰਮ ਜਾਂਦੀਆਂ...ਤੇ...ਤੇ ਫਿਰ ਰੇਤੇ 'ਚ ਖੁਭਦੇ ਪ੍ਰੀਤਮ ਦੇ ਪੈਰ ਉਹਦੀ ਦੇਹ 'ਚ ਖੁਭਣ ਲਗਦੇ। ਉਹ ਦਸੌਂਟਾ ਯਾਦ ਆਉਂਦਾ ਜਿਹੜਾ ਪ੍ਰੀਤਮ ਨੇ ਉਹਦੇ ਲਈ ਕੱਟਿਆ ਸੀ ਜਦੋਂ ਕਰਤੇ ਦੀ ਖੁੱਚ 'ਚ ਨਿਕਲੇ ਫੋੜੇ ਨੂੰ ਅਪ੍ਰੇਸ਼ਨ ਕਰਕੇ ਕੱਢਣਾ ਪਿਆ ਸੀ। ਪੰਦਰਾਂ ਸਾਲਾਂ ਦਾ ਪ੍ਰੀਤਮ ਦੋ ਮਹੀਨੇ ਕਰਤੇ ਨੂੰ ਅਨੇੜੇ ਚੁੱਕੀਂ ਫਿਰਿਆ ਸੀ। ਜ਼ਖਮ 'ਚੋਂ ਹੱਥ ਭਰ ਪੱਟੀ ਖਿੱਚ ਕੇ ਕੱਢੀ ਜਾਂਦੀ ਤਾਂ ਕਰਤੇ ਦੀਆਂ ਲੇਰਾਂ ਧਰਤੀ ਪਾੜ ਦਿੰਦੀਆਂ-

"ਤੂੰ ਪਤਾ ਨੀ ਕਿਵੇਂ ਸਹਾਰਦੈਂ! ਮੈਂ ਤਾਂ ਕਿਸੇ ਦਿਨ ਹੌਲ ਪੈ ਕੇ ਮਰਜੂੰ। ਮੈਥੋਂ ਨੀ ਤੇਰਾ ਦੁੱਖ ਦੇਖ ਹੁੰਦਾ", ਪ੍ਰੀਤਮ ਉਹਨੂੰ ਹਸਪਤਾਲ ਬਿਠਾ ਕੇ ਆਪ ਪਰੇ ਹੋ ਜਾਂਦਾ...

... ਕਰਤੇ ਦਾ ਹੱਥ ਖੁੱਚ ਦੇ ਕੂਲੇ ਮਾਸ 'ਤੇ ਚਲਿਆ ਜਾਂਦਾ, ਜਿੱਥੇ ਅਜੇ ਵੀ ਤੱਤੀ ਠੰਡੀ ਚੀਜ਼ ਬਾਕੀ ਸਰੀਰ ਨਾਲੋਂ ਵੱਧ ਪੋਂਹਦੀ। ਉਹ ਬੇ-ਚੈਨੀ ਵਿਚ ਪਾਸਾ ਪਰਤਦਾ। ਉਹਦੇ ਅੰਦਰ ਬੈਠਾ ਪ੍ਰੀਤਮ ਦਾ ਭਰਾ ਉਹਦੇ ਸਾਹਮਣੇ ਅੜ ਕੇ ਖੜ੍ਹ ਜਾਂਦਾ। ਉਹਨਾਂ ਘੜੀਆਂ ਵਿਚ ਕਰਤੇ ਦੀ ਛਾਤੀ ਜੰਗ ਦਾ ਮੈਦਾਨ ਬਣ ਜਾਂਦੀ। ਮੋਹ ਭਰਿਆ ਭਰਾ, ਭਰਾ ਦੀ ਮਦਦ ਲਈ ਅਹੁਲਦਾ। ਗੁਰੂ ਦਾ ਸਿੱਖ ਗੁਰੂ ਘਰ ਦੇ ਹੁਕਮਨਾਮੇ ਅੱਗੇ ਸਿਰ ਨਿਵਾਉਂਦਾ। ਇਸ ਘਮਾਸਾਣ ਵਿਚ ਪ੍ਰੀਤਮ ਦੀ ਲੇਰ ਨਗਾਰੇ ਵਾਂਗ ਗੂੰਜਦੀ-

"ਓਏ ਮੇਰੇ ਦੁਆ ਟੀਕਾ ਲੁਆਦੇ ਉਏ ਕਰਤਿਆ, ਵੀਰਿਆ। ਇਕ ਵਾਰੀ ਮੂੰਹ ਦਿਖਾ ਜਾ ਓਏ"। ਕਰਤੇ ਦਾ ਕਾਲਜਾ ਮੂੰਹ ਨੂੰ ਆ ਜਾਂਦਾ। ਉਹ ਉੱਠ ਕੇ ਬੈਠ ਜਾਂਦਾ। ਈਸ਼ਵਰੀ ਦੇ ਮੰਜੇ ਵੱਲ ਅੱਖਾਂ ਟੱਡ ਕੇ ਵੇਖਦਾ। ਅੰਦਰਲਾ ਗੁੱਸਾ ਉੱਬਲਦਾ,'ਇਹ ਜਾਂਦੀ ਕਿਉਂ ਨੀ ਉੱਠ ਕੇ! ਮੈਂ ਦੱਸ ਕੀ ਗੋਲੀ ਮਾਰਦੂੰ"! ਉਹ ਬੁੜਬੁੜਾਉਂਦਾ। ਪਲ ਦੋ ਪਲ ਖਾਮੋਸ਼ੀ ਵਰਤਦੀ। ਫਿਰ ਪ੍ਰੀਤਮ ਦੀ ਚੀਕ ਨ੍ਹੇਰਾ ਚੀਰਦੀ ਧੂੰਸ ਦੇ ਕੇ ਅੰਦਰ ਆ ਵੜਦੀ। ਈਸ਼ਵਰੀ ਇਕ ਦਮ ਉੱਠਦੀ-

"ਹੋਰ ਦਿਹਾੜੀ-ਖੰਡ ਨੂੰ ਉਹਨੇ ਮਰ ਜਾਣੈ। ਮਰਿਆਂ ਦੇ ਕਾਹਦੇ ਭਾਂਡੇ ਛੇਕਣੇ ਹੋਏ,ਕਾਹਦਾ ਬਾਈਕਾਟ। ਤੂੰ ਮੈਨੂੰ ਜਾਣ ਦੇਹ। ਉਹ ਤਿੰਨੇ ਨੀ ਸਾਂਭ ਸਕਦੇ ਜਦ ਦਰਦ ਉੱਠਦੈ..."।

ਪਰ ਉਦੋਂ ਤਕ ਕਰਤੇ ਦੇ ਅੰਦਰਲੇ ਸਿੱਖ ਦਾ ਹੱਥ ਘੋਲ ਵਿਚ ਉੱਤੇ ਹੋ ਚੁੱਕਿਆ ਹੁੰਦਾ। ਦੀਵਾਨਾਂ 'ਚ ਗਰਜਦੇ ਢਾਡੀ ਉਹਨੂੰ ਪ੍ਰਿਥੀਏ ਤੋਂ ਲੈਕੇ ਬਾਬੇ ਰਾਮ ਰਾਏ ਤਕ, ਧਰਮ ਤੋਂ ਵਾਰੇ ਗਏ ਲਹੂ ਦੇ ਕਈ ਸਰਬੰਧਾਂ ਦੀ ਵੀਰ-ਗਾਥਾ ਸੁਣਾ ਚੁੱਕੇ ਹੁੰਦੇ। ਅਪਣੇ ਅੰਦਰ ਅੜੇ ਬੈਠੇ ਬੇ-ਗੈਰਤ ਭਰਾ ਦੀ ਗਰਦਨ 'ਤੇ ਇਤਿਹਾਸ ਦਾ ਗੋਡਾ ਰੱਖ ਕੇ ਉਹ ਈਸ਼ਵਰੀ ਨੂੰ ਟੁੱਟ ਕੇ ਪੈ ਜਾਂਦਾ-

"ਕਿਧਰੇ ਨੀ ਮਰਦਾ, ਹੋਰ ਘੜੀ ਪਲ ਨੂੰ ਟਿਕ ਜੂ। ਤੇਰੀ ਮੇਰੀ ਬਹੁਤ ਮੰਨੀ ਐ ਉਹਨੇ, ਕਹਿ ਕਹਿ ਥੱਕ'ਗੇ...,...ਤੈਨੂੰ ਕਿਹੜਾ ਨਹੀਂ ਪਤਾ...

...ਈਸ਼ਵਰੀ ਨੂੰ ਸਾਰਾ ਪਤਾ ਸੀ। ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋਣ ਮਗਰੋਂ ਵੀ ਕਰਤਾ ਪ੍ਰੀਤਮ ਨਾਲ ਦਲੀਲਬਾਜ਼ੀ ਵਿਚ ਪਿਆ ਰਿਹਾ ਸੀ। ਪ੍ਰੇਮੀਆਂ ਤੋਂ ਮੋੜ ਲਿਆਉਣ ਲਈ ਕੋਸ਼ਿਸ਼ ਕਰਦਾ ਰਿਹਾ ਸੀ। ਪ੍ਰੀਤਮ ਨਾਲ ਹੋਈ ਦਲੀਲਬਾਜ਼ੀ ਉਹਦੇ ਅੰਦਰ ਚੱਲਣ ਲਗਦੀ। ਉਹ ਵਾਰ ਵਾਰ ਆਪਣੇ ਆਪ ਨੂੰ ਕਹਿੰਦਾ,'ਜੇ ਕਿਤੇ ਪ੍ਰੀਤਮ ਨੇ ਮੇਰੀ ਗੱਲ ਮੰਨੀ ਹੁੰਦੀ । ...ਪਰ...ਕਰਤੇ ਨੇ ਵਾਹ ਜਹਾਨ ਦੀ ਲਾ ਲਈ, ਪ੍ਰੀਤਮ ਨੂੰ ਵਾਪਸ 'ਗੁਰੂ-ਘਰ' ਨਾਲ ਜੋੜਨ ਦੀਆਂ ਸਾਰੀਆਂ ਕੋਸ਼ਿਸ਼ਾਂ ਭੰਗ ਦੇ ਭਾੜੇ ਗਈਆਂ ਸਨ। ਬੱਸ ਇੱਕ ਵਾਰ ਉਹ ਕਰਤੇ ਦੇ ਕਹੇ ਤੋਂ, ਪ੍ਰੇਮੀਆਂ ਦੀ ਵਾਪਸੀ ਲਈ ਗੁਰਦੁਆਰਾ ਸਾਹਿਬ ਵਿਚ ਕੀਤੇ ਸਮਾਗਮ ਵਿਚ ਸ਼ਾਮਲ ਹੋਇਆ ਸੀ। ਭਾਵੇਂ 'ਪਰਤ ਆਏ' ਪ੍ਰੇਮੀਆਂ ਦੇ ਗਲਾਂ ਵਿਚ ਪਾਏ ਜਾ ਰਹੇ ਖੱਟੇ ਸਰੋਪਿਆਂ ਤੇ ਗੱਜਦੇ ਜੈਕਾਰਿਆਂ ਵੇਲੇ ਪ੍ਰੀਤਮ ਚੁੱਪ ਹੀ ਰਿਹਾ ਸੀ ਤਾਂ ਵੀ ਕਰਤੇ ਨੂੰ ਗੱਲ ਸੁਲਝ ਗਈ ਲੱਗੀ ਸੀ। ਉਤਸ਼ਾਹ ਵਿਚ ਆਏ ਕਰਤੇ ਨੇ ਗੱਲ ਤੋਰੀ ਸੀ-

"ਹੁਣ ਤਾਂ ਪਿੰਡ 'ਚੋਂ ਤੂੰ 'ਕੱਲਾ ਈ ਰਹਿ ਗਿਆ ਪ੍ਰੀਤਮਾ!ਹੋਰ ਤਾਂ ਸਾਰੇ ਪ੍ਰੇਮੀ ਪੰਥ 'ਚ ਮੁੜ ਆਏ, ਅਖੇ ਭੁੱਲਿਆ ਨਾ ਜਾਣੀਏ ਜੇ ਸ਼ਾਮ ਨੂੰ ਘਰ ਆ'ਜਵੇ" , ਕਰਤੇ ਨੇ ਪ੍ਰੀਤਮ ਨੂੰ ਪਤਿਆਉਣਾ ਚਾਹਿਆ ਸੀ। ਕੁਛ ਕੂਣ ਦੀ ਥਾਂ ਪ੍ਰੀਤਮ ਕਰਤੇ ਨੂੰ ਬਾਹੋਂ ਫੜਕੇ ਸੜਕ ਦੇ ਦੋਵੇਂ ਪਾਸੇ ਬਣੀਆਂ ਗੁਰਦੁਆਰਾ ਸਾਹਿਬ ਦੀਆਂ ਦੁਕਾਨਾ ਅੱਗੇ ਜਾ ਖੜ੍ਹਿਆ-

"ਸਭ ਇਹਨਾਂ ਦੁਕਾਨਾਂ ਕਰਕੇ ਐ! ਸਮਝਦੈਂ? ਸਿਰੋਪਾ ਲੈਣ ਵਾਲਿਆਂ ਚੋਂ ਅੱਧੇ ਪਹਿਲਾਂ ਇਹਨਾਂ ਦੁਕਾਨਾਂ ਕਰਕੇ ਈ ਪ੍ਰੇਮੀ ਬਣੇ ਸੀ। ਆਹ ਦੇਖ!...", ਉਹਨੇ ਕਰਤੇ ਨੂੰ ਰਾਜ ਦਲਾਲ ਦੀ ਦੁਕਾਨ ਅੱਗੇ ਲਿਜਾ ਖੜ੍ਹਾਇਆ ਸੀ। ਤਾਜੀ ਫੇਰੀ ਕੂਚੀ ਦੇ ਕੇਸਰੀ ਰੰਗ ਨਾਲ ਲਿਖੇ 'ਖਾਲਸਾ ਪ੍ਰਾਪਰਟੀ ਸਲਾਹਕਾਰ' ਦੇ ਹੇਠੋਂ ਅਜੇ ਵੀ ਹਰੇ ਰੰਗ 'ਚ ਲਿਖਿਆ' ਸੱਚਾ-ਸੌਦਾ ਪ੍ਰਾਪਰਟੀ ਕੰਸਲਟੈਂਟਸ' ਪੜ੍ਹ ਹੁੰਦਾ ਸੀ। ਕਰਤਾ ਕੱਚਾ ਜਿਹਾ ਹੋਕੇ,'ਪ੍ਰੀਤਮ ਜਨਰਲ ਸਟੋਰ' ਦਾ ਟੁੱਟ ਕੇ ਲਟਕਦਾ ਬੋਰਡ ਦੇਖਦਾ ਰਿਹਾ। "ਦੇਖਦੈਂ! ਮੇਰੀ ਦੁਕਾਨ ਤੋੜਨ ਵਾਲਿਆਂ 'ਚ ਰਾਜ ਮੁਹਰੇ ਤੀ! ਹੁਣ ਉਹਦਾ ਸਾਲਾ ਕਰੂ ਇਹ ਦੁਕਾਨ। ਧਰਮ ਧੁਰਮ ਕੋਈ ਨੀ ਬੜੇ ਭਾਈ। ਇਹ ਤਾਂ ਧਰਮ ਦਾ ਮੁਰਦਾਰ ਵੰਡਣ ਦੀ ਲੜਾਈ ਐ। ਚਾਰੇ ਪਾਸਿਓਂ"।

ਇਕ ਰਾਤ ਪਹਿਲਾਂ ਇਕੱਠੀ ਹੋਈ 'ਸਿੱਖ ਸੰਗਤ' ਨੇ ਪ੍ਰੇਮੀਆਂ ਦੀਆਂ ਦੁਕਾਨਾਂ ਦੀ ਤੋੜ ਭੰਨ ਕੀਤੀ ਸੀ। ਹਫਤਾ ਕੁ ਪਹਿਲਾਂ ਤਕ ਇਹ ਸਾਰੀਆਂ ਦੁਕਾਨਾਂ 'ਪ੍ਰੇਮੀਆਂ ਦੀ ਮਾਰਕੀਟ' ਵੱਜਦੀਆਂ ਸਨ। ਜਦੋਂ ਮਾਰਕੀਟ ਬਣੀ ਸੀ ਤਾਂ ਗੁਰਦੁਆਰਾ ਕਮੇਟੀ ਨੇ ਸੋਚ ਸਮਝ ਕੇ ਇਹ ਦੁਕਾਨਾਂ ਪ੍ਰੇਮੀਆਂ ਨੂੰ ਦਿੱਤੀਆਂ ਸਨ। ਵਜ੍ਹਾ ਸਾਫ ਸੀ: ਸਾਰੇ ਪ੍ਰੇਮੀ ਵੈਸ਼ਨੂੰ ਤੇ ਆਪਣੀ ਕਰਕੇ ਖਾਣ ਵਾਲੇ ਸਨ। ਹੁਣ ਚੱਲੀ ਹੋਈ ਮਾਰਕੀਟ ਨੇ ਕਈਆਂ ਦੇ ਮੂੰਹ 'ਚ ਪਾਣੀ ਲਿਆ ਦਿੱਤਾ ਸੀ ਤੇ ਮਾਰਕੀਟ ਵਿਚ ਦੁਕਾਨਾਂ ਭਾਲਣ ਵਾਲੇ ਕਈ, 'ਰੋਹ 'ਚ ਆਈ ਸਿੱਖ ਸੰਗਤ' ਦਾ ਰੂਪ ਧਾਰ ਗਏ ਸਨ-

"ਇਹ ਤਾਂ ਮਸਲਾ ਈ ਹੋਰ ਐ ਵੀਰਿਆ। ਬਿੱਲੀ ਦੇ ਭਾਗੀਂ ਛਿੱਕਾ ਟੁੱਟਣ ਆਲੀ ਗੱਲ ਹੋਈ ਐ। ਉਪਰਲਿਆਂ ਲਈ ਵੋਟਾਂ ਦਾ ਮਸਲੈ ਤੇ ਆਹ, ਜਿਹਨਾਂ ਨੂੰ ਤੂੰ ਘਰ ਮੁੜੇ ਕਹਿਨੈ ਨਾ! ਉਹ ਚਾਰ ਛਿੱਲੜਾਂ ਪਿੱਛੇ ਗੁਰੂ ਤੋਂ ਬੇ-ਮੁੱਖ ਹੋਏ ਨੇ। ਪਹਿਲਾਂ ਤੇਰੇ ਆਲੇ ਪਾਸਿਓਂ, ਹੁਣ ਮੇਰੇ ਆਲੇ ਪਾਸਿਓਂ...ਨਾਲੇ...ਐਂ ਜੇ ਲਾਲਚ ਵਸ ਜਾਂ ਕਿਸੇ ਤੋਂ ਡਰ ਕੇ ਈ ਸਿੱਖ ਬਣਨੈਂ ਫੇਰ ਸਿੱਖੀ ਵੀ ਕਾਹਦੀ ਹੋਈ..."!

ਕਰਤਾ ਪ੍ਰੀਤਮ ਦੀ ਗੱਲ ਸੁਣਨ ਤੋਂ ਬਿਨਾਂ ਹੀ ਘਰ ਨੂੰ ਤੁਰ ਆਇਆ ਸੀ। ਉਸ ਰਾਤ ਵੀ ਕਰਤਾ ਦੇਰ ਰਾਤ ਤਕ ਜਾਗਦਾ ਰਿਹਾ ਸੀ। ਪੂਰੇ ਪੰਜਾਬ, ਜੰਮੂ ਅਤੇ ਦਿੱਲੀ ਵਿਚ ਨੰਗੀਆਂ ਤਲਵਾਰਾਂ ਲਹਿਰਾਉਂਦੀਆਂ 'ਗੁਰੂ ਕੀਆਂ ਫੌਜਾਂ' ਦੇ ਪ੍ਰੇਮੀਆਂ ਖਿਲਾਫ ਰੋਹ ਨੇ ਉਹਦੇ ਅੰਦਰ ਕਿਸੇ ਅਨਹੋਣੀ ਦਾ ਭੈਅ ਜਗਾ ਦਿੱਤਾ ਸੀ। ਸੁੱਤਾ,ਤਾਂ ਕੁੱਪ-ਰਹੀੜੇ 'ਚ ਜਾਨ ਬਚਾਉਂਦੇ ਬੱਚਿਆਂ ਬੁੱਢਿਆਂ ਤੇ ਔਰਤਾਂ ਦੀ ਭੱਜੀ ਜਾਂਦੀ ਭੀੜ ਨੇ ਉਹਦੇ ਸਾਹਮਣੇ 'ਘੱਲੂਘਾਰਾ' ਸਿਰਜ ਦਿੱਤਾ ਸੀ। ਪ੍ਰੀਤਮ ਵਰਗੇ ਕਿੰਨੇ ਹੀ ਪ੍ਰੇਮੀ ਜਾਨ ਬਚਾਉਂਦੀ ਭੀੜ ਦਾ ਹਿੱਸਾ ਸਨ...ਅੱਖ ਖੁਲ੍ਹਦੀ ਤਾਂ ਪ੍ਰੀਤਮ ਦੀ ਗੱਲ ਯਾਦ ਆ ਜਾਂਦੀ-

"...ਜੇ ਡਰ ਕੇ ਸਿੱਖ ਬਣਨੈ ਫੇਰ ਸਿੱਖੀ ਵੀ ਕਾਹਦੀ ਹੋਈ...ਤੂੰ ਹੀ ਦੱਸ!" ਇਸ ਜਾਗੋ ਮੀਟੀ ਵਿਚ ਹੀ ਬੜੀ ਦੇਰ...

...ਬੜੀ ਦੇਰ ਕੀ,ਪੂਰੇ ਦੋ ਮਹੀਨੇ ਕਰਤਾ ਜਿਵੇਂ ਆਪਣੀ ਵਾਰੀ ਦੇਣ ਤੋਂ ਭੱਜਿਆ ਰਿਹਾ ਸੀ। ਉਹ ਘਿਰਿਆ ਖੜ੍ਹਾ ਰਿਹਾ ਸੀ ਪਰ ਕੋਈ ਉਹਨੂੰ ਬਾਂਹੋਂ ਫੜਕੇ ਘੇਰੇ 'ਚੋਂ ਕੱਢਣ ਵਾਲਾ ਨਹੀਂ ਸੀ। ਵਿਹੜੇ 'ਚ ਉਸਰ ਗਈ ਕੰਧੋਂ ਪਾਰ ਪ੍ਰੀਤਮ ਬਹੁੜੀਆ ਪਾਉਂਦਾ ਤਾਂ ਕਰਤੇ ਨੂੰ ਘੇਰੀਂ ਖੜ੍ਹੇ ਮੁੰਡੇ ਮਿਹਣੇ ਦਿੰਦੇ ਸੁਣਦੇ-

ਸਾਡੀ ਪੀਤ ਦੱਬਣਾ ਕੜੱਕ ਚੂਹੇ ਚੱਬਣਾ ਇਕ ਚੂਹਾ ਰਹਿ ਗਿਆ ਸਿਪਾਹੀ ਚੜਕੇ ਲੈ ਗਿਆ...

ਕਰਤਾ ਕਿਸੇ ਨੂੰ ਉਡੀਕਦਾ ਜਿਹੜਾ ਉਹਨੂੰ ਬਾਂਹ ਫੜਕੇ ਇਸ ਘੇਰੇ 'ਚੋਂ ਕੱਢ ਲਿਆਵੇ!ਉਹਨੂੰ ਜਕੜੀਂ ਖੜ੍ਹੇ ਦੁਬਿਧਾ ਦੇ ਸਿਪਾਹੀ ਤੋਂ ਉਹਦੀ ਬਾਂਹ ਛੁਡਾਵੇ...

...ਪਰ ਪ੍ਰੀਤਮ ਦੇ ਮਰਨ ਵਾਲੀ ਰਾਤ... ਪੱਗ ਬੰਨ੍ਹਦੇ ਕਰਤੇ ਦੀਆਂ ਡੂਬਡੂਬਾਈਆਂ ਅੱਖਾਂ ਦੇ ਪਾਣੀ 'ਚ ਇਕ ਵਾਰ ਫਿਰ ਆਨੰਦਪੁਰ ਦਾ ਉਹ ਘੇਰਾ ਚਮਕਿਆ ਜੀਹਦੇ 'ਚੋਂ ਅਚਾਨਕ ਉਹਦੇ ਬੰਦੀ-ਛੋੜ ਨੇ ਉਹਦੀ ਬਾਂਹ ਆ ਫੜੀ ਸੀ...ਪ੍ਰੀਤਮ ਦੀਆਂ ਚੀਕਾਂ ਰੁਕੀਆਂ ਹੋਈਆਂ ਸਨ ਜਦੋਂ...

... ਜਾਗਾ ਭਾਗ ਕੇ ਅੰਬੀਆਂ ਕਰਤੇ ਦੀਆਂ ਅੱਖਾਂ ਮਸਾਂ ਨਸੀਬ ਹੋਈ ਸ਼ਾਂਤੀ ਵਿਚ ਪਤਾ ਨਹੀ ਕਦੋਂ ਮਿਚ ਗਈਆ ਸਨ। ਦੇਹ ਟਿਕ ਗਈ ਸੀ ਪਰ ਕਰਤੇ ਦੀ ਬੇ-ਚੈਨ ਆਤਮਾ ਨੇ ਸੁਪਨੇ ਵਿਚ ਸ੍ਰੀ ਆਨੰਦਪੁਰ ਸਾਹਿਬ ਸਿਰਜ ਲਿਆ ਸੀ। ਕਿਲੇ ਦੇ ਬਾਹਰ ਦੁਸ਼ਮਣ ਦੀਆਂ ਅੱਖਾਂ ਚੁੰਧਿਆਉਂਦੀ ਸਿੰਘ ਸੂਰਮਿਆਂ ਦੀਆਂ ਤੇਗਾਂ ਦੀ ਲਿਸ਼ਕ ਸੀ,ਅਸਮਾਨ ਵਿਚ ਬਿਜਲੀ ਦੀ ਕੜਕ ਸੀ ਤੇ ਕਿਲੇ ਦੇ ਅੰਦਰ ਅਰਜ਼ ਗੁਜ਼ਾਰ ਰਹੇ ਸਿੰਘ ਸਨ-

"ਸੱਚੇ ਪਾਤਸ਼ਾਹ! ਘਨੱਈਏ ਮਾਸ਼ਕੀ ਨੂੰ ਬਰਜੋ। ਦੁਸ਼ਮਣਾਂ ਵੱਲ ਭੁਗਤਦੈ"।

ਜਾਣੀ ਜਾਣ ਪਾਤਸ਼ਾਹ ਮੁਸਕਰਾਏ ਸਨ। ਗਲ ਪੱਲੂ ਪਾਈ ਖੜ੍ਹੇ ਘਨੱਈਏ ਮਾਸ਼ਕੀ ਵੱਲ ਰਮਜ਼ੀਆ ਨਜ਼ਰ ਘੁਮਾਈ ਸੀ। ਸਿੰਘ ਨੂੰ ਅੱਗੇ ਬੋਲਣ ਲਈ ਇਸ਼ਾਰਾ ਕੀਤਾ ਸੀ-

"ਮੇਰੇ ਪਾਤਸ਼ਾਹ! ਅਸੀਂ ਜਾਨਾਂ ਹੂਲ ਕੇ ਦੁਸ਼ਮਣਾਂ ਨੂੰ ਜ਼ਖਮੀ ਕਰਦੇ ਹਾਂ। ਬੇ-ਦਮ ਕਰਦੇ ਹਾਂ। ਅਸੀਂ ਅਜੇ ਦੂਜੇ ਦੁਸ਼ਮਣ ਤਕ ਗਏ ਵੀ ਨੀ ਹੁੰਦੇ ਕਿ ਆਹ, ਘਨੱਈਆ ਉਹਨਾਂ ਨੂੰ ਪਾਣੀ ਪਿਲਾ ਕੇ ਮੁੜ ਤਾਜ਼ਾ ਦਮ ਕਰ ਦਿੰਦੈ। ਇੱਕੋ ਦੁਸ਼ਮਣ ਨੂੰ ਦੋ ਦੋ ਵਾਰ ਮਾਰਦੇ ਅਸੀਂ ਥੱਕੇ ਪਏ ਆਂ ਮੇਰੇ ਹਜ਼ੂਰ"। ਸਿੰਘ ਨੇ ਆਪਣੀ ਨਰਾਜ਼ਗੀ ਫਰਕਦੀਆਂ ਮੁੱਛਾਂ 'ਤੇ ਜੰਗ ਦਾ ਨਕਸ਼ਾ ਵਾਹੁੰਦੇ ਹੱਥਾਂ ਦੇ ਇਸ਼ਾਰਿਆਂ ਨਾਲ ਦਰਸਾਈ। ਦਰਬਾਰ ਵਿਚ ਸੰਨਾਟਾ ਛਾ ਗਿਆ। ਅਸਮਾਨ 'ਚ ਕੜਕਦੀ ਬਿਜਲੀ ਵੀ ਸੰਘਣੀ ਚੁੱਪ ਨੂੰ ਚੀਰ ਨਾ ਸਕੀ। ਬਾਜਾਂ ਵਾਲੇ ਨੇ ਬਾਂਹ 'ਤੇ ਬੈਠੇ ਬਾਜ਼ ਦੀ ਪਿੱਠ ਪਲੋਸੀ। ਮਿਹਰ ਦੀ ਨਜ਼ਰ 'ਚ ਸਵਾਲ ਭਰਕੇ ਘਨੱਈਏ ਵੱਲ ਵੇਖਿਆ। ਘਨੱਈਏ ਦੀਆਂ ਨਜ਼ਰਾਂ ਝੁਕ ਗਈਆਂ। ਬੁੱਲ੍ਹ ਫਰਕੇ ਪਰ ਆਵਾਜ਼ ਨਾ ਨਿਕਲ ਸਕੀ। ਝੁਕੀ ਗਰਦਨ ਮਾਮੂਲੀ ਜਿਹੀ ਹਿੱਲੀ। ਸਿਰਫ ਹਵਾ ਨੂੰ ਸੁਣਿਆ-

"ਜੀ ਸੱਚੇ ਪਾਤਸ਼ਾਹ! ਮੈਨੂੰ ਤਾਂ ਹਰ ਬਸ਼ਰ 'ਚੋਂ ਤੂੰ ਨਜ਼ਰ ਆਉਨੈ। ਤੇਰੀ ਰੂਹ ਦੇ ਦੀਦਾਰ ਹੁੰਦੇ ਨੇ...ਮੈਨੂੰ ਹੁਕਮ ਦੇਵੋ ਮੇਰੇ ਮਾਲਕ ਮੈਂ ਕੀ ਕਰਾਂ..." ਘਨੱਈਏ ਦਾ ਅਣਸੁਣਿਆ, ਅਣਬੋਲਿਆ ਸਵਾਲ ਬ੍ਰਹਿਮੰਡ 'ਚ ਗੂੰਜਿਆ...

...ਇਹੀ ਸਵਾਲ ਉਸ ਰਾਤ ਕਰਤੇ ਦੇ ਸੁਪਨੇ 'ਚ ਐਨੇ ਜ਼ੋਰ ਨਾਲ ਗੂੰਜਿਆ ਕਿ ਸੁੱਤਾ ਪਿਆ ਕਰਤਾ ਧੰਦਕ ਗਿਆ ਸੀ। ਪਸੀਨੋ ਪਸੀਨੀ ਹੋਏ ਕਰਤੇ ਨੇ ਪਾਸਾ ਪਰਤਿਆ ਤੇ ਫਿਰ ਸੁਪਨੇ ਦੀ ਧਰਤੀ ਨਾਲ ਜਾ ਟਕਰਾਇਆ ਸੀ। ਧਰਤੀ, ਜਿੱਥੇ ਅਜੇ ਵੀ ਘਨੱਈਆ ਗਲ਼ 'ਚ ਪੱਲੂ ਪਾਈ ਹੁਕਮ ਦੀ ਉਡੀਕ ਕਰ ਰਿਹਾ ਸੀ। ਫਰਕ ਸਿਰਫ ਇਹ ਸੀ ਕਿ ਇਸ ਵਾਰ ਸੁਪਨੇ ਦੀ ਇਸ ਜ਼ਮੀਨ 'ਤੇ ਘਨੱਈਏ ਦੇ ਨਾਲ ਹੀ ਗਲ਼ 'ਚ ਪੱਲੂ ਪਾਈਂ ਉਹ ਖੁਦ ਵੀ ਖੜ੍ਹਾ ਸੀ ਤੇ ਹੁਕਮ ਦੀ ਉਡੀਕ ਕਰ ਰਿਹਾ ਸੀ। ਬ੍ਰਹਿਮੰਡ 'ਚ ਗੂੰਜਦੇ ਸਵਾਲ ਦੀ ਧੁਨੀ ਉਹਨੂੰ ਵੀ ਸੁਣ ਰਹੀ ਸੀ। ਬ੍ਰਹਿਮੰਡ ਚੋਜੀ ਪ੍ਰੀਤਮ ਵੱਲ ਇਕ ਟੱਕ ਦੇਖ ਰਿਹਾ ਸੀ ਕਿਉਂਕਿ ਉਹ ਜਾਣਦਾ ਸੀ ਕਿ ਸਵਾਲ ਘਨੱਈਏ ਸਾਹਮਣੇ ਨਹੀਂ,ਗੁਰੂ ਸਾਹਮਣੇ ਸੀ। 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੀ ਅਗੰਮੀ ਰੀਤ ਤਿਆਗ ਕੇ ਜੰਗ ਜਿੱਤਣੀ ਸੀ ਜਾਂ ਫਿਰ ਰੀਤ ਜਿਊਂਦੀ ਰੱਖ ਕੇ ਇਕ ਇਕ ਦੁਸ਼ਮਣ ਨੂੰ ਕਈ ਕਈ ਵਾਰ ਮਾਰਨ ਦੀ ਚੁਣੌਤੀ ਕਬੂਲ ਕਰਨੀ ਸੀ। ਇਕ ਟੱਕ ਦੇਖਦੀ ਕਾਇਨਾਤ ਨੇ ਆਰਾਮ ਦੀ ਅਵਸਥਾ 'ਚ ਬੈਠੇ ਕਲਗੀਆਂ ਵਾਲੇ ਨੂੰ ਪਹਿਲਾਂ ਸਿੰਘ ਆਸਣ 'ਚ ਆਉਂਦੇ ਤੇ ਫਿਰ ਤਖਤ ਤੋਂ ਹੇਠ ਉਤਰਦੇ ਵੇਖਿਆ। ਦਰਬਾਰ 'ਚ ਟਾਵੀਂ ਟਾਵੀਂ ਆਉਂਦੀ ਸਾਹਾਂ ਦੀ ਆਵਾਜ਼ ਵੀ ਸੁਤੀ ਗਈ। ਸੰਗਤ ਘਨੱਈਏ ਨੂੰ ਗੁਰੂ ਜੀ ਵੱਲੋਂ ਮਿਲਣ ਵਾਲੀ ਸਜ਼ਾ ਦਾ ਅੰਦਾਜ਼ਾ ਲਾਉਂਦੀ ਰਹੀ। ਹਵਾ ਰੁਕ ਕੇ ਬਾਜ਼ਾਂ ਵਾਲੇ ਦੇ ਕੌਤਕੀ ਰੂਪ ਨੂੰ ਨਿਹਾਰਦੀ ਰਹੀ। ਸਮਾਂ, ਜੀਹਨੇ ਜੁਗਾਂ ਤਕ ਇਸ ਅਲੋਕਾਰ ਘੜੀ ਦਾ ਗਵਾਹ ਬਣਨਾ ਸੀ ਦੱਬੇ ਪੈਰੀਂ ਤੁਰਦਾ ਰਿਹਾ...

...ਪਾਤਸ਼ਾਹ ਘਨੱਈਏ ਦੇ ਸਾਹਮਣੇ ਇਕ ਪਲ ਰੁਕੇ। ਮਿਹਰ ਭਰੀ ਨਜ਼ਰ ਨੀਵੀਂ ਪਾਈ ਖੜ੍ਹੇ ਘਨੱਈਏ ਮਾਸ਼ਕੀ ਤੇ ਅੰਮ੍ਰਿਤ ਦੀ ਵਰਖਾ ਕਰਦੀ ਰਹੀ। ਫਿਰ ਗੁਰੂ ਜੀ ਦਾ ਸੱਜਾ ਹੱਥ ਉੱਪਰ ਉੱਠਿਆ, ਖੱਬੇ ਹੱਥ ਦੀ ਜੁੰਬਸ਼ ਦਾ ਇਸ਼ਾਰਾ ਸਮਝ ਕੇ ਬਾਜ਼ ਨੇ ਉਡਾਰੀ ਭਰੀ ਤੇ ਗੁਰੂ ਜੀ ਦੀ ਲਾਸਾਨੀ ਬੁੱਕਲ 'ਚ ਵਲ਼ਿਆ 'ਘਨੱਈਆ ਮਾਸ਼ਕੀ' ਸਦਾ ਲਈ 'ਭਾਈ ਘਨੱਈਆ' ਹੋ ਗਿਆ। ਇਤਿਹਾਸ ਨੇ ਵੇਖਣਾ ਸੀ ਕਿ ਉਸ ਘੜੀ ਤੋਂ ਬਾਅਦ ਸਿੱਖੀ ਦੇ ਖੱਬੇ ਮੋਢੇ ਲਟਕਦੀ ਮੱਛਕ 'ਚ ਦੁਸ਼ਮਣ ਲਈ ਪਾਣੀ ਹੀ ਨਹੀਂ ਸਗੋਂ ਸੱਜੇ ਮੋਢੇ ਝੂਲਦੇ ਖਜ਼ਾਨੇ 'ਚ 'ਮੱਲ੍ਹਮ ਪੱਟੀ' ਵੀ ਹੋਇਆ ਕਰਨੀ ਸੀ। ਮਹਾਨ ਗੁਰੂ ਨੇ ਅਜ਼ੀਮ ਫੈਸਲਾ ਸੁਣਾ ਦਿੱਤਾ ਸੀ। ਸੰਗਤ ਨੇ ਜੈਕਾਰਾ ਗਜਾਇਆ,"ਜੋ ਬੋਲੇ ਸੋ ਨਿਹਾਲ..."

...ਆਨੰਦਪੁਰ ਦੀ ਧਰਤੀ 'ਤੇ ਸਦੀਆਂ ਪਹਿਲਾਂ ਗੂੰਜਿਆ ਇਹ ਜੈਕਾਰਾ ਜਾਗ ਚੁੱਕੇ ਕਰਤੇ ਦੇ ਕੰਨਾਂ 'ਚ ਦੇਰ ਤਕ ਗੂੰਜਦਾ ਰਿਹਾ ਸੀ। ਉਹਦੇ ਅੰਦਰਲੇ ਸਿੱਖ ਅਤੇ ਭਰਾ ਨੂੰ ਲੜਦੇ ਛੱਡ ਕੇ, ਦੁਸ਼ਮਣਾਂ ਨੂੰ ਵੀ ਪਾਣੀ ਪਿਲਾਉਂਦੇ, ਮੱਲ੍ਹਮ ਪੱਟੀ ਕਰਦੇ ਭਾਈ ਘਨੱਈਏ ਨੇ ਉਹਨੂੰ ਬਾਹੋਂ ਫੜ ਉਠਾ ਲਿਆ ਸੀ। ਪ੍ਰੀਤਮ ਤਾਂ ਨਾ ਮੁਗਲ ਸੀ ਤੇ ਨਾ ਦੁਸ਼ਮਣ। ਪਹਿਲੇ ਫੌਡੇ 'ਤੇ ਪੈਰ ਧਰਦੇ ਕਰਤੇ ਨੂੰ ਗੁਰੂ ਜੀ ਦੀ ਬੁੱਕਲ ਦਾ ਨਿੱਘ ਮਹਿਸੂਸ ਹੋਇਆ। ਸੱਚੇ ਪਾਤਸ਼ਾਹ ਦਾ ਲੜ ਫੜ ਉਹ ਤਾਜ਼ੀ ਉਸਰੀ ਕੰਧ ਪ੍ਰੀਤਮ ਵਾਲੇ ਪਾਸੇ ਨੂੰ ਟੱਪ ਗਿਆ ਸੀ।

...ਕੰਧ ਜਿਵੇਂ ਸਰਹੱਦ ਸੀ। ਸਰਹੱਦੋਂ ਪਾਰ ਵਸਦੀ ਦੁਨੀਆਂ ਉਹ ਨਹੀਂ ਸੀ ਜਿਹਦੇ 'ਚੋਂ ਕਰਤਾ ਆਇਆ ਸੀ। ਸਰਹੱਦ ਦੇ ਇਸ ਪਾਰ ਗੁਰਬਤ ਦਾ ਵਾਸਾ ਸੀ। ਬੰਦ ਹੋ ਗਈ ਆਮਦਨ ਤੇ ਡਾਕਟਰਾਂ ਦੀਆਂ ਫੀਸਾਂ, ਦੁਆਈਆਂ ਨੇ ਘਰ ਦਾ ਮੂੰਹ ਦੂਜੇ ਪਾਸੇ ਲਾ ਦਿੱਤਾ ਸੀ।

ਪ੍ਰੀਤਮ ਦੇ ਦੋਵੇਂ ਮੁੰਡੇ ਤੇ ਉਹਨਾਂ ਦੀ ਮਾਂ ਪ੍ਰੀਤਮ ਦੇ ਮੰਜੇ ਦੁਆਲੇ ਬੈਠੇ ਸਨ। ਵੱਡਾ ਮੁੰਡਾ ਪ੍ਰੀਤਮ ਦੇ ਸਰ੍ਹਾਣੇ ਗੋਡੀ ਮਾਰੀਂ ਬੈਠਾ ਸੀ। ਗੁੱਛਾ-ਮੁੱਛਾ ਹੋਏ ਪਏ ਪ੍ਰੀਤਮ ਦੀਆਂ ਲੱਤਾਂ ਪੈਂਦ ਬੈਠੇ ਛੋਟੇ ਮੁੰਡੇ ਦੀ ਗੋਦੀ ਵਿਚ ਰੱਖੀਆਂ ਹੋਈਆਂ ਸਨ। ਉਹਨਾਂ ਦੀ ਮਾਂ ਇਕ ਪਾਸੇ ਪ੍ਰੀਤਮ ਦਾ ਦਿਨਾਂ ਵਿਚ ਹੀ ਚਿੱਟਾ ਹੋ ਗਿਆ ਸਿਰ ਫੜੀ ਬੈਠੀ ਸੀ। ਮੋਮਬੱਤੀ ਦੇ ਮੱਧਮ ਜਿਹੇ ਚਾਨਣ ਵਿਚ ਉਹ ਕਰਤੇ ਨੂੰ ਭੂਤਾਂ ਵਰਗੇ ਲੱਗੇ। ਉਹਨੂੰ ਪਹਿਲੀ ਵਾਰ ਪ੍ਰੀਤਮ ਦੇ ਘਰ ਦੀ ਬਿਜਲੀ ਕੱਟੀ ਗਈ ਹੋਣ ਦਾ ਅਹਿਸਾਸ ਹੋਇਆ। ਗ਼ਰੀਬੀ ਦੀ ਜਿਸ ਗਾਰ ਵਿਚ ਇਸ ਲੜਾਈ ਨੇ ਪ੍ਰੀਤਮ ਦੇ ਟੱਬਰ ਨੂੰ ਧੱਕ ਦਿੱਤਾ ਸੀ, ਉਹਦੇ ਪਹਿਲੇ ਦ੍ਰਿਸ਼ ਨੇ ਹੀ ਕਰਤੇ ਦੇ ਹੋਸ਼ ਉਡਾ ਦਿੱਤੇ। ਅੱਖਾਂ ਘੱਟ ਰੌਸ਼ਨੀ 'ਚ ਦੇਖਣ ਦੀਆਂ ਆਦੀ

ਹੋਈਆਂ ਤਾਂ ਕਰਤਾ ਮੰਜੇ ਦੇ ਨੇੜੇ ਹੋਇਆ। ਪ੍ਰੀਤਮ ਦੀ ਘਰਵਾਲੀ ਨੇ ਪੈੜਚਾਲ ਸੁਣਕੇ ਸਿਰ ਚੁੱਕਿਆ ਪਰ ਕਰਤੇ ਨੂੰ ਪਛਾਣਿਆ ਨਾ। ਤਖਤੇ ਖੜਕੇ। ਕੁੰਡਾ ਖੋਲ੍ਹਣ ਉੱਠੇ ਵੱਡੇ ਮੁੰਡੇ ਨੇ ਕਰਤੇ ਵੱਲ ਓਪਰਿਆਂ ਵਾਂਗ ਵੇਖਿਆ ਤੇ ਈਸ਼ਵਰੀ ਨੂੰ ਅੰਦਰ ਲੈ ਆਇਆ। ਬਿਨਾਂ ਕਿਸੇ ਨਾਲ ਬੋਲ ਸਾਂਝਾ ਕੀਤੇ ਈਸ਼ਵਰੀ ਨੇ ਕੋਲ਼ੇ ਓਹਲੇ ਖੜ੍ਹੀ ਪੀੜ੍ਹੀ ਚੁੱਕੀ ਤੇ ਪ੍ਰੀਤਮ ਦੇ ਸਰ੍ਹਾਣੇ ਬੈਠ ਉਹਦਾ ਸਿਰ ਜ਼ਰਾ ਕੁ ਉੱਪਰ ਸਾਹ ਲਿਆ। ਪ੍ਰੀਤਮ ਨੇ ਅੱਖਾਂ ਖੋਲ੍ਹ ਕੇ ਪਹਿਲਾਂ ਈਸ਼ਵਰੀ ਤੇ ਫਿਰ ਕਰਤੇ ਵੱਲ ਵੇਖਿਆ। ਕਰਤਾ ਸਮਝ ਗਿਆ ਈਸ਼ਵਰੀ ਪਹਿਲਾਂ ਵੀ ਏਧਰ ਆਉਂਦੀ ਰਹੀ ਸੀ।

ਪ੍ਰੀਤਮ ਦੀ ਭਟਕਦੀ ਨਿਗ੍ਹਾ ਕਰਤੇ 'ਤੇ ਆ ਕੇ ਸਥਿਰ ਹੋ ਗਈ। ਪ੍ਰੀਤਮ ਦੇ ਨਾਂ-ਮਾਤਰ ਰਹਿ ਗਏ ਸਿਆਹ ਕਾਲੇ ਬੁੱਲ੍ਹਾਂ 'ਤੇ ਹਲਕੀ ਜਿਹੀ ਮੁਸਕਾਨ ਉਭਰੀ। ਫਿਰ ਚਿਹਰਾ ਅਚਾਨਕ ਵੱਟਿਆ ਗਿਆ। ਬੁੱਲ੍ਹ ਮਰੋੜਾ ਖਾ ਗਏ। ਅੱਖਾਂ ਇਕ ਦਮ ਸੁੰਗੜ ਕੇ ਬੰਦ ਹੋ ਗਈਆਂ। ਚੀਕ ਐਨੇ ਜ਼ੋਰ ਨਾਲ ਗੂੰਜੀ ਕਿ ਕਰਤਾ ਧੰਦਕ ਕੇ ਪਿੱਛੇ ਹਟ ਗਿਆ। ਪ੍ਰੀਤਮ ਦੀ ਦੇਹ ਮੰਜੇ ਦੇ ਵਿਚਾਲੇ 'ਕੱਠੀ ਹੋ ਗਈ। ਪੈਂਦ ਬੈਠੇ ਛੋਟੇ ਨੇ ਨਰਮਾਈ ਨਾਲ ਪ੍ਰੀਤਮ ਦੀਆਂ ਲੱਤਾਂ ਸਿੱਧੀਆਂ ਕੀਤੀਆਂ। ਈਸ਼ਵਰੀ ਨੇ ਸੇਰਵੇ ਤੋਂ ਹੇਠ ਲੁਕ੍ਰਕ ਗਈ ਪ੍ਰੀਤਮ ਦੀ ਗਰਦਨ ਉੱਤੇ ਚੁੱਕੀ ਤੇ ਮੰਜੇ 'ਤੇ ਆ ਬੈਠੀ। ਪ੍ਰੀਤਮ ਸਿੱਧਾ ਹੁੰਦਾ ਤਾਂ ਮੁੰਡਾ ਲੱਤਾਂ ਸਿੱਧੀਆਂ ਕਰ ਦਿੰਦਾ। ਅਗਲੇ ਸਾਹ ਪ੍ਰੀਤਮ ਹੋਰ ਜ਼ੋਰ ਨਾਲ ਚੀਕਦਾ ਤੇ ਦੇਹ ਚਾਕੂ ਵਾਂਗ 'ਕੱਠੀ ਹੋ ਜਾਂਦੀ। ਪ੍ਰੀਤਮ ਢਿੱਡ 'ਚ ਮੁੱਕੀਆਂ ਮਾਰਨ ਦੀ ਕੋਸ਼ਿਸ਼ ਕਰਦਾ ਤਾਂ ਵੱਡੇ ਮੁੰਡੇ ਦੇ ਹੱਥ 'ਚ ਫੜੀਆਂ ਚਰਬੀ ਤੋਂ ਖਾਲੀ ਬਾਹਾਂ ਉੱਤੇ ਨਾੜਾਂ ਸੂਤ ਭਰ ਉੱਭਰ ਆਉਂਦੀਆਂ। ਗਰਦਨ ਦੀਆਂ ਸੂਤੀਆਂ ਨਾੜਾਂ ਫੜੱਕ ਫੜੱਕ ਵੱਜਦੀਆਂ। ਉਹ ਚਾਰੇ ਜਣੇ ਤੋੜ ਤੋੜ ਸਿੱਟਦੇ ਪ੍ਰੀਤਮ ਦੀ ਤੜਪਦੀ ਦੇਹ ਨਾਲ ਕਿੰਨਾ ਚਿਰ ਘੁਲ਼ਦੇ ਰਹੇ-

"ਕੋਈ ਟੀਕਾ ਟੂਕਾ?" ਕਰਤੇ ਦੇ ਅੰਦਰੋਂ ਡਰੀ ਹੋਈ ਆਵਾਜ਼ ਆਈ। ਉਹਦੀ ਗੱਲ ਬਹੁੜੀਆਂ ਪਾਉਂਦੇ ਪ੍ਰੀਤਮ ਦੀ ਲੇਰ ਵਿਚ ਖੋ ਗਈ-

"ਮੇਰੇ ਦੁਆ ਟੀਕਾ ਲੁਆਦੇ ਓਏ ਕਰਤਿਆ ਵੀਰਾ। ਮੈਨੂੰ ਛੁਡਾ ਦੇ ਓਏ ਇਹਨਾ ਜਮਾਂ ਤੋਂ..."।

ਜਦ ਤਕ ਪ੍ਰੀਤਮ ਟਿਕਿਆ, ਕਰਤਾ ਪਸੀਨੋ ਪਸੀਨੀ ਹੋ ਗਿਆ। ਇਕ ਟੱਕ ਦੇਖਦੇ ਪ੍ਰੀਤਮ ਦੀ ਨਿਗ੍ਹਾ ਉਹਤੋਂ ਝੱਲ ਨਾ ਹੋਈ। ਪਤਾ ਨੀ ਕਦੋਂ ਥੰਮ੍ਹੀ ਨਾਲ ਆ ਲੱਗੀ ਉਹਦੀ ਦੇਹ ਦਾ ਤਣਾਅ ਭੋਰਾ ਕੁ ਘਟਿਆ ਤਾਂ ਧੁਆਂਖੀਆਂ ਕੜੀਆਂ 'ਚੋਂ ਲਟਕਦੇ ਜਾਲੇ ਉਹਦੀ ਰੂਹ ਦੁਆਲੇ ਵਲ਼ੇ ਗਏ। ਆਪਣੇ ਪੱਕੇ ਤੇ ਰੌਸ਼ਨ ਘਰ 'ਚ ਉਹ ਕਿਹੜੇ ਪ੍ਰੀਤਮ ਨਾਲ ਲੜਦਾ ਰਿਹਾ? ਕੀਹਦੇ ਵਿਰੋਧ 'ਚ ਉਹ ਐਨੇ ਮਹੀਨੇ ਆਪਣੀਆਂ ਤਲਵਾਰਾਂ ਵਾਹੁੰਦਾ ਰਿਹਾ? ਉਹਦਾ ਉਹ ਭਰਾ ਤਾਂ ਲੜਾਈ ਦੇ ਹੋਰ ਮੈਦਾਨ ਵਿਚ ਜੂਝ ਰਿਹਾ ਸੀ ਤੇ ਹਾਰ ਰਿਹਾ ਸੀ। ਲੜਾਈ ਦੇ ਹਥਿਆਰ ਕਰਤੇ ਸਾਹਮਣੇ ਤਾਣੇ ਪਏ ਸਨ। ਪ੍ਰੀਤਮ ਦੇ ਸਰ੍ਹਾਣੇ ਪਈ ਗੁੱਗਲ ਵਾਲੀ ਚੱਪਣੀ ਤੇ ਹਲਦੀ 'ਚ ਲਿਬੜੇ ਮੋਰ ਦੇ ਖੰਭ ਕਰਤੇ ਦੀ ਰੂਹ 'ਚ ਡੂੰਘੇ ਜਾ ਖੁਭੇ। ਐਨੇ ਡੂੰਘੇ ਕਿ ਪਹੁ ਫਟਣ ਤੋਂ ਥੋੜ੍ਹੀ ਦੇਰ ਪਹਿਲਾਂ ਪ੍ਰੀਤਮ ਦੀ ਘਰਵਾਲੀ ਦੇ ਕੀਰਨੇ ਨੇ ਖਿੱਚ ਕੇ ਕੱਢੇ-

"ਮੈਂ ਹੁਣ ਤੈਨੂੰ ਕਿੱਥੋਂ ਭਾਲ ਲਿਆਵਾਂ ਵੇ ਮੇਰਿਆ ਰਾਣਿਆ..."।

...ਦੋ ਦਿਨ ਤੇ ਕੀਰਨੇ ਤੋਂ ਕੀਰਨੇ ਦੇ ਸਫਰ ਨੇ ਕਰਤੇ ਦੀ ਜ਼ਿੰਦਗੀ ਬਦਲ ਦਿੱਤੀ ਸੀ। ਪ੍ਰੀਤਮ ਪ੍ਰਤੀ ਗੁੱਸਾ ਉਹਦੀ ਚਿਤਾ ਦੀ ਅੱਗ ਵਿਚ ਪਿਘਲ ਗਿਆ ਸੀ। ਪੰਥ 'ਚੋਂ ਛੇਕੇ ਹੋਏ 'ਪ੍ਰੇਮੀ' ਪ੍ਰੀਤਮ ਦੀ ਮਜ਼ਲ ਜਾਂਦੇ ਤੇ ਉਹਦੀ ਚਿਤਾ ਕੋਲ ਖੜ੍ਹਕੇ ਪ੍ਰੀਤਮ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਦੇ ਵਕਤ ਉਹਦੇ ਅੰਦਰ ਜਿਹੜਾ ਭੈਅ ਸੀ ਉਹ ਹੁਣ ਨਹੀਂ ਸੀ। ਕਰਤੇ ਨੂੰ 'ਸਿੱਖੀ' ਦੀ ਸਮਝ 'ਪੁੱਠੇ ਪਾਸਿਓਂ' ਆਉਣ ਲੱਗ ਪਈ ਸੀ। ਇਸ਼ਨਾਨ ਕਰ ਕੇ,ਨਿਤਨੇਮ ਨਾਲ ਸ਼ੁੱਧ ਹੋਏ ਹਿਰਦੇ 'ਚ ਗੁਰਮੀਤ ਰਾਮ ਰਹੀਮ ਸਿੰਘ ਨਾਲ ਤਾਂ ਕੁੜੱਤਣ ਬਣੀ ਰਹੀ ਪਰ ਪ੍ਰੀਤਮ ਵਰਗੇ 'ਮੁਕਤੀ' ਲਈ ਭੱਠ ਝੋਕਦੇ ਲੋਕਾਂ ਲਈ ਮਨ ਤਰਲ ਹੋ ਗਿਆ। ਪਹਿਲੀ ਵਾਰ ਉਹਦੇ ਸਮਝ ਆ ਰਿਹਾ ਸੀ ਕਿ ਜਦੋਂ ਗੁੱਸੇ 'ਚ ਆਇਆ ਪ੍ਰੀਤਮ ਗੁਰਦਵਾਰੇ ਵਿਚ ਹੋ ਰਹੇ ਵਿਤਕਰੇ ਤੇ ਇਤਰਾਜ਼ ਕਰਦਾ ਤੇ ਭਾਗ ਸਿੰਘ ਨੂੰ ਪ੍ਰਧਾਨ ਕਹਿਣ ਦੀ

ਥਾਂ 'ਮਲਿਕ ਭਾਗੋ' ਕਹਿੰਦਾ ਤਾਂ ਉਹਦੀ ਗੱਲ ਕਿੰਨੀ ਠੀਕ ਹੁੰਦੀ ਸੀ ।ਪਰ ਉਹਨਾਂ ਦਿਨਾਂ ਵਿਚ,ਜਦੋਂ ਗੁਰੂ ਘਰ ਲਈ ਮੋਤੀ ਮਹਿਰੇ ਦੀ ਕੁਰਬਾਨੀ ਅਤੇ ਆਪਣੀ ਕੁੱਲ ਦਾ ਅਹਿਸਾਸ ਅਜੇ ਬਣਿਆ ਹੋਇਆ ਸੀ, ਭਾਗ ਸਿੰਘ ਵਰਗਿਆਂ ਦੇ ਪ੍ਰਕਾਸ਼ ਕੀਤੇ ਦਾਹੜਿਆਂ 'ਚੋਂ ਉਹਨੂੰ ਮੋਤੀ ਮਹਿਰੇ ਦੀ ਸੂਰਤ ਦਿਸਦੀ।ਪ੍ਰੀਤਮ ਨੇ ਇਕੋ ਝਟਕੇ ਨਾਲ ਸਭ ਕੁਝ ਤੋੜ ਦਿੱਤਾ ਸੀ। ਅੰਮ੍ਰਿਤਧਾਰੀ ਹੋਣ ਦੀ ਤਿਆਰੀ 'ਚ ਸਜਾਏ ਹੋਏ 'ਕਕਾਰਾਂ' ਨਾਲ ਦਿਸਦੀ ਵਿਲੱਖਣਤਾ ਦਾ ਕਰਤੇ ਦੁਆਲੇ ਬਣਿਆ ਤਲਿਸਮ ਉਸ ਝਟਕੇ ਨਾਲ ਵੀ ਨਹੀਂ ਸੀ ਟੁੱਟਿਆ।ਮਨੋ ਮਨੀ ਬਖਸ਼ੇ ਗਿਆਨੀ ਦੇ ਵਾਰਿਸਾਂ ਦਾ ਸਾਹਮਣਾ ਕਰਨ ਦੀ ਤਿਆਰੀ ਕਰਦੇ ਕਰਤੇ ਨੂੰ ਉਹ ਸਾਰਾ ਦ੍ਰਿਸ਼ ਹੁਣ ਹੋਰ ਤਰ੍ਹਾਂ ਦਿਸਿਆ...

... ਸਕੂਲ ਵੱਲੋਂ ਆਰੰਭੀ 'ਚੂਹੇ ਮਾਰ' ਮੁਹਿੰਮ ਚੱਲ ਰਹੀ ਸੀ। ਤ੍ਰੇਲੀਆਂ ਕਣਕਾਂ ਵਿਚ ਚੂਹਿਆਂ ਦੀਆਂ ਖੱਡਾਂ ਭਾਲਕੇ ਕਰਤੇ ਹੋਰੀਂ ਗੋਲੀਆਂ ਰੱਖਦੇ। ਅਠਖੇਲੀਆਂ ਕਰਦੇ। ਠੰਡੀ ਧਰਤੀ,ਆਲੇ ਦੁਆਲੇ ਹਰੀ ਕਚੂਰ ਕਣਕ, ਉਪਰ ਨਿੱਘੀ ਧੁੱਪ ਤੇ ਕੁੱਝ "ਵੱਡਾ' ਕਰਦੇ ਹੋਣ ਦਾ ਅਗੰਮੀ ਅਹਿਸਾਸ। ਕਰਤੇ ਹੋਰੀਂ ਉੱਡੇ ਫਿਰਦੇ। 'ਹੋਣ' ਦੇ ਚਾਅ ਨਾਲ ਭਰੇ ਹੋਏ। ਕਿਸੇ ਖੇਤ ਚੋਂ ਗੰਨਾ ਭੰਨਦੇ,ਕਿਸੇ ਘੁਲਾੜੀ ਤੋਂ ਤੱਤਾ ਤੱਤਾ ਲਾਲਾ ਉੱਂਗਲੀਆਂ ਨਾਲ ਲਪੇਟ ਲਪੇਟ ਖਾਂਦੇ।

ਬਖਸ਼ੇ ਗਿਆਨੀ ਕੇ ਖੰਡ ਕੱਢ ਕੇ ਹਟੇ ਸਨ। ਧੁੱਪ ਵਿਚ ਲਿਸ਼ਕੋਰਾਂ ਮਾਰਦੀ ਖੰਡ ਨੇ ਕਰਤੇ ਹੋਰਾਂ ਦੀ ਟੋਲੀ ਆਪਣੇ ਵੱਲ ਖਿੱਚ ਲਈ। ਦੋਵਾਂ ਜੱਟਾਂ ਦੇ ਮੁੰਡਿਆਂ ਦੀ ਰੀਸ ਕਰਤੇ ਨੇ ਵੀ ਖੰਡ ਦੀ ਮੁੱਠੀ ਭਰ ਲਈ-

"ਖੰਡ ਰੱਖ ਓਏ ਝਿਊਰਾ! ਤੇਰੇ ਬੁੜ੍ਹੇ ਆਲ਼ੀ ਐ? ਭਰਲੀ ਮੁੱਠੀ।ਸਾਲ਼ੀ ਬਾਂਦਰ ਜਾਤ", ਗਿਆਨੀਆਂ ਦਾ ਬੁੜ੍ਹਾ ਐਂ ਟੁੱਟ ਕੇ ਪਿਆ ਬਈ ਕਰਤੇ ਦੀ ਮੁੱਠੀ 'ਚੋਂ ਖੰਡ ਆਪੇ ਕਿਰ ਗਈ ਤੇ ਪ੍ਰੀਤਮ ਨੇ ਸੁੱਟ ਦਿੱਤੀ-

"ਕਿਉਂ ਲੈ ਲਿਆ ਸੁਆਦ? ਹੋਰ ਬਣ ਸਿੱਖ", ਪ੍ਰੀਤਮ ਨੇ ਕਰਤੇ ਨੂੰ ਕਿਹਾ ਸੀ-

"ਲੈ! ਇਹਦਾ ਸਿੱਖੀ ਨਾਲ ਕੀ ਸਬੰਧ ਐ ਭਲਾਂ !" ਕਰਤੇ ਨੇ ਗੱਲ ਆਈ ਗਈ ਕਰ ਦਿੱਤੀ ਸੀ। ਗਿਆਨੀਆਂ ਦੇ ਖੇਤ 'ਚੋਂ ਭੱਜੇ ਪ੍ਰੀਤਮ ਨੇ ਪ੍ਰੇਮੀ ਬਣਕੇ ਸਾਹ ਲਿਆ ਸੀ। ਪਰ ਛੇਤੀ ਹੀ ਪ੍ਰੀਤਮ ਨੂੰ 'ਪ੍ਰੇਮੀਆਂ' ਦਾ ਵੀ 'ਦੂਆ' ਪਾਸਾ ਦਿਸ ਗਿਆ ਸੀ। ਕਿਸੇ ਵੇਲੇ ਸੁਭਾਵਕ ਕਹੀ ਉਹਦੀ ਗੱਲ ਦੇ ਅਰਥ ਕਰਤੇ ਦੇ ਹੁਣ ਸਮਝ ਆ ਰਹੇ ਸਨ-

"ਊਂ ਤਾਂ ਕਰਤਿਆ ਸਾਰੇ ਪਾਸੇ ਇਕੋ ਹਵਾ ਵਗਦੀ ਐ। ਤਕੜੇ ਦੀ ਦਾਬ ਐ। ਤੈਨੂੰ ਸਿੱਖ ਝਿਊਰ ਕਹਿ ਕਹਿ ਦਬੱਲੀਂ ਫਿਰਦੇ ਨੇ। ਸਾਡਿਆਂ ਨੇ ਦੇਖਲੈ 'ਭੰਗੀਦਾਸ' ਬਣਾਉਣਾ ਤੀ,ਚੌਧਰੀ ਨੂੰ ਬਣਾਇਐ। ਜਿਹਨਾਂ ਨੇ ਭਰਤ ਪਾਉਣ ਲਈ ਟਿੱਬਿਆਂ ਦੇ ਟਿੱਬੇ ਢੋ'ਤੇ, ਅਜੇ ਵੀ ਟੋਕਰੀ ਚੁੱਕੀਂ ਫਿਰਦੇ ਨੇ। ਮੇਰਾ ਤਾਂ ਜੀਅ ਕਰਦੈ ਕਿਸੇ ਨਾ ਕਿਸੇ ਪਿਤਾ ਜੀ ਤਕ ਪੁਚਾਮਾਂ ਇਹ ਗੱਲ ਬਈ ਹੇਠ ਆਹ ਸੁਆਹ ਉਡਦੀ ਐ", ਪ੍ਰੀਤਮ ਚੁੱਪ ਹੋਇਆ ਤਾਂ ਕਰਤੇ ਦੇ ਅੰਦਰੋਂ ਕਾਮਰੇਡ ਏਕਤਾ ਬੋਲ ਪਿਆ- "ਕਿਤੇ ਦੇਖਲੋ ਕਿਰਤੀ ਸਾਹਬ,ਖਾਧੀ ਤਾਂ ਗਰੀਬ ਦੀ ਦੇਹ ਜਾਣੀ ਐ।ਆਹ ਥੋਡੇ ਸਾਹਮਣੇ ਐ"- ਸਾਹਮਣੇ ਉਸਰ ਰਹੇ ਡੇਰੇ ਵੱਲ ਇਸ਼ਾਰਾ ਕਰਕੇ ਕਰਤੇ ਨੂੰ ਇਕ ਵਾਰ ਕਾਮਰੇਡ ਨੇ ਕਿਹਾ ਸੀ-

"ਸਾਰੀ ਉਮਰ ਰਿਸ਼ਵਤ ਖਾ ਕੇ ਜੱਜ ਸਾਹਬ ਐਥੇ ਉੱਂਗਲੀ ਘਮਾਉਣ ਆ ਲੱਗੇ। ਆਪਣੇ ਵਿਹੜੇ ਆਲਿਆਂ ਨੂੰ ਦੁਆਨੀ ਨੀ ਮਿਲਣੀ ਮਿਹਨਤ ਦੀ। ਜੱਜ ਦੇ ਗੋਗੇ ਅੱਡ ਗੌਣਗੇ...ਚੈਕਿੰਗ ਤੇ ਕਦੇ ਕਰਨਲ ਸਾਹਬ ਕਦੇ ਜਰਨਲ ਸਾਹਬ। ਮੁਫਤ ਕੰਮ ਕਰਨ ਆਲਿਆਂ ਦੀ ਵੀ ਹਾਜ਼ਰੀ ਲਗਦੀ ਐ...ਸਭ ਕੁਸ਼ ਰੱਬ ਦੇ ਨਾਂ ਹੇਠ ਹੁੰਦੈ ਪਰ ਜਾਹ ਜੇ ਕਦੇ ਰੱਬ ਦਾ ਨਾਉਂ ਲੈ ਲੈਣ...",ਕਰਤਾ ਕਾਮਰੇਡ ਦੀ ਗੱਲ ਨੂੰ ਆਪਣੇ ਹੱਕ 'ਚ ਖੜ੍ਹਾ ਕੇ ਪ੍ਰੇਮੀਆਂ ਤੇ ਹੋਰ ਡੇਰਿਆਂ ਵਿਚ ਜਾਤ-ਪਾਤ ਦੇ ਫਰਕ ਬਾਰੇ ਬੋਲਦਾ ਰਿਹਾ ਸੀ। ਪਰ ਪ੍ਰੀਤਮ ਕਿਵੇਂ ਵੀ ਪੰਥ ਵਿਚ ਵਾਪਸ ਆਉਣਾ ਨੀ ਸੀ ਮੰਨਿਆ।

'ਊਂ ਤਾਂ ਆ ਵੀ ਜਾਂਦਾ,ਐਧਰ ਕਿਹੜਾ ਹੋਰ ਰੱਬ ਤੀ', ਹੌਲ਼ੀ ਹੌਲ਼ੀ ਖੁਲ੍ਹਦੇ ਦਰ ਵੱਲ ਦੇਖਦਿਆਂ ਕਰਤੇ ਨੇ ਸੋਚਿਆ,'ਓਹੀ ਰਾਜ ਦਲਾਲ ਓਧਰ ਤੀ,ਓਹੀ ਰਾਜ ਦਲਾਲ ਐਧਰ ਮੂਹਰੇ ਖੜ੍ਹੈ'।

ਅੰਦਰ ਆਉਣ ਵਾਲੀ ਈਸ਼ਵਰੀ ਨਹੀਂ ਸੀ,ਜਿਵੇਂ ਕਰਤੇ ਨੇ ਸੋਚਿਆ ਸੀ। ਢੋਲਕ ਮਾਸਟਰ ਨਿਧਾਨ ਸਿਓਂ ਸੀ। ਕੱਲ੍ਹ ਦੇ ਵਾਂਢੇ ਗਏ ਨੂੰ ਉਹਨੂੰ ਪ੍ਰੀਤਮ ਦੀ ਮੌਤ ਦੀ ਖਬਰ ਤੇ ਦਰਵਾਜੇ ਹੋਣ ਵਾਲੇ 'ਕੱਠ ਦਾ ਪਤਾ ਘਰ ਆਏ ਨੂੰ ਹੀ ਲੱਗਿਆ ਸੀ। ਮੁੰਡਿਆਂ ਤੇ ਘਰ ਵਾਲੀ ਦੇ ਰੋਕਦੇ ਰੋਕਦੇ ਵੀ ਉਹ ਤੁਰ ਆਇਆ ਸੀ।

"ਕਿਵੇਂ ਕਰਨੈ ਫੇਰ!", ਕਰਤੇ ਦੀ ਥਾਂ ਉਹਨੇ ਹੁਣੇ ਆਈ ਈਸ਼ਵਰੀ ਨੂੰ ਪੁੱਛਿਆ। ਕਰਤੇ ਦੇ ਉਤਰੇ ਹੋਏ ਚਿਹਰੇ ਦੇ ਮੁਕਾਬਲੇ ਈਸ਼ਵਰੀ ਉਹਨੂੰ ਜ਼ਰਾ ਟਹਿਕ 'ਚ ਲੱਗੀ।

"ਤੂੰ ਹਾਜਰੀ ਖਾਧੀ ਹੋਈ ਐ?", ਈਸ਼ਵਰੀ ਨੇ ਕਰਤੇ ਵੱਲ ਦੇਖਦਿਆਂ ਨਿਧਾਨ ਸਿਓਂ ਨੂੰ ਪੁੱਛਿਆ। ਸਾਫ ਤੌਰ 'ਤੇ ਉਹਦੇ ਸਵਾਲ ਤੇ ਨਿਰਣਾ ਲੈਣ ਦੀ ਜ਼ਿੰਮੇਵਾਰੀ ਉਹਨੇ ਕਰਤੇ ਤੇ ਪਾ ਦਿੱਤੀ ਸੀ। ਕਮਰਕਸਾ ਕਰਦਾ ਕਰਤਾ ਚੁੱਪ ਸੋਚਦਾ ਰਿਹਾ।

"ਦੇਖ ਲੈ! ਮੈਨੂੰ ਲਗਦੈ ਇਹ ਲੜਾਈ ਲੰਬੀ ਚੱਲੂ। ਬੜੇ ਬੁਰੇ ਦਿਨ ਆਉਣਗੇ ਇਹਦੇ 'ਚ। ਤੇਰੀ ਪਾਰਟੀ ਦਾ ਮਸਲਾ ਵੀ ਵਿਚ ਆਊ"- ਨਿਧਾਨ ਸਿੰਘ ਹੋਰੀਂ 'ਅਕਾਲੀਆਂ ਦੇ' ਵੱਜਦੇ ਸਨ।

"ਮੈਂ ਮੇਰਾ ਨੀ ਤੇਰਾ ਪ੍ਰੋਗਰਾਮ ਪੁੱਛਿਐ"-

"ਮੇਰਾ ਪ੍ਰੋਗਰਾਮ ਤਾਂ ਅਗਲੇ ਬਣਾਈ ਬੈਠੇ ਨੇ", ਕਰਤੇ ਨੇ ਦਰ ਖੋਲ੍ਹਦਿਆਂ ਕਿਹਾ। ਪਹਿਲਾਂ ਨਿਧਾਨ ਸਿਓਂ ਤੇ ਫੇਰ ਦਰ ਓੜਕਦੀ ਈਸ਼ਵਰੀ ਕਰਤੇ ਦੇ ਮਗਰ ਹੋ ਲਏ। ਦਰਵਾਜ਼ੇ ਤਕ ਆਉਂਦੇ ਆਉਂਦੇ ਕਰਤੇ ਦਾ ਧੀਰਜ ਡੋਲਣ ਲੱਗ ਪਿਆ। ਉਹਦੇ ਅੰਦਰ ਚਲਦਾ 'ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ' ਦਾ ਜਾਪ ਉਹਨੂੰ ਪਤਾ ਨੀ ਕਦੋਂ ਵਿਸਰ ਗਿਆ। ਸੁੰਨਮਸਾਨ ਦਿਸਦੀ ਗਲੀ ਵਿਚ ਉਹਨਾਂ ਤਿੰਨਾਂ ਦੀ ਪੈੜਚਾਲ ਨੇ ਉਹਦੇ ਅੰਦਰ ਹੌਲ ਪੈਣ ਲਾ ਦਿੱਤਾ। ਅਕਾਲ ਤਖਤ ਸਾਹਿਬ ਦੀ ਹੁਕਮ ਅਦੂਲੀ ਦਾ ਅਹਿਸਾਸ ਪੂਰੀ ਸ਼ਿੱਦਤ ਨਾਲ ਜਾਗਿਆ। ਇਸ ਦਰਵਾਜੇ 'ਚੋਂ ਲੰਘਦਿਆਂ ਸੰਗਤ ਨੇ ਹਮੇਸ਼ਾ ਉਹਨੂੰ ਮਾਣ ਬਖਸ਼ਿਆ ਸੀ। ਦਰਵਾਜ਼ੇ ਦੇ ਅੰਦਰਵਾਰ ਬਣੀਆਂ ਚੌਕੜੀਆਂ 'ਤੇ ਉਹਨੇ ਬਚਪਨ ਵਿਚ ਬੜੀ 'ਉਚਕ-ਨੀਚਕ' ਖੇਡੀ ਸੀ। ਇਸ ਦਰਵਾਜ਼ੇ ਵਿਚੀਂ ਹੀ ਅਜੇ ਕੱਲ੍ਹ ਉਹ ਆਪਣੇ ਭਰਾ ਦੀ ਅਰਥੀ ਲੈ ਕੇ ਲੰਘਿਆ ਸੀ ਤੇ ਅੱਜ,ਹੁਣ ਉਹ ਹੀ ਕਰਤਾ,ਕਿਰਤੀ ਸਾਹਬ,ਜਿਹੜਾ ਆਪਣੇ ਆਪ ਨੂੰ ਮੋਤੀ ਮਹਿਰੇ ਦਾ ਵਾਰਿਸ ਕਹਿੰਦਾ ਸੀ,ਗਲ਼ ਚ ਪੱਲੂ ਪਾਈ ਗੁਨਾਹਗਾਰ ਬਣਕੇ ਜਾ ਰਿਹਾ ਸੀ। ਹੌਲੀ ਹੋ ਗਏ ਉਹਦੇ ਕਦਮ ਕਦੇ ਪਿੱਛੇ ਮੁੜਨ ਦੀ ਸੋਚਦੇ ਤੇ ਕਦੇ 'ਬੱਜਰ ਗੁਨਾਹ' ਦੇ ਭਾਰ ਹੇਠ ਦਬਿਆ ਉਹਦਾ ਮਨ 'ਖਿਮਾ-ਜਾਚਨਾ' ਦੀ ਦੁਹਾਈ ਦਿੰਦਾ।

ਉਹਨਾਂ ਦੀ ਪੈੜਚਾਲ ਸੁਣ ਕੇ ਪ੍ਰਧਾਨ ਅਤੇ ਦਲਾਲ ਦੇ ਹਮਾਇਤੀਆਂ ਦੀਆਂ ਕੇਸਰੀ ਪੱਗਾਂ ਭੰਡਿਆਂ ਵਾਂਗ ਝੁਲੀਆਂ-

"ਲਓ ਜੀ ਆ ਗਏ ਪੰਥ ਦੇ ਗੁਨਾਹਗਾਰ।ਪ੍ਰਧਾਨ ਜੀ ਚਲਾਓ ਮੁਕੱਦਮਾ"।ਕਰਤੇ ਨੂੰ ਦਰਵਾਜਾ ਵੜਦੀ ਸਾਰ ਮੇਜਰ ਕੱਬੇ ਦੀ ਆਵਾਜ਼ ਸੁਣੀ," ਅਰਦਾਸ ਕਰਦੇ ਫਿਰਦੇ ਨੇ..."

"ਤੂੰ ਮੂੰਹ ਬੰਦ ਰੱਖ ਓਏ ਮੇਜਰਾ। ਇਹ ਕੋਈ ਮਖੌਲ ਆਲੀ ਗੱਲ ਨੀ।" ਮੇਜਰ ਦੀ ਚੱਬ ਕੇ ਕੀਤੀ ਗੱਲ ਪ੍ਰਧਾਨ ਦੀ ਥਾਂ ਦਲਾਲ ਨੂੰ ਜ਼ਿਆਦਾ ਚੁਭੀ।

"ਲੈ ਮੈਂ ਕੀ ਕਹਿਨੈ। ਮੈਂ ਤਾਂ ਇਹੀ ਕਿਹੈ ਬਈ ਕਰਤੇ ਨੂੰ ਅਰਦਾਸ ਨੀ ਤੀ ਕਰਨੀ ਚਾਹੀਦੀ। ਅੱਵਲ ਤਾਂ ਪ੍ਰੀਤਮ ਨੂੰ ਫੂਕਣ ਈ ਨੀ ਤੀ ਜਾਣਾ ਚਾਹੀਦਾ। ਵਾਧੂ ਥੋਡੇ ਵਰਗੇ ਮੁਹਤਬਰਾਂ 'ਤੇ ਹਰਫ ਆਉਂਦੈ।" ਮੇਜਰ ਨੇ ਸਾਰੀ ਗੱਲ ਐਂ ਨਬੇੜੀ ਕਿ ਸੁਣਨ ਵਾਲਿਆਂ ਦਾ ਹਾਸਾ ਨਿਕਲ ਗਿਆ।

ਕਰਤੇ ਨੇ ਨੀਵੀਂ ਚੱਕ ਕੇ ਦੇਖਿਆ। ਲੰਮਾਂ ਸਮਾ ਪ੍ਰੇਮੀ ਰਹੇ ਰਾਜ ਦੀ ਅੰਮ੍ਰਿਤ ਛਕਣ ਤੋਂ ਪਹਿਲਾਂ ਦਾੜ੍ਹੀ ਲਵੇ ਲੁਆਈ ਹੋਈ ਸੀ। ਰੌਲੇ ਤੋਂ ਬਾਅਦ ਇਕਦਮ ਅੰਮ੍ਰਿਤ ਛਕ ਕੇ ਸਿੰਘ ਤਾਂ ਸਜ ਗਿਆ ਪਰ ਉਪਰੋਂ ਦੀ ਪਾਈ ਸਿਰੀ ਸਾਹਿਬ ਅਜੇ ਤਕ ਲਾਪਰੀ ਦਿਸਦੀ ਦਾੜ੍ਹੀ ਨਾਲ ਓਪਰੀ ਲਗਦੀ। ਉਹਨਾ ਦੇ ਸਾਹਮਣੇ ਖੜ੍ਹੇ ਕਰਤੇ ਤੇ ਨਿਧਾਨ ਸਿੰਘ ਦੇ ਪ੍ਰਕਾਸ਼ ਕੀਤੇ ਦਾਹੜਿਆਂ ਸਾਹਮਣੇ ਚੌਂਕੜੀ 'ਤੇ ਸਜੇ ਬੈਠਿਆਂ ਦੀ ਸਿੱਖੀ ਦੀ ਚਮਕ ਫਿੱਕੀ ਪੈ ਰਹੀ ਸੀ। ਪ੍ਰਧਾਨ, ਰਾਜ

ਦਲਾਲ ਤੇ ਭੀੜਾ ਪੰਚ ਸਾਹਮਣੀ ਚੌਂਕੜੀ 'ਤੇ ਇਸ ਤਰ੍ਹਾਂ ਬੈਠੇ ਸਨ ਕਿ ਉਹਨਾਂ ਨਾਲ ਗੱਲ ਕਰਨ ਵਾਲੇ ਨੂੰ ਉਹਨਾਂ ਦੇ ਸਾਹਮਣੇ ਖੜ੍ਹਨਾ ਈ ਪਵੇ। ਬੈਠਣ ਵਾਲੀ ਹਰੇਕ ਥਾਂ 'ਤੇ ਹੀ ਪ੍ਰਧਾਨ ਦੇ ਆਪਣੇ ਬੰਦੇ 'ਸੁਸ਼ੋਭਤ' ਸਨ। ਬੱਸ ਮੇਜਰ ਕੱਬਾ ਹੀ ਪਤਾ ਨੀ ਕਿਵੇਂ ਉਹਨਾ 'ਚ 'ਅੜਿਆ' ਬੈਠਾ ਸੀ। ਔਂਟਲਿਆ ਜਿਹਾ ਦਿਸਦਾ ਕਾਮਰੇਡ ਖੂੰਜੇ ਲੱਗਿਆ ਖੜ੍ਹਾ ਸੀ।

"ਹਾਂ ਜੀ ਪ੍ਰਧਾਨ ਸਾਹਬ,ਕਰੋ ਸ਼ੁਰੂ ਗੱਲ ਫੇਰ", ਦਲਾਲ ਨੇ ਮੇਜਰ ਦੀ ਉਡਾਈ ਹਾਸੀ ਨੂੰ ਅਣਗੌਲਿਆਂ ਕਰਕੇ ਪ੍ਰਧਾਨ ਨੂੰ ਕਿਹਾ।

ਪ੍ਰਧਾਨ ਦੇ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਹੀ ਵਿਘਨ ਪੈ ਗਿਆ। ਚੌਂਕੜੀ ਤੋਂ ਹੇਠ ਬੈਠੇ ਲੋਕ ਅਚਾਨਕ ਉੱਠ ਕੇ ਖੜ੍ਹੇ ਹੋ ਗਏ। ਹੱਡਾ ਰੋੜੀ ਵਾਲਾ ਠੇਕੇਦਾਰ ਰੇੜ੍ਹੇ 'ਤੇ ਕੋਈ ਮੁਰਦਾਰ ਲਈ ਜਾ ਰਿਹਾ ਸੀ। ਲੋਕ ਰਾਹ ਛੱਡ ਕੇ ਪਰੇ ਹੋ ਗਏ।

"ਬਖਸ਼ੇ·ਗਿਆਨੀ ਕਾ ਬੋਲਦ ਮਰ ਗਿਆ।" ਕਿਸੇ ਨੇ ਦੱਸਿਆ। ਰੇੜ੍ਹੇ ਦੇ ਲੰਘਦੀ ਲੰਘਦੀ, ਬੋਲਦ ਦੇ ਸਿੰਗ ਤੇ ਬੈਠੇ ਚੀਨੇ ਕਬੂਤਰ ਦੀ ਗੱਲ ਚੱਲਦੀ ਰਹੀ। ਬਖਸ਼ੇ ਦੇ ਪੋਤੇ ਦੇ ਰੱਖੇ ਕਬੂਤਰਾਂ 'ਚੋਂ ਇਸ ਇਕ ਨੂੰ ਸਾਰਾ ਪਿੰਡ ਜਾਣਦਾ ਸੀ।

"ਦੇਖ ਲੈ ਜਨੌਰਾਂ 'ਚ ਵੀ ਓਹੀ ਰੱਬ ਐ। ਜਿਓਂਦੇ ਜੀਅ ਇਹ ਕਬੂਤਰ ਬੋਲਦ ਦੇ ਕਹਿੰਦੇ ਨਾਲ ਏ ਰਿਹੈ।" ਕਿਸੇ ਨੇ ਹਉਕਾ ਭਰਿਆ ਤਾਂ ਕੁਝ ਦੇਰ ਚੁੱਪ ਕੀਤੇ ਲੋਕ ਗਿਆਨੀਆਂ ਦੇ ਬੋਲਦ ਤੇ ਕਬੂਤਰ ਦੀ ਜੋੜੀ ਦੀਆਂ ਗੱਲਾਂ ਯਾਦ ਕਰਦੇ ਰਹੇ। ਟਿਕ ਟਿਕਾਅ ਹੋਏ ਤੋਂ ਪ੍ਰਧਾਨ ਨੇ ਗੱਲ ਸ਼ੁਰੂ ਕੀਤੀ-

"ਹਾਂ ਬਈ ਕਿਰਤੀ ਸਾਹਬ, ਤੈਨੂੰ ਪ੍ਰੇਮੀਆਂ ਦੇ ਬਾਈਕਾਟ ਵਾਲੇ ਹੁਕਮਨਾਮੇ ਦਾ ਪਤਾ ਨਹੀਂ ਸੀ?"

"ਕਮਰਕਸਾ ਕਿਉਂ ਕੀਤੈ? ਹੈਂ!" ਰਾਜ ਦਲਾਲ ਨੇ ਪ੍ਰਧਾਨ ਦਾ ਸਵਾਲ ਪੂਰਾ ਹੁੰਦੀ ਸਾਰ ਆਪਣਾ ਸਵਾਲ ਦਾਗ ਦਿੱਤਾ। 'ਲੜਾਈ 'ਚ ਤਾਂ ਪੈਂਦੀ ਸੱਟੇ ਦੱਬੇ ਅਗਲੇ ਨੂੰ' ਦਾ ਸਿਧਾਂਤ ਉਹ ਰਟ ਕੇ ਆਇਆ ਸੀ। ਪਰ ਨਿਮੋਝੂਣਾ ਹੋਏ ਕਰਤੇ ਦੀ ਥਾਂ ਤਿਆਰ-ਬਰ-ਤਿਆਰ ਹੋ ਕੇ ਆਏ ਕਰਤੇ ਨੇ ਉਹਦਾ ਹਮਲਾ ਜਿਵੇਂ ਰੋਕ ਲਿਆ ਸੀ।

"ਨਾਲੇ ਪੱਗ ਕਾੜ੍ਹੇ ਬੰਨ੍ਹੀ ਐ ? ਹੈਂ ! ਝੱਗਾ ਕਾੜ੍ਹੇ ਪਾਇਐ ?" ਮੇਜਰ ਨੇ ਰਾਜ ਦਲਾਲ ਦੀ ਐਨੀਂ ਮੁਕੰਮਲ ਰੀਸ ਲਾਈ ਕਿ ਕਰਤੇ ਤੋਂ ਬਿਨਾਂ ਸਾਰੇ ਪ੍ਰਧਾਨ ਦਾ ਸਵਾਲ ਭੁੱਲ ਗਏ।

ਮੇਜਰ ਦੇ ਬੋਲਣ ਨਾਲ ਕਰਤੇ ਦੇ ਅੰਦਰ ਰੁਕਿਆ ਜਾਪ ਫੇਰ ਚੱਲ ਪਿਆ,'ਸਿਰ ਜਾਵੇ ਤਾਂ ਜਾਵੇ...'

"ਅਰਦਾਸ ਤਾਂ ਸਰਬੱਤ ਦੇ ਭਲੇ 'ਚੇ ਹੁੰਦੀ ਐ ਪ੍ਰਧਾਨ ਸਾਹਿਬ", ਕਰਤੇ ਨੇ ਠਰ੍ਹੰਮੇ ਨਾਲ ਜਵਾਬ ਦਿੱਤਾ।

"ਸਰਬੱਤ ਦਾ ਭਲਾ ਤਾਂ ਠੀਕ ਐ,ਪਰ ਵੇਲਾ ਤਾਂ ਦੇਖ ਲੈ ਕਿੰਨਾ ਟੇਢਾ ਚੱਲ ਰਿਹੈ। ਕੌਮ ਤਾਂ ਮਰਨ ਮਾਰਨ 'ਤੇ ਆਈ ਪਈ ਐ!- ਮੇਜਰ ਦੇ ਬੋਲਣ ਨਾਲ ਉੱਖੜਿਆ ਪ੍ਰਧਾਨ ਸੋਚੀ ਹੋਈ ਗੱਲ ਭੁੱਲ ਗਿਆ ਸੀ। ਕਰਤੇ ਨੂੰ ਤਨਖਾਹ ਲਾਉਣ ਤੋਂ ਬਾਅਦ ਦਿੱਤੇ ਜਾਣ ਵਾਲੇ 'ਸਰਬ-ਸਾਂਝੇ' ਭਾਸ਼ਣ ਲਈ ਤਿਆਰ ਕੀਤੀ 'ਟੇਢੇ ਸਮੇਂ' ਦੀ ਗੱਲ ਬੋਲ ਗਿਆ। ਇਹ ਸਾਰੀ ਗੱਲ ਜਿਸ ਤਰ੍ਹਾਂ ਦੇ ਬੇ-ਅਦਬੀ ਕਰਨ ਵਾਲੇ ਲਹਿਜੇ 'ਚ ਬੋਲੀ ਗਈ, ਉਸ ਨਾਲ ਕਰਤੇ ਦਾ ਬਣਾ ਕੇ ਰੱਖਿਆ ਠਰ੍ਹੰਮਾ ਜਾਂਦਾ ਰਿਹਾ। ਸਕੂਲ ਦੀ ਕੰਧ 'ਤੇ ਲਿਖੇ,'ਟਰਸਟ ਇਨ ਗੌਡ ਐਂਡ ਡੂ 'ਦ ਰਾਈਟ' ਦਾ ਕਿਸੇ ਵਿਦਵਾਨ ਵੱਲੋਂ ਕੀਤਾ ਉਲੱਥਾ ਉਹਦੇ ਸਾਹਮਣੇ ਆ ਗਿਆ,'ਪਰਮਾਤਮਾ 'ਚ ਭਰੋਸਾ ਰੱਖੋ ਪਰ ਆਪਣਾ ਬਾਰੂਦ ਸੁੱਕਾ ਰੱਖੋ'। ਕਰਤੇ ਨੇ ਬਰਾਬਰ ਖੜ੍ਹੀ ਈਸ਼ਵਰੀ ਵੱਲ ਇਕ ਵਾਰ ਵੇਖਿਆ ਤੇ ਆਪਣੇ 'ਸੁੱਕੇ ਰੱਖੇ' ਬਾਰੂਦ 'ਚੋਂ ਗੋਲਾ ਦਾਗ ਦਿੱਤਾ-

"ਟੇਢੇ ਵੇਲੇ ਦੇ ਸਵਾਲ ਬੜੇ ਸਿੱਧੇ ਨੇ ਪ੍ਰਧਾਨ ਸਾਹਿਬ! ਤੂੰ ਅਕਾਲ ਤਖਤ ਐਂ "?

ਪਰ੍ਹੇ ਵਿਚ ਗੂੰਜੀ ਕਰਤੇ ਦੀ ਆਵਾਜ਼ ਨਾਲ ਸੁੰਨ ਵਰਤ ਗਈ। ਕਿਸੇ ਨੂੰ ਉਮੀਦ ਨਹੀਂ ਸੀ ਗੱਲ ਏਥੋਂ ਸ਼ੁਰੂ ਹੋਵੇਗੀ। ਕਰਤੇ ਨੂੰ ਵੀ ਨਹੀਂ। ਅਜਿਹੇ ਕਿਸੇ ਸਵਾਲ ਦੀ ਤਵੱਕੋ ਤਾਂ ਪ੍ਰਧਾਨ ਦੇ ਫਰਿਸ਼ਤਿਆਂ ਨੇ ਵੀ ਨਹੀਂ ਸੀ ਕੀਤੀ। ਪ੍ਰਧਾਨ ਨੂੰ ਚੁੱਪ ਦੇਖ ਕੇ ਦਲਾਲ ਅੱਗੇ ਆਇਆ-

"ਸਿੱਧਾ ਜਵਾਬ ਦੇਹ, ਹੁਕਮ ਦੀ ਉਲੰਘਣਾ ਕਿਉਂ ਕੀਤੀ ਐ? ਸਭ ਪਤਾ ਲੱਗ ਜੂ ਕੌਣ ਅਕਾਲ ਤਖਤ ਹੈ, ਤੇ ਕੌਣ ਨਹੀਂ? ਆ'ਗੇ ਭੰਡ 'ਕੱਠੇ ਹੋ ਕੇ । ਆਹ ਸਾਲਾ ਮਜ਼ਬੀ। ਢਿੱਡ ਵਜਾਉਂਦੇ ਵਜਾਉਂਦੇ ਢੋਲਕੀ ਵਜਾਉਣ ਲੱਗ ਪੇ।"

ਦਲਾਲ ਨੂੰ ਵੱਖੀ 'ਤੇ ਬੈਠਾ ਮਹਿਸੂਸ ਕਰਕੇ ਪ੍ਰਧਾਨ ਵੀ 'ਗੁਆਚਿਆ ਹੌਸਲਾ' ਫੜ ਗਿਆ-

"ਤੈਨੂੰ ਕੀ ਲਗਦੈ ਤੂੰ ਐਨ੍ਹਾਂ ਦੇ ਸਿਰ 'ਤੇ ਪੰਥ ਨੂੰ ਚੈਲੰਜ ਕਰੇਂਗਾ?..." ਜਦ ਨਿਧਾਨ ਸਿੰਘ ਵੱਲ ਉੱਠੀ ਪ੍ਰਧਾਨ ਦੀ ਉਂਗਲੀ ਹੇਠ ਆਈਓ ਨਾ, ਕਰਤੇ ਨੂੰ ਕੂਹਣੀ ਨਾਲ ਪਰੇ ਹਟਾ ਕੇ ਨਿਧਾਨ ਸਿੰਘ ਅੱਗੇ ਆ ਗਿਆ-

"ਕਹਿ! 'ਚੂੜ੍ਹ-ਚੜ੍ਹਿਕ' ਵੀ ਕਹਿ ਦੇ ਹੁਣ! ਚੁੱਪ ਕਾਹਨੂੰ ਕਰ ਗਿਆ!" ਨਿਧਾਨ ਸਿਓਂ ਦੇ ਬੋਲਣ ਨਾਲ ਕਈ ਹੋਰ ਬੈਠੇ ਵੀ ਉੱਠ ਕੇ ਖੜ੍ਹੇ ਹੋ ਗਏ। ਮੇਜਰ ਦੇ ਕਹਿਣ ਅਨੁਸਾਰ 'ਖਾੜਾ ਭਖ ਗਿਆ' ਸੀ।

"ਪੰਥ ਤੂੰ 'ਕੱਲਾ ਈ ਨੀ ਪ੍ਰਧਾਨ ਸਾਹਬ!ਅਸੀਂ ਵੀ ਪੰਥ ਅਤੇ ਅਕਾਲ ਸਾਹਿਬ ਦੇ ਕੁਸ਼ ਨਾ ਕੁਸ਼ ਲਗਦੇ ਐਂ। ਮੇਰਾ ਨਾਨਾ ਤਾਂ ਤੂੰ ਵੀ ਦੇਖਿਆ ਈ ਐ ਜੀਹਨੇ 'ਸਰਬਰਾਹ' ਦੀ ਚਾਕਰੀ ਉਸੇ ਘੜੀ ਛੱਡਤੀ ਤੀ ਜਿਸ ਦਿਨ ਉਹਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਨਰਲ ਡਾਇਰ ਨੂੰ ਸਿਰੋਪਾ ਦੇ'ਤਾ ਤੀ। ਚਾਬੀਆਂ ਆਲੇ ਮੋਰਚੇ ਦੇ ਸਾਰੇ ਸਮੇਂ ਜੇਲ੍ਹ 'ਚ ਰਿਹੈ''।

"ਹੋ... ਐਥੇ ਮਾਰ ਸੱਟ,ਫੇਰ ਚਮਕੂ ਪ੍ਰਧਾਨ। ਜੇਲ੍ਹਾਂ ਤਾਂ ਪ੍ਰਧਾਨ ਸਾਹਬ ਕੇ ਵਡਾਰੂਆਂ ਨੇ ਬੀ ਬੜੀਆਂ ਕੱਟੀਐਂ"। ਮੇਜਰ ਦੀ 'ਮੌਕੇ ਦੀ' ਸੁਣ ਕੇ ਭੀੜ ਦਾ 'ਢਿੱਡ ਹੱਸਿਆ'। ਪ੍ਰਧਾਨ ਦਾ ਬਾਬਾ ਦੋ ਵਾਰ ਅਫੀਮ ਦੇ ਕੇਸ 'ਚ 'ਅੰਦਰ' ਹੋ ਆਇਆ ਸੀ। ਦੋ ਕੁ ਜਣਿਆਂ ਦਾ ਘੁੱਟਿਆ ਜਿਹਾ ਹਾਸਾ ਸੁਣ ਕੇ ਕੌਲੇ ਨਾਲ ਖੜ੍ਹਾ ਕਾਮਰੇਡ ਸੁਤੇ ਸਿੱਧ ਬੋਲ ਪਿਆ-

-ਜਾਣਦੇ ਬੁੱਝਦੇ ਤਾਂ ਲੋਕ ਸਭ ਕੁਸ਼ ਨੇ...

... ਮੇਜਰ ਦੇ ਕਹਿਣ ਅਨੁਸਾਰ ਟਿਕਾਣੇ ਪਈ ਸੱਟ ਨਾਲ ਪ੍ਰਧਾਨ ਸੱਚੀਓਂ ਚਮਕ ਪਿਆ-

"ਕਰਤਿਆ ਆਹ ਕਮਲ਼ ਬੋ ਛੱਡ। ਸਿੱਧਾ ਹੋ ਕੇ ਭੁੱਲ ਬਖਸ਼ਾ। ਜਦ ਮੈਂ ਸਿੱਧਾ ਹੋਇਆ ਨਾ, ਤੇਰੇ ਮੇਜਰ ਅਰ 'ਕਾਲੀ ਵਰਗੇ ਹਮਾਇਤੀਆਂ ਦੇ ਤੂੰਬੇ ਉਡਦੇ ਫਿਰਨਗੇ। ਤੈਨੂੰ ਪਤਾ ਨੀ ਮੈਂ ਥੋਡਾ ਕੀ ਹਾਲ ਕਰੂੰਗਾ। ਅੱਛਿਆ!"

ਗੁੱਸੇ ਵਿਚ ਆਇਆ ਪ੍ਰਧਾਨ ਉੱਠ ਕੇ ਖੜ੍ਹ ਗਿਆ। ਹੁਣ ਤਕ ਚੁੱਪ ਖੜ੍ਹੀ ਈਸ਼ਵਰੀ ਗੁੱਸੇ 'ਚ ਕੰਬਦੇ ਪ੍ਰਧਾਨ ਦੇ ਜਮ੍ਹਾਂ ਸਾਹਮਣੇ ਜਾ ਖੜ੍ਹੀ। ਪ੍ਰਧਾਨ ਦੀ ਦੰਦ ਚੱਬ ਕੇ ਕਹੀ ਤੂੰਬੇ ਉਡਣ ਵਾਲੀ ਗੱਲ ਨੇ ਪ੍ਰੀਤਮ ਦੀ ਸੁਆਹ ਹੋਈ ਦੇਹ ਉਹਦੇ ਸਾਹਮਣੇ ਲੈ ਆਂਦੀ ਸੀ-

"ਬੰਦਿਆਂ ਦੀ ਸਭਾ 'ਚ ਮੈਂ ਤੀਮੀ-ਮਾਨੀ ਬੋਲਦੀ ਸੋਭਦੀ ਤਾਂ ਨੀ, ਪਰ ਤੂੰ ਮੈਨੂੰ ਇਹ ਦੱਸ ਬਈ ਤੂੰ ਸਾਡਾ ਹੋਰ ਕੀ ਵਗਾੜਲੇਂਗਾ! ਸਾਡੀਆਂ ਤਾਂ ਪੁਸ਼ਤਾਂ ਤੇਰੇ ਵਰਗਿਆਂ ਦਾ ਪਾਣੀ ਭਰਦਿਆਂ ਦੀਆਂ ਬੀਤਗੀਆਂ। ਬੰਦਾ ਸਾਡਾ ਮਾਰ'ਤਾ ਕੁੱਟ ਕੇ। ਹੁਣ ਤੂੰ ਤੂੰਬੇ ਉੜਾਏਂਗਾ ਸਾਡੇ...", ਦੋ ਦਿਨ ਦੀ ਰੋ ਰੋ ਹੰਭੀ ਈਸ਼ਵਰੀ ਨੂੰ ਸਾਹ ਚੜ੍ਹ ਗਿਆ। ਪ੍ਰਧਾਨ ਦੇ ਨਾਲ ਨਾਲ ਤਮਾਸ਼ਬੀਨਾਂ ਦੇ ਵੀ ਦੰਦ ਜੁੜ ਗਏ। ਕਰਤੇ ਦੇ ਰੋਕਦੇ ਰੋਕਦੇ ਵੀ ਸਿਰ ਤੋਂ ਢਿਲਕ ਗਈ ਚੁੰਨੀ ਸੁਆਰਦੀ ਈਸ਼ਵਰੀ ਦੀ ਬਾਂਹ ਪ੍ਰਧਾਨ ਦੇ ਸਾਹਮਣੇ ਤਣੀ ਰਹੀ-

"ਤੂੰ ਇਹ ਨਾ ਸੁਣਾ ਬਈ ਸਾਡਾ ਤੂੰ ਕੀ ਕਰੇਂਗਾ। ਇਹ ਸੋਚ ਜੇ ਅਸੀਂ ਆਈ ਤੇ ਆਗੇ,ਤੇਰਾ ਕੀ ਬਣੂ। ਆਹ ਦਲਾਲ ਵਰਗੇ ਤਾਂ ਅੱਜ ਤੇਰੇ ਨਾਲ ਨੇ ਕੱਲ੍ਹ ਕੋਈ ਹੋਰ ਰੰਡੀ ਲੱਭ ਲੈਣਗੇ"। ਕਿੱਲ੍ਹ ਕੇ ਬੋਲਦੀ ਈਸ਼ਵਰੀ ਦਾ ਗਲ਼ ਰੁਕ ਗਿਆ। ਸਾਰੀ ਪਰ੍ਹੇ ਵਿਚ ਹੁਣ ਕੋਈ ਬੈਠਾ ਨਹੀਂ

ਸੀ ਰਹਿ ਗਿਆ। ਕਰਤੇ ਨੂੰ ਤਨਖਾਹ ਲਾਕੇ ਰਾਜਨੀਤੀ ਦੀ ਪੌੜੀ ਦੇ ਦੋ ਕੁ ਡੰਡੇ ਹੋਰ ਚੜ੍ਹਨ ਆਏ ਪ੍ਰਧਾਨ ਤੇ ਉਹਦੀ ਜੁੰਡਲੀ ਦੇ ਮੂੰਹ ਉਡ ਗਏ।

ਕਰਤੇ ਨੂੰ ਲੱਗਿਆ ਜੇ ਪਰ੍ਹਾ ਹੋਰ ਜੁੜੀ ਰਹੀ,ਉਹਦੀ ਲੜਾਈ ਨਿਧਾਨ ਸਿੰਘ ਦੇ ਗਲ਼ ਪੈ ਜਾਵੇਗੀ। ਈਸ਼ਵਰੀ ਦੀ ਕੰਬਦੀ ਬਾਂਹ ਪਰੇ ਹਟਾ ਕੇ ਉਹਨੇ ਕਹਿਣ ਲਈ ਸੋਚੀ ਹੋਈ ਆਖਰੀ ਗੱਲ ਕਹਿ ਦਿੱਤੀ।

"ਭੁੱਲ ਬਖਸ਼ਾਵਾਂਗੇ ਛੇਵੇਂ ਪਾਤਸ਼ਾਹ ਦੇ ਦਰਬਾਰ!ਅਰਦਾਸ ਕਿਸੇ ਲਈ ਕਰਨੀ ਵੀ ਗੁਨਾਹ ਨੀ ਹੋ ਸਕਦੀ। ਤੈਤੋਂ ਜੋ ਸਰਦੈ ਕਰ ਲੈ। ਆ ਬਣੀ ਨਿਧਾਨ ਸਿਆਂ ਚੱਲੀਏ"। ਈਸ਼ਵਰੀ ਦਾ ਹੱਥ ਫੜ ਕੇ ਮੁੜਨ ਲੱਗੇ ਕਰਤੇ ਦੇ ਸਾਹਮਣੇ ਕਾਮਰੇਡ 'ਏਕਤਾ' ਆ ਖੜ੍ਹਿਆ। ਉਹਦੇ ਅੰਦਰ ਕਦੋ ਦਾ ਜੰਮ ਗਿਆ ਨਾਹਰਾ ਵਹਿ ਤੁਰਿਆ ਸੀ-

"ਦੁਨੀਆਂ ਭਰ ਦੇ ਮਿਹਨਤਕਸ਼ੋ ਇਕ ਹੋ ਜਾਓ"।

ਬਰਾਬਰ ਤੁਰੇ ਕਾਮਰੇਡ ਨਾਲ ਕਰਤੇ ਨੂੰ ਬਰਕਤ ਦਾ ਅਹਿਸਾਸ ਤਾਂ ਹੋਇਆ ਪਰ ਦਰਵਾਜ਼ਾ ਨਿਕਲਦੇ ਸਾਰ ਉਹ ਸਾਬਤ ਕਦਮੀ ਜਾਂਦੀ ਰਹੀ ਜਿਸ ਨਾਲ ਉਹਨੇ ਪ੍ਰਧਾਨ ਨੂੰ ਜਵਾਬ ਦਿੱਤਾ ਸੀ। ਧੂੜ ਝਾੜਦੇ ਲੋਕਾਂ ਦੀਆਂ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਵਿਚੋਂ ਕੋਈ ਉਹਨੂੰ ਹੰਕਾਰਿਆ ਹੋਇਆ ਤੇ ਕੋਈ ਸ਼ਤੀਰ ਨੂੰ ਜੱਫਾ ਪਾਉਣ ਵਾਲੀ ਕੋਹੜ ਕਿਰਲੀ ਕਹਿ ਰਿਹਾ ਸੀ। ਕਾਮਰੇਡ ਦੀ 'ਠੱਪ ਠੱਪ' ਉਹਤੋਂ ਅੱਗੇ ਲੰਘ ਗਈ ਤੇ ਆਪਣੇ ਘਰ ਵੜਦੇ ਕਰਤੇ ਦੀਆਂ ਲੱਤਾਂ ਝੂਠੀਆਂ ਪੈ ਗਈਆਂ। ਮੇਜਰ ਤੋਂ ਬਿਨਾਂ ਪਿੰਡ ਦੇ ਕਿਸੇ ਜੀਅ ਨੇ ਉਹਦੀ ਹਾਮੀਂ ਨਹੀਂ ਸੀ ਭਰੀ। ਚੌਂਕੜੀ 'ਤੇ ਹਾਰਿਆ ਖੜ੍ਹਾ ਪ੍ਰਧਾਨ ਹੁਣ ਉਹਨੂੰ ਜੇਤੂ ਹਾਸਾ ਹੱਸਦਾ ਸੁਣਿਆ। ਨਿਧਾਨ ਸਿੰਘ ਨੂੰ ਹਾਕ ਮਾਰਨ ਲੱਗੇ ਉਹਦਾ ਬੋਲ ਰਤੀ ਕੁ ਕੰਬਿਆ-

"ਢੋਲਕੀ ਕਸ ਨਿਧਾਨ ਸਿਆਂ...", ਤੇ ਫੇਰ ਆਪ ਮੁਹਾਰੇ ਉਹਦੇ ਮੂਹੋਂ ਨਿਕਲਿਆ, "ਕੂੜ ਨਿਖੁਟੇ ਨਾਨਕਾ ਓੜਕ ਸੱਚ ਰਹੀ"। ਅਲਮਾਰੀ ਖੋਲ੍ਹਦੇ ਦੇ ਅੰਦਰ ਚਲਦੀ ਹਲਚਲ ਬਾਹਰ ਸੁਣਾਈ ਦਿੱਤੀ-

" ਪੇਸ਼ ਹੋ ਕੇ ਸਾਹਮਣਾ ਤਾਂ ਅਕਾਲ ਤਖਤ ਸਾਹਿਬ ਦਾ ਵੀ ਕਰਨਾ ਈ ਪੈਣੈ,ਹੁਕਮ ਅਦੂਲੀ ਹੋਈ ਐ।" ਅਲਮਾਰੀ ਖੋਲ੍ਹਦਾ ਉਹ ਫਿਰ ਗੁਣਗੁਣਾਉਣ ਲੱਗ ਪਿਆ-

"ਸੱਚ ਸੁਣਾਇਸੀ ਸੱਚ ਕੀ ਬੇਲਾ...

...ਬੜੀ ਦੇਰ ਬਾਅਦ ਯਾਦ ਆਈ ਉਹਦੀ 'ਆਪਣੀ ਸੰਦੂਕੜੀ' 'ਚੋਂ ਉਹਨੇ ਲਿਖਣ ਦਾ ਸਾਰਾ ਸਮਾਨ ਬਾਹਰ ਕੱਢਿਆ। ਓਪਰੇਟਰ ਹੋਣ ਵੇਲੇ 'ਕੀਅ ਬੋਰਡ' ਤੇ ਫੋਨ ਨੰਬਰ ਲਿਖਣ ਲਈ ਵਰਤੀ ਜਾਂਦੀ ਮੋਟੀ ਕਲਮ ਚੁੱਕੀ, 'ਇੰਕ-ਪਾਟ' ਵਿਚ ਸੁੱਕ ਚੁੱਕੀ ਨੀਲੀ ਸਿਆਹੀ ਵਿਚ ਪਾਣੀ ਪਾਇਆ। ਪਲੋ ਪਲੀ ਰਜਿਸਟਰ ਦੇ ਗੱਤੇ ਦੀ ਤਖਤੀ ਬਣਾ ਲਈ ।

ਜੇਤੂ ਅੰਦਾਜ਼ ਵਿਚ ਤੁਰੀ ਫਿਰਦੀ ਈਸ਼ਵਰੀ ਤੇ ਚੁੱਪ ਚਾਪ ਢੋਲਕੀ ਕਸਦਾ ਨਿਧਾਨ ਸਿੰਘ ਉਹਨੂੰ ਦੇਖਦੇ ਰਹੇ। ਕਰਤੇ ਨੇ ਮੋਟੇ ਮੋਟੇ ਅੱਖਰਾਂ ਵਿਚ ਤਖਤੀ ਲਿਖੀ। ਗਲ਼ 'ਚ ਪਾਏ ਪੱਲੂ ਨਾਲ ਬੰਨ੍ਹੀ ਤੇ ਗਲ਼ 'ਚ ਪਾ ਲਈ। ਕਰਤੇ ਨੂੰ ਹਰਮੋਨੀਅਮ ਗਲ਼ 'ਚ ਪਾਉਂਦੇ ਵੇਖਕੇ ਨਿਧਾਨ ਸਿੰਘ ਨੇ ਢੋਲਕੀ ਗਲ਼ ਪਾ ਲਈ ਤੇ ਕਰਤਾਲਾਂ ਚੁੱਕ ਈਸ਼ਵਰੀ ਉਹਨਾ ਦੇ ਮਗਰ ਹੋ ਲਈ...

ਜੇ ਤਉ ਪ੍ਰੇਮ ਖੇਲਣ ਕਾ ਚਾਓ, ਸਿਰ ਧਰ ਤਲੀ,ਗਲੀ ਮੋਰੀ ਆਓ
ਇਤੁ ਮਾਰਗੁ ਪੈਰ ਧਰੀਜੈ, ਸਿਰ ਦੀਜੈ ਕਾਣੁ ਨਾ ਕੀਜੈ।

"ਆਹ ਕੌਣ ਐ?ਐਡੇ ਕੁਵੇਲੇ ਪ੍ਰਭਾਤ ਫੇਰੀ ਕੱਢਣ ਲੱਗਿਐ!" ਕਿਸੇ ਘਰ ਦੇ ਅੰਦਰੋਂ ਆਵਾਜ਼ ਆਈ-

"ਕਰਤਾ ਕਮਲੈ! ਕੱਲ੍ਹ ਭਾਈ ਮਰਿਐ, ਅੱਜ ਪਤਾ ਨੀ ਇਹਨੂੰ ਕਿਹੜਾ ਪ੍ਰੇਮ ਖੇਲਣ ਦਾ ਚਾਓ ਚੜ੍ਹਿਐ? ਅਜੇ ਹੁਣ ਪੰਚਾਇਤ ਦੱਖੁਦਾਣਾ ਦੇ ਕੇ ਹਟੀ ਐ"।

ਲੋਕ ਗਲੀਆਂ 'ਚ ਨਿਕਲ ਆਏ। ਕਰਤੇ ਦੇ ਗਲ਼ 'ਚ ਪਾਈ 'ਮੈਂ ਪਾਪੀ ਤੂੰ ਬਖਸ਼ਣ

ਹਾਰ' ਦੀ ਤਖਤੀ ਦੀ ਸਮਝ ਕਿਸੇ ਨੂੰ ਨੀ ਆਈ। ਨਿਧਾਨ ਸਿੰਘ ਦੀ ਢੋਲਕੀ ਤੇ ਈਸ਼ਵਰੀ ਦੇ ਹੱਥ 'ਚ ਵੱਜਦੀਆਂ ਕਰਤਾਲਾਂ ਮੂਹਰੇ ਲੱਗਿਆ ਕਰਤਾ ਪਿੰਡੋਂ ਨਿਕਲ ਗਿਆ। ਉਹਦੀ ਅਜੇ ਤਕ ਰੋਣਹਾਕੀ ਆਵਾਜ਼ ਦੂਰ ਤਕ ਜਾਂਦੀ-ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ, ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ

ਈਸ਼ਵਰੀ ਤੇ ਨਿਧਾਨ ਸਿੰਘ ਪਿੱਛੋਂ ਬੋਲ ਚੁੱਕਦੇ। ਨਾਲ ਆ ਰਲੇ ਇਕ ਦੋ ਤਮਾਸ਼ਬੀਨ ਵੀ ਸਾਥ ਦਿੰਦੇ...

... ਵਾਹੋ ਦਾਹ ਜਾਂਦੇ ਕਰਤੇ ਨੂੰ ਹੱਡਾਰੋੜੀ 'ਚੋਂ ਲੜਦੇ ਲੜਦੇ ਸੜਕ 'ਤੇ ਆ ਗਏ ਕੁੱਤਿਆਂ ਨੇ ਰੋਕਿਆ। ਮਾਸ ਦੇ ਇਕ ਵੱਡੇ ਟੁਕੜੇ ਪਿੱਛੇ ਇਕ ਦੂਜੇ ਨੂੰ ਮਾਰਨ ਤੇ ਉਤਾਰੂ ਕੁੱਤਿਆਂ ਦੇ ਘੈਂਰੂ ਨੇ ਪੜ੍ਹਿਆ ਜਾ ਰਿਹਾ ਸ਼ਬਦ ਸੁਣਨ ਤੋਂ ਹਟਾ ਦਿੱਤਾ।

"ਧੌਲ ਧਰਮ ਦਇਆ ਕਾ ਪੂਤ..." ਹੱਡਾ ਰੋੜੀ ਵਿਚ ਬੇ-ਪਛਾਣ ਹੋਏ ਬੋਲਦ ਨੂੰ ਦੇਖ ਕੇ ਕਰਤਾ ਧਾਰਨਾ ਰੋਕ ਕੇ ਸ਼ਬਦ ਪੜ੍ਹਨ ਲੱਗ ਪਿਆ। ਹੱਡਾਰੋੜੀ ਵਿਚ ਹੋ ਰਹੀ ਲੜਾਈ ਨੇ ਉਹਦਾ ਧਿਆਨ ਮੱਲ ਲਿਆ। ਮੁਰਦਾਰ ਖਾਣ ਲਈ ਅਹੁਲਦੇ ਕੁੱਤਿਆਂ ਉੱਪਰ ਇਕ ਚਿੱਟਾ ਕਬੂਤਰ ਝਪਟਦਾ। ਕਬੂਤਰ ਦੀ ਠੂੰਗ ਕੁੱਤੇ ਨੂੰ ਘੜੀ ਦੀ ਘੜੀ ਰੋਕਦੀ। ਬੋਲਦ ਵੱਲ ਜਾਣਾ ਛੱਡ ਕੇ ਕੁੱਤਾ ਨੀਵੇਂ ਉਡ ਰਹੇ ਕਬੂਤਰ ਨੂੰ ਟੁੱਟ ਕੇ ਪੈ ਜਾਂਦਾ। ਕਬੂਤਰ ਦੀ ਦੁਖੀ ਚੀਕ ਹਵਾ 'ਚ ਗੂੰਜਦੀ ਤੇ ਉਹ ਕਿਸੇ ਹੋਰ ਕੁੱਤੇ 'ਤੇ ਜਾ ਝਪਟਦਾ। ਅਜੀਬ ਦ੍ਰਿਸ਼ ਸੀ। ਕਿੰਨੇ ਹੀ ਕੁੱਤੇ ਤੇ ਇਕ ਕਬੂਤਰ-

" ਲੈ! ਬਿੱਲੀ ਨੂੰ ਦੇਖ ਕੇ ਕਬੂਤਰ ਦੇ ਅੱਖਾਂ ਮੀਚਣ ਆਲੀ ਤੇਰੀ ਸਾਖੀ ਤਾਂ ਕਿਰਤੀ ਸਾਹਬ ਪਲਟ'ਗੀ। ਮੈਨੂੰ ਤਾਂ ਲਗਦੈ ਚਿੜੀਆਂ ਤੋਂ ਬਾਜ ਤੁੜਾਉਣ ਆਲੀ ਗੱਲ ਹੋ'ਗੀ ਸੱਚੀ, ਦਸਮੇ ਪਾਤਸ਼ਾਹ ਦੀ ।'ਕ ਨਹੀਂ! ਕਬੂਤਰ ਦੇ ਐਂ ਲੜਨ ਬਾਰੇ ਕਿਸੇ ਨੇ ਸੋਚਆ ਤੀ ?" ਨਿਧਾਨ ਸਿੰਘ ਨੇ ਹੈਰਾਨ ਖੜ੍ਹੇ ਕਰਤੇ ਨੂੰ ਕਿਹਾ-

"ਮਾਰ ਦੇਣਗੇ ਕੁੱਤੇ ਕਬੂਤਰ ਨੂੰ ਵੀ..." ਨਿਧਾਨ ਸਿੰਘ ਦੀ ਗੱਲ ਦਾ ਜਵਾਬ ਦੇਣ ਦੀ ਥਾਂ ਕਰਤਾ ਆਪਣੇ ਆਪ ਨਾਲ ਹੀ ਬੋਲਿਆ-

"... 'ਕੱਲੈ ਨਾ! ਇਹ ਕਿਤੇ ਕਿਸੇ 'ਕੱਲੇ ਕਹਿਰੇ ਦੇ ਲੈਣ ਦੇ ਨੇ"।

ਨਿਧਾਨ ਸਿੰਘ ਤੇ ਈਸ਼ਵਰੀ ਇਕ ਟੱਕ ਲੜਾਈ ਦੇਖਦੇ ਕਰਤੇ ਵੱਲ ਦੇਖਦੇ ਰਹੇ। ਸਾਹੋ ਸਾਹ ਹੋਏ ਕਬੂਤਰ ਦੇ ਦ੍ਰਿਸ਼ ਨੇ ਕਰਤੇ ਦੇ ਤੌਰ ਬਦਲ ਦਿੱਤੇ ਸਨ। ਹੌਲੀ ਹੌਲੀ ਉਹਨੇ ਹਰਮੋਨੀਅਮ ਫਿਰ ਵਜਾਉਣਾ ਸ਼ੁਰੂ ਕਰ ਦਿੱਤਾ ਪਰ ਉਹਦੇ ਪੈਰ ਪਿੰਡ ਵੱਲ ਮੁੜ ਗਏ। ਸੁਰ ਪਹਿਲਾਂ ਨਾਲੋਂ ਵੀ ਉੱਚੀ ਹੋ ਗਈ ਸੀ- ਸਿਰ ਜਾਵੇ ਤਾਂ ਜਾਵੇ...

ਕਬੂਤਰ ਦੇ ਮਗਰ ਭੱਜੇ ਕੁੱਤੇ ਵੱਲ ਹਥਲੀ ਰੋੜੀ ਵਗਾਹ ਕੇ ਈਸ਼ਵਰੀ ਤੇ ਵਸੋਂ ਬਾਹਰੇ ਹੋ ਗਏ ਕੁਤਿਆਂ ਨੂੰ 'ਖੜ੍ਹ ਤੇਰੀ,ਖੜ੍ਹ ਤੇਰੀ' ਕਰਦੇ ਨਿਧਾਨ ਸਿੰਘ ਨੇ ਵੀ ਢੋਲਕੀ ਵਜਾਉਣੀ ਸ਼ੁਰੂ ਕਰ ਦਿੱਤੀ।

ਮੂਹਰੇ ਲੱਗੇ ਕਰਤੇ ਨੇ ਪਹਿਲਾਂ ਪਿੰਡ ਵਗਲ਼ਿਆ ਤੇ ਫਿਰ 'ਕੱਲੀ 'ਕੱਲੀ ਗਲੀ ਜਗਾਉਣ ਲਈ 'ਲੰਮੀ ਵੀਹੀ' ਪੈ ਗਿਆ। ਉਹਨਾਂ ਵੱਲ ਆ ਰਹੇ ਕਾਮਰੇਡ ਨੇ ਧਾਰਨਾ ਪੜ੍ਹਦੀ ਟੋਲੀ ਦੀ ਸੁਰ ਨਾਲ ਸੁਰ ਮਿਲਾਈ- "ਦੁਨੀਆਂ ਭਰ ਦੇ ਮਿਹਨਤਕਸ਼ੋ ਇਕ ਹੋ ਜਾਓ"

[ਪਿੰਡ ਬੂਥਗੜ੍ਹ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ]

ਜੇ ਉਹ ਮੰਨ ਜਾਣ

ਮੁਖਤਿਆਰ ਸਿੰਘ

"ਅਜੇ ਵੀ ਕਰ ਕਰ ਲਓ 'ਕੱਠਾ, ਬਚਦੇ ਕੋੜਮੇ ਨੂੰ...ਹਾਂ-ਆਂ...।" ਜਗੀਰ ਸਿੰਘ ਨੇ ਵੱਡੇ ਮੁੰਡੇ ਨੂੰ ਵਾਸਤਾ ਪਾਇਆ ਤਾਂ ਤਾਰਾ ਖਿਝ ਕੇ ਬੋਲਿਆ, "ਜਾ ਵਗਜਾ ਪਰ੍ਹਾਂ, ਵੱਡਾ ਆਇਐ...। ਤੈਂ ਕਿਆ ਕਮਾਈ ਕੀਤੀ ਐ...ਮਹਿਕਮੇ 'ਚੋਂ?"

ਜਗੀਰ ਸਿੰਘ ਨੇ ਚੁੱਪ ਕਰਨਾ ਹੀ ਬਿਹਤਰ ਸਮਝਿਆ। ਉਸ ਦਾ ਮਨ ਨਾ ਟਿਕਿਆ। ਉਹ ਛੋਟੇ ਮੁੰਡੇ ਕੋਲ ਗਿਆ, "ਹੁਣ ਵੀ ਸੰਭਲੋ...ਕੁਰਕੁਰੇ-ਚਿਪਸ ਬਣਾਉਣ ਦੀ ਛੋਟੀ ਮਸ਼ੀਨ ਹੀ ਲਾ ਲੈਨੇ ਆਂ...ਆਪਣਾ ਲੀਡਰ ਮੇਲੂ ਗੱਲਾਂ ਕਰਦਾ ਹੁੰਦਾ ਤੀ?"

"ਆ ਗਿਆ ਮੱਤਾਂ ਦੇਣ...ਸ਼ਹਿਰ 'ਚ ਪੜ੍ਹਾਉਂਦਾ ਸਾਨੂੰ? ਕਿਸੇ ਦਫਤਰ 'ਚ ਕਲਰਕੰ-ਚਪੜਾਸੀ ਹੀ ਲੁਆ ਦਿੰਦਾ...।" ਬਾਰਾ ਸਿੰਘ ਉਸ ਵੱਲ ਝਈਆਂ ਲੈ ਕੇ ਪਿਆ।

ਜਗੀਰ ਸਿੰਘ ਦੀ ਨੂੰਹ ਅੱਖਾਂ ਕੱਢਦੀ ਬੁੜ ਬੁੜ ਕਰਨ ਲੱਗ ਪਈ। ਪੋਤੇ ਲੱਤਾਂ ਨੂੰ ਆ ਚਿੰਬੜੇ।

ਉਸ ਨੂੰ ਨਿਆਣਿਆਂ ਤੋਂ ਲੱਤਾਂ ਛੁਡਾਉਣੀਆਂ ਔਖੀਆਂ ਹੋ ਗਈਆਂ। ਬਾਰਾ ਸਿੰਘ ਨੇ ਹੀ ਦੋਵੇਂ ਜੁਆਕਾਂ ਨੂੰ ਲੱਤਾਂ ਨਾਲੋਂ ਪਰ੍ਹੇ ਕੀਤਾ, "ਦਾਦੇ ਨਾਲ ਬਹੁਤਾ ਪਿਆਰ ਜਤਾਉਣ ਲੱਗੇ ਨੇ!"

ਜਗੀਰ ਸਿੰਘ ਭਰੇ ਮਨ ਨਾਲ, ਪਿੰਡ ਤੋਂ ਚੜ੍ਹਦੇ ਪਾਸੇ ਵਾਲੀ ਸੜਕ ਚੜ੍ਹ ਆਇਆ।

ਉਸ ਦੀ ਘਰ ਵਾਲੀ ਨੇ ਵੇਖਿਆ, ਉਹ ਕਿਤੇ ਨਾ ਦਿਸਿਆ। ਉਹ ਵੱਡੇ ਮੁੰਡੇ ਵੱਲ ਗਈ। ਉਹ ਸਾਰੇ ਗੁੱਸੇ 'ਚ ਚੁੱਪ। ਉਹਨਾਂ ਨੇ ਉਸ ਨੂੰ ਬੁਲਾਇਆ ਹੀ ਨਾ। ਉਹ ਛੋਟੇ ਵੱਲ ਗਈ। ਉਹ ਆਫਰੇ ਬੈਠੇ ਸਨ। ਉਸ ਨੂੰ ਕੋਈ ਹੁੰਗਾਰਾ ਨਾ ਦਿੱਤਾ। ਉਹ ਫਿਕਰ 'ਚ ਬਾਹਰ ਆਈ ਤਾਂ ਜਗੀਰ ਸਿੰਘ ਜਾ ਚੁੱਕਾ ਸੀ।

ਚੜ੍ਹਦੇ ਸੂਰਜ ਦੀ ਲੋਅ, ਜਗੀਰ ਸਿੰਘ ਦੀਆਂ ਅੱਖਾਂ ਵਿਚ ਸਿੱਧੀ ਪੈਂਦੀ ਹੁੰਦੀ ਸੀ। ਉਸ ਨੂੰ ਸਾਰਾ ਦਿਨ ਖੁਮਾਰੀ ਚੜ੍ਹੀ ਰਹਿੰਦੀ।

ਅੱਜ ਦੁਪਹਿਰ ਢਲ ਕੇ ਸੂਰਜ, ਉਸ ਦੀ ਪਿੱਠ ਪਿੱਛੇ ਸੀ। ਉਸ ਨੂੰ ਮੌਰਾਂ ਵਿਚ ਸੂਲਾਂ ਜਿਹੀਆਂ ਚੁੱਭਦੀਆਂ ਮਹਿਸੂਸ ਹੋਈਆਂ। ਆਪਣੇ ਪਹਿਲੇ ਖੇਤਾਂ ਕੋਲੋਂ ਲੰਘਦਿਆਂ, ਕਣਕ ਦੀਆਂ ਸੁਨਹਿਰੀ ਹੋ ਰਹੀਆਂ ਬੱਲੀਆਂ ਵੇਖ ਕੇ ਦਿਲ ਬੈਠਦਾ ਜਾਪਿਆ। ਇਹੋ ਜਿਹੀਆਂ ਗੱਦਰ ਹੋ ਰਹੀਆਂ ਬੱਲੀਆਂ ਨੂੰ ਉਹ ਪਲੋਸਦਾ ਰਿਹਾ ਸੀ। ਉਸ ਦਾ ਪਿਉ ਸਰਵਨ ਸਿੰਘ ਦੱਸਦਾ ਸੀ, "ਦੇਸੀ ਕਣਕ ਦੀਆਂ ਬੱਲੀਆਂ ਸਿੱਧੀਆਂ ਖੜ੍ਹੀਆਂ ਹੁੰਦੀਆਂ ਤੀ। ਜੇ ਟੈਮ ਸਿਰ ਕਣਕ ਵੱਢੀ ਨਾ ਜਾਂਦੀ ਤਾਂ ਬੱਲੀਆਂ ਕੁੱਬੀਆਂ ਹੋ ਜਾਂਦੀਆਂ। ਉਹ ਮਾੜੇ ਲਾਣੇ ਦੀ ਨਿਸ਼ਾਨੀ ਹੁੰਦੀ।"

"ਅੱਛਾਅ? ਫੇ ਆਪਾਂ ਮਾਨੂੰਪੁਰੋਂ ਜ਼ਮੀਨ ਵੇਚ ਕੇ ਸ਼ੇਰਗੜ੍ਹ ਕਿਉਂ ਆ ਗਏ?" ਜਗੀਰ ਸਿੰਘ ਨੇ ਝੱਟ ਪੁੱਛ ਲਿਆ ਸੀ।

ਸਰਵਨ ਸਿੰਘ ਚੁੱਪ ਹੋ ਗਿਆ ਸੀ। ਦੂਜੇ ਹੀ ਪਲ ਉਸ ਦੇ ਚਿਹਰੇ 'ਤੇ ਨੂਰ ਖਿੜ ਗਿਆ ਸੀ। ਜਦੋਂ ਉਸ ਨੇ ਵੀਹ ਕੀਲਿਆਂ ਦੇ ਇਕੱਠੇ ਟੱਕ ਵੱਲ ਝਾਤੀ ਮਾਰੀ ਸੀ।

ਜਗੀਰ ਸਿੰਘ ਵੀ ਪਿਉ ਦਾ ਇਸ਼ਾਰਾ ਸਮਝ ਗਿਆ ਸੀ। ਉਹ ਵੀ ਕੁਝ ਨਹੀਂ ਸੀ ਬੋਲਿਆ। ਉਹ ਸੁਹਾਗੇ ਉੱਤੇ ਚੜ੍ਹੇ, ਛਾਤੀਆਂ ਚੌੜੀਆਂ ਕਰਕੇ, ਮੋਢੇ ਉੱਤੋਂ ਬੁੱਕਣ ਲੱਗ ਪਏ ਸੀ। ਮਾਨੂੰਪੁਰੋਂ ਵੇਚ ਕੇ ਆਇਆਂ ਪੰਜ ਕੀਲਿਆਂ ਦੇ ਵੀਹ ਬਣ ਗਏ ਸਨ।

ਸਰਵਨ ਸਿੰਘ ਅਤੇ ਉਸ ਦਾ ਛੋਟਾ ਭਰਾ ਭਾਗ ਸਿੰਘ ਵੱਡੇ ਮੁੰਡੇ ਦੇਵ ਨਾਲ ਖੇਤੀ ਦਾ

ਕੰਮ ਭਜਾਈ ਫਿਰਦੇ ਸਨ। ਮਾਨੂੰਪੁਰ ਉਹਨਾਂ ਦੀ ਅੱਲ ਬੁੜ੍ਹਿਆਂ ਦਾ ਟੱਬਰ ਪਈ ਹੋਈ ਸੀ। ਨਵੀਂ ਥਾਂ ਆ ਕੇ ਵੀ ਉਹਨਾਂ ਦੀ ਇਸ ਅੱਲ ਨੇ ਪਿੱਛਾ ਨਹੀਂ ਸੀ ਛੱਡਿਆ। ਕਿਸੇ ਨਾ ਕਿਸੇ ਨੇ ਆ ਕੇ ਮੂੰਹ ਮਾਰ ਦਿੱਤਾ ਸੀ। ਓਹੀ ਅੱਲ ਸ਼ੇਰਗੜ੍ਹ ਵਿਚ ਵੀ ਪੈ ਗਈ। ਦੇਵ ਅਤੇ ਜਗੀਰ ਸਿੰਘ ਤੋਂ ਵਿਚਕਾਰਲੇ ਭਰਾ ਕਰਨੈਲ ਅਤੇ ਮੇਲੂ ਵੀ ਡੰਗਰ ਵੱਛੇ ਨੂੰ ਕੱਖ-ਕੰਡਾ ਅਤੇ ਪਾਣੀ-ਧਾਣੀ ਪਿਆਉਣ ਲੱਗ ਪਏ ਸੀ।

ਇਕ ਦਿਨ ਉਹਨਾਂ ਨੇ ਗੱਲਾਂ ਕਰਦਿਆਂ ਸਲਾਹ ਕੀਤੀ, "ਬੜੇ ਭਾਈ ਬੰਬੀ ਤਾਂ ਲਾਉਣੀ ਹੀ ਪੈਣੀ ਐ...ਫੇਰ ਸਰੂ। ਸੂਏ ਦਾ ਪਾਣੀ ਕਦੇ ਆਉਂਦਾ ਕਦੇ ਨਹੀਂ...ਹਲਟ ਨਾਲ ਕਿਆਰੇ ਛੇਤੀ ਨੀ ਭਰਦੇ।" ਭਾਗ ਸਿੰਘ ਨੇ ਸੁੱਕੇ ਖਾਲ ਦੀ ਵੱਟ 'ਤੇ ਬੈਠੇ, ਰੋਟੀ ਨਾਲੋਂ ਬੁਰਕੀ ਤੋੜ ਕੇ ਕਿਹਾ।

ਸਰਵਨ ਸਿੰਘ, ਹੱਕ ਪੈਣਿਆਂ ਦੀ ਬੰਬੀ ਵਿਚੋਂ ਨਿਕਲਦੀ, ਪਾਣੀ ਦੀ ਧਾਰ ਵੱਲ ਝਾਕਦਿਆਂ ਬੁਰਕੀ ਸੰਘ ਤੋਂ ਹੇਠਾਂ ਨਿਘਾਰ ਕੇ ਬੋਲਿਆ, "ਹਾਂ ਭਾਈ ਕਰਨਾ ਈ ਪੈਣੈਂ ਕੁਝ ਨਾ ਕੁਝ...।"

ਭਾਗ ਸਿੰਘ ਨੇ ਆਪਣੀ ਭਰਜਾਈ ਬਸੰਤ ਕੁਰ ਦੇ ਕੰਨਾਂ ਦੀਆਂ ਵਾਲੀਆਂ ਵੱਲ ਵੇਖਿਆ, ਫੇਰ ਉਸ ਦੀ ਨਜ਼ਰ, ਹਿੱਕ 'ਤੇ ਲਟਕਦੇ ਸਿੰਗ-ਤਬੀਤ ਵੱਲ ਫਿਰ ਗਈ। ਜਦੋਂ ਮੂੰਹ ਵੱਲ ਝਾਕਿਆ ਤਾਂ ਭਰਜਾਈ ਨੇ ਚੁੰਨੀ ਦੇ ਲੜ ਨਾਲ ਹਿੱਕ ਢਕ ਲਈ। ਨਾਲ ਹੀ ਸਿੰਗ-ਤਬੀਤ ਢਕਿਆ ਗਿਆ। ਉਸ ਨੇ ਆਪਣੇ ਚਿਹਰੇ 'ਤੇ ਹੋਰ ਕੋਈ ਹਾਵ ਭਾਵ ਨਹੀਂ ਸੀ ਆਉਣ ਦਿੱਤਾ। ਪੋਣੇ ਵਿਚੋਂ ਦੋ ਰੋਟੀਆਂ ਚੁੱਕ ਕੇ, ਉਸ ਵੱਲ ਕੀਤੀਆਂ। ਉਸ ਨੇ ਚੁੱਪ-ਚਾਪ ਫੜ ਲਈਆਂ। ਦੋ ਰੋਟੀਆਂ ਆਪਣੇ ਘਰ ਵਾਲੇ ਨੂੰ ਫੜਾ ਦਿੱਤੀਆਂ। ਉਹ ਅਜੇ ਵੀ ਔਲੂ ਵਿਚ ਡਿਗਦੀ ਚਮਕਦੀ ਪਾਣੀ ਦੀ ਧਾਰ ਵੱਲ ਝਾਕੀ ਜਾ ਰਿਹਾ ਸੀ ਅਤੇ ਹੌਲੀ ਹੌਲੀ ਬੋਲਿਆ, "ਹਾਂ ਕਰਦੇ ਹਾਂ ਹੀਲਾ, ਕੋਈ ਨਾ ਕੋਈ ਟੂੰਮ-ਟੱਲਾ ਦੇਖ ਕੇ...।" ਉਸ ਦੀ ਨਜ਼ਰ ਵੀ ਵਾਲੀਆਂ ਅਤੇ ਸਿੰਗ-ਤਬੀਤ 'ਤੇ ਪੈ ਗਈ ਸੀ।

"ਫੇ ਕਿੱਥੇ ਕੁ ਬੋਰ ਕਰਾਈਏ ਬੜੇ ਭਾਈ", ਭਾਗ ਸਿੰਘ ਉਸ ਵੱਲ ਝਾਕਦਿਆਂ ਪੁੱਛ ਰਿਹਾ ਸੀ।

"ਪਹੇ ਤੋਂ ਕੀਲਾ ਕੁ ਹਟਵਾਂ ਉੱਚੀ ਥਾਂ।" ਸਰਵਨ ਸਿੰਘ ਨੇ ਉੱਚੀ ਥਾਂ ਵੱਲ ਇਸ਼ਾਰਾ ਕਰ ਦਿੱਤਾ।

"ਕਿਸੇ ਚੰਗੇ ਬੋਰ ਕਰਨ ਵਾਲੇ ਮਿਸਤਰੀ ਨੂੰ ਲਿਆਇਓ...ਹੈਂ ਜੀ?" ਬਸੰਤ ਕੁਰ ਨੇ ਉਹਨਾਂ ਵੱਲ ਝਾਕਦਿਆਂ ਸੁਝਾਅ ਦਿੱਤਾ।

ਜਗੀਰ ਸਿੰਘ ਵੱਡੇ ਭਰਾ ਦੇਵ ਵੱਲ ਭੱਜ ਗਿਆ। ਉਹ ਅਜੇ ਤਕ ਰੋਟੀ ਖਾਣ ਨਹੀਂ ਸੀ ਆਇਆ। ਉਹ ਬਲਦਾਂ ਅਤੇ ਮੱਝਾਂ ਲਈ ਬਰਸੀਮ ਵੱਢਣ ਜਾ ਲੱਗਿਆ। ਕਹਿੰਦਾ, "ਵੱਢ ਕੇ ਹੀ ਰੋਟੀ ਖਾਊਂ।"

ਉਹਨਾਂ ਨੇ ਘਰ ਦਾ ਮਾਹੌਲ ਵੇਖ ਕੇ, ਉੱਚੀ ਥਾਂ ਬੋਰ ਕਰਾਉਣ ਲਈ ਟੱਕ ਲਾ ਹੀ ਦਿੱਤਾ ਸੀ। ਮਘਦੇ ਗੋਹੇ ਉੱਤੇ ਘਿਉ ਦਾ ਦੀਵਾ ਬਾਲ਼ ਕੇ ਮਿੱਠੇ ਦਲੀਏ ਦਾ ਮੱਥਾ ਟੇਕਿਆ ਗਿਆ। ਉਹ ਹਰੇਕ ਐਤਵਾਰ, ਖੁਆਜੇ ਪੀਰ ਨੂੰ ਮਿੱਠੇ ਚੌਲਾਂ ਨਾਲ ਚਿਰਾਗ਼ ਜਗਾ ਕੇ ਮੱਥਾ ਟੇਕਦੇ, "ਐ ਖੁਆਜਾ ਬਲੀ, ਕਰ ਭਲੀ।"

ਬੋਰ ਕਰਦਿਆਂ ਜਦੋਂ ਪਾਂਡੂ-ਮਿੱਟੀ ਤੋਂ ਬਾਅਦ ਪਾਣੀ ਦੀ ਕੈਪਟੀ ਵਾਲਾ ਪੱਤਣ ਆ ਗਿਆ ਤਾਂ ਬੋਰ ਕਰਨਾ ਉਥੇ ਹੀ ਛੱਡ ਦਿੱਤਾ ਗਿਆ। ਬੋਰ ਪੂਰਾ ਹੋਣ ਤੋਂ ਮਿੱਠੇ ਚੌਲ ਖੁੱਲ੍ਹੇ ਵੰਡੇ ਗਏ।

ਪਾਣੀ ਵਗਣਾ ਸ਼ੁਰੂ ਹੋ ਗਿਆ। ਬੰਬੀ ਦੇ ਪਾਣੀ ਨਾਲ ਖਾਲ਼ ਨੱਕੋ ਨੱਕ ਭਰਿਆ

ਜਾਇਆ ਕਰੇ। ਫਸਲ ਚੰਗੀ ਹੋਣ ਲੱਗ ਪਈ।

ਇਕ ਦਿਨ ਬੈਠਿਆਂ ਬੈਠਿਆਂ ਦੇਵ ਨੇ ਸਰਵਨ ਸਿੰਘ ਅਤੇ ਭਾਗ ਸਿੰਘ ਨੂੰ ਸਲਾਹ ਦਿੱਤੀ, "ਜੇ ਆਪਾਂ ਬੰਬੀ ਲਾਗੇ ਹੀ ਕੋਠਾ ਪਾ ਲਈਏ?"

ਭਾਗ ਸਿੰਘ ਕੰਨ 'ਚ ਉਂਗਲੀ ਘੁਮਾ ਕੇ ਬੋਲਿਆ, "ਚੋਰ ਸਾਰਾ ਸਾਮਾਨ ਲੈ ਜਾਣਗੇ, ਪਿੰਡ 'ਚ ਤਾਂ ਆਂਢ ਗੁਆਂਢ ਐ ਮਦਦ ਲਈ।"

ਸਵਰਨ ਸਿੰਘ ਨੇ ਕਿਹਾ, "ਸੋਚਦੇ ਆਂ...ਉਂ ਤਾਂ ਆਉਣ ਜਾਣ ਤੋਂ ਮੌਜ ਹੋਜੂ।"

ਦੇਵ ਬੋਲ ਪਿਆ, "ਹਾਂ ਬਾਪੂ ਐਵੇਂ ਟੈਮ ਖਰਾਬ ਕਰਦੇ ਆਂ। ਚਾਰ ਮੱਝਾਂ ਹੋਰ ਰੱਖ ਕੇ ਡਾਇਰੀ 'ਚ ਦੁੱਧ ਪਾਇਆ ਕਰਾਂਗੇ।"

ਬਸੰਤ ਕੁਰ ਨੇ ਵੀ ਕੋਲੋਂ ਹੁੰਗਾਰਾ ਭਰ ਦਿੱਤਾ, "ਸਾਰਾ ਦਿਨ ਕੋਹ ਵਾਟ, ਰੋਟੀਆਂ ਅਤੇ ਚਾਹ ਲਿਆਉਣ ਤੋਂ ਸੁੱਖ ਹੋਜੂਗਾ।"

ਹੌਲੀ ਹੌਲੀ ਉਹਨਾਂ ਦੀ ਬੰਬੀ 'ਤੇ ਰਿਹਾਇਸ਼ ਲਿਆਉਣ ਦੀ ਸਲਾਹ ਬਣ ਗਈ। ਖੇਤ ਵਿਚ ਰਹਿ ਕੇ ਕੰਮ ਵੱਧ ਤੇ ਖੇਤੀ ਚੰਗੀ ਹੋਣ ਲੱਗ ਪਈ।

ਪਹੀ ਦੇ ਮੋੜ 'ਤੇ, ਜਗੀਰ ਸਿੰਘ ਦੇ ਪੈਰ ਰੁਕ ਗਏ। ਉਹ ਪੈਰ ਮਲਦਾ, ਫਸਲ 'ਚ ਗੱਡੇ ਡਰਨੇ ਵਾਂਗ ਖੜ੍ਹ ਗਿਆ। ਉਸ ਦਾ ਉਥੋਂ ਹਿੱਲਣ ਨੂੰ ਜੀਅ ਨਹੀਂ ਸੀ ਕਰ ਰਿਹਾ, "ਹੈਂ? ਇਹ ਕੀ? ਮੈਂ ਕਿਧਰ ਆ ਗਿਆ? ਆਪਣੀ ਜ਼ਮੀਨ 'ਚ? ਨਹੀਂ ਨਹੀਂ...ਆਪਣੀ ਤਾਂ ਹੁਣ...ਆਪਣੇ ਹੀ ਵਾਲ਼ ਪੁੱਟਾਂ...ਪਿੱਠ ਪਿੱਛੇ ਸੂਰਜ?"

ਉਸ ਦੀ ਬੁੜ ਬੁੜ ਚੁੱਪ ਹੋ ਗਈ। ਉਸ ਨੇ ਭਮੰਤਰੇ ਹੋਏ ਨੇ ਆਲੇ-ਦੁਆਲੇ ਵੇਖਿਆ। ਕਣਕਾਂ ਸਿੱਧੀਆਂ ਚੁੱਪ-ਚਾਪ ਖੜ੍ਹੀਆਂ ਸਨ। ਉਹਨਾਂ ਦੀ ਹਵਾ ਨਾਲ ਲਹਿਰ ਨਹੀਂ ਸੀ ਬਣ ਰਹੀ। ਮਹਿਕ ਆਉਣੀ ਬੰਦ ਹੋ ਗਈ। ਉਸ ਨੂੰ ਆਪਣਾ ਹੀ ਨੱਕ ਬੰਦ ਹੋਇਆ ਜਾਪਿਆ। ਉਹ ਹੱਸ ਪਿਆ, "ਉਂ ਡਰਨਿਆਂ ਦੇ ਨੱਕ ਬੰਦ ਹੀ ਹੁੰਦੇ ਨੇ।"

ਉਸ ਨੂੰ ਘੁਮੇਰ ਆ ਗਈ। ਉਹ ਇਕ ਦਮ ਬੈਠ ਗਿਆ। ਧਰਤੀ ਹਿੱਲਦੀ ਜਾਪੀ। ਕਣਕ ਅਤੇ ਦਰਖਤ ਕੰਬਦੇ ਦਿਸੇ। ਉਹ ਖੜ੍ਹਾ ਹੋ ਗਿਆ। ਪੈਰ ਮਲਦਾ ਦੋ ਕਦਮ ਪਿੱਛੇ, ਦੋ ਅੱਗੇ ਹੋਣ ਲੱਗ ਪਿਆ। ਉਸ ਦਾ ਜੀਅ ਕੀਤਾ, ਆਪਣੇ ਖੇਤਾਂ ਵਿਚ ਭੱਜਿਆ ਫਿਰੇ। ਸਾਰੀ ਕਣਕ ਨੂੰ ਆਪਣੇ ਕਲਾਵੇ ਵਿਚ ਲੈ ਲਵੇ।

ਉਸ ਨੂੰ ਕੀਲੇ ਕੁ ਦੇ ਫਾਸਲੇ 'ਤੇ ਉਹੀ ਚਾਰ ਟੱਬਰਾਂ ਦੇ ਚਾਰ ਘਰ ਦਿਸਣ ਲੱਗ ਪਏ। ਸਾਧੂ ਸਿੰਘ ਹੋਰਾਂ ਨੇ ਤਿੰਨ ਢਾਅ ਦਿੱਤੇ ਸਨ। ਜਗੀਰ ਸਿੰਘ ਵਾਲਾ ਰੱਖਿਆ ਹੋਇਆ ਸੀ। ਇਹ ਉਸ ਦੀ ਬਿਜਲੀ ਮਹਿਕਮੇ ਦੀ ਕਮਾਈ ਨਾਲ, ਭਰਾਵਾਂ ਨਾਲੋਂ ਚੰਗਾ ਬਣਿਆ ਹੋਇਆ ਸੀ। ਸਾਧੂ ਸਿੰਘ ਨੇ ਇਸ ਦੀ ਢਾਅ ਭੰਨ ਕਰਕੇ ਵਿਹੜਾ ਖੁੱਲ੍ਹਾ ਕੰਧਾਂ ਕੌਲੇ ਸਿੱਧੇ ਕਰਕੇ ਰੰਗ ਰੋਗਨ ਵੀ ਕਰਾ ਦਿੱਤਾ ਸੀ। ਸੜਕ ਤੋਂ ਆਉਂਦੇ ਜਾਂਦੇ, ਦੂਰੋਂ ਹੀ ਦਿਸ ਪੈਂਦਾ।

ਜਗੀਰ ਸਿੰਘ ਨੂੰ ਪਹਿਲਾਂ ਵਾਲੇ ਚਾਰ ਘਰਾਂ ਦਾ ਝਉਲਾ ਹੀ ਪਿਆ ਸੀ। ਉਹਨਾਂ ਵਿਚੋਂ ਮੁੰਡਿਆਂ ਨੇ ਅੱਡ ਹੋ ਕੇ ਵਿਹੜੇ ਵਾਲਿਆਂ ਦੀ ਰੀਸ ਕਲੋਨੀ-ਨੁਮਾ ਇਕ ਇਕ ਕਮਰਾ ਹੋਰ ਬਣਾ ਲਿਆ ਸੀ। ਵਿਹੜੇ ਵਾਲਿਆਂ ਨਾਲ ਯਾਰੀ ਜੋ ਪਾਈ ਹੋਈ ਸੀ। ਉਹ ਲੋਹਾ ਮੰਡੀ ਗੋਬਿੰਦਗੜ੍ਹ ਵਿਚ ਇਕੱਠੇ ਕੰਮ 'ਤੇ ਜਾਣ ਲੱਗ ਪਏ ਸਨ।

ਜਗੀਰ ਸਿੰਘ ਨੂੰ ਖਿਝ ਆਈ, "ਸ਼ਹਿਰ ਜਾਣ ਦੀ ਰੀਸ ਕਰਦੇ ਸੀ। ਮੈਂ ਤਾਂ ਔਖੇ ਸੌਖੇ ਹੋ ਕੇ ਦਸਵੀਂ ਤੋਂ ਬਾਅਦ ਬਿਜਲੀ ਦਾ ਕੋਰਸ ਕਰ ਲਿਆ ਸੀ। ਉਹ ਸਮੇਂ ਹੀ ਚੰਗੇ ਸਨ। ਹੁਣ ਇਹਨਾਂ ਨੂੰ ਨੌਕਰੀ ਤਾਂ ਕੀ, ਦਿਹਾੜੀ 'ਤੇ ਵੀ ਚੁਣ ਕੇ ਰੱਖਦੇ ਨੇ? ਫੈਕਟਰੀਆਂ ਅਤੇ ਦਫਤਰਾਂ ਵਾਲੇ ਗੇਟ ਤੋਂ ਅੰਦਰ ਨੀ ਵੜਨ ਦਿੰਦੇ। ਜਿੰਨਾ ਕੁ ਕੰਮ ਕਰਾਉਣਾ ਹੁੰਦੈ, ਓਨੇ ਕੁ ਕੰਮ ਖਾਤਰ ਛਾਂਟ

ਲੈਂਦੇ ਨੇ। ਬਾਕੀ ਜਾਓ ਸੜਕਾਂ 'ਤੇ, ਬਜਾਓ ਟੱਲੀਆਂ ਤੇ ਸੁਣੋ ਮੋਬਾਇਲਾਂ 'ਤੇ ਗਾਣੇ। ਬਹੁ-ਕੌਮੀ ਕੰਪਨੀਆਂ ਦੇ ਮਾਲਕ ਕਹਿੰਦੇ ਨੇ, "ਮਜ਼ਦੂਰਾਂ ਦੀ ਲੋੜ ਹੀ ਘਟ ਗਈ। ਜ਼ਿਆਦਾ ਕੰਮ ਮਸ਼ੀਨਾਂ ਨੇ ਸਾਂਭ ਲਿਐ। ਜੀ. ਟੀ. ਰੋਡ 'ਤੇ ਇਕੋ ਮਸ਼ੀਨ ਸੌ ਸੌ ਦਰੱਖਤ ਜੜੋਂ ਪੁੱਟ ਦਿੰਦੀ ਐ, ਚੌਮਾਰਗੀ ਸੜਕਾਂ ਬਣਾ ਕੇ ਤੇਜ਼ ਰਫਤਾਰ ਕਰਨ ਲਈ। ਭਾਰੀ ਟੈਂਕਰ ਸਵੇਰ ਤੋਂ ਸ਼ਾਮ ਤਕ, ਮਿੱਟੀ ਅਤੇ ਬਜਰੀ ਦੇ ਢੇਰ ਲਾ ਦਿੰਦੇ ਨੇ। ਉਸ ਉੱਤੇ ਵੱਡੇ ਵੱਡੇ ਰੋਲਰ ਫੇਰ ਕੇ ਮਸ਼ੀਨਾਂ ਨਾਲ ਲੁਕ ਪਾ ਦਿੰਦੇ ਨੇ। ਮਸ਼ੀਨ ਚਲਾਉਣ ਵਾਲਾ ਬੰਦਾ ਹੀ ਦਿਸਦੈ। ਨਿੱਕੇ ਮੋਟੇ ਕੰਮ ਲਈ ਕੋਈ ਟਾਵਾਂ ਟਾਵਾਂ ਮਜ਼ਦੂਰ ਨਜ਼ਰ ਆਉਦੈ...ਹੈ ਨਾ ਕਰੋੜਾਂ ਤੇ ਅਰਬ ਪਤੀਆਂ ਦਾ ਕਮਾਲ! ਮਜ਼ਦੂਰ ਵਿਹਲੇ ਕਰਨ ਲਈ, ਤਰੱਕੀ ਦੀ ਆੜ 'ਚ...।"

"ਲੈਨਮੈਨ ਸਾਹਬ...ਇਬ ਕਿਆ ਸੋਚਦੈ ਐਂ...ਪਹੀ ਮਾ ਗੈਲ ਗੈਲ ਆ ਜਾ...ਚਾਹ ਪਾਣੀ ਪੀ ਲੈ।" ਸੁਹਾਣੇ ਤੋਂ ਆ ਕੇ ਵਸੇ ਸਾਧੂ ਸਿੰਘ ਨੇ ਉਸ ਨੂੰ ਆਵਾਜ਼ ਮਾਰੀ।

ਜਗੀਰ ਸਿੰਘ ਆਪਣੇ ਆਪ 'ਚ ਪਰਤਿਆ। ਉਹ ਬਿਨਾਂ ਕੁਝ ਬੋਲੇ ਛੇਤੀ ਛੇਤੀ ਤੁਰ ਪਿਆ। ਉਸ ਦੇ ਪੈਰਾਂ ਹੇਠ, ਜਿਵੇਂ ਅੰਗਿਆਰ ਆ ਗਏ। ਸੜਕ ਦੇ ਦੋਵੇਂ ਪਾਸੇ ਹਵਾ ਨਾਲ ਝੂਲਦੀਆਂ ਬੱਲੀਆਂ ਇਕ ਦੂਜੀ ਨਾਲ ਖਹਿੰਦੀਆਂ ਵੀ ਉਸ ਨੂੰ ਟਿੱਚਰਾਂ ਕਰਦੀਆਂ ਜਾਪੀਆਂ, 'ਦੇਖ ਕਿਵੇਂ ਲੱਕ ਹੁਲਾਰੇ ਖਾਂਦੈ, ਇਕ ਦੂਜੀ ਨਾਲ ਖਹਿ ਕੇ।'

ਸਾਧੂ ਸਿੰਘ ਨੇ ਫੇਰ ਆਵਾਜ਼ ਮਾਰੀ, "ਇਬ ਆ ਜਾ ਰੇ...।"

ਜਗੀਰ ਸਿੰਘ ਨੇ ਅਣਸੁਣਿਆ ਕਰ ਦਿੱਤਾ। ਕੁਝ ਦੂਰ ਜਾ ਕੇ ਉਹ ਹੌਲੀ ਹੌਲੀ ਬੋਲਿਆ, "ਆਏ ਨੇ ਦੋ ਦੋ ਕੀਲੇ, ਕਰੋੜ ਕਰੋੜ ਨੂੰ ਵੇਚ ਕੇ। ਉਥੇ ਬੰਜਰ ਮਾਰੂ ਜ਼ਮੀਨ ਹੁੰਦੀ ਤੀ। ਭੁੱਖੇ ਮਰਦੇ ਤੇ ਧਾਰੇ ਮਾਰੇ...ਅੰਬ ਚੂਪ ਕੇ।"

ਉਸ ਦੇ ਅੰਦਰ ਖੋਹ ਪੈਣ ਲੱਗ ਪਈ। ਸਾਧੂ ਸਿੰਘ ਦਾ ਕੀਤਾ ਆਦਰ ਮਾਣ ਵੀ ਯਾਦ ਆਉਣ ਲੱਗ ਪਿਆ। ਜਦੋਂ ਵੀ ਉਹ ਇਧਰੋਂ ਲੰਘਦਾ ਤਾਂ ਸਾਧੂ ਸਿੰਘ ਹੱਸ ਕੇ ਬੁਲਾਉਂਦਾ। ਇਕ ਵਾਰ ਉਹ ਜਗੀਰ ਸਿੰਘ ਨੂੰ ਬਾਂਹ ਤੋਂ ਫੜ ਕੇ ਲੈ ਗਿਆ ਸੀ, "ਇਬ ਵੀਰੇ ਗੱਲ ਤਾਂ ਸੁਣੋ ਰੇ।"

ਜਗੀਰ ਸਿੰਘ ਨਾਂਹ ਨਹੀਂ ਸੀ ਕਰ ਸਕਿਆ। ਸਾਧੂ ਸਿੰਘ ਦੀ ਘਰਵਾਲੀ ਨੂੰ ਜਿਵੇਂ ਚਾਅ ਜਿਹਾ ਚੜ੍ਹ ਗਿਆ ਸੀ, "ਇਬ ਵੀਰੇ ਚਾਹ ਪੀਓ, ਬੈਠੋ। ਗੱਲ ਬਾਤ ਕਰੋ।"

ਸਾਧੂ ਸਿੰਘ ਹੋਰਾਂ ਕੋਲ ਪਿੰਡ ਵਿਚੋਂ ਕੋਈ ਟਾਵਾਂ ਟਾਵਾਂ ਹੀ ਬੰਦਾ ਆਉਂਦਾ ਸੀ। ਜ਼ਮੀਨ ਵਿਚਲੇ ਘਰ 'ਚ ਰਹਿਣ ਕਰਕੇ ਪਿੰਡ ਵਾਲਿਆਂ ਨਾਲ ਬਹੁਤਾ ਮੇਲ-ਮਿਲਾਪ ਨਹੀਂ ਸੀ ਹੋ ਸਕਿਆ। ਨਾ ਹੀ ਬਿਨਾਂ ਕਿਸੇ ਕੰਮ ਤੋਂ ਆਉਣ ਜਾਣ ਦਾ ਕੋਈ ਬਹਾਨਾ ਬਣਦਾ। ਉਹਨਾਂ ਦੇ ਦੋਵੇਂ ਮੁੰਡੇ ਚੰਡੀਗੜ੍ਹ-ਮੁਹਾਲੀ ਦੀ ਰੌਣਕ ਛੱਡ ਕੇ ਸ਼ਹਿਰੋਂ ਸੱਤਰ ਅੱਸੀ ਕਿਲੋਮੀਟਰ ਦੂਰ ਜ਼ਮੀਨ 'ਚ ਰਹਿਣ ਲਈ ਤਿਆਰ ਨਹੀਂ ਸੀ ਹੋ ਰਹੇ। ਉਹਨਾਂ ਨੇ ਲਾਂਡਰਾਂ ਵਾਲੀ ਸੜਕ ਦਾ ਮੋੜ ਮੁੜ ਕੇ ਸਫੈਦਿਆਂ ਵਾਲੀ ਤੰਗ ਸੜਕ 'ਤੇ ਪੱਥਰ ਵੇਚਣ ਦਾ ਧੰਦਾ ਕਰ ਲਿਆ ਸੀ ਅਤੇ ਮੁਹਾਲੀ ਵਿਚ ਕੋਠੀ ਪਾ ਲਈ ਸੀ। ਇਕ ਜਣਾ ਦੁਕਾਨ 'ਤੇ ਬੈਠਦਾ, ਦੂਜਾ ਮੁਹਾਲੀ-ਚੰਡੀਗੜ੍ਹ ਚੱਕਰ ਲਾ ਆਉਂਦਾ। ਕਦੇ ਕਦੇ ਇਕ ਜਣਾ ਰਾਜਸਥਾਨ-ਮਕਰਾਣੇ ਤੋਂ ਪੱਥਰ ਲੈਣ ਚਲਾ ਜਾਂਦਾ।

ਚੰਡੀਗੜ੍ਹ ਅਤੇ ਮੁਹਾਲੀ, ਆਲੇ ਦੁਆਲੇ ਨੂੰ ਫੈਲਦੇ ਦੇਖ ਕੇ ਸਾਧੂ ਸਿੰਘ ਨੂੰ ਸੁਹਾਣੇ ਵਾਲੀ ਆਪਣੀ ਜੱਦੀ ਜ਼ਮੀਨ ਸੁੰਗੜਦੀ ਜਾਪਦੀ। ਸਾਰੇ ਪਿੰਡ ਨੂੰ ਹੀ ਫਿਕਰ ਪਿਆ ਹੋਇਆ ਸੀ। ਉਹ ਸੋਚਦੇ, ਕੀ ਬਣੂ? ਕਿਧਰ ਜਾਵਾਂਗੇ? ਉਜੜਕੇ? ਪਰ ਨੌਜੁਆਨ ਪੀੜ੍ਹੀ ਨੂੰ ਸ਼ਹਿਰ ਦੀ ਲਪੇਟ ਵਿਚ ਆਉਣ ਦਾ ਚਾਅ ਵੀ ਸੀ।

ਭੂ-ਮਾਫੀਏ ਦੇ ਇਕ ਮੈਂਬਰ ਨੇ ਸਾਧੂ ਸਿੰਘ ਕੋਲ ਆ ਕੇ ਕਿਹਾ ਸੀ, 'ਇਬ ਵੀਰੇ ਇਥੇ

ਵੀ ਸੈਕਟਰ ਬਣ ਜਾਣੇ ਨੇ। ਕੋਠੀ ਜੋਗੀ ਥਾਂ ਛੱਡ ਕੇ ਬਾਕੀ ਵੇਚੋ।"

ਸਾਧੂ ਸਿੰਘ ਹੋਰ ਡਰ ਗਿਆ, "ਇਬ ਕਿਸੇ ਪਿੰਡ ਮਿਲਜੂਗੀ?"

"ਹਾਂ ਹਾਂ ਛੀ ਸੱਤ ਗੁਣਾਂ ਵੱਧ ਹੋਵੈ...ਗੱਲ ਕਰੋ।"

"ਅੱਛਾ ਛੀ ਸੱਤ ਗੁਣਾਂ...?" ਸਾਧੂ ਸਿੰਘ ਨੂੰ ਚਾਅ ਚੜ੍ਹ ਗਿਆ। ਭੂ-ਮਾਫੀਏ ਉਸ ਦੀ ਤਿੰਨ ਕੀਲੇ ਸਸਤੇ ਭਾਅ ਆਪ ਹੀ ਲੈ ਕੇ ਮਾਲਵੇ ਦੇ ਪਿੰਡ ਸ਼ੇਰਗੜ੍ਹ 'ਚ ਜ਼ਮੀਨ ਦੁਆਉ ਲਈ ਦੂਜੇ ਭੂ-ਮਾਫੀਏ ਨਾਲ ਗੱਲ ਕਰਾ ਦਿੱਤੀ।

ਸਾਧੂ ਸਿੰਘ ਤਰਕ ਨਾਲ ਕਹਿੰਦਾ ਸੀ ਕਿ ਮਹਿੰਗੀ ਜ਼ਮੀਨ ਵਿਕੀ ਐ, ਕਿਤੇ ਹੋਰ ਸੱਤ ਗੁਣਾਂ ਮਿਲ ਜਾਵੇਗੀ। ਜੱਟ ਦੀ ਤਾਂ ਸਾਰਾ ਕੁਝ ਜ਼ਮੀਨ ਹੀ ਹੁੰਦੀ ਹੈ। ਉਸ ਭੂ-ਮਾਫੀਏ ਉਹਨਾਂ ਨੂੰ ਸਰਵਨ ਸਿੰਘ ਵਾਲੀ ਜ਼ਮੀਨ ਦੁਆ ਦਿੱਤੀ ਸੀ।

ਪਹਿਲਾਂ ਪਹਿਲ ਤਾਂ ਸਾਧੂ ਸਿੰਘ, ਜ਼ਮੀਨ ਵਾਹ ਬੀਜ ਕੇ ਤੀਜੇ ਚੌਥੇ ਦਿਨ ਜਾਂ ਕੰਮ ਮੁ ਕੇ ਮੁਹਾਲੀ ਵਾਲੀ ਕੋਠੀ ਵਿਚ ਚਲਾ ਜਾਂਦਾ। ਫਿਰ ਉਸ ਨੇ ਵੇਖਿਆ, ਫਸਲ ਤਾਂ ਜ਼ਮੀਨ ਵਿ ਰਹਿੰਦਿਆਂ ਹੀ ਬਚਦੀ ਹੈ। ਉਸ ਨੂੰ ਇਕ ਭਈਆ ਰੱਖ ਕੇ ਜ਼ਮੀਨ ਵਿਚ ਆਉਣਾ ਪਿਆ ਇਕੱਲ ਦੂਰ ਕਰਨ ਲਈ, ਉਹ ਸੜਕ ਉੱਤੇ ਆ ਜਾਂਦਾ ਤੇ ਕਿਸੇ ਨਾ ਕਿਸੇ ਨਾਲ ਗੱਲਾਂ ਬਾ ਕਰਕੇ ਵਿਹਲਾ ਸਮਾਂ ਲੰਘਾ ਲੈਂਦਾ।

ਜਗੀਰ ਸਿੰਘ ਦਾ ਵੱਡਾ ਭਰਾ ਦੇਵ, ਜਿਸ ਨੂੰ ਦਾਰੂ ਪੀਣ ਦਾ ਚਸਕਾ ਲੱਗਾ ਹੋਇਆ ਸੀ, ਲੋਰ 'ਚ ਆਇਆ ਕਦੇ ਕਦੇ, ਆਪਣੇ ਹੀ ਖੇਤ ਸਮਝ ਕੇ ਸਾਧੂ ਸਿੰਘ ਕੋਲ ਆਉਣ ਲੱ ਪਿਆ ਸੀ। ਇਹੋ ਜਿਹੇ ਵੇਲੇ ਸਾਧੂ ਸਿੰਘ ਵੀ ਦਾਰੂ ਪੀਣ ਪਿਆਉਣ ਲਈ ਤਿਆਰ ਹੋ ਜਾਂਦਾ। ਉ ਨੂੰ ਕਿਸੇ ਨਾ ਕਿਸੇ ਦਾ ਸਾਥ ਚਾਹੀਦਾ ਸੀ। ਮੁੰਡਿਆਂ ਦੇ ਉਸ ਕੋਲ ਨਾ ਆਉਣ ਕਰਕੇ ਖੇਤੀ ਦ ਕੰਮ ਵੀ ਢਿੱਲਾ ਪੈਣ ਲੱਗ ਪਿਆ। ਖੇਤੀ ਉੱਤੇ ਖਰਚਾ ਵਧਣ ਨਾਲ ਆਮਦਨ ਘਟਣ ਲੱ ਪਈ। ਉਸ ਦੀ ਘਰਵਾਲੀ ਏਥੇ ਆ ਕੇ ਪਛਤਾ ਰਹੀ ਸੀ। ਉਹ ਸਾਧੂ ਸਿੰਘ ਨੂੰ ਕਹਿੰਦੀ, "ਇ ਇਕੱਲੇ ਪਾਗਲ ਹੋ ਜਾਵਾਂਗੇ ਜੀ...ਵਾਪਸ ਚਲੋ...।

"ਉਥੇ ਮੁੰਡਿਆਂ ਨੇ ਮੂੰਹ ਨੀ ਲਾਉਣਾ...ਇਥ ਏਥੇ ਹੀ ਮਰਾਂਗੇ।" ਸਾਧੂ ਸਿੰਘ ਨਹੀਂ ਸੀ ਚਾਹੁੰਦਾ ਕਿ ਵਾਰ ਵਾਰ ਜ਼ਮੀਨ ਵੇਚੀ ਜਾਵੇ। ਉਸ ਨੂੰ ਪਤਾ ਸੀ ਸੁਹਾਣੇ ਤਾਂ ਖੇਤੀ ਲਈ ਜ਼ਮੀ ਬਚੀ ਹੀ ਨਹੀਂ। ਜਿਹੜੀ ਥੋੜ੍ਹੀ ਬਹੁਤੀ ਹੈ ਵੀ, ਉਹ ਕਰੋੜਾਂ 'ਚ ਲੈ ਨਹੀਂ ਹੋਣੀ।

ਸਾਧੂ ਸਿੰਘ ਚਾਹੁੰਦਾ, ਜਗੀਰ ਸਿੰਘ ਹੋਰੀਂ ਆਪਣੇ ਪੁਰਾਣੇ ਘਰ ਆਉਣ। ਫਸਲ-ਬਾ ਵੇਖਣ ਤੇ ਸਭ ਕੁਝ ਆਪਣਾ ਹੀ ਸਮਝਣ।। ਉਹ ਪਿੰਡ ਤੋਂ ਆਏ ਹਰ ਬੰਦੇ ਦਾ ਦਿਲ ਲਗਾਉ ਲਈ ਹਰ ਤਰ੍ਹਾਂ ਦੀ ਮਦਦ ਲਈ ਵਾਹ ਲਾਉਂਦਾ। ਉਸ ਨੂੰ ਦੁੱਖ ਹੁੰਦਾ ਕਿ ਉਹ ਉਸ ਨਾਲ ਈਰਖ ਕਿਉਂ ਕਰਦੇ ਨੇ।

ਜਗੀਰ ਸਿੰਘ ਹੋਰਾਂ ਦਾ ਮਨੀਰਾਮ ਨਹੀਂ ਸੀ ਮੰਨਦਾ, "ਇਹਨਾਂ ਤੋਂ ਮਦਦ? ਜਿਹਨ ਨੇ ਬੇ ਘਰ ਕਰਤੇ? ਜਿਹਨਾਂ ਦੇ ਨਾਲ ਆਏ ਭੂ-ਮਾਫੀਏ ਨੇ ਇਕਦਮ ਹੀ ਰੁਪੱਈਆਂ ਦੀ ਪੰ ਫੇਰੀ ਕਰਤੀ? ਜ਼ਮੀਨ ਦਾ ਭਾਅ ਵੀ ਨਹੀਂ ਪੁੱਛਿਆ। ਪੈਂਦੀ-ਸੱਟੇ ਆਪ ਹੀ ਬੋਲ ਦਿੱਤਾ "ਇਬ ਪੱਚੀ ਲੱਖ ਕੇ ਹਿਸਾਬ ਮਾ ਸੌਦਾ ਪੱਕਾ।"

ਦੂਜੇ ਭੂ-ਮਾਫੀਏ ਨੇ ਅਟੈਚੀ ਵਿਚੋਂ ਨੋਟਾਂ ਦੀਆਂ ਗੁੱਟੀਆਂ ਅੱਗੇ ਰੱਖ ਦਿੱਤੀਆਂ "ਇਬ ਚੁੱਕੋ ਬਈ ਬਿਆਨੇ ਕੇ ਇਕ ਕਰੋੜ, ਬਾਕੀ ਰਜਿਸਟਰੀ ਟੈਮ...।"

ਤੀਜਾ ਜਣਾ ਨਾਲ ਆਇਆ ਦੇਵ ਦੀ ਵਹੁਟੀ ਵੱਲ ਮੂੰਹ ਕਰਕੇ ਬੋਲਿਆ, "ਭੈਣ ਜੀ ਇਬ ਚਾਹ ਤਾਂ ਪਿਲਾਓ...।"

ਭੂ-ਮਾਫੀਏ ਦਾ ਇਕ ਮੈਂਬਰ, ਤਿੰਨ ਚਾਰ ਦਿਨ ਲਗਾਤਾਰ ਦੇਵ ਅਤੇ ਮੇਲੂ ਕੋਲ ਆ ਕੇ ਜ਼ਮੀਨ ਦਾ ਭਾਅ ਦੱਸਣ ਲੱਗ ਪਿਆ ਸੀ। ਉਹਨਾਂ ਨੇ ਪਿੰਡ ਵਿਚ ਜ਼ਮੀਨ ਦਾ ਰੇਟ ਪਤਾ ਕੀਤਾ ਤਾਂ ਪੰਦਰਾਂ ਵੀਹ ਲੱਖ ਤੋਂ ਵੱਧ ਕੀਲਾ ਨਹੀਂ ਸੀ ਵਿਕਦਾ। ਉਹਨਾਂ ਨੂੰ ਪੱਚੀ ਲੱਖ ਮਿਲ ਰਿਹਾ ਸੀ। ਜਿਸ ਵਿਚੋਂ ਭੂ-ਮਾਫੀਏ ਨੇ ਪੰਜ ਲੱਖ ਰੱਖਣਾ ਸੀ।

ਜਗੀਰ ਸਿੰਘ ਹੋਰਾਂ ਦੀਆਂ ਅੱਖਾਂ ਅੱਡੀਆਂ ਗਈਆਂ। ਦੇਵ ਨੇ ਮੇਲੂ ਨਾਲ ਸਲਾਹ ਕੀਤੀ, "ਰੱਬ ਛੱਪੜ ਪਾੜ ਕੇ ਦਿੰਦੈ। ਕਿਸੇ ਨਾਲ ਗੱਲ ਨਾ ਕਰੋ। ਐਨਾ ਰੇਟ...?"

ਮੇਲੂ ਸੁਣ ਕੇ ਕੱਪੜਿਆਂ ਤੋਂ ਬਾਹਰ ਹੋਇਆ ਫਿਰਦਾ ਸੀ, "ਠੀਕ ਐ ਠੀਕ ਐ।"

ਦੇਵ ਦੀ ਘਰਵਾਲੀ ਉੱਠ ਕੇ ਚੁੱਲ੍ਹੇ ਉੱਤੇ ਚਾਹ ਬਣਾਉਣ ਚਲੀ ਗਈ। ਮੇਲੂ ਨੋਟਾਂ ਨੂੰ ਇਕੱਠੇ ਕਰਕੇ ਗਿਣਨ ਲੱਗ ਪਿਆ। ਚਾਅ 'ਚ ਉਸ ਤੋਂ ਗਿਣੇ ਵੀ ਨਹੀਂ ਸੀ ਜਾ ਰਹੇ। ਉਸ ਨੇ ਪੜ੍ਹੇ ਲਿਖੇ ਜਗੀਰ ਸਿੰਘ ਨੂੰ ਹੀ ਕਿਹਾ, "ਲੈ ਉਇ ਗਿਣ ਕੇ ਅੰਦਰ ਰੱਖ ਆ ਬੇਬੇ ਆਲੇ ਸੰਦੂਕ 'ਚ।"

ਜਗੀਰ ਸਿੰਘ ਦਾ ਦਿਲ ਨਹੀਂ ਸੀ ਮੰਨਦਾ। ਉਸ ਨੇ ਅਣਮੰਨੇ ਮਨ ਨਾਲ ਪੈਸੇ ਗਿਣ ਲਏ। ਉਹ ਸੋਚਦਾ, "ਜੇ ਦੋਵੇਂ ਬੁੜ੍ਹੇ ਜਿਉਂਦੇ ਹੁੰਦੇ, ਕਦੇ ਨਾ ਵੇਚਣ ਦਿੰਦੇ।"

ਉਹਨਾਂ ਦੀ ਮੱਤ ਹੀ ਮਾਰੀ ਗਈ ਸੀ। ਉਹਨਾਂ ਨੇ ਏਨੇ ਇਕੱਠੇ ਪੈਸੇ ਕਦੇ ਦੇਖੇ ਨਹੀਂ ਸਨ। ਜਗੀਰ ਸਿੰਘ ਪਹਿਲਾਂ ਅੜਿਆ, ਕਿ ਨਹੀਂ? ਮੇਲੂ ਉਸ ਨੂੰ ਕਹਿੰਦਾ, "ਆਹ ਸਲਫਾਸ ਐ। ਜੇ ਨਾਂਹ ਕੀਤੀ, ਇਹ ਅੰਦਰ ਦਮ ਜਲੰਧਰ?" ਜਗੀਰ ਸਿੰਘ ਡਰ ਕੇ ਮੰਨ ਗਿਆ। ਉਹਨਾਂ ਨੇ ਸੋਚਿਆ ਸੀ, ਸੌ ਵਿੱਘੇ ਦੀ ਚਾਰ ਸੌ ਬਣਾਵਾਂਗੇ।

ਉਸ ਦੇ ਆਪਣੇ ਮਹਿਕਮੇ ਦੀ ਨੌਕਰੀ ਦੌਰਾਨ ਜੇ. ਈ., ਸੁਪਰਡੈਂਟ ਅਤੇ ਐੱਸ. ਡੀ. ਓ. ਪਿੱਛਾ ਨਹੀਂ ਸੀ ਛੱਡ ਰਹੇ। ਕਿਸੇ ਇਕ ਥਾਂ ਉਸ ਦੇ ਪੈਰ ਟਿਕਣ ਹੀ ਨਹੀਂ ਸੀ ਦਿੱਤੇ। ਉਸ ਦੇ ਮੂੰਹੋਂ ਨਿਕਲ ਜਾਂਦਾ, "ਸਾਲੇ, ਭੁੱਖੜ ਬਘਿਆੜ...।"

ਚੰਗਾ ਭਲਾ ਉਹ ਖੰਨਾ ਡਵੀਜ਼ਨ ਵਿਚ ਲੱਗਾ ਹੋਇਆ ਸੀ। ਨਵੇਂ ਆਏ ਐੱਸ. ਡੀ. ਓ. ਨੇ ਨਵੇਂ ਕੇਸ ਨੂੰ ਵੇਖ ਕੇ ਉਸ ਤੋਂ ਆਪਣਾ ਹਿੱਸਾ ਮੰਗ ਲਿਆ। ਜਗੀਰ ਸਿੰਘ ਨੇ ਕਿਸੇ ਤੋਂ ਕਦੇ ਪੈਸਾ ਲਿਆ ਹੀ ਨਹੀਂ ਸੀ। ਜੇ ਕਿਸੇ ਜੱਟ ਜਾਂ ਲਾਲੇ ਦੇ ਮਨ ਮਿਹਰ ਪੈ ਵੀ ਜਾਂਦੀ ਤਾਂ ਮੱਲੋਮੱਲੀ ਉਸ ਦੀ ਜੇਬ ਵਿਚ ਸੌ ਪੰਜਾਹ ਦਾ ਨੋਟ ਪਾ ਦਿੰਦੇ ਜਾਂ ਘੁੱਟ ਦਾਰੂ ਪਿਆ ਕੇ ਸਾਰ ਲੈਂਦੇ। ਉਸ ਤੋਂ ਕੜੀ-ਦਰ-ਕੜੀ ਆਪਣੇ ਅਫਸਰਾਂ ਦੀ ਮੰਗ ਪੂਰੀ ਨਾ ਹੋ ਸਕੀ। ਉਹਨਾਂ ਨੇ ਚੁੱਕ ਕੇ ਲੁਧਿਆਣਾ ਡਵੀਜ਼ਨ ਵਿਚ ਬਦਲੀ ਕਰ ਦਿੱਤੀ। ਉੱਥੇ ਵੀ ਉਹ ਟਿਕ ਨਾ ਸਕਿਆ। ਸਾਰੇ ਜੇ. ਈ., ਸੁਪਰਡੈਂਟ ਅਤੇ ਐੱਸ. ਡੀ. ਓ. ਪਹਿਲੇ ਡਵੀਜ਼ਨ ਵਰਗੇ ਹੀ ਮੂੰਹ ਅੱਡੀ ਖੜ੍ਹੇ ਸਨ। ਉਸ ਦੀ ਇਕ ਸਬ-ਡਵੀਜ਼ਨ ਤੋਂ ਦੂਜੀ ਡਵੀਜ਼ਨ ਅਤੇ ਸਬ-ਡਵੀਜ਼ਨ ਤੋਂ ਦੂਜੀ ਸਬ-ਡਵੀਜ਼ਨ ਦੀ ਬਦਲੀ ਹੁੰਦੀ ਰਹੀ।

ਸੇਵਾ ਮੁਕਤੀ ਹੋਣ ਤੋਂ ਕੁਝ ਸਾਲ ਪਹਿਲਾਂ ਉਸ ਨੂੰ ਕਈ ਵਾਰ ਮੁਲਾਜ਼ਮਾਂ ਨਾਲ ਬਿਜਲੀ ਬੋਰਡ ਦੇ ਨਿਜੀਕਰਨ ਦਾ ਵਿਰੋਧ ਕਰਨ ਦੀ ਸ਼ਕਤੀ ਦਿਖਾਉਣ ਲਈ ਚੰਡੀਗੜ੍ਹ ਜਾਣਾ ਪਿਆ। ਮੁਲਾਜ਼ਮਾਂ ਦੇ ਨਾਹਰਿਆਂ ਤੋਂ ਉਸ ਨੂੰ ਪਹਿਲੇ ਵੇਲਿਆਂ ਦੇ ਨਾਹਰੇ ਯਾਦ ਆ ਗਏ ਸੀ, "ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿਚ ਵਸਿਆ, ਫੁੱਲ ਗੁਲਾਬ ਦਾ, ਚੰਡੀਗੜ੍ਹ ਪੰਜਾਬ ਦਾ।"

ਉਹ ਸਾਥੀਆਂ ਤੋਂ ਵੱਖਰਾ ਹੋ ਕੇ ਸਤਾਰਾਂ ਦੀ ਮਾਰਕੀਟ ਦੇ ਸਾਹਮਣੇ, ਦਰੱਖਤ ਦੇ ਤਣੇ ਨਾਲ ਢੋਅ ਲਾ ਕੇ ਬੈਠੇ ਮੋਚੀ ਕੋਲ ਆ ਗਿਆ ਸੀ। ਮੋਚੀ ਨੇ ਚਿੱਟੀ ਤੇ ਮੋਟੀ ਐਨਕ ਨੂੰ ਠੀਕ ਕਰਕੇ, ਉਸ ਦੀ ਗੁਰਗਾਬੀ ਵੱਲ ਵੇਖਿਆ, "ਲਿਆਓ ਪਾਲਿਸ਼ ਕਰਦਾਂ?"

ਜਗੀਰ ਸਿੰਘ ਨੇ ਅਣਮੰਨੇ ਮਨ ਨਾਲ ਉਸ ਦੀਆਂ ਲਟੂਰੀਆਂ ਅਤੇ ਮੈਲੇ ਖੁੱਲ੍ਹੇ ਗਲਾਮੇ

ਵਾਲੀ ਝੱਗੀ ਵੱਲ ਵੇਖਿਆ ਅਤੇ ਗੁਰਗਾਬੀ ਉਸ ਵੱਲ ਕਰ ਦਿੱਤੀ। ਮੋਚੀ ਨੇ ਘਸੀਆਂ ਚੱਪਲਾਂ ਉਸ ਵੱਲ ਖਿਸਕਾ ਦਿੱਤੀਆਂ। ਦਰੱਖਤ ਦੇ ਆਲੇ ਦੁਆਲੇ ਦੋ ਕੁ ਫੁੱਟ ਉੱਚੀ ਬਣੀ ਕੰਧ ਉੱਤੇ ਆਪਣੇ ਪਰਨੇ ਨਾਲ ਇੱਟਾਂ ਸਾਫ ਕਰ ਦਿੱਤੀਆਂ, "ਲਓ ਸਾਹਬ ਬੈਠੋ।"

ਜਗੀਰ ਸਿੰਘ ਮੁਲਾਜ਼ਮਾਂ ਨਾਲ ਨਾਹਰੇ ਮਾਰ ਕੇ ਥੱਕ ਗਿਆ ਸੀ। ਉਹ ਬੈਠ ਗਿਆ। ਉਸ ਨੇ ਮੋਚੀ ਵੱਲ ਗਹੁ ਨਾਲ ਵੇਖਿਆ, 'ਕਿਹੋ ਜਿਹੀ ਹਾਲਤ ਬਣਾਈ ਬੈਠਾ ਹੈ। ਯੂ. ਪੀ., ਬਿਹਾਰੀ ਤਾਂ ਹੋ ਨਹੀਂ ਸਕਦਾ।'

ਉਸ ਨੇ ਪੁੱਛ ਹੀ ਲਿਆ, "ਬਜ਼ੁਰਗੋ, ਹਰਿਆਣਾ ਕਿ ਹਿਮਾਚਲ ਤੋਂ, ਪੰਜਾਬ ਤੋਂ ਲਗਦੇ ਨਹੀਂ।"

ਮੋਚੀ ਅਜੇ ਆਮ ਬੁਰਸ਼ ਨਾਲ ਗੁਰਗਾਬੀ ਦੀ ਉਪਰਲੀ ਗਰਦ ਹੀ ਝਾੜ ਰਿਹਾ ਸੀ। ਉਂਹ ਇਕ ਦਮ ਜਗੀਰ ਸਿੰਘ ਵੱਲ ਝਾਕਿਆ। ਉਸ ਦੇ ਹੱਥ ਥਾਏਂ ਹੀ ਰੁਕ ਗਏ। ਕੁਝ ਪਲਾਂ ਬਾਅਦ ਉਹ ਆਪਣੇ ਆਪ ਵਿਚ ਪਰਤਿਆ ਅਤੇ ਹਉਕਾ ਲੈ ਕੇ ਬੋਲਿਆ, "ਤਿੰਨਾਂ ਤੋਂ...ਖੁੱਡਾ ਅਲੀਸ਼ੇਰ ਤੋਂ?"

ਜਗੀਰ ਸਿੰਘ ਹੈਰਾਨ ਹੋ ਗਿਆ, "ਹੈਂ? ਤਿੰਨਾਂ ਤੋਂ ਕਿਵੇਂ? ਖੁੱਡਾ ਅਲੀ ਸ਼ੇਰ?"

ਮੋਚੀ ਦਾ ਬੁਰਸ਼ ਤੇਜ਼ ਚਲਦਾ ਫਿਰ ਰੁਕ ਗਿਆ। ਉਸ ਨੇ ਐਨਕ ਉਤਾਰ ਕੇ ਚੁੰਨ੍ਹੀਆਂ ਅੱਖਾਂ ਮਲੀਆਂ, ਜਿਵੇਂ ਅੱਖਾਂ ਵਿਚ ਹੀ ਸਾਰਾ ਦਰਦ ਹੋਵੇ, "ਇਕੋ ਮਹਾ ਪੰਜਾਬ ਸੀ...ਇਬ ਚੰਡੀਗੜ੍ਹ ਲਈ ਸਤਾਰਾਂ ਪਿੰਡਾਂ ਨੂੰ ਉੱਠ ਜਾਣ ਲਈ ਹੁਕਮ ਕਰ ਦਿੱਤਾ। ਇਬ ਕੰਮ ਕਿਆ ਕਰੇਂ? ਪਿੰਡ ਦੀ ਜ਼ਮੀਨ 'ਚ ਸੈਕਟਰੀਏਟ ਬਣ ਗਿਆ। ਬਾਕੀ ਮੁਲਕ ਨੂੰ ਆਜ਼ਾਦੀ ਦਾ ਚਾਅ। ਸਾਨੂੰ ਕਿਆ? ਸਭ ਉੱਜੜ ਗਏ। ਕੋਈ ਜਹਾਂ ਗਿਆ ਕੋਈ ਵਹਾਂ ਗਿਆ। ਹਮ ਤੋਂ ਛੋਟੇ ਥੇ। ਕਈ ਪਾਪੜ ਬੇਲੇ। ਆਖਰ ਮੋਚੀ ਬਣਨਾ ਪਿਆ।"

ਉਸ ਨੇ ਨੀਵੀਂ ਪਾ ਲਈ। ਉਹ ਆਪਣੇ ਹੰਝੂ ਲੁਕੋ ਰਿਹਾ ਸੀ। ਜਗੀਰ ਸਿੰਘ ਨੂੰ ਉਸ ਨਾਲ ਹਮਦਰਦੀ ਭਰੀ ਦਿਲਚਸਪੀ ਹੋ ਗਈ, "ਬਜ਼ੁਰਗੋ, ਹੌਂਸਲਾ ਰੱਖੋ, ਆਪਣੀ ਜਨਮ ਭੂਮੀ ਵਿਚ ਤਾਂ ਬੈਠੇ ਹੋ...ਬੋਲੀ ਜ਼ਰੂਰ ਬਦਲਗੀ, ਨਾ ਪੁਆਧੀ, ਨਾ ਪੰਜਾਬੀ, ਨਾ ਹਰਿਆਣਵੀ...ਮਿਲਗੋਭਾ ਹੋ ਗਿਆ।"

ਮੋਚੀ ਨੇ ਫਿਰ ਉਸ ਵੱਲ ਮੂੰਹ ਕੀਤਾ, ਜਿਵੇਂ ਉਸ ਦੀ ਦੁਖਦੀ ਰਗ 'ਤੇ ਉਂਗਲ ਰੱਖੀ ਗਈ ਹੋਵੇ, "ਇਬ ਸੁਆਹ ਜਨਮ-ਭੂਮੀ ਰਹੀ ਹੈ? ਇਥੇ ਤੋ ਦਿਨ ਮਾ ਛੱਤੀ ਬੋਲੀਆਂ ਬੋਲਣ ਵਾਲੇ ਆਤੇ ਜਾਤੇ ਹੈਂ। ਅਸੀਂ ਤਾਂ ਸ਼ਰਨਾਰਥੀ ਬਣਗੇ ਆਪਨੇ ਹੀ ਦੇਸ਼ ਮਾ। ਦੂਸਰੇ ਗੇੜ 'ਚ ਗਿਆਰਾਂ ਪਿੰਡ ਉਠਾ ਦੀਏ। ਫਿਰ ਭੀ ਚੰਡੀਗੜ੍ਹ ਨੇ ਸਬਰ ਨਾ ਕੀਆ। ਫੈਲਦਾ ਰਿਹਾ ਤੇ ਫੈਲ ਰਿਹੈ ਇਬ ਤਕ।"

ਜਗੀਰ ਸਿੰਘ ਮੋਚੀ ਦੀਆਂ ਗੱਲਾਂ ਵਿਚ ਮਗਨ ਹੋ ਗਿਆ, "ਬਾਬਿਓ ਧੰਨ ਹੋ ਜਿਹਨਾਂ ਨੇ ਪਾਕਿਸਤਾਨ ਤੋਂ ਉਜੜ ਕੇ ਆਇਆਂ ਵਰਗਾ ਸੰਤਾਪ ਝੱਲਿਆ।"

ਮੋਚੀ ਨੇ ਗੁਰਗਾਬੀ ਦਾ ਇਕ ਪੈਰ, ਗੱਲਾਂ ਕਰਦਿਆਂ ਹੀ ਪਾਲਿਸ਼ ਕਰ ਦਿੱਤਾ। ਦੂਜੇ ਪੈਰ ਨੂੰ ਚੁੱਕ ਕੇ ਬੋਲਿਆ, "ਮਾਰੇ ਕੋਲ ਮੋਹਣਾ ਮਾਸਟਰ ਕੰਥਾਲੇ ਪਿੰਡ ਵਾਲਾ ਆਂਦਾ ਜਾਂਦੈ। ਉਹ ਦੱਸਦਾ ਹੁੰਦੈ, ਉਸ ਦੇ ਬਾਪੂ ਜੀ ਨੰਬਰਦਾਰ ਥੇ। ਉਨ ਕਾ ਆਪਨਾ ਟਿਊਬਵੈੱਲ ਤੇ ਜ਼ਮੀਨ ਥੀ। ਉਸ ਦਾ ਕੁਛ ਨਾ ਮਿਲਾ। ਬਥੇਰੀ ਹਾਲ ਦੁਹਾਈ ਪਾਈ। ਸਰਕਾਰ ਪੁਰਾਣੇ ਰੇਟ ਕੇ ਹਿਸਾਬ ਸੇ ਦੇਤੀ ਹੈ। ਔਰ ਤੋ ਔਰ ਉਨ ਕੀ ਸ਼ਾਮਲਾਟ ਕਾ ਕੇਸ ਅਬੀ ਤਕ ਅਦਾਲਤ ਮਾ ਹੈ। ਵਕੀਲੋਂ ਕੋ ਪੈਸੇ ਦੀਏ ਜਾਤੇ ਹੈਂ। ਏਹ ਹੈ ਜੀ ਪੁਆਧ ਕੇ ਬੀਚ ਮਾ ਚੰਡਾਲਗੜ੍ਹ?"

ਜਗੀਰ ਸਿੰਘ ਨੇ ਬਾਕੀ ਗੱਲਾਂ ਵੱਲੋਂ ਧਿਆਨ ਹਟਾਉਣ ਲਈ ਪੁੱਛ ਲਿਆ, "ਬਾਬਿਓ ਮੁੰਡੇ ਕੀ ਕਰਦੇ ਨੇ?"

ਮੋਚੀ ਰੁਕ ਕੇ ਬੋਲਿਆ, "ਦੋ ਮੁੰਡੇ ਨੇ। ਏਥੇ ਕਿਸੀ ਦਫਤਰ ਮਾ ਚਪੜਾਸੀ ਲੱਗੇ ਹੈਂ। ਮੈਂ ਕਹਿੰਦਾ ਰਿਹਾ। ਛੋਟੀ-ਮੋਟੀ ਦੁਕਾਨ ਹੀ ਪਾ ਲਓ ਖੁੱਡਾ ਸ਼ੇਰ ਅਲੀ ਮਾ? ਇਬ ਮਾਨਤੇ ਨਹੀਂ?" ਉਸ ਨੇ ਆਸਮਾਨ ਵੱਲ ਹੱਥ ਚੁੱਕ ਕੇ ਦੁਆ ਕੀਤੀ।

ਉਹ ਚੁੱਪ ਕਰਕੇ ਤੇਜ਼ੀ ਨਾਲ ਪਾਲਿਸ਼ ਕਰਨ ਲੱਗ ਪਿਆ। ਜਗੀਰ ਸਿੰਘ ਨੂੰ ਕੋਈ ਗੱਲ ਨਹੀਂ ਸੀ ਔੜ ਰਹੀ। ਉਹ ਵੀ ਉਸ ਦੇ ਹੰਝੂਆਂ 'ਚ ਸ਼ਾਮਲ ਹੋ ਗਿਆ। ਉਸ ਨੂੰ ਆਪਣੇ ਨਾਲੋਂ ਫਿਰ ਵੀ ਹਿੰਮਤ ਵਾਲਾ ਜਾਪਿਆ, ਜਿਹੜਾ ਆਪਣੀ ਜਨਮ ਭੋਂ 'ਤੇ ਅਜੇ ਤਕ ਰੋਜ਼ੀ ਰੋਟੀ ਕਮਾ ਕੇ ਢਿੱਡ ਭਰ ਰਿਹੈ। ਉਸ ਦੇ ਮੋਹਣੇ ਵਰਗੇ ਜਾਣੂ ਆਖਰੀ ਦਮ ਤਕ ਕਾਨੂੰਨ ਦੀ ਲੜਾਈ ਲੜ ਰਹੇ ਨੇ।

ਉਸ ਦੀ ਸੋਚਾਂ ਦੀ ਲੜੀ ਟੁੱਟ ਨਹੀਂ ਸੀ ਰਹੀ, "ਮੋਹਾਲੀ ਬਣਨ ਨਾਲ, ਮਾਯੂਸ ਹੋਏ ਸਿੱਧੇ ਸਾਦੇ ਸ਼ਰੀਫ ਸਾਧੂ ਸਿੰਘ ਵਰਗਿਆਂ ਨੂੰ ਅਕਲ ਦੇ ਕੇ ਜ਼ਬਰਦਸਤੀ ਕਰੋੜਾਂ 'ਚ ਖੇਡਣ ਲਾ ਦਿੱਤਾ। ਉਹ ਕੀਲਾ ਦੋ ਕੀਲੇ ਵੇਚ ਕੇ, ਭੂ-ਮਾਫੀਏ ਰਾਹੀਂ, ਢਾਹੇ ਅਤੇ ਮਾਲਵੇ ਦੀਆਂ ਜ਼ਮੀਨਾਂ ਲੈ ਰਹੇ ਨੇ। ਅੱਧੀ ਪੁਆਧ ਦੀਆਂ ਜ਼ਮੀਨਾਂ ਤਾਂ ਘੁਣ ਨੇ ਖਾ ਲਈਆਂ। ਸ਼ਿਵਾਲਿਕ ਪਹਾੜੀਆਂ ਤੋਂ ਹੇਠਾਂ ਨੂੰ ਘੁਣ ਲੱਗਿਆ ਆ ਰਿਹੈ।"

ਉਹ ਮਨ ਹੀ ਮਨ ਗੱਲਾਂ ਕਰਦਾ ਤੁਰਿਆ ਆਇਆ। 'ਕੀ ਪਤਾ ਸਾਧੂ ਸਿੰਘ ਫੇਰ ਵੀ ਕੁਝ ਪੁੱਛਣ ਲਈ ਆ ਜਾਵੇ? ਸੁਹਾਣੇ ਦੇ ਨਾਲ ਦੇ ਪਿੰਡ ਤੋਂ ਹੋਰ ਕਿਸੇ ਨੇ ਕੀਲਾ ਵੇਚ ਕੇ ਏਧਰ, ਵੱਧ ਕੀਲੇ ਲੈਣੇ ਹੋਣ। ਭੂ-ਮਾਫੀਏ ਬਾਜ ਅੱਖ ਰੱਖਦੇ ਨੇ। ਕੋਈ ਗ਼ਰੀਬੀ ਅਤੇ ਕਰਜ਼ਾ ਸਿਰ ਚੜ੍ਹੇ ਤੋਂ ਅੱਕਿਆ ਜੱਟ ਇਕ ਵਾਰ ਮੂੰਹੋਂ ਆਵਾਜ਼ ਕੱਢੇ ਸਹੀ। ਦਲਾਲ ਉੱਥੇ ਹੀ ਪਹੁੰਚ ਜਾਂਦੇ ਨੇ। ਕਰੋੜ ਰੁਪਇਆ ਅਗਲੇ ਦੇ ਮੂਹਰੇ ਸੁੱਟ ਕੇ ਅੱਖਾਂ ਚੁੰਧਿਆ ਦਿੰਦੇ ਨੇ। ਅਜਿਹੇ ਥੁੜ੍ਹੇ-ਟੁੱਟੇ ਜੱਟਾਂ ਨੇ ਕਰੋੜਾਂ ਤਾਂ ਕੀ, ਲੱਖ ਰੁਪਏ ਇਕੱਠੇ ਨਹੀਂ ਦੇਖੇ ਹੁੰਦੇ। ਉਹਨਾਂ ਨੂੰ ਇਕ ਕੀਲੇ ਤੋਂ ਚਾਰ ਕੀਲੇ ਬਣਨ ਦੇ ਸੁਪਨੇ ਦਿਸਣ ਲੱਗ ਪੈਂਦੇ ਨੇ।'

ਉਸ ਦੇ ਦੁਚਿੱਤੀ 'ਚ ਫਸੇ ਦੇ ਸਾਹਮਣੇ ਮੋਟਰਸਾਈਕਲ ਆ ਰੁਕਿਆ, "ਓ ਬਾਬਾ ਸਿਆਂ ਕਿੱਧਰ ਤੁਰਿਆ ਫਿਰਦੈਂ ਸੁਸਤ ਜਿਹਾ...।"

ਜਗੀਰ ਸਿੰਘ ਉਹਨਾਂ ਵੱਲ ਝਾਕਿਆ, 'ਇਹ ਝੋਲਾਛਾਪ ਡਾਕਟਰ ਦਾ ਮੁੰਡਾ? ਅੱਖਾਂ ਚੜ੍ਹੀਆਂ ਹੋਈਆਂ? ਪਿੱਛੇ ਬੈਠਾ ਪਹਿਲਵਾਨੀ ਕਰਦਾ ਹੱਟਾ ਕੱਟਾ ਖਾਂਦੇ ਪੀਂਦੇ ਜੱਟਾਂ ਦਾ ਮੁੰਡਾ? ਉਸ ਦੇ ਪਿੱਛੇ ਬੈਠਾ ਅਲ੍ਹੂੰਆਂ, ਬੁੱਗੇ ਤੋਂ ਤਕੜੇ ਲਾਣੇ ਨੰਬਰਦਾਰ ਦਾ ਪੋਤਾ?'

ਮੁੰਡੇ ਇਉ ਹੀ 'ਬਾਬਾ ਸਿਆਂ' ਕਹਿ ਕੇ ਹਾਲ ਚਾਲ ਪੁੱਛਦੇ ਹੋਏ ਲੰਘ ਜਾਂਦੇ। ਉਹ ਬੰਨੇ ਵਾਲੇ ਠੇਕੇ 'ਤੇ ਦਾਰੂ ਪੀਣ ਗਿੱਝ ਗਏ ਸੀ। ਉਥੇ ਹੀ ਨੋਟ ਦੀ ਪੂਣੀ ਜਿਹੀ ਬਣਾ ਕੇ ਕੋਈ ਪਾਊਡਰ ਜਿਹਾ ਸੁੰਘਣ ਲੱਗ ਪਏ। ਗੁਟਕਾ ਪੁੜੀਆਂ ਤਾਂ ਆਮ ਹੀ ਚਲਦੈ।

ਮੁੰਡੇ ਕਈ ਵਾਰ ਛੇੜ ਕੇ ਲੰਘਦੇ, "ਲਾਉਣੈ ਬਾਬਾ ਸਿਆਂ, ਸੂਟਾਅ....।" ਜਿੰਨੇ ਚਿਰ ਨੂੰ ਜਗੀਰ ਸਿੰਘ ਝਿੜਕਦਾ, ਉਹ ਪੱਤਰੇ ਵਾਚ ਜਾਂਦੇ।

ਮੁੰਡਿਆਂ ਦੀਆਂ ਦੇ ਪਾਰਟੀਆਂ ਬਣ ਗਈਆਂ। ਕਮਾਈ ਦੁੱਗਣੀ ਕਰਨ ਲਈ, ਇਕ ਦੂਜੇ ਤੋਂ ਚੋਰੀ ਚੋਰੀ ਮਾਲ ਵੇਚਦੇ ਫਿਰਦੇ। ਉਹ ਆਪ ਹੀ ਪੁਲਿਸ ਨੂੰ ਇਕ ਦੂਜੇ ਦੀ ਸੂਹ ਦੇਣ ਲੱਗ ਪਏ। ਪੁਲਿਸ ਦੋਹਾਂ ਪਾਸਿਆਂ ਤੋਂ ਪੈਸੇ ਝਾੜ ਲੈਂਦੀ। ਮੁੰਡਿਆਂ ਦਾ ਪੂਰਾ ਬਿਜ਼ਨਸ ਚੱਲ ਪਿਆ। ਉਹ ਆਪ ਵੀ ਪੂਰੇ ਨਸ਼ੱਈ ਹੋ ਗਏ। ਪੁਲਿਸ ਦੋਵੇਂ ਪਾਸਿਆਂ ਤੋਂ ਇਕ ਇਕ ਮੁੰਡਾ ਚੁੱਕ ਕੇ ਲੈ

ਗਈ। ਉਹਨਾਂ ਦੇ ਮਾਂ ਪਿਉ ਦੀਆਂ ਅੱਖਾਂ ਖੁੱਲ੍ਹੀਆਂ ਕਿ ਕਾਕੇ ਕੀ ਕੁਝ ਕਰਦੇ ਫਿਰਦੇ ਨੇ। ਉਹਨਾਂ ਦੀ ਇੱਜ਼ਤ ਰੁਲ ਗਈ। ਸਰਪੰਚ ਤੋਂ ਲੈ ਕੇ ਪੁਲਿਸ ਅਤੇ ਐੱਮ. ਐੱਲ. ਏ., ਮੰਤਰੀਆਂ ਦੀਆਂ ਮਿੰਨਤਾਂ ਕਰਨੀਆਂ ਪੈ ਗਈਆਂ। ਪੈਸੇ ਦੀ ਬਰਬਾਦੀ ਵੱਖਰੀ ਹੋਈ। ਕਰਜ਼ਾ ਸਿਰ ਚੜ੍ਹ ਗਿਆ। ਉਹ ਅਜਿਹੇ ਕਰਜ਼ੇ ਤੋਂ ਦੁਖੀ ਹੋ ਕੇ ਖੁਦਕੁਸ਼ੀਆਂ ਕਰਨ ਦੀ ਸੋਚਣ ਲੱਗ ਪਏ।

ਜਗੀਰ ਸਿੰਘ ਨੇ ਆਲਾ ਦੁਆਲਾ ਵੇਖਿਆ, "ਹੈਂ? ਮੁੰਡੇ ਕਿਧਰ ਗਏ? ਹੁਣੇ ਤਾਂ ਮੋਟਰਸਾਈਕਲ ਰੋਕ ਕੇ ਬੁਲਾਇਐ? ਐਨੀ ਛੇਤੀ ਗ਼ਾਇਬ? ਰੁਕਦਿਆਂ ਦਾ ਪਤਾ ਨੀ ਲੱਗਿਆ, ਰੇਸ ਦਿੱਤੀ, ਛੂਮੰਤਰ...ਸ਼ਾਇਦ ਭੁਲੇਖਾ ਹੀ ਲੱਗਾ ਹੋਵੇ...ਮੇਰੀ ਵੀ ਚੱਕਰੀ ਘੁੰਮੀ ਫਿਰਦੀ ਐ?"

ਜਗੀਰ ਸਿੰਘ ਤਿੰਨ ਪਿੰਡਾਂ ਦੇ ਬੰਨਿਆਂ ਦੀ ਟੱਕਰ ਵਾਲੇ ਪੱਥਰ ਕੋਲ ਪਹੁੰਚ ਗਿਆ। ਉਸ ਨੇ ਆਲਾ ਦੁਆਲਾ ਵੇਖਿਆ। ਚਾਰੇ ਪਾਸੇ ਕਣਕਾਂ ਹੀ ਕਣਕਾਂ ਲਹਿਰਾ ਰਹੀਆਂ ਨੇ। ਜਿਧਰੋਂ ਉਹ ਆਇਆ ਸੀ, ਉਧਰ ਕਣਕ ਦੇ ਸਿੱਟਿਆਂ ਦੇ ਤੂੜਾਂ ਉੱਤੋਂ ਖਿੜਿਆ ਸਾਧੂ ਸਿੰਘ ਦਾ ਮਕਾਨ ਦਿਸਿਆ। ਉਹ ਜ਼ੋਰ ਨਾਲ ਹੱਸਿਆ। ਉਸ ਨੂੰ ਸਕੂਨ ਮਿਲਿਆ। ਇਕ ਦਮ ਖਿਆਲ ਆਇਆ, 'ਚਲੋ ਪਿੰਡ 'ਚ ਵਸਦਾ ਰਹਿ ਗਿਆ। ਚਾਰ ਕੀਲਿਆਂ ਦੇ ਦੋ ਲੈ ਹੀ ਲਏ, ਨਿਆਈਂ ਦੇ ਨਾਲ ਲੱਗਦੇ। ਜੇ ਵਧੀ ਨਹੀਂ ਤਾਂ ਘੱਟ ਹੀ ਸਹੀ। ਬਾਕੀ ਬਚੇ ਪੈਸਿਆਂ ਦਾ ਘਰ ਲੈ ਲਿਆ। ਰਹਿੰਦੇ -ਖੂੰਹਦੇ, ਮੁੰਡਿਆਂ ਨੇ ਖੱਡੀਂ ਵਾੜਤੇ। ਮੋਟਰਸਾਈਕਲ ਲੈ ਕੇ ਦੋਸਤਾਂ ਮਿੱਤਰਾਂ ਨੂੰ ਦਾਰੂ ਪਿਆ ਤੀ। ਹੁਣ ਦੋ ਕੀਲਿਆਂ ਨਾਲ ਗੁਜ਼ਾਰਾ ਨੀ ਹੁੰਦਾ। ਵਹੁਟੀਆਂ ਦੇ ਨਿਆਣੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਤੀ। ਫਿਰ ਮੁੜ ਕੇ ਸਰਕਾਰੀ ਸਕੂਲ ਪਾਉਣੇ ਪਏ। ਮੁੰਡੇ ਆਪ ਅੱਡੋ ਅੱਡ ਹੋ ਕੇ ਬਹਿ ਗਏ। ਗਾਲ੍ਹਾਂ ਕੱਢਦੇ ਨੇ, ਅਖੇ ਬੁੜ੍ਹੇ ਨੇ ਬਿਜਲੀ ਮਹਿਕਮੇ ਵਿਚੋਂ ਕਮਾਈ ਨੀ ਕੀਤੀ। ਸ਼ਹਿਰ ਵਿਚ ਕੋਠੀ ਨੀ ਪਾਈ। ਪਲਾਟ ਲੈਣ ਦੇਣ ਦੀ ਦਲਾਲਗਿਰੀ ਵਿਚ ਨੀ ਪਏ। ਨਵੀਆਂ ਬਣੀਆਂ ਕਲੋਨੀਆਂ ਵਿਚ ਮੌਜਾਂ ਨੀ ਕੀਤੀਆਂ ਗਈਆਂ। ਫਿਕਰ ਪਿਆ ਹੋਇਐ? ਦੋ ਕੀਲਿਆਂ ਨੂੰ ਕੀ ਕਰਾਂਗੇ? ਧੂਫ ਦੇ ਕੇ ਚੱਟਾਂਗੇ?'

ਉਸ ਦਾ ਹਉਕਾ ਨਿਕਲ ਗਿਆ। ਉਹ ਨੀਵੀਂ ਪਾ ਕੇ ਡੱਕੇ ਨਾਲ ਪੱਥਰ ਉੱਤੇ ਲੀਕਾਂ ਪਾਉਣ ਲੱਗ ਪਿਆ। ਉਸ ਨੂੰ ਪਤਾ ਸੀ ਕਿ ਪੱਥਰ ਉੱਤੇ ਡੱਕੇ ਨਾਲ ਲੀਕ ਨਹੀਂ ਪੈ ਰਹੀ। ਉਹ ਐਵੇਂ ਪਾਈ ਗਿਆ।

"ਬਾਈ ਸਿਆਂ ਕਿਵੇਂ ਬੈਠੈਂ ਪੱਥਰ ਫੜ ਕੇ?" ਭੱਈਏ ਨੂੰ ਮੋਢੇ ਉੱਤੇ ਕਹੀ ਚੁਕਾਈ ਦੀਵੇ ਵਾਲਾ ਸ਼ੇਰ ਸਿੰਘ ਆ ਕੇ ਬੋਲਿਆ।

ਜਗੀਰ ਸਿੰਘ ਘਬਰਾ ਕੇ ਖੜ੍ਹਾ ਹੋ ਗਿਆ, "ਬਸ ਬਾਈ ਐਵੇਂ ਐਵੇਂ...।"

ਸ਼ੇਰ ਸਿੰਘ ਫੇਰ ਬੋਲਿਆ, "ਐ ਵੀਹ ਕੀਲੇ ਵੀ ਖਾਨਪੁਰੀਆਂ ਨੇ ਲੈ ਲਏ ਤੀ। ਉਹ ਆਪ ਨੀ ਖੇਤੀ ਕਰਦੇ? ਅਸੀਂ ਠੇਕੇ 'ਤੇ ਲਏ ਹੋਏ ਨੇ।"

"ਅੱਛਾ? ਉਹ ਆਪ ਨੀ ਖੇਤੀ ਕਰਦੇ?" ਜਗੀਰ ਸਿੰਘ ਨੇ ਪੁੱਛਿਆ।

ਸ਼ੇਰ ਸਿੰਘ ਦੇ ਨਾਲ ਆਇਆ ਭੱਈਆ ਪਹਿਲਾਂ ਬੋਲ ਪਿਆ, "ਅਬ ਤੋ ਅੱਛੇ ਅੱਛੇ ਲਾਟੇ ਠੇਕੇ ਪਰ ਦੇਣੇ ਲੱਗੇ ਹੈਂ? ਵੋ ਆਪ ਨੇੜੇ ਕੇ ਸ਼ਹਿਰ ਕੋਠੀਆਂ ਪਾ ਕਰ, ਬੱਚੋਂ ਕੋ ਅੱਛੇ ਅੰਗਰੇਜ਼ੀ ਸਕੂਲੋਂ ਮੇਂ ਪੜ੍ਹਾਤੇ ਹੈਂ?"

ਸ਼ੇਰ ਸਿੰਘ ਦੂਜੀ ਲੱਤ ਉੱਤੇ ਭਾਰ ਦੇ ਕੇ ਬੋਲਿਆ, "ਉਹਨਾਂ ਦੇ ਮੁੰਡਿਆਂ ਨੇ ਮੁਹਾਲੀ ਦੇ ਨਵੇਂ ਬਣੇ ਫੇਜ਼ ਵਿਚ ਦੋ ਕਨਾਲ ਦੀ ਕੋਠੀ ਪਾ ਕੇ ਕਾਰਾਂ ਤੇ ਮੋਟਰਸਾਈਕਲ ਰੱਖੇ ਹੋਏ ਨੇ। ਜਦ ਜੀਅ ਕਰਦਾ ਹੈ ਸ਼ਹਿਰ 'ਚ ਮਸਤੀ ਕਰਕੇ ਪਹਾੜਾਂ ਦੀ ਸੈਰ 'ਤੇ ਨਿਕਲ ਜਾਂਦੇ ਨੇ। ਏਧਰੋਂ ਜ਼ਮੀਨ ਦਾ ਠੇਕਾ ਚਲਾ ਹੀ ਜਾਂਦੈ।"

"ਅੱਛਾ?" ਜਗੀਰ ਸਿੰਘ ਦਾ ਮੂੰਹ ਅੱਡਿਆ ਹੀ ਰਹਿ ਗਿਆ।

ਸ਼ੇਰ ਸਿੰਘ ਗੱਲਾਂ ਕਰਨੀਆਂ ਚਾਹੁੰਦਾ ਸੀ। ਉਸ ਨੇ ਫਿਕਰ ਜ਼ਾਹਰ ਕਰਦਿਆਂ ਕਿਹਾ, "ਇਹ ਮੁਹਾਲੀ ਤੇ ਖਰੜ ਤੋਂ ਉਰਲੇ ਪਾਸੇ ਵਾਲਾ ਭੂ-ਮਾਫੀਆ, ਪੰਜਾਬ ਤੇ ਹਰਿਆਣਾ ਤਕ ਫੈਲ ਗਿਆ। ਉਹ ਦੱਸਦੈ, ਉੱਥੇ ਬਾਹਰਲੀਆਂ ਬਹੁ-ਕੰਪਨੀਆਂ ਨੇ ਧੂੜਾਂ ਪੱਟੀਆਂ ਪਈਆਂ ਨੇ। ਖਰੜ ਤੋਂ ਬਨੂੜ ਵੱਲ ਵੱਖੋ ਵੱਖਰੇ ਅਦਾਰਿਆਂ ਦੀਆਂ ਬਿਲਡਿੰਗਾਂ ਦਾ ਬਣਨਾ ਹੈਰਾਨ ਕਰਨ ਵਾਲਾ ਹੈ। ਸਰਕਾਰ ਇਹਨਾਂ ਨੂੰ ਸਭ ਕੁਝ ਸਸਤੇ ਭਾਅ ਦੇ ਰਹੀ ਹੈ। ਪਿੰਡਾਂ ਦੇ ਪਿੰਡ ਉਹਨਾਂ ਨੇ ਖਾ ਲਏ।"

ਜਗੀਰ ਸਿੰਘ ਨੇ ਨੀਵੀਂ ਪਾ ਲਈ। ਉਸ ਦਾ ਮਨ ਹੋਰ ਉਦਾਸ ਹੋ ਗਿਆ।

ਸ਼ੇਰ ਸਿੰਘ ਸਮਝ ਗਿਆ ਕਿ ਜਗੀਰ ਸਿੰਘ ਨੂੰ ਠੇਸ ਪਹੁੰਚੀ ਹੋਵੇਗੀ। ਉਸ ਨੇ ਤੁਰ ਜਾਣਾ ਹੀ ਬਿਹਤਰ ਸਮਝਿਆ। ਉਹ ਕਣਕ ਦੀ ਵੱਟ ਉੱਤੋਂ ਹੋ ਕੇ ਚਲੇ ਗਏ, "ਚੰਗਾ ਬਾਈ ਸਿਆਂ ਕੰਰ ਆਰਾਮ।"

ਜਗੀਰ ਸਿੰਘ ਨੂੰ ਆਪਣੇ ਭਰਾਵਾਂ ਤੋਂ ਖਿਝ ਆਈ। ਉਹ ਚਾਰ, ਗੇਲੀਆਂ ਵਰਗੇ ਭਰਾ, ਦੋ ਬੁੜ੍ਹੇ ਤੇ ਚਾਰ ਜ਼ਨਾਨੀਆਂ, ਪੰਜਵੀਂ ਬੁੜ੍ਹੀ, ਜਿਸ ਘਰ ਵਿਚ ਹੋਣ, ਉਹ ਤਾਂ ਚਾਹੇ ਸਾਰੇ ਪਿੰਡ ਦੀ ਜ਼ਮੀਨ ਖਰੀਦ ਲੈਂਦੇ।

ਜਗੀਰ ਸਿੰਘ ਦਾ ਮਨ ਤੜਫ ਉੱਠਿਆ। ਉਹ ਸੋਚਣ ਲੱਗ ਪਿਆ ਕਿ ਦੇਸੀ ਦਾਰੂ ਕੱਢ ਕੇ ਪੀਣ ਲਈ ਵੱਡੇ ਭਾਈ ਦੇਵ ਨੂੰ ਕਿਵੇਂ ਭੁਸ ਪੈ ਪਿਆ? ਬੁੜ੍ਹਿਆਂ ਨੇ ਕੱਢਣੀ ਤਾਂ ਕੀ, ਕੋਈ ਮੁੱਲ ਦੀ ਲੈ ਕੇ ਵੀ ਪੀਂਦਾ ਨਹੀਂ ਸੀ। ਖੂਹ 'ਤੇ ਰਹਿਣ ਕਰਕੇ ਉਸ ਨੂੰ ਮੌਕਾ ਮਿਲ ਗਿਆ ਸੀ। ਉਹ ਪੀ ਕੇ ਥਕੇਵਾਂ ਲਾਹੁਣਾ ਦੱਸਦਾ। ਹੌਲੀ ਹੌਲੀ ਜ਼ਿਆਦਾ ਪੀਣ ਗਿੱਝ ਗਿਆ।

ਸਰਵਨ ਸਿੰਘ ਨੇ ਖਿਝਦੇ ਖੱਪਦੇ ਨੇ ਦਾਰੂ ਪੀਣ ਤੋਂ ਹਟਾਇਆ ਵੀ, "ਦੇ ਕਿਆ ਖੇਖਣ ਕਰਦੇ ਐ? ਪਤਾ ਲੱਗੂ ਜਦ ਦਾਰੂ ਨੇ ਥੋਨੂੰ ਢਾਅ ਲਿਆ।"

ਉਸ ਦੀ ਹਾਮੀ ਬਸੰਤ ਕੁਰ ਵੀ ਭਰਨ ਲੱਗ ਪਈ, "ਕਿਸੇ ਨੇ ਮੁਖਬਰੀ ਕਰਤੀ ਪੁਲੀਸ ਕੁੱਟ ਕੁੱਟ ਨਾਸ ਕਰਦੂ ਟੱਬਰ ਦਾ।"

ਦੇਵ, ਬਸੰਤ ਕੁਰ ਨੂੰ ਵੀ ਝਿੜਕੀ ਲੈ ਕੇ ਪਿਆ, "ਚੁੱਪ ਕਰ ਬੁੜ੍ਹੀਏ, ਤੂੰ ਵੀ ਬੁੜ੍ਹਿਆਂ ਨਾਲ ਰਲਗੀ?"

ਬਸੰਤ ਕੁਰ ਨੂੰ ਰਲਣ ਵਾਲੀ ਗੱਲ ਚੁਭ ਗਈ। ਉਹ ਤੜਫਦੀ ਬਾਹਰ ਨਿਕਲ ਗਈ।

ਜਗੀਰ ਸਿੰਘ ਨੂੰ ਟੱਬਰ ਦੀ ਅੰਦਰਲੀ ਗੱਲ ਦਾ ਪਤਾ ਨਹੀਂ ਸੀ ਕਿ ਦੇਵ ਪੂਰਾ ਚਾਮੁਲ ਗਿਆ ਸੀ। ਉਸ ਦੀ ਘਰਵਾਲੀ ਦਾਰੂ ਦੀ ਭੱਠੀ 'ਚ ਅੱਗ ਬਾਲਣ ਲਈ ਆਪ ਬਹਿ ਜਾਂਦੀ। ਮੇਲੂ ਦੀ ਵਹੁਟੀ ਵੇਖ ਕੇ ਖਿਝਣ ਲੱਗ ਪਈ, "ਕਿਆ ਕੰਜਰਖਾਨਾ ਕਰਦੇ ਨੇ।"

ਮਾਂ ਪਿਉ ਵੀ ਕਹਿਣ ਲੱਗ ਪਏ, "ਦਾਰੂ ਕੱਢ ਕੱਢ ਪੀਈ ਜਾਨੈਂ? ਕੰਮ ਕੌਣ ਕਰੂ?"

ਜਗੀਰ ਸਿੰਘ ਦੇਵ ਵੱਲ ਵੇਖ ਕੇ ਉਦਾਸ ਹੋ ਜਾਂਦਾ। ਉਸ ਦੇ ਕੋਈ ਬੱਚਾ ਨਹੀਂ ਸੀ ਹੋ ਸਕਿਆ। ਉਸ ਤੋਂ ਛੋਟੇ ਭਰਾ ਮੇਲੂ ਦੇ ਦੋ ਜੁਆਕ ਦਿਨਾਂ ਵਿਚ ਹੀ ਵੱਡੇ ਹੋ ਗਏ ਸਨ। ਉਹਨਾਂ ਨੂੰ ਵੇਖ ਕੇ ਜਗੀਰ ਸਿੰਘ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਹਿੰਦਾ।

ਦੇਵ ਸ਼ਰ੍ਹੇਆਮ ਹੀ ਸੁਣਾਉਣ ਲੱਗ ਪਿਆ, "ਸਾਨੂੰ ਕਿਆ ਲੋੜ ਐ ਕੰਮ ਕਰਨ ਦੀ, ਅਸੀਂ ਨੀ ਕਿਸੇ ਲਈ ਕਰਦੇ? ਸਾਨੂੰ ਤਾਂ ਅੱਡ ਕਰਦੋ।"

ਉਸ ਦੀ ਘਰਵਾਲੀ ਵੀ ਉਸ ਦੇ ਮਗਰ ਲੱਗ ਗਈ। ਉਹ ਵੀ ਡੱਕਾ ਦੂਹਰਾ ਨਾ ਕਰਿਆ ਕਰੇ। ਉਸ ਤੋਂ ਛੋਟੀਆਂ ਦੇ ਗ਼ਲ ਸਾਰਾ ਧੰਦਾਲ ਪੈ ਗਿਆ।

ਕਈ ਵਾਰ ਉਹ ਸਰਵਨ ਸਿੰਘ ਦੇ ਗਲ਼ ਪੈ ਜਾਂਦਾ। ਬਸੰਤ ਕੁਰ ਨੂੰ ਨਾ ਟਿਕਣ ਦਿੰਦਾ, "ਬਹਿ ਜਾ ਬੁੜ੍ਹੀਏ ਰਾਮ ਨਾਲ, ਅਸੀਂ ਨੀ ਕਿਸੇ ਦਾ ਗੋਲਪੁਣਾ ਕਰਨਾ...ਹਾਂ...ਕਰਨ ਆਪੇ

ਤੇਰੀਆਂ ਲਾਡਲੀਆਂ ਨੂੰਹਾਂ, ਜਿਹਨਾਂ ਨੇ ਜ਼ਮੀਨ ਸਾਂਭਣੀ ਹੈ।"

ਬਸੰਤ ਕੁਰ ਉਸ ਨੂੰ ਬਥੇਰਾ ਸਮਝਾਉਂਦੀ, "ਕੁੜੇ ਧੀ ਪੁੱਤ ਕਿਹੜਾ ਵਸ 'ਚ ਐ। ਜੇ ਦੇਣਾ ਹੋਊ ਵੀਹ ਸਾਲ ਬਾਅਦ ਵੀ ਦੇ ਦਊ ਉਪਰ ਵਾਲਾ...ਸਬਰ ਕਰ, ਇਹਨਾਂ ਤੋਂ ਪਿਆਰ ਨਾਲ ਕੰਮ ਲੈ ਪੁੱਤ...।"

ਦੇਵ ਆਪਣੀ ਮਾਂ ਨੂੰ ਚੁੱਪ ਕਰਾ ਦਿੰਦਾ, "ਤੂੰ ਸਾਨੂੰ ਮੱਤਾਂ ਨਾ ਦੇ...ਸਾਡਾ ਰੱਬ ਰਾਖਾ।"

ਜਗੀਰ ਸਿੰਘ ਦਾ ਛੋਟਾ ਭਰਾ ਕਰਨੈਲ ਜਦੋਂ ਹੁਸ਼ਿਆਰ ਹੋਇਆ, ਉਸ 'ਤੇ ਪੂਰਾ ਕੱਨ੍ਹਾਂ ਪੈ ਗਿਆ। ਬਸੰਤ ਕੁਰ ਤੜਫਿਆ ਕਰੇ, 'ਪੇਟ ਘਰੋੜੀ ਪੁੱਤ ਨੂੰ ਵੀ ਫਾਹੇ ਦੇ ਤਾ, ਮਿੱਟੀ ਨਾਲ ਮਿੱਟੀ।'

ਜਗੀਰ ਸਿੰਘ ਆਪਣੇ ਪਿਉ ਦੀ ਮੌਤ ਯਾਦ ਕਰਕੇ ਕੰਬ ਗਿਆ। ਉਹ ਦਹਿਲ ਕੇ ਖੜ੍ਹਾ ਹੋ ਗਿਆ, "ਐਵੇਂ ਐਵੇਂ ਕਰਨੈਲ ਨੇ...।"

ਕਰਨੈਲ ਨੇ ਆਪਣੀ ਘਰਵਾਲੀ ਨੂੰ ਮੇਲੂ ਨਾਲ ਹੱਸ ਹੱਸ ਕੇ ਗੱਲਾਂ ਕਰਦੀ ਕਈ ਵਾਰ ਵੇਖਿਆ, ਆਮ ਜਿਹਾ ਹੀ ਲਿਆ ਸੀ ਪਰ ਇਕ ਦਿਨ ਜੋ ਕੁਝ ਉਸ ਨੇ ਵੇਖਿਆ ਉਹ ਸਹਿ ਨਹੀਂ ਹੋਇਆ। ਉਸ ਨੂੰ ਗੁੱਸਾ ਚੜ੍ਹਨਾ ਕੁਦਰਤੀ ਸੀ। ਉਸ ਤੋਂ ਰਹਿ ਨਾ ਹੋਇਆ। ਉਸ ਨੇ ਆਪਣੀ ਜ਼ਨਾਨੀ ਦੇ ਮੋਰਾਂ 'ਤੇ ਤਿੰਨ ਚਾਰ ਡਾਂਗਾਂ ਜੜ ਦਿੱਤੀਆਂ, "ਕਿਆ ਕੰਜਰਖਾਨਾ ਕਰਦੀ ਐ...।"

"ਨਾ ਜੀ ਨਾ ਵੀਰ ਜੀ ਨੇ ਤਾਂ ਕੁਝ ਨੀ...।" ਉਹ ਹਾੜ੍ਹੇ ਕੱਢਦੀ ਦੂਜੇ ਅੰਦਰ ਜਾ ਵੜੀ। ਉਸ ਦੀ ਹਾਲ ਦੁਹਾਈ ਨਾਲ ਘਰ 'ਚ ਰੌਲਾ ਪੈ ਗਿਆ। ਸਾਰੇ ਇਕ ਦੂਜੇ ਵੱਲ ਪਾਟੀਆਂ ਅੱਖਾਂ ਨਾਲ ਝਾਕਣ ਲੱਗ ਪਏ।

ਕਰਨੈਲ ਨੇ ਮੇਲੂ ਦੇ ਵੀ ਡਾਂਗ ਜੜ ਦਿੱਤੀ। ਮੇਲੂ ਸੁੰਨ ਦਾ ਸੁੰਨ ਹੋ ਗਿਆ। ਉਸ ਨੂੰ ਏਨੀ ਉਮੀਦ ਹੀ ਨਹੀਂ ਸੀ।

ਕਰਨੈਲ ਦੇ ਮਨ 'ਚ ਪਤਾ ਨਹੀਂ ਕੀ ਆਇਆ। ਜਾਂਦਾ ਹੋਇਆ ਸਰਵਨ ਸਿੰਘ ਦੇ ਸਿਰ ਵਿਚ ਡਾਂਗ ਮਾਰ ਗਿਆ। ਉਹ ਤਾਂ ਤੜਫ ਕੇ ਉੱਥੇ ਹੀ ਚਿੱਤ ਹੋ ਗਿਆ। ਮਿੰਟਾਂ ਵਿਚ ਹੀ ਘਰ 'ਚ ਭੂਚਾਲ ਆ ਗਿਆ। ਜ਼ਨਾਨੀਆਂ ਦਾ ਚੀਕ ਚਿਹਾੜਾ। ਕਰਨੈਲ ਨੂੰ ਫੜਨ ਦੀ ਕਿਸੇ ਨੂੰ ਵੀ ਹਿੰਮਤ ਨਾ ਪਈ। ਉਸ ਦੀ ਕੋਈ ਉਘ ਸੁੰਘ ਨਾ ਲੱਗੀ। ਫਿਰ ਪਤਾ ਲੱਗਾ, ਉਹ ਫੌਜ ਵਿਚ ਭਰਤੀ ਹੋ ਗਿਆ। ਉਹ ਦੋ ਕੁ ਸਾਲ ਬਾਅਦ ਛੁੱਟੀ ਆਇਆ। ਉਸ ਸਮੇਂ ਦੌਰਾਨ ਬਸੰਤ ਕੁਰ ਵੀ ਚਲ ਗਈ। ਥੋੜ੍ਹੇ ਦਿਨਾਂ ਬਾਅਦ ਭਾਗ ਸਿੰਘ ਦੀ ਵਾਰੀ ਆ ਗਈ।

ਜਗੀਰ ਸਿੰਘ ਨੇ ਆਸਮਾਨ 'ਚ ਖਲਾਅ ਵੱਲ ਵੇਖਿਆ। ਉਸ ਦਾ ਹਉਕਾ ਨਿਕਲ ਗਿਆ। ਕਿਤੇ ਕੁਝ ਨਜ਼ਰ ਨਾ ਆਇਆ। ਉਸ ਨੇ ਫਿਰ ਨਿਗਾਹ ਟਿਕਾਅ ਕੇ ਵੇਖਿਆ। ਇਕ ਇੱਲ੍ਹ ਨਜ਼ਰ ਆਈ। ਇੱਲ੍ਹ ਬਗ਼ੈਰ ਖੰਭ ਹਿਲਾਏ ਗੇੜੇ ਗੱਢ ਰਹੀ ਸੀ। ਇੱਲ੍ਹ ਭੂ-ਮਾਫੀਏ ਜਾਪੀ। ਜਦੋਂ ਉਹ ਕਿਸੇ ਮਰੇ ਡੰਗਰ ਨੂੰ ਵੇਖੇਗੀ ਤਾਂ ਝੱਟ ਹੇਠਾਂ ਉੱਤਰ ਆਏਗੀ।

ਉਸ ਨੂੰ ਧੁੜਧੁੜੀ ਆਈ। ਨੀਵੀਂ ਪਾਉਣ ਨਾਲ ਗਰਦਨ ਨੂੰ ਆਰਾਮ ਆ ਗਿਆ। ਜਦੋਂ ਉਸ ਨੇ ਸਿਰ ਚੁੱਕਿਆ, ਸਾਧੂ ਸਿੰਘ ਦੇ ਚਮਕਦੇ ਮਕਾਨ ਵੱਲ ਨਿਗਾਹ ਚਲੀ ਗਈ। ਉਸ ਨੂੰ ਫਿਰ ਮਕਾਨ ਯਾਦ ਆ ਗਿਆ, "ਉਹ ਘਰ ਇਕ ਤੋਂ ਚਾਰ ਤੇ ਚਾਰ ਤੋਂ ਅੱਠ ਹੋ ਗਏ ਤੀ। ਮੁੰਡੇ ਚਾਮ੍ਹਲਗੇ। ਪਿੰਡ ਤੋਂ ਹਰੀਜਨਾਂ ਦੇ ਮੁੰਡੇ ਸਾਈਕਲਾਂ 'ਤੇ ਲੰਘਦੇ ਰੁਕ ਜਾਂਦੇ। ਉਹ ਇਹਨਾਂ ਮੁੰਡਿਆਂ ਨੂੰ ਇਸ਼ਾਰੇ ਕਰਿਆ ਕਰਨ, 'ਆਓ ਉਇ ਭੂਤਨੀ ਦਿਓ, ਮਿੱਟੀ ਨਾਲ ਮਿੱਟੀ ਹੁਨੇ ਹੋ, ਚਲੋ ਗੋਬਿੰਦਗੜ੍ਹ ਲੋਹਾ ਮੰਡੀ।"

'ਉਹਨਾਂ ਦੀ ਮੁੰਡਿਆਂ ਨਾਲ ਬਚਪਨ ਦੀ ਆੜੀ ਸੀ। ਇਕੱਠੇ ਕਬੱਡੀ ਖੇਡਦੇ। ਨੇੜਲੇ ਪਿੰਡਾਂ ਦੇ ਸਕੂਲਾਂ ਨਾਲ, ਉਹਨਾਂ ਦਾ ਮੈਚ ਹੁੰਦਾ। ਉਹ ਹਮੇਸ਼ਾ ਜਿੱਤ ਕੇ ਆਉਂਦੈ। ਉਹਨਾਂ ਦਾ ਹੌਸਲਾ ਵਧਦਾ ਗਿਆ ਅਤੇ ਦੋਸਤੀ ਗੂੜ੍ਹੀ ਹੁੰਦੀ ਗਈ। ਉਹਨਾਂ ਦੀਆਂ ਇਸ਼ਕ ਮੁਸ਼ਕ ਦੀਆਂ ਗੱਲਾਂ ਸਾਂਝੀਆਂ ਹੁੰਦੀਆਂ। ਉਹ ਪਿੰਡ ਦੇ ਸਕੂਲ ਦੀ ਪੜ੍ਹਾਈ ਤੋਂ ਅੱਗੇ ਨਾ ਜਾ ਸਕੇ। ਆਪਣੇ ਆਪਣੇ ਕੰਮਾਂ ਧੰਦਿਆਂ ਵਿਚ ਪੈ ਗਏ। ਉਹਨਾਂ ਦੇ ਕਈ, ਹੋਰ ਵੀ ਭੇਤ ਸਾਂਝੇ ਸਨ। ਉਹ ਸਿਗਰਟਾਂ ਪੀਂਦੇ ਤੇ ਦਾਰੂ ਵੀ ਪੀ ਲੈਂਦੇ। ਮੋਟਰਸਾਈਕਲਾਂ ਵਾਲੇ ਮੁੰਡੇ ਉਹਨਾਂ ਨੂੰ ਕਈ ਤਰ੍ਹਾਂ ਦਾ ਨਸ਼ਾ ਦੇ ਜਾਂਦੇ।'

ਇਕ ਦਿਨ ਜਗੀਰ ਸਿੰਘ ਨੂੰ ਮੰਡੀ ਜਾਣ ਵਾਲੇ ਉਸਦੇ ਭਤੀਜੇ ਘੇਰ ਕੇ ਖੜ੍ਹ ਗਏ, "ਚਾਚਾ ਸਿਆਂ ਸਾਡੀ ਮਿੱਲ ਵਿਚ ਉਹ ਸਟੀਲ ਆਇਐ ਜਿਹੜਾ ਨੌਂ ਗਿਆਰਾਂ ਨੂੰ 'ਮਰੀਕਾ ਵਿਚ ਬਹੁ-ਮੰਜ਼ਲੇ ਟਾਵਰਾਂ ਦਾ ਪਿਘਲਿਆ ਹੋਇਐ।"

ਜਗੀਰ ਸਿੰਘ ਸੁਣ ਕੇ ਸੁੰਨ, "ਲੈ ਬਈ ਸਾਡੇ ਨਾਲੋਂ ਏਹੀ ਚੰਗੇ ਨੇ ਜਿਹਨਾਂ ਨੂੰ ਅਮਰੀਕਾ ਦੇ ਝੂਠ ਦਾ ਪਾਜ ਖੁੱਲ੍ਹਣ ਦਾ ਪਤੈ। ਜਿੱਥੇ, ਸਾਰੀ ਦੁਨੀਆਂ ਨੂੰ ਉਹ ਬੁੱਧੂ ਬਣਾਈ ਜਾਂਦੈ, ਉੱਥੇ ਪੁਆਧ ਦਾ ਘੁਣ ਕਿੱਥੇ ਮਰ ਜਾਊ, ਵਿਕਾਸ ਦੇ ਨਾਂ 'ਤੇ ਬਹੁ-ਕੌਮੀ ਕੰਪਨੀਆਂ ਨੇ ਓਡੇ ਓਡੇ ਹੀ ਬਹੁ-ਮੰਜ਼ਲੇ ਟਾਵਰ ਬਣਾ ਧਰੇ ਨੇ। ਉਥੋਂ ਸ਼ਿਵਾਲਿਕ ਪਹਾੜੀਆਂ ਉੱਤੇ ਕੀੜੀਆਂ ਵੀ ਦਿਸਣਗੀਆਂ। ਪਰ ਨੇਕ ਚੰਦ ਦੀਆਂ ਭੁੱਲ-ਭੁਲੱਣੀਆਂ ਨਹੀਂ ਦਿਸਦੀਆਂ। ਝੀਲ ਸੁੱਕ ਜਾਊਗੀ। ਉਸ ਵਿਚ ਕਰੋੜਪਤੀਆਂ ਦੇ ਟਾਵਰ ਅਤੇ ਕਾਲੋਨੀਆਂ ਬਣ ਜਾਣਗੀਆਂ। ਗੁਲਾਬ ਦਾ ਬਾਗ਼ ਨਹੀਂ ਦਿਸੇਗਾ। ਇਸ ਵਿਸ਼ਵੀਕਰਨ ਦੀ ਤੇਜ਼ ਰਫਤਾਰ ਨਾਲ ਵਾਹੀ ਵਾਲੀ ਕਿਸਾਨੀ ਜ਼ਮੀਨ ਖਤਮ ਹੋ ਰਹੀ ਹੈ। ਪੁਆਧ ਤਾਂ ਕੀ, ਪੰਜਾਬ-ਹਰਿਆਣਾ ਨੀ ਕਿਤੇ ਰਹਿਣਾ। ਸ਼ਹਿਰ ਹੀ ਦਿਸਣਗੇ।"

ਜਗੀਰ ਸਿੰਘ ਸੁੰਨ ਜਿਹਾ ਹੋਇਆ ਮੁੰਡਿਆਂ ਕੋਲੋਂ ਅੱਗੇ ਤੁਰ ਗਿਆ ਸੀ। ਉਸ ਦੀ ਨਿਗਾਹ ਸਿੱਧੀ ਧਰਤੀ-ਪੱਟਾਂ ਦੇ ਮੁੰਡਿਆਂ ਵੱਲ ਚਲੀ ਗਈ ਸੀ। ਉਹ ਜਿੰਦਰੇ ਨਾਲ ਕਣਕ ਦੇ ਕਿਆਰਿਆਂ ਦੀਆਂ ਵੱਟਾਂ ਪਾਉਂਦੇ ਧੂੜ ਉਡਾ ਰਹੇ ਨੇ। ਸੀਤੇ ਸਿਉਂ ਥੋੜ੍ਹਾ ਜਿੰਦਰਾ ਅੱਗੇ ਚੁੱਕਕੇ ਦੱਬਦੈ। ਮੁੰਡਾ ਰੱਸੀਆਂ ਢਿੱਲੀਆਂ ਕਰਕੇ ਇਕ ਦਮ ਖਿਚ ਲੈਂਦਾ। ਨਾਲ ਦੀ ਨਾਲ ਇਕ ਇਕ ਪੈਰ, ਇਕੱਠੇ ਹੀ ਅੱਗੇ ਬਰਾਬਰ ਵੱਲ ਚੁੱਕ ਲੈਂਦੇ ਨੇ। ਦੂਜਾ ਮੁੰਡਾ ਕਹੀ ਨਾਲ ਵੱਟਾਂ ਦੇ ਸਿਰਿਆਂ ਤੋਂ ਪਤਲੀ ਵੱਟ ਉੱਤੇ ਥੋੜ੍ਹੀ ਥੋੜ੍ਹੀ ਮਿੱਟੀ ਪਾ ਰਿਹੈ।

ਕਿਆਰੇ ਪਾਉਂਦੇ ਮੁੰਡਿਆਂ ਦਾ ਖਿਆਲ ਆਉਂਦਿਆਂ ਜਗੀਰ ਸਿੰਘ ਨੂੰ ਮੇਲੂ ਦੇ ਮੁੰਡੇ ਯਾਦ ਆ ਗਏ, ਜਿਹੜੇ ਆਪ ਹੁਦਰੇ ਹੋ ਕੇ ਲੋਹਾ ਮੰਡੀ ਵਿਚ ਜਾਣ ਲੱਗ ਪਏ ਸੀ। ਉਸ ਨੂੰ ਦੇਵ ਯਾਦ ਆਇਆ ਜਿਹੜਾ ਇਕ ਰਾਤ ਤਾਜ਼ਾ ਕੱਢੀ ਗਰਮ ਦਾਰੂ ਜ਼ਿਆਦਾ ਪੀਣ ਨਾਲ ਸੁੱਤਾ ਹੀ ਰਹਿ ਗਿਆ ਸੀ।

ਜਗੀਰ ਸਿੰਘ ਦਾ ਰੋਣ ਨਿਕਲ ਗਿਆ। ਉਹ ਹੌਲੀ ਹੌਲੀ ਸਿਸਕੀਆਂ ਭਰਦਾ ਰਿਹਾ। ਉਸ ਨੂੰ ਭੂ-ਮਾਫੀਏ ਉੱਤੇ ਗੁੱਸਾ ਆਇਆ। ਲੋਹਾ ਮੰਡੀ ਜਾਣ ਵਾਲੇ ਮੁੰਡੇ ਕਹਿੰਦੇ, 'ਵੇਚ ਕੇ ਦੁੱਗਣਾ ਫਾਰਮ ਬਣਾਵਾਂਗੇ। ਭੱਈਆਂ ਤੋਂ ਕੰਮ ਕਰਵਾਵਾਂਗੇ। ਆਪ ਮੌਜ ਨਾਲ ਕਾਰ ਚੁੱਕੀ, ਕਦੇ ਸ਼ਹਿਰ, ਕਦੇ ਰਿਸ਼ਤੇਦਾਰਾਂ ਦੇ। ਜੇ ਦਾਅ ਲੱਗਾ ਤਾਂ ਕਿਸੇ ਬਾਹਰਲੇ ਮੁਲਕ ਵਿਚ ਨਿਕਲ ਜਾਵਾਂਗੇ। ਮੌਜਾਂ ਹੀ ਮੌਜਾਂ। ਲੋਕ ਕਹਿਣਗੇ, 'ਵਾਹ ਬਈ ਵਾਹ ਬੁੜ੍ਹਿਆਂ ਦੇ ਟੱਬਰ ਦੀ ਰੀਸ ਨਹੀਂ...।'

ਉਹਨਾਂ ਨੇ ਜਗੀਰ ਸਿੰਘ ਦੀ ਕੋਈ ਪੇਸ਼ ਨਾ ਜਾਣ ਦਿੱਤੀ, ਅਖੇ ਤੈਨੂੰ ਕਿਆ ਪਤੈ, ਜੱਟ ਕਿਵੇਂ ਜ਼ਮੀਨ ਵਧਾਉਂਦੇ ਨੇ? ਤੂੰ ਆਪ ਦੇ ਮਹਿਕਮੇ ਦਾ ਕੋਈ ਕੰਮ ਤਾਂ ਕਰਾ ਨੀ ਸਕਿਆ।

ਮੇਲੂ ਉਸ ਨਾਲ ਜਿਦਣ ਲੱਗ ਪਿਆ, "ਏਸ਼ੀਆ ਦੀ ਵੱਡੀ ਖੰਨਾ ਮੰਡੀ ਵਿਚ ਕਿਸਾਨ ਯੂਨੀਅਨ ਦੇ ਪ੍ਰਧਾਨ ਦਾ ਭਾਸ਼ਣ ਸੁਣ ਕੇ ਆਇਆਂ।" ਉਹ ਕਮੀਜ਼ ਦੀ ਜੇਬ ਉੱਤੇ ਕਿਸਾਨ

ਯੂਨੀਅਨ ਦਾ ਬੈਜ ਲਾ ਕੇ ਦਿਖਾਉਂਦਾ ਫਿਰੇ। ਉਸ ਨੂੰ ਪੂਰਾ ਜੋਸ਼ ਚੜ੍ਹਿਆ ਹੋਇਆ ਸੀ, "ਪ੍ਰਧਾਨ ਕਹਿੰਦਾ, ਸਰਕਾਰ ਫਸਲ ਦੀਆਂ ਕੀਮਤਾਂ ਸੂਚਕ ਅੰਕ ਨਾਲ ਜੋੜ ਕੇ ਮਿਥੇ। ਖਾਦ ਅਤੇ ਦੁਆਈਆਂ ਸਸਤੀਆਂ ਹੋਣ। ਫਸਲਾਂ ਦਾ ਬੀਮਾ ਹੋਵੇ...।" ਉਸ ਦੇ ਦਿਮਾਗ਼ ਨੂੰ ਐਸਾ ਜਨੂੰਨ ਚੜ੍ਹਿਆ, ਉਹ ਪਿੰਡ ਵਿਚੋਂ ਪੰਜ ਸੱਤ ਆਪਣੇ ਵਰਗੇ ਖੇਤੀ ਦੇ ਕੰਮ ਤੋਂ ਅੱਕੇ ਹੋਏ ਗੱਭਰੂਆਂ ਨੂੰ ਲੈ ਕੇ ਤੁਰ ਪਿਆ ਕਰੇ। ਜਿੱਥੇ ਕਿਤੇ ਵੀ ਯੂਨੀਅਨ ਨੇ ਰੈਲੀ ਕਰਨੀ, ਉੱਥੇ ਨੂੰ ਚੱਲ ਪੈਂਦੇ। ਕਦੇ ਮੰਤਰੀਆਂ ਦਾ ਘਿਰਾਉ, ਕਦੇ ਜ਼ਿਲ੍ਹਾ ਕਚਹਿਰੀ ਦਾ, ਕਦੇ ਚੰਡੀਗੜ੍ਹ, ਕਦੇ ਦਿੱਲੀ ਜਾ ਧਰਨਾ ਲਾ ਦਿੰਦੇ।

ਉਹ ਕਹਿੰਦਾ, "ਲੈਨਮੈਨ ਸਾਹਬ ਤੁਸੀਂ ਮੋਟਰ ਕੁਨੈਕਸ਼ਨ ਦੇਣੈ, ਲੋਡ ਬਦਲਣੇ, ਛੋਟੀ ਮੋਟੀ ਤਾਰ ਖਿੱਚਣੀ ਤੇ ਕਸਣੀ ਐ ਤਾਂ ਕਿਸਾਨਾਂ ਨੂੰ ਲੁਟਦੇ ਹੋ। ਸਿੱਧੀ ਰਿਸ਼ਵਤ ਚਲਦੀ ਐ। ਤੁਹੀਂ ਤਾਂ ਪੁਲਿਸ ਦੀ ਰੀਸ ਕਰਨ ਲੱਗ ਪਏ...ਕਰੋੜਪਤੀ ਬਣਨ ਲਈ।"

ਜਗੀਰ ਸਿੰਘ ਉਸੇ ਲਹਿਜੇ ਵਿਚ ਬੋਲਿਆ, "ਵੱਡਿਆ ਲੀਡਰਾ? ਐਂ ਦੱਸ, ਜਿਹੜੇ ਤੇਰੇ ਵਰਗੇ ਬਿਨਾਂ ਮੰਗੇ ਜੇਬ ਵਿਚ ਪਾ ਦਿੰਦੇ ਨੇ, ਘੁੱਟ ਦਾਰੂ ਪਿਲਾ ਦਿੰਦੇ ਨੇ। ਪੁਲਿਸ ਵਾਲਿਆਂ ਦੀ ਰੀਸ ਨੀ ਕਰ ਸਕਦੇ, ਉਹਨਾਂ ਦੇ ਹੱਥਾਂ ਵਿਚ ਡੰਡੇ ਤੇ ਭੂ-ਮਾਫੀਏ ਨੇ। ਸ਼ਹਿਰਾਂ ਦੇ ਬਾਹਰ ਕਾਲੋਨੀਆਂ ਵਿਚ ਉਹਨਾਂ ਦੇ ਪਲਾਟ...।"

ਉਹ ਝੱਟ ਬੋਲ ਪਿਆ, "ਫੇ ਪਤਾ ਲੱਗੂ ਜਦ ਗਰਿੱਡ 'ਤੇ ਧਰਨਾ ਲੱਗਿਆ।"

ਕਦੇ ਕਦੇ ਤਾਂ ਜਗੀਰ ਸਿੰਘ ਉਸ ਦੀਆਂ ਗੱਲਾਂ 'ਤੇ ਹੈਰਾਨ ਰਹਿ ਜਾਂਦਾ ਕਿ ਉਸਨੂੰ ਐਨੀ ਵਾਕਫੀਅਤ ਕਿਵੇਂ ਹੋ ਗਈ। ਇਕ ਦਿਨ ਮੇਲੂ ਆਪੇ ਹੈਰਾਨ ਹੋਈ ਜਾ ਰਿਹਾ ਸੀ, "ਛੋਟੇ ਭਾਈ ਚੰਡੀਗੜ੍ਹ ਨੂੰ ਜਾਂਦਿਆਂ ਐਨੀ ਭੀੜ? ਬੱਸਾਂ, ਕਾਰਾਂ, ਪਤਾ ਨੀ ਕੀ ਕੀ, ਕੌਣ ਕੌਣ ਜਾ ਰਿਹੈ? ਸੜਕਾਂ ਭਾਰ ਨੀ ਝਲਦੀਆਂ। ਸੜਕਾਂ ਦੇ ਆਲੇ-ਦੁਆਲੇ ਪਤਾ ਨਹੀਂ ਕਿਹੜੇ ਕਿਹੜੇ ਦੇਸੋਂ-ਵਿਦੇਸ਼ੋਂ ਅਰਬਾਂ-ਖਰਬਾਂ ਪਤੀਆਂ ਦੀਆਂ ਦੁਕਾਨਾਂ, ਢਾਬੇ, ਵੱਡੇ ਵੱਡੇ ਪਲਾਜ਼ੇ, ਪ੍ਰਾਈਵੇਟ ਬਹੁ-ਤਕਨੀਕੀ ਕਾਲਿਜਾਂ, ਫੈਕਟਰੀਆਂ ਨੇ ਜ਼ਮੀਨ ਮੱਲੀ ਹੋਈ ਐ? ਇਕ ਦਿਨ ਯੂਨੀਅਨ ਵਾਲੇ ਲਾਂਡਰਾਂ ਤੋਂ ਪਿੱਛੇ ਸੜਕ 'ਤੇ ਬਣ ਰਹੀ ਇਕ ਫੈਕਟਰੀ ਮੁਹਰੇ ਰੁਕ ਗਏ। ਇਕ ਜਣੇ ਨੇ ਗੇਟ ਵਾਲੇ ਤੋਂ ਪਤਾ ਕੀਤਾ। ਗੇਟ ਵਾਲੇ ਨੇ ਅੰਦਰ ਪਏ ਵੱਡੇ ਬੋਰਡ ਵੱਲ ਇਸ਼ਾਰਾ ਕਰ ਦਿੱਤਾ, "ਇਹ ਪੜ੍ਹ ਲਓ।"

'ਟੇਢੇ ਪਏ ਬੋਰਡ ਨੂੰ ਇਕ ਕਿਸਾਨ ਨੇ ਕੋਲ ਜਾ ਕੇ ਪੜ੍ਹਿਆ। ਉਸ ਉੱਤੇ ਅੰਗਰੇਜ਼ੀ ਵਿਚ ਲਿਖਿਆ ਸੀ ਕਿ ਆਲੂਆਂ ਤੋਂ ਚਿਪਸ ਬਣਾਉਣ ਦੀ ਫੈਕਟਰੀ ਛੇਤੀ ਚਾਲੂ ਹੋ ਰਹੀ ਹੈ। ਬੋਰਡ, ਕੁਝ ਦਿਨਾਂ ਤਕ ਬਣ ਰਹੇ ਗੇਟ ਉੱਤੇ ਲੱਗ ਜਾਵੇਗਾ।'

'ਕਿਸਾਨਾਂ ਨੇ ਸੋਚਿਆ ਕਿ ਉਹਨਾਂ ਤੋਂ ਆਲੂ ਚਾਰ ਪੰਜ ਰੁਪਏ ਕਿਲੋ ਲੈ ਕੇ ਕੁਰਕਰੇ -ਚਿਪਸ ਦੇ ਕਰੋੜਾਂ ਰੁਪਏ ਕਮਾਉਣਗੇ।'

ਇਕ ਕਿਸਾਨ ਨੇ ਕਿਹਾ, "ਇਹੋ ਜਿਹੀਆਂ ਮਸ਼ੀਨਾਂ ਆਪਾਂ ਕਿਉਂ ਨਾ ਲਾ ਲਈਏ?"

ਦੂਜਾ ਜਣਾ ਝੱਟ ਬੋਲ ਪਿਆ, "ਵੀਰਿਆ ਆਪਾਂ ਏਹਨਾਂ ਦਾ ਕਿਵੇਂ ਮੁਕਾਬਲਾ ਕਰਾਂਗੇ? ਪੱਲੇ ਤਾਂ ਧੇਲਾ ਨੀ...।"

ਤੀਜਾ ਜਣਾ ਵੀ ਬੋਲ ਪਿਆ, "ਬਾਈ ਜੀ ਕੋਸ਼ਿਸ਼ ਕਰਕੇ ਤਾਂ ਦੇਖੋ ਰਲ ਮਿਲ ਕੇ।"

ਉਸ ਨਾਲ ਸਾਰੇ ਸਹਿਮਤ ਹੋ ਗਏ, "ਹਾਂ, ਕਰਾਂਗੇ ਕੋਸ਼ਿਸ਼...ਮੁੰਡਿਆਂ ਨੂੰ ਸਮਝਾਵਾਂਗੇ।"

ਮੇਲੂ ਨੇ ਹੋਰ ਦੱਸਿਆ, "ਰੈਲੀ ਕਰਨ ਗਏ, ਮਟਕਾ ਚੌਂਕ ਵਿਚ ਬੈਠੇ ਰਹਿੰਦੇ ਸੀ। ਹੁਣ ਸ਼ਹਿਰ ਵਾਲੇ ਪੀਪਨੀਆਂ ਫੜਾਉਂਦੇ ਨੇ। ਲਓ ਬਜਾਓ ਤੇ ਨਿਕਲੋ, ਫੁੱਲ ਗ਼ੁਲਾਬ ਅਤੇ ਵਿਸ਼ਵੀਕਰਨ ਦੇ ਪਿੰਡ ਵਿਚੋਂ। ਏਥੇ ਡੰਗਰ ਵੱਛਿਆਂ ਦਾ ਕਿਆ ਕੰਮ...।"

"ਸਾਰੇ ਚੁੱਪ ਪੀਪਨੀਆਂ ਫੜ ਕੇ।" ਮੇਲੂ ਦਸਦਾ ਦਸਦਾ ਰੋਣ-ਹਾਕਾ ਹੋ ਜਾਂਦਾ।

ਜਗੀਰ ਸਿੰਘ ਦੇ ਅੰਦਰ ਛੁਰੀਆਂ ਚਲਣ ਲੱਗ ਪੈਂਦੀਆਂ। ਉਸ ਨੂੰ ਆਪਣੇ ਭਤੀਜਿਆਂ ਨਾਲ ਵੀ ਇਹੋ ਕੁਝ ਹੋਇਆ ਯਾਦ ਆ ਗਿਆ, 'ਉਹਨਾਂ ਨੇ ਮਾਲਵੇ ਦੇ ਗੱਭੇ, ਧੂਰੀ ਲਾਗੇ ਮੀਮਸੀਂ ਦਸ ਕੀਲਿਆਂ ਦਾ ਸੌਦਾ ਕਰ ਲਿਆ। ਭੂ-ਮਾਫੀਏ ਨੇ ਅੱਧੀ ਰਕਮ ਵਿਚੋਂ ਬਿਆਨੇ ਦੀ ਦੁਆ ਦਿੱਤੀ ਸੀ। ਉਹਨਾਂ ਦੀ ਘਰ ਆ ਕੇ ਅੱਡੀ ਨਾ ਲੱਗੇ, "ਚਾਰ ਦੇ ਦਸ ਕੀਲੇ ਬਣ ਜਾਣਗੇ।"

'ਜਦੋਂ ਰਜਿਸਟਰੀ ਕਰਾਉਣ ਗਏ ਤਾਂ ਉਹਨਾਂ ਨੇ ਠੂਠਾ ਦਿਖਾ ਦਿੱਤਾ। ਕਹਿੰਦੇ, "ਏਥੇ ਕੋਈ ਸੌਦਾ ਨੀ ਹੋਇਆ ਬਾਈ ਸਿਆਂ?"

ਮੁੰਡੇ ਅੜੇ ਤੇ ਰੋਏ ਪਿੱਟੇ। ਉਹਨਾਂ ਨੇ ਡੰਡਾ ਫੇਰ ਕੇ ਭਜਾ ਦਿੱਤੇ। ਉਹ ਨਕਲੀ ਭੂ-ਮਾਫੀਏ ਮੁੜ ਕੇ ਲੱਭੇ ਹੀ ਨਹੀਂ। ਮੇਲੂ ਨੇ ਕਿਸਾਨ ਯੂਨੀਅਨ ਦੇ ਬੰਦੇ ਲੈ ਕੇ ਪੁੱਛ ਗਿੱਛ ਕੀਤੀ। ਉਹਨਾਂ ਨੂੰ ਵੀ ਪੱਲਾ ਨਾ ਫੜਾਇਆ। ਮੁੰਡੇ ਲੋਹਾ ਮੰਡੀ ਫਿਰ ਜਾਣ ਲੱਗ ਪਏ। ਮੇਲੂ ਦਿਨ ਰਾਤ ਦਾਰੂ ਪੀਣ ਲੱਗ ਪਿਆ। ਉਹ ਯੂਨੀਅਨ ਦੀਆਂ ਮੀਟਿੰਗਾਂ ਅਤੇ ਰੈਲੀਆਂ ਵਿਚ ਜਾਣ ਤੋਂ ਵੀ ਹਟ ਗਿਆ। ਉਸ ਨੇ ਵੇਖ ਲਿਆ ਕਿ ਦੋਫਾੜ ਹੋਈ ਯੂਨੀਅਨ ਵਿਚ ਜਾਨ ਹੀ ਨਹੀਂ ਰਹੀ। ਆਖਰ ਇਕ ਰਾਤ ਉਹ ਸੁੱਤਾ ਪਿਆ ਹੀ ਰਹਿ ਗਿਆ। ਸਵੇਰੇ ਪਤਾ ਲੱਗਾ ਕਿ ਅਟੈਕ ਹੋਇਆ ਸੀ।

ਉਸ ਦੇ ਭੋਗ ਵਾਲੇ ਦਿਨ, ਜ਼ਿਲ੍ਹੇ ਦਾ ਕਿਸਾਨ ਯੂਨੀਅਨ ਪ੍ਰਧਾਨ, ਚਾਰ ਕੁ ਕਿਸਾਨਾਂ ਨੂੰ ਲੈ ਕੇ ਆਇਆ। ਪਰਿਵਾਰ ਦੇ ਮੈਂਬਰਾਂ ਨੂੰ ਇਕ ਪੱਗ ਦੇ ਕੇ ਚਾਰ ਕੁ ਸ਼ਬਦ ਕਹੇ, "ਕਿਸਾਨਾਂ ਦੀਆਂ ਹੱਕੀ ਮੰਗਾਂ ਲਈ ਲੜਨ ਵਾਲੇ ਇਸ ਯੋਧੇ ਦੀ ਤਰ੍ਹਾਂ ਹੋਰ ਕਿਸਾਨ ਵੀਰ ਅੱਗੇ ਆਉਣ ਤਾਂ ਕਿ ਇਕੱਠੇ ਹੋ ਕੇ ਸਾਂਝੇ ਮਸਲਿਆਂ ਦਾ ਹੱਲ ਕਰਾ ਸਕੀਏ।"

ਕਰਨੈਲ ਨੇ ਮੁੰਡਿਆਂ ਨਾਲ ਰਲ ਕੇ ਖੇਤੀ ਦਾ ਕੰਮ ਚੰਗਾ ਰੋੜ੍ਹ ਲਿਆ ਸੀ। ਉਸ ਦੇ ਮੁੰਡਿਆਂ ਦੇ ਮੁੰਡੇ ਹੋ ਗਏ। ਹੌਲੀ ਹੌਲੀ ਨਿਆਣਿਆਂ ਪਿੱਛੇ ਨੂੰਹਾਂ ਕਲੇਸ਼ ਪਾ ਲਿਆ ਕਰਨ। ਇਕ ਨੇ ਕਿਹਾ, "ਇਕ ਦਿਨ ਆਟਾ ਬੜੀ ਗੁੰਨ੍ਹਿਆ ਕਰੇ, ਇਕ ਦਿਨ ਛੋਟੀ।" ਸਬਜ਼ੀ ਬਣਾਉਣ, ਕੱਪੜੇ ਧੋਣ, ਝਾੜੂ ਲਾਉਣ ਤੋਂ ਇਕ ਦੂਜੀ ਨਾਲ ਮੂੰਹ-ਮੋਟਾ ਕਰ ਲਿਆ ਕਰਨ। ਮੁੰਡਿਆਂ ਤੋਂ ਵੀ ਨਿੱਤ ਦੀਆਂ ਗੱਲਾਂ ਦੇਖੀਆਂ ਨਾ ਗਈਆਂ। ਉਹਨਾਂ ਨੂੰ ਅੱਡ ਹੋਣਾ ਹੀ ਪੈ ਗਿਆ।

ਉਹਨਾਂ ਵਿਚੋਂ ਇਕ ਮੁੰਡੇ ਨੂੰ ਬਾਹਰਲੇ ਮੁਲਕ ਜਾਣ ਦਾ ਭੂਤ ਸਵਾਰ ਹੋ ਗਿਆ ਸੀ। ਉਸ ਵੇਲੇ ਉਹਨਾਂ ਨੂੰ ਭੂ-ਮਾਫੀਏ ਨਾਲ ਆਇਆ ਸਾਧੂ ਸਿੰਘ ਮਸਾਂ ਮਿਲਿਆ। ਮੁੰਡਾ ਕਹਿੰਦਾ, "ਹੁਣੇ ਵੇਚੋ। ਛੇਤੀ ਜਹਾਜ਼ ਚੜ੍ਹਾਂ।" ਉਹੀ ਗੱਲ ਹੋਈ। ਉਸ ਦੇ ਹੱਥ ਪੈਸਾ ਆਇਆ ਉਸ ਨੇ ਝਟ ਪਟ ਏਜੰਟਾਂ ਨੂੰ ਜਾ ਫੜਾਇਆ। ਚਾੜ੍ਹ ਦਿੱਤਾ ਜਹਾਜ਼ ਤੱਤ-ਭੜੱਤ 'ਚ। ਜਰਮਨ ਵਿਚ ਉਤਰਦਾ ਹੀ ਫੜਿਆ ਗਿਆ। ਜੇਲ੍ਹ ਵਿਚ ਬੈਠਾ ਰੋਂਦਾ ਰਿਹਾ। ਸਜ਼ਾ ਭੁਗਤ ਕੇ ਆਇਆ ਤਾਂ ਬੁਰਾ ਹਾਲ, ਪਾਟੇ ਕੱਪੜੇ, ਭੁੱਖਾ। ਨਮੋਸ਼ੀ 'ਚ ਆਉਂਦੇ ਨੇ ਹੀ ਪੱਕੀ ਨਹਿਰ ਵਿਚ ਛਾਲ ਮਾਰ ਦਿੱਤੀ। ਉਹ ਤਾਂ ਗਿਆ ਹੀ, ਦੂਜਾ ਮੁੰਡਾ ਵੀ ਅੱਧੇ ਪੈਸੇ ਲੈ ਕੇ ਸਹੁਰੀਂ ਜਾ ਬੈਠਿਆ। ਉਸ ਦੀ ਘਰਵਾਲੀ ਹੱਥ 'ਤੇ ਕਰਕੇ ਲੈ ਗਈ ਕਿ ਉਸ ਦੇ ਭਰਾ, ਚਾਰ ਸਿਆੜ ਲੈ ਦੇਣਗੇ। ਮਗਰੋਂ ਕਰਨੈਲ ਪੈ ਗਿਆ ਲੰਮਾ, ਕੀ ਕਰੇ...? ਗ਼ਮ 'ਚ ਉਹ ਵੀ ਪਾਰ ਬੋਲਿਆ।

ਜਗੀਰ ਸਿੰਘ ਨੂੰ ਆਪਣੀ ਧੀ ਦਾ ਖਿਆਲ ਆਇਆ। ਉਹ ਕਹਿੰਦੀ ਸੀ ਕਿ ਉਸ ਕੋਲ ਆ ਜਾਣ। ਉਸ ਦਾ ਜੀਅ ਕੀਤਾ, ਏਥੇਂ ਹੀ ਧੀ ਦੇ ਪਿੰਡ ਨੂੰ ਸਿੱਧਾ ਹੋ ਲਵੇ। ਮਨ ਨੂੰ ਸਕੂਨ ਮਿਲ ਜਾਵੇਗਾ। ਹੁਣ ਵੀ ਉਸ ਦੇ ਕੰਨਾਂ ਵਿਚ ਧੀ ਦੀ ਆਵਾਜ਼ ਆ ਰਹੀ ਹੈ, "ਦੋ ਰੋਟੀਆਂ ਹੀ ਖਾਣੀਆਂ ਨੇ, ਏਥੇ ਖਾਈ ਜਾਇਓ।"

ਹਵਾ ਦਾ ਬੁੱਲਾ ਆਇਆ। ਆਸੇ ਪਾਸੇ ਬੱਲੀਆਂ ਇਕ ਦੂਜੀ ਨਾਲ ਖਹਿ ਕੇ ਲਹਿਰ ਬਣਾ ਗਈਆਂ। ਦੂਰ ਤਕ ਮਿੱਠਾ ਮਿੱਠਾ ਸੰਗੀਤ ਪੈਦਾ ਹੁੰਦਾ ਚਲਾ ਗਿਆ।

"ਧੀ ਕੋਲ ਰਿਹਾ ਨਹੀਂ ਜਾਣਾ...ਚਾਰ ਦਿਨਾਂ ਵਿਚ ਹੀ ਸ਼ਰਮ ਨਾਲ ਮਰ ਜਾਵਾਂਗੇ।"

ਜਗੀਰ ਸਿੰਘ ਨੂੰ ਆਪਣੀ ਘਰਵਾਲੀ ਦੇ ਬੋਲ ਇਉਂ ਸੁਣਾਈ ਦਿੱਤੇ ਜਿਵੇਂ ਉਸ ਦੇ ਸਾਹਮਣੇ ਹੀ ਖੜ੍ਹੀ ਕਹਿ ਰਹੀ ਹੋਵੇ।

ਧੀ ਮਿਲਣ ਆਉਣ ਤੋਂ ਹੀ ਹਟ ਗਈ। ਉਹ ਕਹਿੰਦੀ, "ਕਿਵੇਂ ਆਈਏ, ਆਲ-ਮਤਾਲ ਗੱਲਾਂ ਕਰੀ ਜਾਂਦੇ ਨੇ। ਬੋਲਣ ਤੋਂ ਨੀ ਹਟਦੇ। ਕਦੇ ਹੱਸਦੇ, ਕਦੇ ਰੋਂਦੇ ਹੋਏ ਜਣੇ-ਖਣੇ ਕੋਲ ਢਿੱਡ ਫੋਲਣ ਬਹਿ ਜਾਂਦੇ ਨੇ।"

ਜਗੀਰ ਸਿੰਘ ਨੂੰ ਜ਼ਮੀਨ ਵੇਚਣ ਦਾ ਹੇਰਵਾ ਗੁਨਾਹ ਦਾ ਰੂਪ ਧਾਰ ਕੇ, ਉਸ ਅੰਦਰ ਖੌਰੂ ਪਾਉਣ ਲੱਗ ਪਿਆ। ਉਹ ਕਦੇ ਉੱਚੀ ਬੋਲਦਾ, ਕਦੇ ਹੱਸਦਾ, ਕਦੇ ਰੋਂਦਾ, ਉਹ ਆਪਣੇ ਵਾਲ਼ ਵੀ ਪੁੱਟਣ ਲੱਗ ਪੈਂਦਾ।

ਉਸ ਦਾ ਵਾਲ਼ਾਂ ਨੂੰ ਹੱਥ ਪੈਂਦਾ ਪੈਂਦਾ ਰਹਿ ਗਿਆ। ਉਸੇ ਹੱਥ ਨਾਲ ਉਸ ਨੇ ਲੱਤ 'ਤੇ ਚੜ੍ਹੀ ਕੀੜੀ ਮਲ਼ ਦਿੱਤੀ।

ਉਸ ਦੀਆਂ ਭੈਣਾਂ ਉਲਾਂਭਾ ਦੇਣ ਤੋਂ ਨਹੀਂ ਹਟਦੀਆਂ। ਕਿਸੇ ਨਾ ਕਿਸੇ ਕੋਲ ਕਹਿ ਹੀ ਦਿੰਦੀਆਂ, "ਚੰਦਰਿਆਂ ਨੇ ਜ਼ਮੀਨ ਵੇਚਣ ਲੱਗਿਆਂ ਇਕ ਵਾਰ ਵੀ ਨਹੀਂ ਪੁੱਛਿਆ, ਅਸੀਂ ਕਿਹੜੀ ਲੈਣੀ ਤੀ?"

ਜਗੀਰ ਸਿੰਘ ਕਦੇ ਕਦਾਈਂ ਭੈਣਾਂ ਕੋਲ ਚਲਾ ਜਾਂਦਾ ਤਾਂ ਉਹ ਕਹਿੰਦੀਆਂ, "ਕਿੱਥੇ ਕਿੱਥੇ ਕਿਹੜੇ ਕਿਹੜੇ ਭਾਈਆਂ ਦੇ ਟੱਬਰਾਂ ਨੂੰ ਲੱਭਦੇ ਫਿਰੀਏ? ਇਕ ਟਿਕਾਣਾ ਹੀ ਨਹੀਂ ਰਿਹਾ। ਇਸ ਨਾਲੋਂ ਤਾਂ ਘਰ ਬਹਿ ਕੇ ਰੋ ਲੈਂਦੀਆਂ, 'ਬੁੜ੍ਹੇ ਦੇ ਜਣਦਿਆਂ ਨੂੰ।"

ਜਗੀਰ ਸਿੰਘ ਨੂੰ ਅਬਾ ਤਬਾ ਬੋਲਣ ਤੋਂ ਬਿਨਾਂ ਕੁਝ ਸੁਝਦਾ ਹੀ ਨਹੀਂ। ਉਹ ਉੱਠ ਕੇ ਤੁਰ ਪਿਆ। ਉਹ ਅੱਕ ਗਿਆ ਸੀ। ਵਾਪਸ ਮੁੜਦਿਆਂ ਉਸ ਨੂੰ ਜਾਪਿਆ, "ਸਾਧੂ ਸਿੰਘ ਦੇ ਕੁੱਤੇ ਵੀ ਦੈਂਤ ਨੇ, ਜਿਹੜੇ ਘੁਸਮੁਸਾ ਹੋਣ ਕਰਕੇ ਖੁੱਲ੍ਹੇ ਛੱਡੇ ਹੋਣਗੇ? ਸੜਕ ਉੱਤੇ ਪੈਰ-ਚਾਲ ਸੁਣ ਕੇ ਭੱਜ ਆਉਣਗੇ। ਪਾੜ ਦੇਣਗੇ ਮਿੰਟਾਂ 'ਚ।"

ਉਸ ਨੂੰ ਆਪਣੇ ਰੋਟੀਆਂ ਖਾਣੇ ਦੇਸੀ ਕੁੱਤੇ ਯਾਦ ਆ ਗਏ। ਉਹ ਪਹੇ ਵਿਚੋਂ ਕਿਸੇ ਨੂੰ ਖੰਘਣ ਨਹੀਂ ਸੀ ਦਿੰਦੇ। ਨਾ ਉਹਨਾਂ ਨੂੰ ਕਦੇ ਬੰਨ੍ਹਿਆ, ਨਾ ਫੀਡ ਤੇ ਦੁੱਧ ਪਾਇਆ ਸੀ। ਬਚਦੀਆਂ ਰੋਟੀਆਂ ਜ਼ਰੂਰ ਪਾ ਦਿੰਦੇ। ਜਾਂ ਰੋਟੀ ਖਾਣ ਵੇਲੇ ਬੁਰਕੀ ਬੁਰਕੀ ਪੈ ਜਾਂਦੀ। ਬੁੜ੍ਹੀਆਂ ਨੂੰ ਤਰਸ ਆਉਂਦਾ। ਉਹ ਆਪਣੀ ਰੋਟੀ ਨਾਲੋਂ ਅੱਧੀ ਰੋਟੀ ਜ਼ਰੂਰ ਪਾਉਂਦੇ। ਉਹ ਕਹਿੰਦੇ, "ਇਹ ਵੀ ਆਪਣੇ ਹੀ ਨਿਆਣੇ ਨੇ...ਇਹਨਾਂ ਦਰਵੇਸ਼ਾਂ ਦੇ ਕਿਹੜੇ ਹਲ ਵਗਦੇ ਨੇ?"

ਜਗੀਰ ਸਿੰਘ ਤੁਰਿਆ ਜਾ ਰਿਹੈ। ਉਸ ਨੂੰ ਸਮਝ ਨਹੀਂ ਆ ਰਹੀ, ਏਧਰ ਆ ਕੇ ਹੁਣ ਜਾਵੇ ਕਿੱਧਰ? ਉਸ ਦਾ ਜੀਅ ਕੀਤਾ, ਤੁਰਿਆ ਹੀ ਜਾਵੇ। ਉਸ ਨੇ ਵੇਖਿਆ ਸਾਧੂ ਸਿੰਘ ਆਪਣੇ ਅੰਦਰ ਜਾ ਵੜਿਆ ਸੀ। ਭਾਵੇਂ ਉਸ ਦੇ ਨਾਲ ਹੀ ਚਲਾ ਜਾਂਦਾ। ਚਾਹ ਪਾਣੀ ਪੀਅ ਆਉਂਦਾ। ਉਸ ਵੇਲੇ ਤਾਂ ਮਨ ਹੀ ਨਹੀਂ ਮੰਨਿਆ। ਅੰਦਰ ਖੌਰੂ ਪਿਆ ਹੋਇਆ ਸੀ।

ਜਗੀਰ ਸਿੰਘ ਨੂੰ ਉਬਾਸੀ ਆਈ। ਸਾਰਾ ਮੂੰਹ ਹੀ ਖੁੱਲ੍ਹ ਗਿਆ। ਉੱਡਿਆ ਫਿਰਦਾ ਮੱਛਰ ਸਿੱਧਾ ਮੂੰਹ ਵਿਚ। ਉਸ ਨੇ ਕਾਣਤ ਕੇ ਥੂ ਥੂ ਕੀਤਾ। ਮੱਛਰ ਨਿਕਲ ਗਿਆ। ਉਸ ਨੇ ਅੰਗੜਾਈ ਲਈ, "ਆਲੂ ਬੀਜ ਲਿਆ ਕਰਾਂਗੇ...ਕੁਰਕੁਰੇ-ਚਿਪਸ ਬਣਾਉਣ ਲਈ...ਸ਼ਾਇਦ ਮੁੰਡਾ ਮੰਨ ਹੀ ਜਾਣ...।"

|ਸੁਨੇਤ ਨਗਰ, ਅਮਲੋਹ ਰੋਡ, ਖੰਨਾ-141401

ਭਰਾਵਾਂ ਦਾ ਮਾਣ

ਵਰਿਆਮ ਸਿੰਘ ਸੰਧੂ

ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਨਿੱਕਾ ਜਿਹਾ ਬਿਰਤਾਂਤ ਹਾਜ਼ਰ ਹੈ।

1971-72 ਦਾ ਸਾਲ ਸੀ ਸ਼ਾਇਦ। ਨਕੋਦਰ ਵਿਚ 'ਕ੍ਰਾਂਤੀਕਾਰੀ ਲੇਖਕਾਂ' ਵੱਲੋਂ ਇਕ ਕਾਨਫ਼ਰੰਸ ਕੀਤੀ ਗਈ। ਪਰਚੇ ਪੜ੍ਹੇ ਗਏ, ਗਰਮਾ ਗਰਮ ਤਕਰੀਰਾਂ ਹੋਈਆਂ। ਸਰਕਾਰ ਦੀਆਂ ਨੀਤੀਆਂ ਤੇ ਪੁਲਿਸ ਦੀਆਂ ਵਧੀਕੀਆਂ ਖ਼ਿਲਾਫ਼ ਰੋਹਦਾਰ ਆਵਾਜ਼ ਬੁਲੰਦ ਹੋਈ। ਫਿਰ ਨਕੋਦਰ ਦੇ ਬਜ਼ਾਰਾਂ ਵਿਚ ਜੋਸ਼ੀਲੇ ਨਾਅਰੇ ਲਾਉਂਦਾ ਲੇਖਕਾਂ ਦਾ ਜਲੂਸ ਨਿਕਲਿਆ। ਰਾਤ ਨੂੰ ਕਵੀ ਦਰਬਾਰ ਸੀ। ਸਵੇਰ ਵਾਲੀ ਕਾਨਫ਼ਰੰਸ ਤੇ ਰਾਤ ਵਾਲੇ ਕਵੀ ਦਰਬਾਰ ਦੀ ਸਟੇਜ ਨਕੋਦਰ ਦੇ ਪੁਲਿਸ ਥਾਣੇ ਨਾਲ ਲੱਗਵੀਂ ਕੰਧ ਨਾਲ ਬਣੀ ਹੋਈ ਸੀ। ਕਵੀਆਂ ਦੀਆਂ ਕਵਿਤਾਵਾਂ ਵੀ ਰੋਹ ਤੇ ਰੰਜ ਨਾਲ ਭਰੀਆਂ ਹੋਈਆਂ ਸਨ। ਮੈਂ ਪਹਿਲੀ ਵਾਰ ਕਿਸੇ ਕਵੀ ਦਰਬਾਰ ਵਿਚ ਆਪਣਾ ਗੀਤ ਗਾ ਕੇ ਪੜ੍ਹਿਆ।

ਇਸ ਕਾਨਫ਼ਰੰਸ ਦੇ ਮੁੱਖ ਕਰਨਧਾਰਾਂ ਵਿਚ ਪਾਸ਼ ਵੀ ਸੀ। ਉਹ ਕੁੱਝ ਚਿਰ ਹੋਇਆ ਜੇਲ੍ਹ ਵਿਚੋਂ ਰਿਹਾ ਹੋ ਕੇ ਆਇਆ ਸੀ। ਉਹਨੀਂ ਦਿਨੀਂ ਉਹਦੀ ਬੜੀ ਚੜ੍ਹਤ ਸੀ। ਕਈ ਲੇਖਕਾਂ ਨੇ ਤਾਂ ਉਸਨੂੰ ਪਹਿਲੀ ਵਾਰ ਵੇਖਿਆ ਸੀ। ਉਹ ਸਵੇਰ ਦੇ ਪ੍ਰੋਗਰਾਮ ਵਿਚ ਬੋਲਿਆ ਨਹੀਂ ਸੀ। ਸਾਰੇ ਸਮਝਦੇ ਸਨ ਕਿ ਰਾਤ ਦੇ ਕਵੀ ਦਰਬਾਰ ਵਿਚ ਉਹ ਆਪਣੀ ਕਵਿਤਾ ਸੁਣਾਏਗਾ; ਆਪਣੇ ਅਨੁਭਵ ਸਾਂਝੇ ਕਰੇਗਾ। ਕਵੀ ਦਰਬਾਰ ਸਮਾਪਤੀ 'ਤੇ ਪੁੱਜਾ ਤਾਂ ਸਟੇਜ ਸਕੱਤਰ ਨੇ ਪਾਸ਼ ਦਾ ਨਾਂ ਲਿਆ। ਪਾਸ਼ ਥਾਣੇ ਦੀ ਕੰਧ ਨਾਲ ਲੱਗੀ ਸਟੇਜ 'ਤੇ ਖੜ੍ਹਾ ਹੋਇਆ। ਇਹੋ ਥਾਣਾ ਸੀ ਜਿਸ ਵਿਚ ਉਸਨੂੰ ਕਦੀ ਗ੍ਰਿਫ਼ਤਾਰ ਕਰ ਕੇ ਲਿਆਂਦਾ ਗਿਆ ਸੀ। ਉਸ ਨਾਲ ਜ਼ਿਆਦਤੀ ਕੀਤੀ ਗਈ ਸੀ। ਝੂਠਾ ਕਤਲ ਕੇਸ ਉਹਦੇ ਨਾਂ ਮੜ੍ਹਿਆ ਗਿਆ ਸੀ। ਸਪੀਕਰ ਦਾ ਮੂੰਹ ਵੀ ਥਾਣੇ ਵੱਲ ਸੀ। ਜ਼ਾਹਿਰ ਹੈ ਸਵੇਰ ਤੋਂ ਹੁਣ ਤਕ ਥਾਣੇ ਵਾਲੇ ਸਭ ਕੁੱਝ ਸੁਣਦੇ ਰਹੇ ਸਨ।

ਹੁਣ ਸਰੋਤੇ ਸੁਣਨਾ ਤੇ ਜਾਨਣਾ ਚਾਹੁੰਦੇ ਸਨ ਕਿ ਪਾਸ਼ ਕੀ ਬੋਲਦਾ ਹੈ। ਪਾਸ਼ ਨੇ ਕੋਈ ਭਾਸ਼ਨ ਨਹੀਂ ਕੀਤਾ। ਕੋਈ ਕਵਿਤਾ ਨਹੀਂ ਸੁਣਾਈ। ਉਸਨੇ ਅਸਮਾਨ ਵੱਲ ਬਾਂਹ ਉੱਚੀ ਚੁੱਕੀ ਤੇ ਗਰਜਵੀਂ ਆਵਾਜ਼ ਵਿਚ ਪੁਲਿਸ ਵਾਲਿਆਂ ਨੂੰ ਸੁਣਾ ਕੇ ਸਿਰਫ਼ ਏਨਾ ਹੀ ਕਿਹਾ:

"ਗਾਲ੍ਹਾਂ ਕੱਢੀਆਂ ਗਲੀ ਵਿਚ ਖੜ੍ਹ ਕੇ, ਮਾਣ ਭਰਾਵਾਂ ਦੇ"

ਏਨੀ ਆਖ ਕੇ ਉਹ ਸਟੇਜ ਤੋਂ ਉੱਤਰ ਆਇਆ। ਤਾਲੀਆਂ ਦੀ ਗੜਗੜਾਹਟ ਨਾਲ ਮੈਦਾਨ ਤੇ ਅਸਮਾਨ ਗੂੰਜ ਉਠਿਆ। ਇਕੋ ਗੱਲ ਵਿਚ ਸਾਰੀ ਗੱਲ ਆਖੀ ਗਈ ਸੀ। ਭਰਾਵਾਂ ਦਾ ਮਾਣ ਤੇ ਲੋਕਾਂ ਦੀ ਤਾਕਤ ਪਿੱਠ ਪਿੱਛੇ ਹੋਵੇ ਤਾਂ ਬੰਦਾ ਆਪਣੇ ਹਿੱਸੇ ਦੀ ਲੜਾਈ ਬੁਲੰਦ ਇਰਾਦਿਆਂ ਨਾਲ ਲੜ ਸਕਦਾ ਹੈ। ਦੁਸ਼ਮਣ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਲਲਕਾਰ ਸਕਦਾ ਹੈ। ਭਰਾ ਨਾਲ ਨਾ ਹੋਣ ਤਾਂ ਮਿਰਜ਼ੇ ਵਰਗੇ ਜਵਾਨ ਦੀ ਵੀ ਦੁਸ਼ਮਣਾਂ ਦੇ ਵਾਰ ਸਹਿੰਦਿਆਂ ਧਾਹ ਨਿਕਲ ਜਾਂਦੀ ਹੈ, "ਜੱਟ ਬਾਝ ਭਰਾਵਾਂ ਮਾਰਿਆ, ਕੋਈ ਨਾ ਮਿਰਜ਼ੇ ਦੇ ਸੰਗ"

***

ਇਹਨੀਂ ਦਿਨੀਂ ਮੈਂ ਵੀ ਭਰਾਵਾਂ ਦੇ ਸੰਗ-ਸਾਥ ਵਿਚ ਵਿਚਰ ਰਿਹਾ ਸਾਂ।

ਉਂਝ ਲੋਕਾਂ ਦੇ ਸੰਗ-ਸਾਥ ਵਿਚ ਜੀ-ਵਿਚਰ ਕੇ ਕੁੱਝ ਚੰਗਾ ਕਰਨ ਦੀ ਤਾਂਘ ਮੇਰੇ ਮਨ ਵਿਚ ਮੁੱਢ ਤੋਂ ਸੀ। ਸੋਲਾਂ ਸਤਾਰਾਂ ਸਾਲਾਂ ਦੀ ਉਮਰ ਵਿਚ ਮੈਂ ਆਪਣੇ ਕੁੱਝ ਸਾਥੀਆਂ ਨੂੰ ਨਾਲ ਲੈ ਕੇ ਆਪਣੇ ਪਿੰਡ ਦੇ ਗ਼ਦਰੀ ਸ਼ਹੀਦਾਂ ਤੇ ਦੇਸ਼ ਭਗਤਾਂ ਦੀ ਯਾਦ ਵਿਚ 'ਦੇਸ਼ ਭਗਤ ਯਾਦਗਾਰ ਲਾਇਬ੍ਰੇਰੀ' ਸਥਾਪਤ ਕੀਤੀ। ਕਮਰਾ ਕਿਰਾਏ 'ਤੇ ਲੈ ਕੇ ਉਸ ਵਿਚ ਫ਼ਰਨੀਚਰ ਰਖਵਾਇਆ। ਕਿਤਾਬਾਂ ਖ਼ਰੀਦੀਆਂ। ਅਖ਼ਬਾਰਾਂ ਤੇ ਰਿਸਾਲੇ ਮੰਗਵਾਉਣੇ ਸ਼ੁਰੂ ਕੀਤੇ। ਲਾਇਬ੍ਰੇਰੀ ਦੀ ਆਪ ਹੀ ਦੇਖ ਭਾਲ ਕਰਦਾ। ਲੋਕ ਆਉਂਦੇ, ਲਾਇਬ੍ਰੇਰੀ ਵਿਚ ਬੈਠ ਕੇ ਪੜ੍ਹਦੇ। ਮੇਰੇ ਮਨ ਨੂੰ ਠੰਢ ਪੈਂਦੀ। ਪਿੰਡ ਵਿਚ ਆਪ ਹੀ ਐਕਟ ਕਰਕੇ ਡਰਾਮੇ ਕਰਨ ਦੀ

ਰਵਾਇਤ ਮੇਰੇ ਸੀਨੀਅਰਜ਼ ਵੱਲੋਂ ਸ਼ੁਰੂ ਕੀਤੀ ਗਈ ਸੀ। ਇਹ ਡਰਾਮੇ ਸਾਰਾ ਪਿੰਡ ਹੁੰਮ ਹੁਮਾ ਕੇ ਵੇਖਦਾ। ਮੈਂ ਇਸ ਰੀਤ ਨੂੰ ਆਪਣੇ ਸਾਥੀਆਂ ਨਾਲ ਮਿਲ ਕੇ ਅੱਗੇ ਤੋਰਿਆ। ਫਿਰ ਕੁੱਝ ਸਾਲਾਂ ਬਾਅਦ 'ਗੁਰੂ ਨਾਨਕ ਮਿੱਤਰ-ਮੰਡਲ' ਨਾਂ ਦੀ ਜਥੇਬੰਦੀ ਕਾਇਮ ਕੀਤੀ। ਪਿੰਡ ਸੁਧਾਰ ਦੇ ਕੰਮ ਕਰਨੇ ਸ਼ੁਰੂ ਕੀਤੇ। ਹਫ਼ਤੇ ਦੇ ਹਫ਼ਤੇ ਪਿੰਡ ਦੀਆਂ ਗਲੀਆਂ ਬਾਜ਼ਾਰ ਸਾਫ਼ ਕਰਦੇ। ਇਸ ਵਿਚ ਮੇਰੇ ਸਾਥੀ ਮੇਰੇ ਤੋਂ ਵੱਡੀ ਉਮਰ ਦੇ ਲੋਕ ਵੀ ਹੁੰਦੇ, ਸਰਕਾਰੀ ਮੁਲਾਜ਼ਮ ਵੀ ਹੁੰਦੇ। ਇਹਨੀਂ ਦਿਨੀਂ ਹੀ ਯੁਵਕ ਕੇਂਦਰ ਦੇ ਸਾਥੀਆਂ ਦੇ ਸੰਪਰਕ ਵਿਚ ਆਇਆ। ਅਸੀਂ ਆਸ ਪਾਸ ਦੇ ਪਿੰਡਾਂ ਵਿਚ ਲੱਗਦੇ ਮੇਲਿਆਂ ਜਾਂ ਇਕੱਠਾਂ ਵਿਚ ਸ਼ਹੀਦਾਂ ਦੀਆਂ ਤਸਵੀਰਾਂ ਦੀ ਨੁਮਾਇਸ਼ ਲਾਉਂਦੇ। ਆਪਣੇ ਇਨਕਲਾਬੀ ਇਤਿਹਾਸ ਬਾਰੇ ਲੋਕਾਂ ਨੂੰ ਜਾਣੂ ਕਰਵਾਉਂਦੇ।

ਦੇਸ਼ ਵਿਚ ਨਵੀਂ ਇਨਕਲਾਬੀ ਤਹਿਰੀਕ ਚੱਲੀ ਤਾਂ ਮੈਂ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਦਾ ਹਮਦਰਦ ਬਣ ਗਿਆ। ਇਨਕਲਾਬੀ ਸਾਥੀਆਂ ਨੂੰ ਸਾਂਭਦਾ, ਸੇਵਾ-ਪਾਣੀ ਕਰਦਾ, ਮੀਟਿੰਗਾਂ ਕਰਵਾਉਂਦਾ, ਇਸ਼ਤਿਹਾਰ ਲਵਾਉਂਦਾ, ਹੋਰ ਸਾਥੀਆਂ ਨੂੰ ਨਾਲ ਜੋੜਦਾ। ਪਰ ਛੇਤੀ ਹੀ ਮਹਿਸੂਸ ਹੋਇਆ ਕਿ ਲਹਿਰ ਦੇ ਭੂਮੀਗਤ ਹੋਣ ਨਾਲ ਲੋਕਾਂ ਨਾਲ ਸਿੱਧੇ ਸੰਪਰਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ। ਪਿੰਡ ਦੇ ਜਿਹੜੇ ਲੋਕ ਪਹਿਲਾਂ ਇਕ ਅਗਾਂਵਧੂ ਨੌਜਵਾਨ ਵਜੋਂ ਮੈਨੂੰ ਜਾਣਦੇ-ਪਛਾਣਦੇ ਸਨ; ਮੈਨੂੰ ਪਿਆਰ ਦਿੰਦੇ ਸਨ; ਹੁਣ ਕੁੱਝ ਕੁੱਝ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗੇ। ਮੈਂ ਲਹਿਰ ਤੋਂ ਕਿਨਾਰਾਕਸ਼ੀ ਕਰਨ ਲੱਗਾ ਤਾਂ ਨਾਗੀ ਰੈਡੀ ਗੁਰੱਪ ਵਾਲੇ ਸਾਥੀਆਂ ਨੇ ਜਨਤਕ ਜਥੇਬੰਦੀਆਂ ਬਣਾ ਕੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਆਪਣੇ ਨਾਲ ਤੋਰਨ ਦੀ ਨੀਤੀ ਦਾ ਐਲਾਨ ਕੀਤਾ। ਲੋਕਾਂ ਵਿਚ ਕੰਮ ਕਰਕੇ ਉਹਨਾਂ ਨੂੰ ਨਾਲ ਜੋੜਨ ਦੀ ਨੀਤੀ ਮੇਰੇ ਮਾਫ਼ਕ ਸੀ। ਮੈਂ ਅਧਿਆਪਕ ਯੂਨੀਅਨ ਵਿਚ ਕੰਮ ਕਰਨ ਲੱਗਾ। ਨਾਲ ਦੇ ਨਾਲ 'ਨੌਜਵਾਨ ਭਾਰਤ ਸਭਾ' ਦੇ ਝੰਡੇ ਹੇਠਾਂ ਹੋਣ ਵਾਲੀਆਂ ਸਰਗਰਮੀਆਂ ਨਾਲ ਸਰਗਰਮ ਨਾਤਾ ਜੋੜ ਲਿਆ। ਪਿੰਡ ਵਿਚ 'ਨੌਜਵਾਨ ਭਾਰਤ ਸਭਾ' ਦੀ ਬਰਾਂਚ ਕਾਇਮ ਕੀਤੀ।

ਮੈਂ ਪਿੰਡ ਦੇ ਨੌਜਵਾਨਾਂ ਨਾਲ ਮਿਲ ਕੇ ਸਲਾਹ ਕੀਤੀ ਕਿ ਪਿੰਡ ਦੇ ਲੋਕਾਂ ਨੂੰ ਨਾਲ ਲੈ ਕੇ ਪਿੰਡ ਸੁਧਾਰ ਤੇ ਸਮਾਜ ਸੁਧਾਰ ਦੇ ਕੁੱਝ ਅਜਿਹੇ ਕੰਮ ਕੀਤੇ ਜਾਣ ਜਿਨ੍ਹਾਂ ਸਦਕਾ ਆਮ ਪਿੰਡ ਵਾਸੀ ਸਾਨੂੰ ਆਪਣੀ ਧਿਰ ਸਮਝਣ ਤੇ ਸਾਡੇ ਬਾਰੇ ਉਹਨਾਂ ਦਾ ਸ਼ੱਕ-ਸ਼ੁਭੇ ਵਾਲਾ ਰਵੱਈਆ ਤਬਦੀਲ ਹੋ ਜਾਵੇ। ਮੈਂ ਪਿਛਲੇ ਸਾਲਾਂ ਵਿਚ ਪਿੰਡ ਦੇ ਲੋਕਾਂ ਵਿਚ ਕੰਮ ਕਰਕੇ ਆਪਣੀ ਮਾਤੀ-ਮੋਟੀ ਪੈਂਠ ਬਣਾਈ ਹੋਈ ਸੀ। ਹੁਣ ਵੀ ਅਸੀਂ ਇਹੋ ਜਿਹੇ ਕੰਮ ਕਰ ਰਹੇ ਸਾਂ, ਜਿਸ ਨਾਲ ਲੋਕਾਂ ਦਾ ਸਾਡੇ ਵਿਚ ਵਿਸ਼ਵਾਸ ਵਧ ਰਿਹਾ ਸੀ।

ਉਹਨਾਂ ਦਿਨਾਂ ਵਿਚ ਝੋਨੇ ਦੀ ਫ਼ਸਲ ਵਿਚ ਪਾਉਣ ਲਈ ਖ਼ਾਦ ਮਿਲਣੀ ਮੁਸ਼ਕਲ ਹੋ ਗਈ ਸੀ। ਖ਼ਾਦ ਦੀ ਨਕਲੀ ਥੋੜ ਦਾ ਢਕਵੰਜ ਰਚ ਕੇ ਆੜ੍ਹਤੀਏ ਤੇ ਦੁਕਾਨਦਾਰ ਖ਼ਾਦ ਬਲੈਕ ਵਿਚ ਵੇਚ ਰਹੇ ਸਨ। ਦੋ ਦੋ ਚਾਰ ਬੋਰੀਆਂ ਲੈਣ ਵਾਲੇ ਛੋਟੇ ਕਿਰਸਾਨ ਤਾਂ ਲਿਲ੍ਹਕੜੀਆਂ ਲੈਂਦੇ ਫਿਰਦੇ ਸਨ ਪਰ ਤਕੜੇ ਲੋਕ ਬਲੈਕ ਵਿਚ ਖ਼ਾਦ ਲੈ ਕੇ ਫ਼ਸਲਾਂ ਨੂੰ ਪਾ ਰਹੇ ਸਨ। ਕਾਲੀ ਭਾਅ ਮਾਰਦੇ ਉਹਨਾਂ ਦੇ ਝੋਨੇ ਹੱਸਣ ਲੱਗੇ। ਛੋਟੇ ਕਿਰਸਾਨਾਂ ਦੀ ਫ਼ਸਲ ਉਹਨਾਂ ਦੇ ਚਿਹਰਿਆਂ ਵਾਂਗ ਪੀਲੀ ਪੈ ਗਈ। ਛੋਟੇ ਕਿਰਸਾਨਾਂ ਨਾਲ ਇਹ ਬੇਇਨਸਾਫ਼ੀ ਸੀ। ਸਾਨੂੰ ਪਤਾ ਲੱਗਾ ਕਿ ਆੜ੍ਹਤੀ ਤੇ ਦੁਕਾਨਦਾਰ ਵੱਡੇ ਕਿਰਸਾਨਾਂ ਨੂੰ ਰਾਤ ਬਰਾਤੇ ਬਲੈਕ ਦੀ ਖ਼ਾਦ ਪਹੁੰਚਾਉਂਦੇ ਸਨ। ਅਸੀਂ ਰਾਤ ਨੂੰ ਪਿੰਡ ਦੇ ਰਾਹਵਾਂ 'ਤੇ ਲੁਕਵੇਂ ਨਾਕੇ ਲਾਉਣੇ ਸ਼ੁਰੂ ਕਰ ਦਿੱਤੇ। ਇਕ ਰਾਤ ਪਿੰਡ ਦੀ ਪਹੁੰਚ ਸੜਕ 'ਤੇ ਖ਼ਾਦ ਦਾ ਲੱਦਿਆ ਰੇੜ੍ਹਾ ਅਸੀਂ ਹੱਥ ਦੇ ਕੇ ਰੋਕ ਲਿਆ। ਰੇੜ੍ਹੇ 'ਤੇ ਬੈਠਾ ਆੜ੍ਹਤੀਆ ਸਾਰੀ ਗੱਲ ਸਮਝ ਕੇ ਰੇੜ੍ਹਾ ਛੱਡ ਕੇ ਦੌੜ ਗਿਆ। ਬੰਦਾ ਤਾਂ ਅਸੀਂ ਪਛਾਣ ਲਿਆ ਸੀ। ਰੇੜ੍ਹੇ ਵਾਲੇ ਨੂੰ ਅਸੀਂ ਕਿਹਾ ਕਿ ਉਹ ਬਲੈਕ ਦੀ ਖ਼ਾਦ ਢੋਅ ਕੇ ਗ਼ੈਰ-ਕਾਨੂੰਨੀ ਕੰਮ ਕਰ ਰਿਹਾ ਹੈ। ਉਹ ਤਰਲੇ ਲੈਣ ਲੱਗਾ। ਅਸੀਂ ਉਸਨੂੰ ਕਿਹਾ ਕਿ ਜਿਸ ਥਾਂ ਖ਼ਾਦ ਪਹੁੰਚਾਉਣ ਲਈ ਕਿਹਾ ਗਿਆ ਹੈ, ਉਹ ਓਥੇ ਰੇੜ੍ਹਾ ਲੈ ਚੱਲੇ, ਅਸੀਂ ਉਸਨੂੰ ਕੁੱਝ ਨਹੀਂ ਕਹਿੰਦੇ। ਕੁੱਝ ਨੌਜਵਾਨ ਅਸੀਂ ਉਸ ਨਾਲ ਤੋਰ ਦਿੱਤੇ ਤੇ ਮੈਂ ਪੁਲਿਸ ਵੱਲ ਚਲਾ ਗਿਆ। ਪੁਲਿਸ ਸਾਡਾ ਭੈਅ ਮੰਨਦੀ ਸੀ। ਛੋਟਾ ਥਾਣੇਦਾਰ ਸਾਡੇ ਨਾਲ ਦੋ ਸਿਪਾਹੀ ਲੈ ਕੇ ਤੁਰ ਪਿਆ। ਅਸੀਂ ਉਸ ਹਵੇਲੀ ਵਿਚ ਜਾ ਪੁੱਜੇ ਜਿੱਥੇ ਖ਼ਾਦ ਰਖਵਾਈ ਗਈ ਸੀ। ਖ਼ਾਦ ਵਾਲਾ ਕਿਰਸਾਣ ਆਖੇ,

"ਜੀ; ਸਾਡਾ ਕੀ ਕਸੂਰ! ਅਸੀਂ ਨਾਲੇ ਬਲੈਕ ਵਿਚ ਖ਼ਰੀਦੀਏ ਤੇ ਨਾਲੇ ਗੁਨਾਹਗਾਰ ਅਖਵਾਈਏ। ਹੁਣ ਖ਼ਾਦ ਤਾਂ ਪੌਣੀ ਏ ਨਾ ਜੀ ਫ਼ਸਲ ਨੂੰ। ਸਮੇਂ ਮਾਰ ਤਾਂ ਨਹੀਂ ਨਾ ਕਰਨੀ।" ਅਸੀਂ ਆਖੀਏ, "ਤੁਹਾਡਾ ਕਸੂਰ ਨਾ ਸਹੀ ਪਰ ਜਿਨ੍ਹਾਂ ਨੂੰ ਖ਼ਾਦ ਮਿਲਦੀ ਈ ਨਹੀਂ ਉਹਨਾਂ ਦਾ ਵੀ ਕੀ ਕਸੂਰ? ਜੇ ਇਹ ਕੰਮ ਠੀਕ ਹੁੰਦਾ ਤਾਂ ਖ਼ਾਦ ਲਿਆਉਣ ਵਾਲਾ ਭੱਜਦਾ ਕਿਉਂ?"

ਮੁੱਕਦੀ ਗੱਲ ਅਸੀਂ ਉਹ ਖ਼ਾਦ ਕਬਜ਼ੇ ਵਿਚ ਲੈ ਲਈ ਤੇ ਸਵੇਰੇ ਪੁਲਿਸ ਚੌਕੀ ਦੇ ਕੋਲ ਬੈਠ ਕੇ ਛੋਟੇ ਕਿਰਸਾਣਾਂ ਨੂੰ ਦੋ ਦੋ ਬੋਰੀਆਂ ਖ਼ਾਦ ਲਾਗਤ ਮੁੱਲ 'ਤੇ ਵੇਚੀ। ਕੁੱਝ ਦਿਨਾਂ ਬਾਅਦ ਅਸੀਂ ਖ਼ਾਦ ਦਾ ਭਰਿਆ ਟਰੱਕ ਕਾਬੂ ਕਰ ਲਿਆ। ਪਿੰਡ ਵਿਚ ਢੋਲ ਮਰਵਾ ਦਿੱਤਾ ਕਿ ਜਿਹੜਾ ਜਦੋਂ ਆ ਕੇ ਨਾਂ ਲਿਖਵਾ ਦੇਵੇਗਾ ਉਸਨੂੰ ਉਹਦੇ ਨਾਂ ਦੀ ਤਰਤੀਬ ਅਨੁਸਾਰ ਲਾਗਤ ਮੁੱਲ 'ਤੇ ਖ਼ਾਦ ਮਿਲੇਗੀ। ਨਾਵਾਂ ਦੀ ਤਰਤੀਬ ਅਨੁਸਾਰ ਲੰਮੀ ਲਾਈਨ ਲੱਗ ਗਈ। ਵਾਰੀ 'ਤੇ ਬੰਦਾ ਆਉਂਦਾ ਜਾਵੇ, ਸਾਨੂੰ ਪੈਸੇ ਜਮ੍ਹਾਂ ਕਰਵਾਏ ਤੇ ਦੋ ਦੋ ਬੋਰੀ ਖ਼ਾਦ ਚੁੱਕੀ ਜਾਵੇ। ਛੋਟੇ ਕਿਰਸਾਣਾਂ ਲਈ ਏਨਾ ਹੀ ਬਹੁਤ ਸੀ। ਕੁੱਝ ਨਾ ਮਿਲਣ ਨਾਲੋਂ ਕੁੱਝ ਤਾਂ ਮਿਲ ਰਿਹਾ ਸੀ। ਲੋਕ ਆਖਣ, "ਉਏ ਭਾਊ! ਨਹੀਂ ਰੀਸਾਂ ਤੁਹਾਡੀਆਂ। ਜੇ ਤੁਸੀਂ ਇੰਝ ਹੀ ਲੋਕਾਂ ਲਈ ਕੰਮ ਕਰਨਾ ਏਂ ਤਾਂ ਸਾਡਾ ਨਾਂ ਵੀ ਆਪਣੇ 'ਚ ਲਿਖ ਲੈਂ। ਆਹ ਤਾਂ ਸਵਾਦ ਹੋਇਆ ਨਾ! ਨਾ ਤਕੜੇ ਨੂੰ ਵੱਧ ਨਾ ਮਾੜੇ ਨੂੰ ਘੱਟ। ਸਭ ਨੂੰ ਬਰਾਬਰ। ਤੁਸੀਂ ਤਾਂ ਤੇਰਾਂ ਤੇਰਾਂ ਤੋਲ ਤਾ।"

ਸਾਡੇ ਏਕੇ ਅਤੇ ਵਜ਼ੂਕੇ ਕਰਕੇ ਪੁਲਿਸ ਆੜ੍ਹਤੀਆਂ, ਦੁਕਾਨਦਾਰਾਂ ਤੇ ਧਨੀ ਕਿਰਸਾਣਾਂ ਦੀ ਹਮਾਇਤ ਕਰਨਾ ਚਾਹੁੰਦੀ ਵੀ ਸਾਡਾ ਸਾਥ ਦੇਣ ਲਈ ਮਜਬੂਰ ਸੀ। ਲੋਕਾਂ ਦਾ ਸਮੂਹ ਸਾਡੇ ਹੱਕ ਵਿਚ ਵੇਖ ਕੇ ਉਹਨਾਂ ਦਾ ਕੋਈ ਚਾਰਾ ਨਹੀਂ ਸੀ ਚੱਲਦਾ। ਆੜ੍ਹਤੀਏ ਤੇ ਧਨੀ ਕਿਰਸਾਣ ਵੀ ਸਾਡੇ ਜਾਣੂ ਹੀ ਸਨ। ਅਸੀਂ ਏਨਾ ਕੁ ਰਾਹ ਰੱਖ ਲੈਂਦੇ ਕਿ ਉਹਨਾਂ ਉੱਤੇ ਮੁਕੱਦਮਾ ਦਰਜ ਕਰਨ 'ਤੇ ਬਹੁਤਾ ਜ਼ੋਰ ਨਾ ਦਿੰਦੇ। ਇੰਝ ਪੁਲਿਸ ਦਾ ਵੀ ਉਹਨਾਂ ਅੱਗੇ ਓਹਲਾ ਰਹਿ ਜਾਂਦਾ ਕਿ ਵੇਖੋ! ਅਸੀਂ ਤੁਹਾਡੇ 'ਤੇ ਕੇਸ ਨਹੀਂ ਬਣਾਇਆ। ਅਸੀਂ ਵੇਚੀ ਖ਼ਾਦ ਦੇ ਪੈਸੇ ਪੁਲਿਸ ਦੀ ਹਾਜ਼ਰੀ ਵਿਚ ਮਾਲਕ ਨੂੰ ਦੇ ਕੇ ਦਸਤਖ਼ਤ ਕਰਵਾ ਲੈਂਦੇ। ਪੁਲਿਸ ਦੀ ਗਵਾਹੀ ਨਾਲ ਹੁੰਦੀ। ਆੜ੍ਹਤੀਆ ਜਾਂ ਦੁਕਾਨਦਾਰ ਏਨੇ ਨਾਲ ਹੀ ਸੰਤੁਸ਼ਟ ਹੋ ਜਾਂਦਾ ਕਿ ਉਸ 'ਤੇ ਕੇਸ ਨਹੀਂ ਬਣਿਆ। ਅੰਦਰੋਂ ਸਾਡੇ ਨਾਲ ਨਰਾਜ਼ ਹੋਣ ਦੇ ਬਾਵਜੂਦ ਉਹ ਉੱਤੋਂ ਉੱਤੋਂ ਸਾਡੇ ਧੰਨਵਾਦੀ ਹੀ ਹੁੰਦੇ।

ਲੋਕ ਭਲਾਈ ਦਾ ਇਹ ਪੈਂਤੜਾ ਸਾਡੇ ਕੰਮ ਆ ਰਿਹਾ ਸੀ। ਮੇਰਾ ਆਗੂ ਰੋਲ ਹੋਣ ਕਰਕੇ ਪਿੰਡ ਦੇ ਆਮ ਲੋਕ ਤਾਂ ਬਹੁਤ ਪਿਆਰ ਤੇ ਸਤਿਕਾਰ ਦੇਣ ਲੱਗ ਪਏ ਸਨ। ਪਿੰਡ ਦੇ ਕਹਿੰਦੇ ਕਹਾਉਂਦੇ ਬੰਦੇ, ਅੰਦਰੋਂ ਜੋ ਮਰਜ਼ੀ ਸੋਚਦੇ ਹੋਣ, ਪਰ ਮੂੰਹ ਉੱਤੇ ਮੇਰੀ ਵਡਿਆਈ ਕਰਨੋਂ ਨਾ ਉੱਕਦੇ। ਪਿੰਡ ਵਾਲੇ ਮੇਰਾ ਏਨਾ ਮਾਣ ਕਰਨ ਲੱਗੇ ਕਿ ਕੋਈ ਮੁੱਖ-ਮੰਤਰੀ ਜਾਂ ਮੰਤਰੀ ਸਾਡੇ ਪਿੰਡ ਆਉਂਦਾ ਤਾਂ ਉਸ ਅੱਗੇ ਪਿੰਡ ਦੀਆਂ ਮੰਗਾਂ ਪਿੰਡ ਦਾ ਸਰਪੰਚ ਨਹੀਂ ਸੀ ਰੱਖਦਾ; ਮੰਗਾਂ ਰੱਖਣ ਤੇ ਪਿੰਡ ਦੀ ਮਹੱਤਤਾ ਬਾਰੇ ਬੋਲਣ ਲਈ ਮੈਨੂੰ ਹੀ ਕਿਹਾ ਜਾਂਦਾ। ਪੰਚਾਇਤ ਵੀ ਇਹ ਮਾਣ ਮੈਨੂੰ ਦੇ ਕੇ ਖ਼ੁਸ਼ ਹੁੰਦੀ।

ਆਪਣੀ ਵਧਦੀ ਸਾਖ਼ ਕਾਰਨ ਅਸੀਂ ਥੋੜ੍ਹਾ ਹੋਰ ਉਤਸ਼ਾਹ ਵਿਚ ਆ ਗਏ। ਸੋਚਿਆ; ਕੁੱਝ ਪਿੰਡ ਸੁਧਾਰ ਦੇ ਕੰਮ ਸ਼ੁਰੂ ਕੀਤੇ ਜਾਣ। ਕੰਮ ਸੌਖਾ ਨਹੀਂ ਸੀ। ਦਸਾਂ ਪਿੰਡਾਂ ਜਿੱਡਾ ਤਾਂ ਪਿੰਡ ਸੀ। ਬਾਰਾਂ ਪੱਤੀਆਂ ਵਾਲਾ ਵੱਡਾ ਪਿੰਡ ਹੋਣ ਕਰਕੇ ਵਣ ਵਣ ਦੀ ਲੱਕੜੀ ਨੂੰ ਇਕ ਸੂਤਰ ਵਿਚ ਬੰਨ੍ਹ ਕੇ ਰੱਖਣਾ ਸੌਖਾ ਨਹੀਂ ਸੀ। ਇਕ ਜਣਾ ਜਾਂ ਇਕ ਧਿਰ ਕੋਈ ਗੱਲ ਕਰੇ ਤਾਂ ਵਿਰੋਧੀ ਧਿਰ ਉਸਦੇ ਖ਼ਿਲਾਫ਼ ਪੈਂਤੜਾ ਮੱਲਣ ਨੂੰ ਪਹਿਲਾਂ ਲੰਗੋਟਾ ਕਸੀ ਖੜੋਤੀ ਹੁੰਦੀ। ਵਿਰੋਧ ਕਰਨ ਵਾਲੇ ਕੀਤੀ ਗੱਲ ਦਾ ਮਹੱਤਵ ਨਾ ਸਮਝਦੇ। ਉਹਨਾਂ ਤਾਂ ਬੱਸ ਵਿਰੋਧ ਕਰਨਾ ਹੁੰਦਾ। ਵਿਰੋਧ ਨਿੱਜੀ ਵੀ ਹੁੰਦੇ ਤੇ ਰਾਜਸੀ ਵੀ। ਚੌਧਰੀ ਕਿਸਮ ਦੇ ਲੋਕ ਤਾਂ ਪਹਿਲਾਂ ਹੀ ਸੋਚਦੇ ਸਨ ਕਿ ਅਸੀਂ ਪੰਚਾਇਤ ਤੇ ਪਿੰਡ ਦੇ ਮੁਖੀਆਂ ਦੇ ਉੱਤੋਂ ਵਗਣ ਦੀ ਕੋਸ਼ਿਸ਼ ਕਰ ਰਹੇ ਹਾਂ। ਸਾਡਾ ਰਾਹ ਸੌਖਾ ਨਹੀਂ ਸੀ। ਪਰ ਅਸੀਂ ਉੱਦਮ ਕਰਨਾ ਜ਼ਰੂਰੀ ਸਮਝਿਆ। ਸਾਡੀ ਸਕੀਮ ਨੂੰ ਸਮੂਹਕ ਪ੍ਰਵਾਨਗੀ ਮਿਲ ਸਕੇ, ਇਸ ਮਕਸਦ ਲਈ ਮੈਂ ਤੇ ਮੇਰੇ ਸਾਥੀਆਂ ਨੇ ਪਿੰਡ ਦੇ ਪਤਵੰਤੇ ਸੱਜਣਾਂ ਦੇ ਘਰ ਘਰ ਜਾ ਕੇ ਮਿਲਣਾ ਸ਼ੁਰੂ ਕੀਤਾ। ਮਿਲਣੀਆਂ ਦਾ ਸਿਲਸਿਲਾ ਕਈ ਦਿਨ ਚੱਲਦਾ ਰਿਹਾ। ਕੀਤੇ ਜਾਣ ਵਾਲੇ ਸੁਧਾਰਾਂ ਬਾਰੇ

ਪਤਵੰਤਿਆਂ ਨੂੰ ਜਾਣਕਾਰੀ ਦਿੰਦੇ। ਪਿੰਡ ਦੇ ਤਤਕਾਲੀ ਸਰਪੰਚ, ਪੰਚਾਇਤ ਮੈਂਬਰਾਂ ਤੇ ਰਹਿ ਚੁੱਕੇ ਪਹਿਲੇ ਸਰਪੰਚਾਂ ਤੋਂ ਇਲਾਵਾ ਹੋਰ ਵੀ ਕਹਿੰਦੇ ਕਹਾਉਂਦੇ ਬਜ਼ੁਰਗਾਂ ਤੇ ਵਿਭਿੰਨ ਸਿਆਸੀ ਵਿਚਾਰਾਂ ਵਾਲੇ ਕਾਰਕੁਨਾਂ ਨੂੰ ਮੈਂ ਤੇ ਮੇਰੇ ਸਾਥੀਆਂ ਨੇ ਮਿਲ ਮਿਲ ਕੇ ਆਪਣਾ ਏਜੰਡਾ ਦੱਸਿਆ ਤੇ ਉਹਨਾਂ ਨੂੰ ਸਾਥ ਦੇਣ ਦੀ ਬੇਨਤੀ ਕੀਤੀ। ਅਸੀਂ ਨਹੀਂ ਸਾਂ ਚਾਹੁੰਦੇ ਕਿ ਕੋਈ ਅਜਿਹੀ ਗੱਲ ਕਰੀਏ ਜਿਸ ਨਾਲ ਪਿੰਡ ਦੇ ਕਿਸੇ ਬੰਦੇ ਨੂੰ ਲੱਗੇ ਕਿ 'ਮੱਛਰੀ ਹੋਈ ਮੁੰਡ੍ਹੀਰ ਹਿੱਕ ਦੇ ਧੱਕੇ ਨਾਲ ਮਨਆਈਆਂ ਕਰਨ ਲੱਗੀ ਹੈ।'

ਇਕੱਲੇ ਇਕੱਲੇ ਜਣੇ ਨੂੰ ਕੀਤੀ ਬੇਨਤੀ ਕਾਰਨ ਹਰੇਕ ਬੰਦਾ ਆਪਣੇ ਆਪ ਨੂੰ ਮਹੱਤਵਪੂਰਨ ਸਮਝਦਾ। ਇਸ ਯੋਜਨਾ ਨੂੰ ਠੀਕ ਢੰਗ ਨਾਲ ਸਿਰੇ ਚਾੜ੍ਹਣ ਲਈ ਅਸੀਂ ਸੁਹਿਰਦਤਾ ਨਾਲ ਉਸਦੀ ਸਲਾਹ ਵੀ ਲੈਂਦੇ। ਉਸਦੀ ਸਲਾਹ 'ਤੇ ਅਮਲ ਕਰਨ ਦਾ ਵਚਨ ਵੀ ਦਿੰਦੇ। ਉਸਦੀ ਰਾਇ ਨੂੰ ਮਹੱਤਵ ਦਿੱਤੇ ਜਾਣ ਕਰਕੇ ਉਹ ਅੰਦਰੇ ਅੰਦਰ ਖ਼ੁਸ਼ ਵੀ ਹੁੰਦਾ ਤੇ ਸਾਡਾ ਸਾਥ ਦੇਣ ਦਾ ਵਾਅਦਾ ਵੀ ਕਰਦਾ। ਜਿਨ੍ਹਾਂ ਜਿਨ੍ਹਾਂ ਤੋਂ ਵਿਰੋਧ ਕੀਤੇ ਜਾਣ ਦੀ ਆਸ ਸੀ, ਅਸੀਂ ਉਹਨਾਂ ਨੂੰ ਮਿਲ ਕੇ ਵੀ ਜਦੋਂ ਉਹਨਾਂ ਦੀ ਹਉਂ ਨੂੰ ਤ੍ਰਿਪਤ ਕਰ ਲਿਆ ਤਾਂ ਇਕ ਐਤਵਾਰ ਨੂੰ ਪਿੰਡ ਦੇ ਸਾਰੇ ਉਹਨਾਂ ਮਹੱਤਵਪੂਰਨ ਬੰਦਿਆਂ ਦੀ ਮੀਟਿੰਗ ਪਿੰਡ ਦੇ ਸਕੂਲ ਵਿਚ ਬੁਲਾ ਲਈ। ਪੰਜਾਹ ਤੋਂ ਵੱਧ ਬੰਦੇ ਹੋਣਗੇ। ਮੈਂ ਉੱਠ ਕੇ ਉਹਨਾਂ ਨੂੰ 'ਜੀ ਆਇਆਂ' ਕਿਹਾ। ਉਹਨਾਂ ਦਾ ਪੇਸ਼ਗੀ ਧੰਨਵਾਦ ਕੀਤਾ ਕਿ ਨਿੱਜੀ ਗੱਲਬਾਤ ਵਿਚ ਉਹਨਾਂ ਨੇ ਸੁਧਾਰਾਂ ਦੀ ਯੋਜਨਾ ਦਾ ਸਮਰਥਨ ਦੇਣ ਦਾ ਵਾਅਦਾ ਕੀਤਾ ਹੈ। ਇਹਨਾਂ ਸੁਧਾਰਾਂ ਨਾਲ ਸਾਡਾ ਹੀ ਭਲਾ ਹੋਣਾ ਹੈ। ਸਾਰਿਆਂ ਨੇ ਇਕਮੱਤ ਨਾਲ ਸਾਡੀ ਯੋਜਨਾ ਨੂੰ ਸਿਰੇ ਚਾੜ੍ਹੇ ਜਾਣ ਲਈ ਹਾਮੀ ਭਰੀ। ਹੁਣ ਅਸੀਂ ਇਕ ਇਕ ਮੁੱਦੇ ਨੂੰ ਲੈ ਕੇ ਚਰਚਾ ਕੀਤੀ। ਵਿਆਹ ਉੱਤੇ ਯਾਰਾਂ ਬੰਦਿਆਂ ਤੋਂ ਵੱਧ ਜੰਞ ਨਹੀਂ ਜਾਏਗੀ। ਦਾਜ ਦਾ ਵਿਖਾਲਾ ਨਾ ਪਾਇਆ ਜਾਏ। ਬਜ਼ੁਰਗਾਂ ਦੇ ਮਰਨੇ 'ਤੇ ਫ਼ਜ਼ੂਲ ਦੀਆਂ ਖ਼ਰਚੀਲੀਆਂ ਰਸਮਾਂ ਨਾ ਕੀਤੀਆਂ ਜਾਣ। ਪਿੰਡ ਵਿਚ ਗੰਦੇ ਅਸ਼ਲੀਲ ਰੀਕਾਰਡ ਵੱਜਣ ਦੀ ਮਨਾਹੀ ਹੋਵੇ। ਸ਼ਰਾਬ ਪੀ ਕੇ ਪਿੰਡ ਵਿਚ ਕੋਈ ਲਲਕਾਰਾ ਨਾ ਮਾਰੇ। ਅਸੀਂ ਅਜਿਹੇ ਕਈ ਮਤੇ ਸਰਵਸੰਮਤੀ ਨਾਲ ਪਾਸ ਕੀਤੇ। ਜਿਹੜਾ ਨਿਯਮਾਂ ਦੀ ਉਲੰਘਣਾ ਕਰੇ ਉਹਦੇ ਲਈ ਜੁਰਮਾਨਾ ਵੀ ਰੱਖਿਆ ਗਿਆ।

ਨਿਯਮਾਂ ਦਾ ਠੀਕ ਪਾਲਣ ਹੋ ਰਿਹਾ ਵੇਖਣ ਜਾਨਣ ਲਈ ਨਿਗਰਾਨੀ ਕੌਣ ਕਰੇਗਾ? ਇਹਨਾਂ ਨਿਯਮਾਂ ਨੂੰ ਲਾਗੂ ਕੌਣ ਕਰੇਗਾ? ਸਾਰੇ ਇਕੱਠ ਨੇ ਇਹ ਜ਼ਿੰਮੇਵਾਰੀ ਸਾਨੂੰ ਸੌਂਪ ਦਿਤੀ। ਉਹਨਾਂ ਅਨੁਸਾਰ ਕਿਸੇ ਹੋਰ ਕੋਲੋਂ ਇਹ ਕੰਮ ਨੇਪਰੇ ਨਹੀਂ ਚੜ੍ਹਨ ਲੱਗਾ। ਅਸੀਂ 'ਸਾਂਝੇ' ਬੰਦੇ ਸਭ ਨੂੰ ਮਨਜ਼ੂਰ ਸਾਂ। ਇਹ ਕਿਹਾ ਗਿਆ ਕਿ ਜਿਹੜਾ ਬੰਦਾ ਵੀ ਪਿੰਡ ਵਿਚ ਕਿਤੇ ਨਿਯਮ ਦੀ ਉਲੰਘਣਾ ਹੁੰਦੀ ਵੇਖੇ ਉਹ 'ਵਰਿਆਮ ਸਿੰਘ ਨੂੰ ਸੂਚਿਤ ਕਰ ਦੇਵੇ।' ਸਭ ਦੇ ਰਜਿਸਟਰ ਉੱਤੇ ਦਸਤਖ਼ਤ ਕਰਵਾ ਲਏ ਗਏ।

ਅਸੀਂ ਖ਼ੁਸ਼ ਸਾਂ ਕਿ ਬੜੀ ਖ਼ੁਸ਼-ਅਸਲੂਬੀ ਨਾਲ ਸਾਰੀ ਸਕੀਮ ਸਿਰੇ ਚੜ੍ਹ ਗਈ ਸੀ। ਅਸੀਂ ਇਹ ਵੀ ਜਾਣਦੇ ਸਾਂ ਕਿ ਕਿਸੇ ਦਬਾਅ ਨਾਲ ਲੋਕਾਂ ਨੂੰ ਆਪਣੇ ਅਨੁਸਾਰੀ ਨਹੀਂ ਬਣਾਇਆ ਜਾ ਸਕਦਾ। ਜੁਰਮਾਨੇ ਕਰਨੇ ਜਾਂ ਜੁਰਮਾਨੇ ਉਗਰਾਹੁਣਾ ਸਾਡਾ ਮਕਸਦ ਹੀ ਨਹੀਂ ਸੀ। ਅਸੀਂ ਪਿਆਰ, ਸਮਝੌਤੀ ਤੇ ਆਪਸੀ ਭਰੱਪੀ ਮਾਣ ਨਾਲ ਹੀ ਨਿਯਮਾਂ ਨੂੰ ਲਾਗੂ ਕਰਨਾ ਚਾਹੁੰਦੇ ਸਾਂ। ਅਸੀਂ ਲੋਕਾਂ ਨੂੰ ਇਹ ਪ੍ਰਭਾਵ ਬਿਲਕੁਲ ਨਹੀਂ ਸਾਂ ਦੇਣਾ ਚਾਹੁੰਦੇ ਕਿ ਬਲਪੂਰਵਕ ਉਹਨਾਂ ਤੋਂ ਕੋਈ ਗੱਲ ਮਨਵਾਈ ਜਾ ਰਹੀ ਹੈ। ਅਸੀਂ ਤਾਂ ਇਹ ਅਹਿਸਾਸ ਦਿਵਾਈ ਰੱਖਣਾ ਚਾਹੁੰਦੇ ਸਾਂ ਕਿ ਨਿਯਮਾਂ ਦਾ ਪਾਲਣ ਸਭ ਦੇ ਆਪਣੇ ਹਿਤ ਵਿਚ ਹੈ। ਉਹਨਾਂ ਨੇ ਕਿਸੇ ਦੇ ਆਖਣ 'ਤੇ ਨਹੀਂ ਸਗੋਂ ਆਪਣੇ ਮਨ ਦੇ ਆਖਣ 'ਤੇ ਹੀ ਇਹਨਾਂ ਨਿਯਮਾਂ ਦੀ ਪਾਲਣਾ ਕਰਨੀ ਹੈ।

ਹੋਏ ਫ਼ੈਸਲਿਆਂ ਦੀ ਸੂਚਨਾ ਦਿੰਦਾ ਢੋਲ ਪਿੰਡ ਵਿਚ ਮਰਵਾ ਦਿੱਤਾ। ਸਾਡੀ ਖ਼ੁਸ਼ੀ ਦੀ ਹੱਦ ਨਾ ਰਹੀ ਜਦੋਂ ਲੋਕਾਂ ਨੇ ਸਵੈ-ਬੰਧੇਜ ਦੇ ਤੌਰ 'ਤੇ ਨਿਯਮਾਂ ਨੂੰ ਮੰਨਣਾ ਤੇ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਕਿਸੇ ਦੀ ਸ਼ਿਕਾਇਤ ਕਰਨ ਦੀ ਥਾਂ ਲੋਕ ਆਪ ਆ ਕੇ ਇਹ ਦੱਸਣ ਤੇ ਆਖਣ ਲੱਗੇ ਕਿ ਉਹਨਾਂ ਦੇ ਪਰਿਵਾਰ ਵਿਚ ਫ਼ਲਾਂ ਸਮਾਗ਼ਮ ਹੋ ਰਿਹਾ ਹੈ; ਮੈਂ ਜਾਂ ਮੇਰਾ ਕੋਈ ਸਾਥੀ ਬੇਸ਼ੱਕ ਜਾ ਕੇ ਵੇਖ ਲਵੇ ਕਿ ਨਿਯਮ ਠੀਕ ਤਰ੍ਹਾਂ ਲਾਗੂ ਹੋ ਰਿਹਾ ਹੈ ਜਾਂ ਨਹੀਂ। ਕਈ ਵਾਰ ਸਮਾਗਮ ਹੋ ਜਾਣ ਤੋਂ ਬਾਅਦ ਵੀ ਕੋਈ ਜਣਾ ਆ ਕੇ ਦੱਸਦਾ ਕਿ ਉਹਨਾਂ ਨੇ ਨਿਯਮਾਂ ਅਨੁਸਾਰ ਸਾਰਥ ਸਿਰੇ ਚਾੜ੍ਹਿਆ ਹੈ। ਸਾਡੀ ਇਹ ਕੋਈ ਮੰਗ ਨਹੀਂ ਸੀ ਕਿ ਅਗਲਾ

ਸਾਨੂੰ ਆਪਣੇ ਘਰ ਵਿਚ ਹੋਣ ਵਾਲੇ ਸਮਾਗਮ ਤੋਂ ਪਹਿਲਾਂ ਜਾਂ ਪਿੱਛੋਂ ਆ ਕੇ ਕੋਈ ਸੂਚਨਾ ਦੇਵੇ। ਇਹ ਤਾਂ ਉਹਨਾਂ ਦੀ ਆਪਣੀ ਖ਼ੁਸ਼ੀ ਸੀ। ਇਹਨਾਂ ਸੁਧਾਰਕ ਨਿਯਮਾਂ ਮੁਤਾਬਕ ਵਿਚਰਨਾ ਉਹਨਾਂ ਨੂੰ ਚੰਗਾ ਚੰਗਾ ਲੱਗਣ ਲੱਗਾ ਸੀ। ਇਹ ਉਹਨਾਂ ਦੇ ਸਾਂਝੇ ਭਲੇ ਦੀ ਗੱਲ ਸੀ।

ਇਕ ਸ਼ਾਮ ਨੂੰ ਸਾਡਾ ਬਜ਼ੁਰਗ ਮਾਸਟਰ ਮੁਲਖ਼ ਰਾਜ ਮੇਰੇ ਘਰ ਆ ਗਿਆ। ਉਹ ਕੁੱਝ ਘਬਰਾਇਆ ਹੋਇਆ ਸੀ।

ਜਿਸ ਦਿਨ ਮੇਰਾ ਪਿਤਾ ਮੈਨੂੰ ਪਹਿਲੇ ਦਿਨ ਸਕੂਲ ਦਾਖ਼ਲ ਕਰਵਾਉਣ ਗਿਆ ਸੀ ਤਾਂ ਮਾਸਟਰ ਮੁਲਖ ਰਾਜ ਨੇ ਮੇਰੀ ਪਿੱਠ 'ਤੇ ਥਾਪੀ ਦਿੰਦਿਆਂ ਕਿਹਾ ਸੀ, "ਪੁੱਤਰਾ ਡਰਦਾ ਕਿਉਂ ਏਂ? ਮੈਂ ਤੇਰਾ ਦਾਦਾ ਆਂ। ਤੇਰਾ ਪਿਉ ਵੀ ਏਹਨਾਂ ਤੱਪੜਾਂ 'ਤੇ ਬਹਿ ਕੇ ਮੇਰੇ ਕੋਲੋਂ ਪੜ੍ਹਦਾ ਰਿਹੈ।"

ਗੱਲ ਠੀਕ ਸੀ; ਆਪਣੇ ਸੇਵਾ-ਕਾਲ ਦੇ ਪਹਿਲੇ ਦਿਨਾਂ ਵਿਚ ਉਹਨੇ ਮੇਰੇ ਪਿਤਾ ਨੂੰ ਵੀ ਪੜ੍ਹਾਇਆ ਸੀ। ਹੁਣ ਮੈਂ ਉਹਦਾ ਵਿਦਿਆਰਥੀ ਸਾਂ। ਤੇ ਦਿਲਚਸਪ ਗੱਲ ਇਹ ਸੀ ਕਿ ਜਦੋਂ ਮੈਂ ਜੇ ਬੀ ਟੀ ਕਰਕੇ ਪੂਹਲਾ ਭਾਈ ਤਾਰੂ ਸਿੰਘ ਵਿਚ ਪ੍ਰਾਇਮਰੀ ਅਧਿਆਪਕ ਜਾ ਲੱਗਾ ਤਾਂ ਮੁਲਖ ਰਾਜ ਉਦੋਂ ਸਿੰਘਪੁਰੇ ਦੇ ਸਕੂਲ ਵਿਚ ਮਾਸਟਰ ਸੀ। ਪੂਹਲਿਆਂ ਨੂੰ ਸਿੰਘਪੁਰੇ ਵਿਚੋਂ ਲੰਘ ਕੇ ਜਾਈਦਾ ਸੀ। ਸਾਡੇ ਘਰ ਵੀ ਨੇੜੇ ਨੇੜੇ ਹੋਣ ਕਰਕੇ ਮੈਂ ਤੇ ਮੇਰਾ ਦਾਦਾ ਗੁਰੂ ਇਕੱਠੇ ਹੀ ਸਕੂਲਾਂ ਨੂੰ ਤੁਰਦੇ। ਉਹ ਸਿੰਘਪੁਰੇ ਰੁਕ ਜਾਂਦਾ ਤੇ ਮੈਂ ਅਗਲੇ ਪਿੰਡ ਤੁਰ ਜਾਂਦਾ ਆਪਣੇ ਸਕੂਲੇ। 'ਸੈਂਟਰ ਮੀਟਿੰਗਾਂ' 'ਤੇ ਵੀ ਅਸੀਂ ਇਕੱਠੇ ਜਾਂਦੇ। ਉਸ ਕੋਲ ਸਕੂਲ ਵਿਚ ਤਿੰਨਾਂ ਪਿੰਡਾਂ ਦੀ ਡਾਕ ਵੀ ਆਉਂਦੀ ਸੀ। ਉਹ ਪੂਹਲੇ ਡਾਕ ਵੰਡਣ ਆਉਂਦਾ ਤਾਂ ਸਕੂਲ ਵਿਚ ਮੇਰੇ ਕੋਲ ਆ ਜਾਂਦਾ। ਚਿੱਠੀਆਂ ਤਾਂ ਮੇਰੇ ਸਕੂਲ ਦੇ ਮੁੰਡਿਆਂ ਨੂੰ ਦੇ ਦਿੰਦਾ ਪਰ ਜਿਸ ਘਰ ਮਨੀਆਰਡਰ ਆਇਆ ਹੁੰਦਾ, ਉਹਨਾਂ ਘਰ ਜਾਣ ਲਈ ਮੈਨੂੰ ਨਾਲ ਤੋਰ ਲੈਂਦਾ। ਉਹ ਪੂਹਲਿਆਂ ਦੀਆਂ ਮੁਟਿਆਰ ਕੁੜੀਆਂ ਵੱਲ ਇਸ਼ਾਰਾ ਕਰਕੇ ਗੱਲੀਂ ਬਾਤੀਂ ਮੈਨੂੰ ਵੀ ਛੇੜਦਾ ਰਹਿੰਦਾ ਤੇ ਮੈਂ ਵੀ ਕੁੜੀਆਂ ਦੀਆਂ ਮਾਵਾਂ ਦਾ ਨਾਂ ਲੈ ਕੇ ਉਸ ਨਾਲ ਹਾਸਾ-ਠੱਠਾ ਕਰ ਲੈਂਦਾ। ਇੰਝ ਅਸੀਂ, ਉਹਦੇ ਰਿਟਾਇਰ ਹੋਣ ਤੋਂ ਪਹਿਲਾਂ, ਕੁੱਝ ਸਮਾਂ ਸਹਿਕਰਮੀ, ਸਨੇਹੀ ਤੇ ਸੱਜਣਾਂ ਵਾਂਗ ਵੀ ਵਿਚਰਦੇ ਰਹੇ।

ਮਾਸਟਰ ਮੁਲਖ ਰਾਜ ਕਹਿੰਦਾ, "ਸਰਦਾਰ ਵਰਿਆਮ ਸਿਆਂ! ਬੜੀ ਮੁਸ਼ਕਲ 'ਚ ਫਸ ਗਏ ਆਂ ਯਾਰ! ਪੁੱਤ ਮੁੜ ਕੇ ਜੂ ਤੇਰੇ ਕੋਲ ਗੱਲ ਆਉਣੀ ਏਂ। ਤੂੰ ਹੁਣੇ ਈ ਕੋਈ ਹੱਲ ਕੱਢ ਖਾਂ ਯਾਰ!"

'ਸਰਦਾਰ' , 'ਪੁੱਤ' , ਤੇ 'ਯਾਰ' ਦੇ ਸੰਬੋਧਨ ਤੋਂ ਮੈਨੂੰ ਹਾਸਾ ਆ ਗਿਆ। ਮੈਂ ਉਸਦੇ ਗੋਡਿਆਂ ਨੂੰ ਘੁੱਟ ਲਿਆ।

"ਗੁਰੂ ਜੀ ਗੱਲ ਤਾਂ ਦੱਸੋ।"

ਗੱਲ ਇਹ ਸੀ ਕਿ ਸਵੇਰੇ ਉਸਦੇ ਪਿਛਲੀ ਉਮਰੇ ਹੋਏ ਸਭ ਤੋਂ ਛੋਟੇ 'ਪੇਟ-ਘਰੋੜੀ' ਦੇ ਮੁੰਡੇ ਦੀ ਜੰਞ ਜਾਣੀ ਸੀ। ਜੰਞ ਦੇ ਯਾਰਾਂ ਦੀ ਥਾਂ ਬਾਰਾਂ ਬੰਦੇ ਬਣਦੇ ਸਨ। ਹੁਣ ਇਹ ਤਾਂ ਯਾਦ ਨਹੀਂ ਕਿ ਰਿਸ਼ਤਾ ਕਿਹੜਾ ਸੀ ਪਰ ਗੱਲ ਕੁੱਝ ਇੰਝ ਸੀ ਕਿ ਤਿੰਨ ਜਣੇ ਜੰਞ ਵਿਚ ਜਾਣ ਵਾਲੇ ਬਰਾਬਰ ਦੇ ਰਿਸ਼ਤੇ ਵਾਲੇ ਸਨ। ਜਾਂ ਤਾਂ ਤਿੰਨੇ ਜੰਞੇ ਜਾਣ ਜਾਂ ਕੋਈ ਵੀ ਨਾ ਜਾਵੇ। ਰਿਸ਼ਤਾ ਮਹੱਤਵਪੂਰਨ ਸੀ। ਛੱਡਿਆਂ ਵੀ ਗੁਜ਼ਾਰਾ ਨਹੀਂ ਸੀ। ਸਾਰਿਆਂ ਨੂੰ ਲਿਜਾਂਦੇ ਸਨ ਤਾਂ ਨਿਯਮ ਟੁੱਟਦਾ ਸੀ। ਜੇ ਉਹਨਾਂ ਵਿਚੋਂ ਇਕ ਨੂੰ ਵਾਧੂ ਸਮਝ ਕੇ ਛੱਡਦੇ ਸਨ; ਰਿਸ਼ਤਾ ਟੁੱਟਦਾ ਸੀ। ਅਗਲੇ ਆਖਣਾ ਸੀ, "ਫਿਰ ਮੈਂ ਹੀ ਮਾੜਾ ਹੋ ਗਿਆ ਨਾ!"

ਮੁਲਖ ਰਾਜ ਅਸੂਲੀ ਬੰਦਾ ਸੀ। ਉਹ ਦੋਵੇਂ ਪਾਸੇ ਰੱਖਣੇ ਚਾਹੁੰਦਾ ਸੀ। ਪਿੰਡ ਦੇ ਬਣੇ ਅਸੂਲ ਵੀ ਨਿਭਾਉਣਾ ਚਾਹੁੰਦਾ ਸੀ ਤੇ ਰਿਸ਼ਤੇਦਾਰੀ ਵੀ। ਮੇਰੇ ਹਿਸਾਬ ਨਾਲ ਮੁਲਖ ਰਾਜ ਦਾ ਮੇਰੇ ਕੋਲ 'ਸਮੱਸਿਆ' ਲੈ ਕੇ ਆਉਣਾ ਹੀ ਦੱਸਦਾ ਸੀ ਕਿ ਉਹ ਕਿੰਨੀ ਸੁਹਿਰਦਤਾ ਤੇ ਈਮਾਨਦਾਰੀ ਨਾਲ ਨਿਯਮਾਂ ਦਾ ਪਾਲਣ ਕਰਨ ਲਈ ਪਾਬੰਦ ਸੀ। ਮੈਂ ਕਲੱਕੜ ਨਹੀਂ ਸਾਂ। ਹੱਸ ਕੇ ਕਿਹਾ, "ਗੁਰੂ ਜੀ ਹੱਲ ਤਾਂ ਸੌਖਾ ਈ ਏ। ਜਦੋਂ ਜੰਞ ਚੜ੍ਹਨ ਲੱਗੇ ਤਾਂ ਬੰਦੇ ਯਾਰਾਂ ਹੀ ਹੋਣ। ਕਿਸੇ ਓਪਰੇ ਵੇਖਣ ਵਾਲੇ ਨੂੰ ਲੱਗੇ ਕਿ ਜੰਞ ਦੀ ਗਿਣਤੀ ਹਿਸਾਬ ਅਨੁਸਾਰ ਹੀ ਹੈ। ਪਰ ਕਿਸੇ ਆਪਣੇ ਇਕ ਅਸਲੋਂ ਨੇੜਲੇ ਬੰਦੇ ਨੂੰ ਕੁੱਝ ਚਿਰ ਪਹਿਲਾਂ ਪਿੰਡੋਂ ਬਾਹਰ ਜਾ ਕੇ

ਓਹਲੇ ਜਿਹੇ ਖਲੋਣ ਲਈ ਆਖ ਛੱਡੋ। ਉਹਨੂੰ ਓਥੋਂ ਕਾਰ ਵਿਚ ਬਿਠਾ ਲਿਓ। ਮਸਲਾ ਹੱਲ ਹੋ ਗਿਆ।''

ਉਹ ਫਿੱਕਾ ਜਿਹਾ ਹੱਸਿਆ, ''ਸੋਚਿਆ ਤਾਂ ਅਸੀਂ ਵੀ ਕੁੱਝ ਇੰਝ ਹੀ ਸੀ, ਪਰ ਤੇਰੇ ਨਾਲ ਧੋਖਾ ਕਰਨਾ ਚੰਗਾ ਨਹੀਂ ਸੀ ਲੱਗਦਾ।''

ਮੈਂ ਆਦਰ ਨਾਲ ਝੁਕ ਕੇ ਉਹਦੇ ਪੈਰਾਂ ਨੂੰ ਆਪਣੇ ਹੱਥਾਂ ਵਿਚ ਘੁੱਟ ਲਿਆ।

ਇਹ ਨਹੀਂ ਸੀ ਕਿ ਕਦੀ ਕੋਈ ਮੁਸ਼ਕਲ ਹੀ ਨਹੀਂ ਸੀ ਆਉਂਦੀ, ਪਰ ਅਸੀਂ ਮੁਹੱਬਤ ਪਿਆਰ ਨਾਲ ਹੀ ਗੱਲ ਨਜਿੱਠ ਲੈਂਦੇ। ਸਾਨੂੰ ਪਤਾ ਸੀ ਕਿ ਸਾਡੇ ਕੋਲ ਆਪਣੀ ਗੱਲ ਮਨਾਉਣ ਲਈ ਕੇਵਲ ਭਾਈਚਾਰਕ ਦਬਾਅ ਤੋਂ ਇਲਾਵਾ ਹੋਰ ਕੋਈ ਤਰੀਕਾ ਨਹੀਂ। ਸਾਡੇ ਕੋਲ ਕਿਹੜੀ ਕੋਈ ਕਾਨੂੰਨੀ ਸ਼ਕਤੀ ਸੀ। ਜਾਣਦੇ ਸਾਂ ਕਿ ਨਿਯਮ ਤੋੜਨ ਵਾਲੇ ਦਾ 'ਪਿੱਟ-ਸਿਆਪਾ' ਕੀਤਿਆਂ, ਉਹਨੂੰ ਧੌਂਸ ਦੇਣ ਕਾਰਨ ਜਾਂ ਕਿਸੇ ਖ਼ਿਲਾਫ਼ ਦਬਾਅ ਵਾਲੀ ਕਾਰਵਾਈ ਕਰਨ ਨਾਲ ਨਿਯਮ ਤੋੜਨ ਦੀ ਰਵਾਇਤ ਸ਼ੁਰੂ ਹੋ ਜਾਣੀ ਹੈ। ਇਕ ਵਾਰ ਰਾਹ ਪੈ ਗਿਆ ਤਾਂ ਤਾਸ਼ ਦੇ ਪੱਤੇ ਖਿੰਡਰ ਜਾਣੇ ਸਨ। ਮੈਂ ਗਰਮ ਸਾਥੀਆਂ ਨੂੰ ਕਹਿੰਦਾ ਕਿ ਡੰਗ ਮਾਰਨਾ ਤਾਂ ਕਿਤੇ ਰਿਹਾ, ਸਾਨੂੰ ਫੁੰਕਾਰਾ ਮਾਰਨ ਤੋਂ ਵੀ ਬਿਨਾਂ ਹੀ ਸਾਰਨਾ ਚਾਹੀਦਾ ਹੈ।

ਪਰ ਕਦੀ ਕਦੀ ਮਜਬੂਰੀ ਵੱਸ ਫੁੰਕਾਰਾ ਵੀ ਮਾਰਨਾ ਪੈਂਦਾ ਸੀ।

ਸਾਡਾ ਘਰ ਪਿੰਡ ਦੇ ਮੇਨ ਬਾਜ਼ਾਰ ਦੇ ਚੌਰਸਤੇ ਵਿਚ ਸੀ। ਬਜ਼ਾਰ ਵਿਚ ਸਾਡਾ ਜੱਟਾਂ ਦਾ ਘਰ ਇੱਕੋ ਸੀ। ਬਾਕੀ ਘਰ ਬਾਹਮਣਾਂ-ਖੱਤਰੀਆਂ ਦੇ ਸਨ। ਬਹੁਤੇ ਘਰ ਤਿੰਨ ਮੰਜ਼ਿਲੇ ਉੱਚੇ ਚੁਬਾਰਿਆਂ ਵਾਲੇ ਸਨ। ਸਰਵਣ ਰਾਮ ਦਾ ਛੋਟਾ ਮੁੰਡਾ ਵਾਸਦੇਵ ਉਰਫ਼ 'ਵਾਸ਼ਾ' ਬੜਾ ਉਲੱਥ ਸੀ। ਬਦਮਾਸ਼ੀ ਵਿਚ ਵੀ ਪੈਰ ਰੱਖਣ ਲੱਗਾ ਸੀ। ਉਹ ਸ਼ਰਾਬ ਪੀ ਕੇ ਬੜੀਆਂ ਅਜੀਬੋ-ਗ਼ਰੀਬ ਤੇ ਖ਼ਤਰਨਾਕ ਹਰਕਤਾਂ ਕਰਦਾ। ਤਿੰਨ ਮੰਜ਼ਿਲੇ ਚੁਬਾਰੇ ਦੇ ਬਨੇਰਿਆਂ ਦੇ ਬਾਹਰਵਾਰ ਬਣੀ ਛੇ ਕੁ ਇੰਚ ਵੱਟੀ ਉੱਤੇ ਹੱਥ ਛੱਡ ਕੇ ਤੁਰਨ ਲੱਗਦਾ। ਏਨੇ ਕੁ ਥਾਂ 'ਤੇ ਪੈਰ ਰੱਖ ਕੇ ਤੁਰਨਾ ਬੜਾ ਔਖਾ ਸੀ। ਪੈਰ ਤਿਲਕ ਸਕਦਾ ਸੀ, ਤਵਾਜ਼ਨ ਡੋਲ ਸਕਦਾ ਸੀ, ਜਰਜਰੇ ਹੋ ਚੁੱਕੇ ਪੁਰਾਣੇ ਮਕਾਨ ਦੀ ਪੈਰਾਂ ਹੇਠਲੀ ਬੰਨੀ ਦੀ ਕੋਈ ਇੱਟ ਉੱਖੜ ਸਕਦੀ ਸੀ। ਤੇ ਨਤੀਜਾ ਨਿਕਲਣਾ ਸੀ ਵਾਸ਼ੇ ਦਾ ਤੀਜੀ ਮੰਜ਼ਿਲ ਤੋਂ ਬਜ਼ਾਰ ਵਿਚ ਚੌਫ਼ਾਲ ਆ ਡਿੱਗਣਾ। 'ਸ਼ੋਅਲੇ' ਦੇ ਧਰਮਿੰਦਰ ਨੂੰ ਟੈਂਕੀ ਤੋਂ ਛਾਲ ਮਾਰਨੋਂ ਰੋਕਣ ਵਾਂਗ ਹੇਠਾਂ ਖਲੋਤੇ ਬੰਦੇ ਬਜ਼ਾਰ 'ਚੋਂ ਜਾਂ ਆਂਢ-ਗਵਾਂਢ ਦੇ ਕੋਠਿਆਂ ਤੋਂ ਆਵਾਜ਼ਾਂ ਦਿੰਦੇ, ''ਉਏ ਵਾਸ਼ਿਆ! ਕੰਜਰਾ ਪੈਰ ਤਿਲਕ ਗਿਆ ਤਾਂ ਤੇਰੀ ਹੱਡੀ ਪੱਸਲੀ ਇਕ ਵੀ ਸਬੂਤੀ ਨਹੀਂ ਬਚਣੀ। ਬੰਦਾ ਬਣਕੇ ਛੱਤ 'ਤੇ ਚੜ੍ਹ ਜਾਹ। ਕਿਉਂ ਮਰਨ-ਮਿੱਟੀ ਚੁੱਕੀ ਆ ਤੂੰ।''

ਪਰ ਵਾਸ਼ਾ ਕਿਸੇ ਦੀ ਨਾ ਸੁਣਦਾ। ਮੁਹਾਰਤੀ ਬਾਜ਼ੀਗਰ ਵਾਂਗ ਉੱਚੇ ਮਕਾਨ ਦੀ ਕੰਧ ਦੇ ਬਾਹਰ ਬਾਹਰ ਵੱਟੀ 'ਤੇ ਤੁਰਦਾ। ਪਹਿਲਾਂ ਤਾਂ ਬੰਨੀ ਜਿਹੀ 'ਤੇ ਤੁਰਨ ਦਾ ਕਰਤੱਵ ਕਰਦਾ ਤੇ ਫਿਰ ਬੰਨੀ ਨੂੰ ਹੱਥ ਪਾ ਕੇ ਚੁਬਾਰੇ ਦੀ ਬਾਰੀ ਵਿਚ ਪੈਰ ਅੜਾਉਂਦਾ। ਹੇਠਾਂ ਹੁੰਦਾ ਤੇ ਬਾਰੀ ਨੂੰ ਫੜ ਕੇ ਹੇਠਲੇ ਚੁਬਾਰੇ ਦੀ ਬੰਨੀ 'ਤੇ ਪੈਰ ਰੱਖ ਕੇ ਤੁਰਨ ਲੱਗਦਾ। ਫਿਰ ਉਸਤੋਂ ਹੇਠਾਂ। ਪਹਿਲੀ ਮੰਜ਼ਿਲ 'ਤੇ ਬਣੀ ਬੰਨੀ ਤੇ ਖਲੋ ਕੇ, ਟੇਢਾ ਹੋ ਕੇ ਦੁਕਾਨਾਂ ਅੱਗੇ ਛਾਂ ਕਰਨ ਲਈ ਬਜ਼ਾਰ ਦੇ ਉਰਾਰ ਪਾਰ ਪਤਲੇ ਵਾਂਸਾਂ 'ਤੇ ਪਾਏ ਤਰਪਾਲ ਵਿਚੋਂ ਕਿਸੇ ਵਾਂਸ ਨੂੰ ਟੋਹਦਾ ਤੇ ਪਤਲੇ ਵਾਂਸ 'ਤੇ ਮਦਾਰੀਆਂ ਵਾਂਗ ਤੁਰਦਾ ਬਜ਼ਾਰ ਤੋਂ ਪਾਰ ਕਿਸੇ ਦੂਜੇ ਘਰ ਦੀ ਛੱਤ 'ਤੇ ਜਾ ਚੜ੍ਹਦਾ। ਫਿਰ ਕੋਠੇ ਦੇ ਬਨੇਰਿਆਂ ਨੂੰ ਹੱਥ ਪਾਕੇ ਹੇਠਾਂ ਪੈਰ ਲਮਕਾ ਲੈਂਦਾ ਤੇ ਬਜ਼ਾਰ ਵਿਚ ਛਾਲ ਮਾਰ ਦਿੰਦਾ। ਮੁੜ ਆਪਣੇ ਚੁਬਾਰੇ 'ਤੇ ਜਾ ਚੜ੍ਹਦਾ ਤੇ ਪਹਿਲੀ ਕਵਾਇਦ ਦੁਹਰਾਉਣ ਲੱਗਦਾ। ਉਹਦੇ ਟੱਪਣ, ਛਾਲ ਮਾਰਨ ਦੀ ਫੁਰਤੀ ਬਾਂਦਰਾਂ ਵਰਗੀ ਸੀ। ਮੌਤ ਤੋਂ ਜਿਵੇਂ ਉਸਨੂੰ ਡਰ ਹੀ ਨਹੀਂ ਸੀ ਲੱਗਦਾ। ਹੌਲੀ ਹੌਲੀ ਉਸਦਾ 'ਕਰਤਵ' ਵੇਖ ਕੇ ਡਰਨ ਵਾਲੇ ਬੰਦਿਆਂ ਦਾ ਭੈਅ ਵੀ ਲਹਿ ਗਿਆ। ਉਸ ਵੱਲ ਉਹ ਵੇਖਦੇ ਜ਼ਰੂਰ ਪਰ ਉਹਨੂੰ ਇਸਤਰ੍ਹਾਂ ਕਰਨੋਂ ਵਰਜਦਾ ਕੋਈ ਨਾ। ਸ਼ਰਾਬੀ ਹੋਇਆ ਉਹ ਚਾਂਗਰਾਂ ਤੇ ਲਲਕਾਰੇ ਵੀ ਮਾਰਦਾ। ਪਰ ਉਹਦੀ ਕਿਸੇ ਨਾਲ ਲਾਗ-ਡਾਟ ਨਹੀਂ ਸੀ। ਇਸ ਲਈ ਉਹਦੇ ਲਲਕਾਰੇ ਸੁਣਕੇ ਲੋਕ ਹੱਸ ਛੱਡਦੇ। ਕਹਿੰਦੇ ਕੁੱਝ ਨਾ।

ਜਦੋਂ ਸ਼ਰਾਬ ਪੀ ਕੇ ਲਲਕਾਰੇ ਮਾਰਨ 'ਤੇ ਰੋਕ ਲੱਗੀ ਤਾਂ ਮੈਂ ਸੋਚਿਆ ਕਿ ਵਾਸ਼ੇ ਦਾ ਕੀ ਕਰਾਂਗੇ? ਮੈਂ ਉਸਨੂੰ ਸੱਦ ਕੇ ਕਿਹਾ, ''ਵਾਸ਼ਿਆ! ਹੁਣ ਬੀਬਾ ਵੀਰ ਬਣਕੇ ਸਾਡੀ ਇੱਜ਼ਤ ਰੱਖੀ। ਤੂੰ ਮੇਰਾ

ਗਵਾਂਢੀ ਵੀ ਆਂ ਤੇ ਛੋਟਾ ਵੀਰ ਵੀ। ਮੇਰਾ ਮਾਣ ਰੱਖੀਂ।''

ਵਾਸ਼ੇ ਨੇ ਮਿੰਨ੍ਹਾ ਮਿੰਨ੍ਹਾ ਹੱਸਦਿਆਂ ਮੇਰੇ ਗੋਡਿਆਂ ਨੂੰ ਹੱਥ ਲਾਇਆ, ''ਪਰ ਭਾ ਜੀ! ਘਰ ਬਹਿ ਕੇ ਤਾਂ ਪੀ ਸਕਦਾਂ ਨਾ?''

''ਘਰ ਬਹਿ ਕੇ ਜਿਵੇਂ ਮਰਜ਼ੀ ਕਰੀਂ। ਪਰ ਚਾਂਗਰਾਂ ਨਾ ਮਾਰੀਂ ਬਜ਼ਾਰ ਵਿਚ।''

ਵਾਸ਼ੇ ਨੇ ਵਚਨ ਦਿੱਤਾ ਤੇ ਕਈ ਮਹੀਨੇ ਨਿਭਾਇਆ ਵੀ। ਕਈ ਸ਼ਰਾਰਤੀ ਲੋਕ ਸਾਡੇ ਖ਼ਿਲਾਫ਼ ਵੀ ਬੋਲਦੇ; ਉਹਨੂੰ ਛੇੜਦੇ ਵੀ, ਵੰਗਾਰਦੇ ਵੀ, ''ਬੱਸ ਹੋ ਗਿਆਂ ਗੁੱਗਲ? ਨਿਕਲ ਗਈ ਫੂਕ? ਕਿੱਥੇ ਗਈਆਂ ਤੇਰੀਆਂ ਬੜ੍ਹਕਾਂ? ਇੰਝ ਇਹ ਅਗਲੇ ਦੀ ਸੰਘੀ ਨੱਪਣ ਲੱਗੇ ਤਾਂ ਪਿੰਡ 'ਚ ਬੋਲਣ ਵਾਲਾ ਕੌਣ ਰਹਿ ਜੂ? ਤੂੰ ਤੇ ਵਾਸ਼ਿਆ ਗਿੱਲ ਈ ਗਵਾ 'ਤੀ! ਏਨਾ ਵੀ ਡਰ ਕੀ ਆਖ? ਅੱਗੇ ਕਿਤੇ ਬੰਦੇ ਖਾਂਦੇ ਪੀਂਦੇ ਨਹੀਂ ਆਏ ਕਿ ਲਲਕਾਰੇ ਨਹੀਂ ਮਾਰਦੇ ਰਹੇ? ਘੁੱਟ ਪੀ ਕੇ ਜੇ ਕੋਈ ਆਪਣਾ ਰਾਂਝਾ ਰਾਜੀ ਕਰਨ ਲਈ ਬੁਲਬੁਲੀ ਮਾਰ ਵੀ ਲਵੇ ਤਾਂ ਕਿਸੇ ਦੇ ਕੀ ਢਿੱਡ ਪੀੜ ਹੁੰਦੀ ਏ?''

ਲੋਕਾਂ ਦੀ ਚੁੱਕਣਾ ਦਾ ਅਸਰ ਸੀ ਜਾਂ ਬਾਹਰਲੇ ਦਬਾਓ ਨਾਲ ਉਸ ਅੰਦਰ ਗੈਸ ਹੀ ਏਨੀ ਇਕੱਠੀ ਹੋ ਗਈ ਕਿ ਇਕ ਸ਼ਾਮ ਉਹਦੇ ਅੰਦਰਲਾ 'ਗਿੱਦੜ ਰੱਜ ਕੇ ਹਵਾਂਕਣ ਲੱਗਾ।' ਮੈਂ ਉਸ ਦਿਨ ਆਪਣੀ ਪਤਨੀ ਨਾਲ ਆਪਣੇ ਸਹੁਰੇ ਪਿੰਡ ਝਬਾਲ ਗਿਆ ਹੋਇਆ ਸਾਂ। ਵਾਸਦੇਵ ਨੇ ਰਾਤੀਂ ਸ਼ਰਾਬ ਪੀ ਕੇ ਸਭਾ ਦਾ ਨਾਂ ਲੈ ਕੇ ਚਾਂਗਰਾਂ ਮਾਰੀਆਂ ਸਨ। ਕਹਿ ਰਿਹਾ ਸੀ ਕਿ 'ਉਸਨੂੰ ਕੋਈ ਮਾਈ ਦਾ ਲਾਲ ਲਲਕਾਰੇ ਮਾਰਨੋਂ ਰੋਕ ਨਹੀਂ ਸਕਦਾ। ਕੋਈ ਹੁੰਦਾ ਕੌਣ ਹੈ ਉਹਦੀ ਖ਼ੁਸ਼ੀ ਵਿਚ ਖ਼ਲਲ ਪਾਉਣ ਵਾਲਾ? ਕਿਸੇ 'ਚ ਹਿੰਮਤ ਹੈ ਤਾਂ ਉਹਨੂੰ ਰੋਕ ਕੇ ਵਿਖਾਵੇ! ਚਾਰ ਜਣੇ ਰਲ ਕੇ ਪਿੰਡ 'ਤੇ ਹਕੂਮਤ ਕਰੀ ਜਾਣ! ਅਸੀਂ ਨਹੀਂ ਕਿਸੇ ਦਾ ਹੁਕਮ ਮੰਨਦੇ ਉਏ! ਆ ਜੇ ਜਿਹੜਾ ਸੂਰਮਾ ਆਉਂਦਾ ਏ ਮੈਦਾਨ ਵਿਚ।'

ਗੱਜਦਾ ਹੋਇਆ ਵਾਸ਼ਾ ਨਾਲ ਨਾਲ ਗੰਦੀਆਂ ਗਾਲ੍ਹਾਂ ਦੀ ਵਾਛੜ ਵੀ ਕਰੀ ਜਾ ਰਿਹਾ ਸੀ।

ਉਹਦਾ ਘਰ ਮੇਰੇ ਘਰ ਦੇ ਗਵਾਂਢ ਵਿਚ ਹੀ ਤਾਂ ਸੀ। ਜ਼ਾਹਿਰ ਸੀ ਕਿ ਸਾਰਾ ਕੁੱਝ ਮੈਨੂੰ ਸੁਣਾ ਕੇ ਹੀ ਕਿਹਾ ਜਾ ਰਿਹਾ ਸੀ। ਉਹਦੇ ਘਰਦਿਆਂ ਵੀ, ਹੋਰ ਵੀ ਇਕ ਦੋ ਸਿਆਣੇ ਬਜ਼ੁਰਗਾਂ ਨੇ ਵਰਜਿਆ ਪਰ ਉਹ ਕਿਸੇ ਦੀ ਕਾਹਨੂੰ ਸੁਣਦਾ ਸੀ! ਤਮਾਸ਼ਬੀਨ ਸਭ ਕੁੱਝ ਵੇਖ-ਸੁਣ ਕੇ ਹੱਸ ਰਹੇ ਸਨ।

ਅਗਲੇ ਦਿਨ ਸਭਾ ਦੇ ਕੁੱਝ ਮੁੰਡੇ ਮੇਰੇ ਕੋਲ ਝਬਾਲ ਆ ਪਹੁੰਚੇ। ਸਾਰੀ ਖ਼ਬਰ ਦਿੱਤੀ ਤੇ ਕਿਹਾ ਕਿ ਜੇ ਅਸੀਂ ਕੋਈ ਕਦਮ ਨਾ ਚੁੱਕਿਆ ਤਾਂ ਆਪਣੀ ਹੋਂਦ ਤੇ ਮਾਣ ਤਾਂ ਮਿੱਟੀ ਵਿਚ ਮਿਲੇਗਾ ਹੀ, ਨਾਲ ਦੇ ਨਾਲ ਏਨੇ ਉੱਦਮ ਨਾਲ ਜਾਰੀ ਕੀਤੇ ਸੁਧਾਰਾਂ ਦੇ ਸਿਲਸਿਲੇ ਨੂੰ ਵੀ ਬਰੇਕ ਲੱਗ ਜਾਏਗੀ। ਪਿੰਡ ਦੇ ਕਈ ਚੌਧਰੀ ਅੰਦਰੇ ਅੰਦਰ ਸਾਡੀ 'ਸਰਦਾਰੀ' ਨਾਲ ਖ਼ਾਰ ਵੀ ਖਾਂਦੇ ਸਨ ਤੇ ਚਾਹੁੰਦੇ ਸਨ ਕਿ ਕੋਈ ਨਾ ਕੋਈ ਅਜਿਹੀ ਘਟਨਾ ਵਾਪਰੇ ਜਿਸ ਨਾਲ ਬੱਝੀ ਗੰਢ ਖੁੱਲ੍ਹ ਜਾਏ। ਮੈਂ ਤੇ ਮੇਰੇ ਸਾਥੀ ਗੰਢ ਖੁਲ੍ਹਣ ਨਹੀਂ ਸਾਂ ਦੇਣਾ ਚਾਹੁੰਦੇ, ਪਰ ਵਾਸ਼ੇ ਨੇ ਤਾਂ ਹੁਣ ਖੁੱਲ੍ਹ-ਮ-ਖੁੱਲ੍ਹਾ ਚੈਲੰਜ ਕਰ ਦਿੱਤਾ ਸੀ। ਪਿੰਡ ਦੇ ਭਰੇ ਬਾਜ਼ਾਰ ਵਿਚ ਉਸਨੇ ਸਾਨੂੰ ਵੰਗਾਰਿਆ, ਲਲਕਾਰਿਆ ਤੇ ਗਾਲ੍ਹਾਂ ਦਿੱਤੀਆਂ ਸਨ। ਸਾਰਾ ਪਿੰਡ ਸੌਦਾ-ਸੂਤ ਲੈਣ ਬਾਜ਼ਾਰ ਵਿਚ ਆਉਂਦਾ ਸੀ। ਗੱਲ ਕੇਵਲ ਬਜ਼ਾਰ ਵਿਚ ਜਾਂ ਮੇਰੇ ਤੇ ਵਾਸ਼ੇ ਦੇ ਘਰਾਂ ਤਕ ਸੀਮਤ ਨਹੀਂ ਸੀ ਰਹਿ ਗਈ। ਗੱਲ ਸਾਰੇ ਪਿੰਡ ਵਿਚ ਫ਼ੈਲ ਗਈ ਸੀ। ਖ਼ਾਮੋਸ਼ ਬੈਠਾ ਪਿੰਡ ਇਹ ਜਾਨਣਾ ਤੇ ਵੇਖਣਾ ਚਾਹੁੰਦਾ ਸੀ ਕਿ ਕੀ ਅਸੀਂ ਹਥਿਆਰ ਸੁੱਟ ਦਿੱਤੇ ਹਨ ਜਾਂ ਅਜੇ ਵੀ ਆਪਣੇ ਵਿਚਾਰਾਂ ਦੀ ਲੜਾਈ ਲੜਨ ਵਿਚ ਸਾਡਾ ਕੋਈ ਭਰੋਸਾ ਹੈ।

ਸਾਥੀਆਂ ਨਾਲ ਮੈਂ ਪਿੰਡ ਆ ਗਿਆ। ਆਪਸੀ ਇਕੱਠ ਕਰਕੇ ਅਸੀਂ ਮਸਲਾ ਵਿਚਾਰਿਆ ਤੇ ਸ਼ਾਮ ਨੂੰ ਵਾਸਦੇਵ ਦਾ ਦਰਵਾਜ਼ਾ ਜਾ ਖੜਕਾਇਆ। ਖੁੜਕ ਤਾਂ ਉਸਨੂੰ ਪਹਿਲਾਂ ਹੀ ਗਈ ਸੀ ਪਰ ਆਪਣੇ ਬੂਹੇ ਅੱਗੇ ਵੀਹ-ਪੰਝੀ ਬੰਦਿਆਂ ਦਾ ਇਕੱਠ ਵੇਖ ਕੇ ਉਹ ਛਾਬਲ ਜਿਹਾ ਗਿਆ।

''ਕਕ...ਕ...ਕੀ ਗੱਲ ਆ? ਕਿਉਂ? ਕੀ ਹੋਇਆ? ਕਿਵੇਂ ਆਉਣੇ ਹੋਏ ਭਾ ਜੀ।''

ਮੈਂ ਉਸਦੇ ਗੁੱਟ ਨੂੰ ਹੱਥ ਪਾਇਆ, ''ਆ ਜਾ ਮੇਰਾ ਬੀਬਾ ਵੀਰ, ਜ਼ਰਾ ਬਾਹਰ ਆ। ਸਾਰਾ ਕੁੱਝ ਦੱਸ ਦੇਂਦੇ ਆਂ।''

ਉਹਦੇ ਦਰਵਾਜ਼ੇ ਤੋਂ ਮਸਾਂ ਦਸ ਕਦਮਾਂ ਦੀ ਵਿੱਥ 'ਤੇ ਬਜ਼ਾਰ ਦਾ ਉਹ ਚੌਕ ਸੀ ਜਿੱਥੇ ਰਾਤੀ ਉਸਨੇ ਆਪਣਾ 'ਜਲਵਾ' ਵਿਖਾਇਆ ਸੀ। ਸਾਡੇ ਇਕੱਠ ਨੂੰ ਵੇਖ ਕੇ ਵੱਡੀ ਗਿਣਤੀ ਵਿਚ ਲੋਕ ਬਜ਼ਾਰ ਵਿਚ ਇਕੱਠੇ ਹੋ ਗਏ ਸਨ। ਲਾਭ ਚੰਦ ਦੀ ਦੁਕਾਨ ਦੇ ਉੱਚੇ ਥੜ੍ਹੇ 'ਤੇ 'ਲੋਕ-ਅਦਾਲਤ' ਲੱਗ ਗਈ।

"ਤੂੰ ਰਾਤੀਂ ਪਿੰਡ ਦੇ ਬਣਾਏ ਨੇਮਾਂ ਨੂੰ ਤੋੜਦਿਆਂ ਸ਼ਰਾਬ ਪੀ ਕੇ ਬਜ਼ਾਰ ਵਿਚ ਲਲਕਾਰੇ ਮਾਰੇ। ਏਨੇ 'ਤੇ ਬੱਸ ਨਹੀਂ। ਤੂੰ ਸਾਨੂੰ ਵੀ ਗਾਲ੍ਹਾਂ ਕੱਢੀਆਂ। ਨਿਰਾ ਨੇਮ ਤੋੜਦਾ ਤਾਂ ਹੋਰ ਗੱਲ ਸੀ ਪਰ ਤੂੰ ਤਾਂ ਸਾਨੂੰ ਵੀ ਵੰਗਾਰਦਾ, ਲਲਕਾਰਦਾ ਤੇ ਗਾਲ੍ਹਾਂ ਦਿੰਦਾ ਰਿਹਾ। ਜੇ ਮਰਦ ਦਾ ਬੱਚਾ ਏਂ ਤਾਂ ਇਕ ਵਾਰ ਹੁਣ ਚਾਂਗਰ ਮਾਰ ਕੇ ਵਿਖਾ, ਗਾਲ੍ਹ ਭਾਵੇਂ ਨਾ ਹੀ ਕੱਢ। ਜੇ ਕੱਢਣੀ ਏਂ ਤਾਂ ਉਹ ਵੀ ਕੱਢ ਕੇ ਵੇਖ ਲਾ। ਫੇਰ ਵੇਖ ਕੀ ਭਾਅ ਤੁੱਲਦੀ ਆ?" ਮੈਂ ਉਹਦੇ ਗੁੱਟ ਨੂੰ ਹਲੂਣਾ ਦਿੱਤਾ।

ਨਾਲ ਹੀ ਮੇਰੇ ਸਾਥੀ ਵੱਖ ਵੱਖ ਆਵਾਜ਼ਾਂ ਵਿਚ ਬੋਲ ਉੱਠੇ, "ਤੂੰ ਸਾਨੂੰ ਸਮਝਿਆ ਕੀ ਏ ਉਏ?", "ਭਾ ਜੀ ਇਹਦੀ ਭੁਗਤ ਸਵਾਰੋ, ਗੱਲਾਂ ਬਾਤਾਂ 'ਚ ਨਾ ਪਓ ਇਹਦੇ ਨਾਲ", "ਜਿਹੜੇ ਇਹਦੇ ਪਿੱਛੇ ਨੇ ਆ ਜਾਣ ਅੱਜ ਉਹ ਵੀ ਸਾਹਮਣੇ, ਲੁਕ ਕੇ ਤਮਾਸ਼ਾ ਵੇਖਿਆਂ ਗੱਲ ਨਹੀਂ ਬਣਨੀ", "ਲੱਤਾਂ ਦੇ ਭੂਤ ਵੀ ਕਦੀ ਗੱਲਾਂ ਨਾਲ ਮੰਨੇ ਨੇ।"

ਵਾਸ਼ਾ ਭੀੜ ਦਾ ਰਵੱਈਆ ਵੇਖ ਕੇ ਸਹਿਮ ਗਿਆ। ਡੌਰ ਭੌਰ ਜਿਹਾ ਹੋ ਕੇ ਭੀੜ ਦੇ ਚਿਹਰਿਆਂ ਵੱਲ ਵੇਖੀ ਜਾਵੇ।

"ਬੋਲ! ਗੂੰਗਾ ਕਿਉਂ ਹੋ ਗਿਐਂ?" ਮੈਂ ਹਲੂਣਿਆਂ।

ਉਹ ਮੇਰੇ ਗੋਡਿਆਂ ਵੱਲ ਝੁਕਿਆ, "ਭਾ ਜੀ! ਗਲਤੀ ਹੋ ਗਈ ਸ਼ਰਾਬੀ ਹੋਏ ਤੋਂ। ਭੁੱਲ ਕਰ ਬੈਠਾਂ। ਮਾਫ਼ ਕਰ ਦਿਓ ਮੈਨੂੰ। ਅੱਗੇ ਤੋਂ ਕੰਨ 'ਚ ਪਾਇਆ ਰੜਕ ਗਿਆ ਤਾਂ ਆਖਿਓ। ਮੈਂ ਤੁਹਾਡਾ ਛੋਟਾ ਵੀਰ।"

ਮੈਂ ਉਸਨੂੰ ਗੋਡਿਆਂ ਨੂੰ ਹੱਥ ਲਾਉਣੋਂ ਰੋਕ ਲਿਆ, "ਪਿੰਡ ਵੱਲੋਂ ਸਰਬਸੰਤੀ ਨਾਲ ਕੀਤੇ ਫ਼ੈਸਲੇ ਨੂੰ ਠੁਕਰਾ ਕੇ ਤੂੰ ਸਾਨੂੰ ਨਹੀਂ ਸਾਰੇ ਪਿੰਡ ਨੂੰ ਬੇਇਜ਼ਤ ਕੀਤਾ ਹੈ ਤੇ ਗਾਲ੍ਹਾਂ ਸਾਨੂੰ ਨਹੀਂ ਸਾਰੇ ਪਿੰਡ ਨੂੰ ਕੱਢੀਆਂ ਨੇ। ਇਸ ਥੜ੍ਹੇ 'ਤੇ ਖਲੋ ਜਾ ਤੇ ਸਾਰੀ ਸੰਗਤ ਵੱਲ ਮੂੰਹ ਕਰਕੇ ਆਪਣੀ ਭੁੱਲ ਦੀ ਮਾਫ਼ੀ ਮੰਗ ਤੇ ਅੱਗੇ ਤੋਂ ਅਜਿਹਾ ਨਾ ਕਰਨ ਦੀ ਸਹੁੰ ਖਾਹ।"

ਏਨੇ ਵਿਚ ਸੌ ਦੇ ਲਗਪਗ ਬੰਦਾ ਬਜ਼ਾਰ ਵਿਚ ਇਕੱਠਾ ਹੋ ਗਿਆ ਸੀ। ਵਾਸ਼ਾ ਭੁੜਕ ਕੇ ਥੜ੍ਹੇ 'ਤੇ ਚੜ੍ਹ ਗਿਆ। ਭੀੜ ਵੱਲ ਹੱਥ ਜੋੜ ਕੇ ਕਹਿੰਦਾ, "ਪਿੰਡਾ! ਮੇਰੇ ਤੋਂ ਬੜੀ ਬੱਜਰ ਭੁੱਲ ਹੋ ਗੀ ਰਾਤੀਂ। ਮਾਫ਼ ਕਰ ਦਿਓ ਪਿੰਡਾ! ਮੈਨੂੰ ਮਾਫ਼ ਕਰ ਦਿਓ। ਆਹ ਤੁਹਾਡੇ ਅੱਗੇ ਦੋਵੇਂ ਹੱਥ ਬੰਨ੍ਹੇ। ਮਾਫ਼ ਕਰ ਦਿਓ, ਮਾਫ਼ ਕਰ ਦਿਓ, ਮਾਫ਼ ਕਰ ਦਿਓ।" ਉਹ ਦੋਵੇਂ ਹੱਥ ਜੋੜੀ ਚਾਰ ਚੁਫੇਰੇ ਖਲੋਤੀ ਭੀੜ ਵੱਲ ਸਾਰੇ ਪਾਸੇ ਮੂੰਹ ਭੁਆ ਕੇ ਮਾਫ਼ੀ ਮੰਗਣ ਲੱਗਾ। ਸਾਰੇ ਉਸ ਵੱਲ ਵੇਖੀ ਜਾ ਰਹੇ ਸਨ। ਮਾਫ਼ੀ ਮੰਗ ਕੇ ਉਹ ਸਾਡਾ ਤੇ ਲੋਕਾਂ ਦਾ ਪ੍ਰਤੀਕਰਮ ਉਡੀਕਣ ਲੱਗਾ। ਸਾਰੇ ਖ਼ਾਮੋਸ਼ ਸਨ। ਉਹਨੂੰ ਲੱਗਾ ਜਿਵੇਂ ਉਸਤੋਂ ਪੂਰੀ ਆਜਜ਼ੀ ਨਾਲ ਭੁੱਲ ਨਹੀਂ ਬਖ਼ਸ਼ਾਈ ਜਾ ਸਕੀ। ਫੇਰ ਹੱਥ ਜੋੜ ਕੇ ਉਹਨੇ ਵੱਖਰੇ ਅੰਦਾਜ਼ ਵਿਚ ਆਪਣਾ ਆਪ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ, "ਪਿੰਡਾ! ਮੈਨੂੰ ਦੂਹਰੀ ਮਾਫ਼ੀ ਦੇ ਦਿਓ।"

'ਦੂਹਰੀ ਮਾਫ਼ੀ' ਦੇ ਸ਼ਬਦ ਸੁਣਕੇ ਮੇਰਾ ਹਾਸਾ ਨਿਕਲ ਗਿਆ। ਮੇਰੇ ਨਾਲ ਹੋਰ ਵੀ ਬਹੁਤ ਸਾਰੇ ਲੋਕ ਹੱਸ ਪਏ। ਵਾਸ਼ੇ ਨੇ ਛੁਟਕਾਰਾ ਹੋ ਗਿਆ ਸਮਝਿਆ। ਮੈਂ ਹੱਸਦਿਆਂ ਕਿਹਾ, "ਕੰਨਾਂ ਨੂੰ ਹੱਥ ਲਾ ਕੇ ਕਹਿ ਕਿ ਅੱਗੇ ਤੋਂ ਬੰਦਾ ਬਣਕੇ ਰਹੂੰ ਤੇ ਏਦਾਂ ਦੀ ਗਲਤੀ ਨਹੀਂ ਕਰੂੰਗਾ।"

ਉਹਨੇ ਤੋਤੇ ਵਾਂਗ ਏਹੋ ਮੁਹਾਰਨੀ ਦੁਹਰਾ ਦਿੱਤੀ। ਮੇਰੇ ਹਿਸਾਬ ਨਾਲ ਫ਼ੈਸਲਾ ਹੋ ਗਿਆ ਸੀ। ਮਾਰੇ ਨਾਲੋਂ ਭਜਾਇਆ ਚੰਗਾ। ਹੋਰ ਅਸੀਂ ਕੀ ਲੈਣਾ ਸੀ। ਮਸਲਾ ਨਜਿੱਠਿਆ ਗਿਆ ਸੀ। ਜੇ ਭਲਾ ਵਾਸ਼ਾ ਵੇਹਰ ਜਾਂਦਾ ਤਾਂ ਪਤਾ ਨਹੀਂ ਗੱਲ ਨੇ ਕਿਹੜਾ ਮੋੜ ਅਖ਼ਤਿਆਰ ਕਰਨਾ ਸੀ! ਭਲਾ ਹੋਇਆ ਅਸੀਂ ਉਸ ਮੋੜ ਤੋਂ ਉਰ੍ਹਾਂ ਹੀ ਪਰਤ ਆਏ ਸਾਂ। ਪਰ ਮੇਰੇ ਸਾਥੀਆਂ ਨੂੰ ਠੰਡ ਨਹੀਂ ਸੀ ਪਈ ਏਨੇ ਨਾਲ। ਆਖਣ ਲੱਗੇ,

"ਇਹਨੇ ਇਕੱਲੇ ਏਸ ਚੌਂਕ ਵਿਚ ਈ ਗਾਲ੍ਹਾਂ ਨਹੀਂ ਸੀ ਕੱਢੀਆਂ। ਸਾਰੇ ਬਜ਼ਾਰ ਵਿਚ ਖ਼ੌਰੂ ਪਾਉਂਦਾ ਰਿਹਾ ਸੀ। ਏਨੇ ਨਾਲ ਨਹੀਂ ਸਰਨਾ। ਸਾਰੇ ਬਜ਼ਾਰ ਵਿਚ ਸਾਰੇ ਮੋੜਾਂ 'ਤੇ ਖਲੋ ਕੇ ਮਾਫ਼ੀ ਮੰਗੇ ਤਾਕਿ ਸਾਰੇ ਲੋਕਾਂ ਨੂੰ ਪਤਾ ਤਾਂ ਲੱਗੇ।"

ਸਾਥੀਆਂ ਦੀ ਮੰਨਣਾ ਮੇਰੀ ਤਾਂ ਮਜਬੂਰੀ ਸੀ ਪਰ ਵਾਸ਼ਾ ਮੇਰੇ ਤੋਂ ਵੀ ਪਹਿਲਾਂ ਮੰਨ ਗਿਆ, "ਭਰਾਓ! ਜਦੋਂ ਮਾਫ਼ੀ ਮੰਗ ਈ ਲਈ ਤਾਂ ਫਿਰ ਐਥੇ ਕੀ ਤੇ ਔਥੇ ਕੀ?"

ਤੇ ਉਸਨੇ ਬਜ਼ਾਰ ਵਿਚ ਵੱਖ ਵੱਖ ਪੰਜ ਥਾਵਾਂ 'ਤੇ ਖਲੋ ਕੇ ਮਾਫ਼ੀ ਮੰਗ ਲਈ।

ਮੈਦਾਨ ਫ਼ਤਹਿ ਹੋ ਗਿਆ ਸੀ। ਚੁੱਪ ਵਿਰੋਧ ਕਰਨ ਵਾਲਿਆਂ ਨੂੰ ਵੀ ਕੁੱਝ ਚਿਰ ਲਈ ਠੰਡ ਪੈ ਗਈ। ਸਾਡਾ ਪਹਿਲਾਂ ਨਾਲੋਂ ਵੀ ਵਜ਼ੂਕਾ ਬਣ ਗਿਆ। ਹੁਣ ਤਾਂ ਸਗੋਂ ਇਹ ਵੀ ਹੋਣ ਲੱਗਾ ਕਿ ਕਿਸੇ ਨੂੰ ਕੋਈ ਹੋਰ ਮੁਸ਼ਕਿਲ ਵੀ ਆ ਬਣਦੀ ਸੀ ਤਾਂ ਉਹ ਪੰਚਾਇਤ ਵੱਲ ਜਾਣ ਦੀ ਥਾਂ ਸਾਡੇ ਵੱਲ ਆਉਂਦਾ।

ਇਕ ਦਿਨ ਸਾਂਡੇ ਖੇਤਾਂ ਵਿਚਲਾ ਗਵਾਂਢੀ ਸਾਧਾ ਸਿੰਘ ਅਕਾਲੀ ਮੈਨੂੰ ਕਹਿੰਦਾ, "ਵਰਿਆਮ ਸਿਹਾਂ! ਯਾਰ ਤੇਰੀ ਲੋਕ ਸੁਣਦੇ ਵੀ ਆ, ਮੰਨਦੇ ਵੀ ਆ। ਆਹ ਆਪਣੀ ਪੱਤੀ ਦੀ ਸ਼ਾਮਲਾਟ ਵਾਲਾ ਵੀ ਕੰਡਾ ਕਢਵਾ ਦੇ।"

ਸਾਡੀ ਪੱਤੀ ਦੀ ਸਾਂਝੇ ਥਾਂ ਛੱਡੀ ਹੋਈ ਜ਼ਮੀਨ ਤੀਹ ਏਕੜ ਦੇ ਲਗਪਗ ਸੀ। ਇਹਦੇ ਵਿਚੋਂ ਸਿਰਫ਼ ਚਾਰ-ਪੰਜ ਏਕੜ ਹੀ 'ਸਾਫ਼' ਸੀ ਤੇ ਹਰ ਸਾਲ ਪੱਤੀ ਵੱਲੋਂ ਠੇਕੇ 'ਤੇ ਦਿੱਤੀ ਜਾਂਦੀ ਸੀ। ਬਾਕੀ ਜ਼ਮੀਨ ਚਾਰ-ਚਾਰ, ਪੰਜ-ਪੰਜ ਏਕੜ ਦੇ ਜਾਂ ਕੁੱਝ ਵੱਧ ਘੱਟ ਟੋਟਿਆਂ ਵਿਚ ਕਈ ਥਾਵਾਂ ਵਿਚ ਵੰਡੀ ਹੋਈ ਸੀ। ਕੁੱਝ ਜ਼ਮੀਨ 'ਤੇ ਤਾਂ ਨਾਲ ਲੱਗਦੀ ਪੱਤੀ ਵਾਲਿਆਂ ਕਬਜ਼ਾ ਕੀਤਾ ਹੋਇਆ ਸੀ ਤੇ ਕੁੱਝ ਜ਼ਮੀਨ ਪੱਤੀ ਦੇ ਰਸੂਖ ਵਾਲੇ ਚੌਧਰੀਆਂ ਨੇ ਮੱਲੀ ਹੋਈ ਸੀ। ਉਹਨਾਂ ਨੇ ਕਈ ਸਾਲਾਂ ਤੋਂ ਜ਼ਮੀਨ ਦੀਆਂ ਗਰਦੌਰੀਆਂ ਵੀ ਆਪਣੇ ਨਾਂ ਕਰਵਾਈਆਂ ਹੋਈਆਂ ਸਨ। ਪੱਤੀ ਵਾਲੇ ਆਮ ਲੋਕ ਉਹਨਾਂ ਦੀ ਇਸ ਵਧੀਕੀ ਤੋਂ ਨਾਖ਼ੁਸ਼ ਤਾਂ ਸਨ ਪਰ ਉਹਨਾਂ ਨੂੰ ਜ਼ਮੀਨ ਛੱਡਣ ਲਈ ਆਖਣ ਦੀ ਹਿੰਮਤ ਕਿਸੇ ਵਿਚ ਨਹੀਂ ਸੀ।

ਮੈਂ ਸਾਧਾ ਸਿੰਘ ਦੀ ਸਲਾਹ 'ਤੇ ਵਿਚਾਰ ਕੀਤਾ ਅਤੇ ਪੱਤੀ ਦੇ ਲੋਕਾਂ ਨਾਲ ਵੱਖਰੇ ਵੱਖਰੇ ਮਿਲ ਕੇ ਕਈ ਦਿਨ ਵਿਚਾਰ ਵਟਾਂਦਰਾ ਕਰਦਾ ਰਿਹਾ। ਉਹ ਕਹਿਣ, "ਜੇ ਤੂੰ ਅੱਗੇ ਲੱਗੇਂ ਤਾਂ ਅਸੀਂ ਤੇਰੇ ਨਾਲ ਆਂ।"

ਹੌਂਸਲਾ ਕਰ ਕੇ ਮੈਂ ਜ਼ਮੀਨ 'ਤੇ ਕਾਬਜ਼ ਬੰਦਿਆਂ ਨੂੰ ਮਿਲ ਕੇ ਆਖਿਆ, "ਪੱਤੀ ਵਾਲੇ ਚਾਹੁੰਦੇ ਨੇ ਕਿ ਸਾਂਝੀ ਜ਼ਮੀਨ 'ਤੇ ਜਿਨ੍ਹਾਂ ਨੇ ਕਬਜ਼ਾ ਕੀਤਾ ਹੋਇਐ, ਮੈਂ ਉਹਨਾਂ ਨੂੰ ਜ਼ਮੀਨ ਛੱਡਣ ਦੀ ਬੇਨਤੀ ਕਰਾਂ। ਤੁਹਾਨੂੰ ਕਿਸੇ ਚੀਜ਼ ਦੀ ਘਾਟ ਤਾਂ ਹੈ ਨਹੀਂ। ਭਾਈਚਾਰੇ ਦਾ ਮਾਣ ਰੱਖੋ। ਆਪਾਂ ਇਸ ਜ਼ਮੀਨ ਤੋਂ ਹੁੰਦੀ ਸਾਂਝੀ ਖੱਟੀ ਨਾਲ ਪੱਤੀ ਦਾ ਕਈ ਕੁੱਝ ਸੰਵਾਰ ਸਕਦੇ ਹਾਂ।"

ਅਗਲਾ ਬੜਾ ਪੁੱਠਾ-ਸਿੱਧਾ ਹੁੰਦਾ। ਕਹਿੰਦਾ, 'ਪੱਤੀ ਵਾਲੇ ਹੁੰਦੇ ਕੌਣ ਨੇ ਪੁੱਛਣ ਵਾਲੇ? ਪੁੱਛਣ ਵਾਲਾ ਉਹਦੇ ਸਾਹਮਣੇ ਆ ਕੇ ਪੁੱਛਣ ਦੀ ਹਿੰਮਤ ਕਰੇ। ਇਹ ਜ਼ਮੀਨ ਤਾਂ ਨਿਰੀ ਕੱਲਰ ਬੰਜਰ ਸੀ, ਅਸੀਂ ਇਸਤੇ ਸਾਲਾਂ ਬੱਧੀ ਮਿਹਨਤ ਕੀਤੀ। ਬਣਾਇਆ, ਸੰਵਾਰਿਆ, ਵਾਹੀ-ਯੋਗ ਬਣਾਈ ਤਾਂ ਹੁਣ ਇਹ ਪੱਤੀ ਵਾਲਿਆਂ ਨੂੰ ਦਿਸਣ ਲੱਗ ਪਈ। ਨਾਲੇ ਫਲਾਣੇ ਨੇ ਨਹੀਂ ਕਬਜ਼ਾ ਕੀਤਾ ਹੋਇਆ? ਉਹਨੇ ਨਹੀਂ ਆਪਣੇ ਨਾਂ ਗਰਦੌਰੀ ਕਰਾਈ?'

ਮੈਂ ਕਹਿੰਦਾ ਕਿ 'ਫਲਾਣਾ' ਤਾਂ ਜ਼ਮੀਨ ਛੱਡਣ ਲਈ ਤਿਆਰ ਹੈ ਪਰ ਉਹਦੀ ਸ਼ਰਤ ਹੈ ਕਿ ਤੁਸੀਂ ਵੀ ਛੱਡ ਦਿਓ।

ਉਹ ਕਹਿੰਦਾ, "ਚੰਗਾ ਵੇਖ ਲਾਂ ਗੇ। ਜੇ ਉਹ ਛੱਡ ਦੂ ਤਾਂ ਮੈਂ ਵੀ ਛੱਡ ਦੂੰ।"

ਉਹਨੂੰ ਯਕੀਨ ਹੁੰਦਾ ਕਿ ਨਾ ਅਗਲੇ ਨੇ ਛੱਡਣੀ ਹੈ ਤੇ ਨਾ ਮੈਂ।

ਤਦ ਵੀ ਗੱਲਾਂ ਗੱਲਾਂ ਵਿੱਚ ਮੈਂ ਇਹ ਵਚਨ ਤਾਂ ਹਰੇਕ ਕੋਲੋਂ ਹੀ ਲੈ ਲਿਆ ਸੀ ਕਿ "ਜੇ ਉਹ ਛੱਡ ਦੂ ਤਾਂ ਮੈਂ ਵੀ ਛੱਡ ਦੂੰ।"

ਕੁਝ ਦਿਨ ਦੇ ਅਭਿਆਸ ਮਗਰੋਂ ਮੈਂ ਸਾਰੀ ਪੱਤੀ ਦੇ ਪਰਿਵਾਰਾਂ ਦੇ ਮੁਖੀਆਂ ਦੀ ਇਕੱਤਰਤਾ ਖੇਤਾਂ ਵਿਚ ਬਣੇ ਆਪਣੀ ਪੱਤੀ ਦੇ ਗੁਰਦਵਾਰੇ ਵਿਚ ਬੁਲਾ ਲਈ। ਮਾਹੌਲ ਤਿਆਰ ਕਰਨ ਲਈ ਸਭ ਨੂੰ ਗੁਰੂ

ਗ੍ਰੰਥ ਸਾਹਿਬ ਦੀ ਹਾਜ਼ਰੀ ਤੇ ਹਜ਼ੂਰੀ ਦਾ ਮਹੱਤਵ ਬਿਆਨ ਕਰਦਿਆਂ ਨਿੱਕਾ ਜਿਹਾ ਲੈਕਚਰ ਝਾੜਿਆ ਕਿ ਗੁਰੂ ਸਾਹਿਬਾਨ ਦੀ ਰਵਾਇਤ ਤਾਂ ਵੰਡ ਛਕਣ ਦੀ ਸੀ। ਕਿਸੇ ਦਾ ਹੱਕ ਮਾਰਨ ਦੀ ਨਹੀਂ। ਕਹਿੰਦੇ ਨੇ ਤੁਰੇ ਜਾਂਦੇ ਨਿਹੰਗ ਸਿੰਘਾਂ ਨੂੰ ਇਕ ਤਿਲ ਲੱਭਾ ਸੀ। ਛੋਟੇ ਜਿਹੇ ਤਿਲ ਨੂੰ ਵੰਡ ਕੇ ਛਕਣ ਦੀ ਜੁਗਤ ਨਾ ਲੱਭਣ ਕਰਕੇ ਉਹਨਾਂ ਨੇ ਤਿਲ ਘੋਟ ਕੇ ਉਸ ਵਿਚ ਪਾਣੀ ਪਾ ਲਿਆ। ਉਹ ਪਾਣੀ ਆਪਸ ਵਿਚ ਵੰਡ ਕੇ ਛਕ ਲਿਆ ਪਰ ਉਸ ਤਿਲ ਨੂੰ ਕਿਸੇ ਇਕ ਜਣੇ ਨੇ ਇਸ ਕਰਕੇ ਲੈਣਾ ਪ੍ਰਵਾਨ ਨਹੀਂ ਸੀ ਕੀਤਾ ਕਿਉਂਕਿ ਹਰ ਕੋਈ ਸਮਝਦਾ ਸੀ ਕਿ ਇਸਤੇ ਦੂਜੇ ਸਿੰਘ ਦਾ ਹੱਕ ਵੀ ਬਣਦਾ ਹੈ।। ਕਿਸੇ ਦਾ ਹੱਕ ਮਾਰਨ ਨੂੰ ਗੁਰੂ ਸਾਹਿਬ ਨੇ ਹਰਾਮ ਆਖਿਆ ਸੀ। ਅੱਜ ਗੁਰੂ ਘਰ ਵਿਚ ਬੈਠੇ ਸਾਰੇ ਤੁਸੀਂ ਗੁਰਸਿੱਖ ਹੋ ਗਏ ਓ। ਗੁਰੂ ਦੀ ਸਿੱਖਿਆ ਮੁਤਾਬਕ ਸੋਚਣ ਤੇ ਅਮਲ ਕਰਨ ਦੀ ਤੁਹਾਡੇ ਕੋਲੋਂ ਆਸ ਕਰਦਾ ਹਾਂ। ਗੁਰੂ ਦੀ ਸਿੱਖਿਆ 'ਤੇ ਚੱਲਣ ਵਾਲੇ ਦਾ ਲੋਕ-ਪ੍ਰਲੋਕ ਸੌਰ ਜਾਂਦਾ ਹੈ।

ਫਿਰ ਤੋੜਾ ਝਾੜਿਆ, "ਮੈਨੂੰ ਬੜੀ ਖ਼ੁਸ਼ੀ ਹੈ ਕਿ ਸਾਰੇ ਟੱਬਰਾਂ ਦੇ ਮੁਖੀ ਏਥੇ ਸੰਗਤ ਰੂਪ ਵਿਚ ਇਕੱਠੇ ਹੋਏ ਨੇ। ਸੰਗਤ ਨੂੰ ਗੁਰੂ ਜੀ ਨੇ ਆਪਣੇ ਤੋਂ ਵੀ ਵੱਡਾ ਰੁਤਬਾ ਦਿੱਤਾ ਸੀ। ਸੰਗਤ ਦਾ ਹੁਕਮ ਗੁਰੂ ਜੀ ਨੇ ਵੀ ਨਹੀਂ ਸੀ ਮੋੜਿਆ। ਮੈਨੂੰ ਵਿਸ਼ਵਾਸ ਹੈ ਕਿ ਏਥੇ ਹਾਜ਼ਰ ਹੋਏ ਸੱਜਣ ਆਪਣੇ ਗੁਰੂ ਦਾ ਮਾਣ ਰੱਖਣਗੇ। ਵਧੀਆ ਗੱਲ ਇਹ ਹੈ ਕਿ ਜਿਨ੍ਹਾਂ ਸੱਜਣਾਂ ਕੋਲ ਜ਼ਮੀਨ ਦਾ ਕਬਜ਼ਾ ਹੈ ਉਹਨਾਂ ਵਿਚੋਂ ਕੇਵਲ ਇਕ ਜਣੇ ਨੂੰ ਛੱਡ ਕੇ ਬਾਕੀ ਸਾਰੇ ਹਾਜ਼ਰ ਨੇ। ਮੈਂ ਇਹਨਾਂ ਦਾ ਸੰਗਤ ਵੱਲੋਂ ਧੰਨਵਾਦੀ ਹਾਂ। ਇਹਨਾਂ ਸਾਰਿਆਂ ਨੇ ਕਿਹਾ ਹੈ ਕਿ ਜੇ ਦੂਜੀ ਧਿਰ ਕਬਜ਼ਾ ਛੱਡਣ ਲਈ ਤਿਆਰ ਹੈ ਤਾਂ ਅਸੀਂ ਵੀ ਕਬਜ਼ਾ ਛੱਡ ਦਿਆਂਗੇ। ਮੈਂ ਇਹਨਾਂ ਸਾਰਿਆਂ ਦੀ ਇਹ ਵਚਨ ਦੇਣ ਪੱਖੋਂ ਵਡਿਆਈ ਕਰਦਾ ਹਾਂ। ਇਹ ਵੀ ਸਮਝਦਾਂ ਕਿ ਮਸਲਾ ਹੱਲ ਕਰਨ ਬਾਰੇ ਇਹਨਾਂ ਦੇ ਮਨ ਵਿਚ ਕੋਈ ਖੋਟ ਨਹੀਂ; ਤਦ ਈ ਤਾਂ ਇਹ ਸਾਰੇ ਏਥੇ ਹਾਜ਼ਰ ਹੋਏ ਨੇ।"

ਪੁਰਾਣੇ ਸਰਪੰਚ ਤੇ ਘੋਟ ਸਮਝੇ ਜਾਣ ਵਾਲੇ ਬੰਦੇ ਮਹਿੰਦਰ ਸਾਈਂ ਨੇ ਕਿਹਾ, "ਅਸੀਂ ਤਿਆਰ ਆਂ ਜਮੀਨ ਛੱਡਣ ਨੂੰ ਪਰ ਪਹਿਲਾਂ ਸੇਵਾ ਸੁੰਹ ਛੱਡੇ।"

ਸੇਵਾ ਸੁੰਹ ਤਾਂ ਮੀਟਿੰਗ ਵਿਚ ਆਇਆ ਈ ਨਹੀਂ ਸੀ।

ਇਸ ਤੋਂ ਬਾਅਦ, 'ਪਹਿਲਾਂ ਇਹਨੇ ਕਬਜ਼ਾ ਕੀਤਾ, ਪਹਿਲਾਂ ਉਹਨੇ ਗਰਦੌਰੀ ਕਰਾਈ, ਪਹਿਲਾਂ ਇਹ ਛੱਡੇ, ਫਿਰ ਮੈਂ ਛੱਡ ਦੂੰ' ਦੀ ਲੰਮੀ ਚਰਚਾ ਚੱਲੀ। ਗੱਲਬਾਤ ਦੀ ਵਾਗ-ਡੋਰ ਮੈਂ ਆਪਣੇ ਹੱਥ ਰੱਖੀ। ਤੋਤਾ ਸੇਵਾ ਸਿੰਘ 'ਤੇ ਝੜ ਰਿਹਾ ਸੀ। ਕਾਬਜ਼ ਧਿਰ ਵਾਲੇ ਸਾਰੇ ਕਹਿਣ, "ਪਹਿਲਾਂ ਉਹਨੂੰ ਮਨਾ ਲੋ। ਅਸੀਂ ਵੀ ਮੰਨ ਜਾਂ ਗੇ।" ਉਹਨਾਂ ਨੂੰ ਖੁਤਕ ਸੀ ਕਿ ਉਹ ਮੰਨਣ ਨਹੀਂ ਲੱਗਾ। ਸੇਵਾ ਸਿੰਘ ਦਾ ਛੋਟਾ ਭਰਾ ਮੀਟਿੰਗ ਵਿਚ ਹਾਜ਼ਰ ਸੀ। ਉਸਨੂੰ ਅਸੀਂ ਪਹਿਲਾਂ ਹੀ ਆਪਣੇ ਨਾਲ ਜੋੜਿਆ ਹੋਇਆ ਸੀ। ਮੈਂ ਉਹਨੂੰ ਕਿਹਾ ਕਿ ਉਹ ਸੰਗਤ ਦਾ ਹੁਕਮ ਭਰਾ ਤਕ ਪੁਚਾਵੇ ਤੇ ਏਥੇ ਵਿਸ਼ਵਾਸ ਵੀ ਦਿਵਾਏ ਕਿ ਉਹ ਆਪਣੇ ਭਰਾ ਦੀ ਜ਼ਿੰਮੇਵਾਰੀ ਚੁੱਕਦਾ ਹੈ। ਉਸਨੇ ਹਾਮੀ ਭਰੀ ਤਾਂ ਮੈਂ ਜੈਕਾਰਾ ਬੁਲਾ ਦਿੱਤਾ ਕਿ ਲਓ ਜੀ ਮਸਲਾ ਤਾਂ ਹੱਲ ਹੋ ਗਿਆ। ਮੈਂ ਮੁਤ-ਘਿਤ ਕੇ ਕਾਬਜ਼ ਸੱਜਣਾਂ ਦੇ 'ਤਿਆਗ' ਦੀ ਵਡਿਆਈ ਕੀਤੀ, ਜਿਹੜਾ ਉਹਨਾਂ ਨੇ ਅਜੇ ਕਰਨਾ ਸੀ। ਉਹਨਾਂ ਨੇ ਵੀ ਝੂਠੀ-ਸੱਚੀ ਹਾਮੀ ਭਰ ਦਿੱਤੀ। ਮੀਟਿੰਗ ਦੇ ਅਖ਼ੀਰ 'ਤੇ ਫ਼ੈਸਲਾ ਹੋ ਗਿਆ ਕਿ ਇਕ ਕਮੇਟੀ ਬਣਾਈ ਜਾਵੇ ਤੇ ਇਸ ਗੱਲ ਨੂੰ ਸਰਬਸੰਮਤੀ ਨਾਲ ਸਿਰੇ ਚੜ੍ਹਾਇਆ ਜਾਏ। ਕਮੇਟੀ ਵਿਚ ਸਾਰੇ ਭਾਈਚਾਰਿਆਂ ਦੇ ਬੰਦੇ ਸ਼ਾਮਲ ਕੀਤੇ ਗਏ। ਮੈਨੂੰ ਕਮੇਟੀ ਦਾ ਮੁਖੀ ਚੁਣਿਆਂ ਗਿਆ ਤੇ ਸਾਥੀਆਂ ਨੂੰ ਨਾਲ ਲੈ ਕੇ ਜ਼ਮੀਨ ਛੁਡਾਉਣ ਤੇ ਗਰਦੌਰੀ ਤੁੜਾਉਣ ਦਾ ਕੰਮ ਸੌਂਪਿਆ ਗਿਆ।

ਕੰਮ ਕੋਈ ਸੌਖਾ ਨਹੀਂ ਸੀ। ਬੜੀ ਮਗ਼ਜ਼-ਪੱਚੀ ਕਰਨੀ ਪਈ। ਤਰਲਾ-ਮਿੰਨਤ ਵੀ ਕਰਨਾ ਪਿਆ। ਭਾਈਚਾਰਕ ਦਬਾਓ ਵੀ ਰੱਖਿਆ। ਆਖ਼ਰ ਕਈ ਦਿਨਾਂ ਦੀ ਖ਼ੇਚਲ, ਖ਼ਹਿਮਖ਼ਹਿ ਤੇ ਕਸ਼ਮਕਸ਼ ਤੋਂ ਬਾਅਦ ਮੈਂ ਤੇ ਕਮੇਟੀ ਦੇ ਸਾਥੀ ਬਹੁਤ ਹੱਦ ਤਕ ਕਾਮਯਾਬ ਹੋ ਗਏ। ਹੌਲੀ ਹੌਲੀ ਸਾਰੀ ਜ਼ਮੀਨ ਪੱਤੀ ਦੇ ਕਬਜ਼ੇ ਵਿਚ ਆ ਗਈ। ਠੇਕੇ ਦੇ ਏਨੇ ਪੈਸੇ ਆਉਣ ਲੱਗੇ ਕਿ ਪੱਤੀ ਵਾਲਿਆਂ ਨੂੰ ਸਮਝ ਨਾ ਆਉਂਦੀ ਕਿ ਕਿਹੜੇ ਸਾਂਝੇ ਥਾਂ 'ਤੇ ਇਹਨਾਂ ਨੂੰ ਖ਼ਰਚ ਕੀਤਾ ਜਾਵੇ।

ਜਦੋਂ ਖੇਤਾਂ ਵਿਚ ਪਾਣੀ ਲਾਉਂਦਾ ਸਾਧਾ ਸਿੰਘ ਮੇਰੇ ਕੋਲ ਆਇਆ ਤੇ ਆਖਿਆ, "ਵਰਿਆਮ ਸਿਹਾਂ! ਤੇਰੇ ਤੋਂ ਬਿਨਾਂ ਇਹ ਖੁਭੀ ਕਦੀ ਨਹੀਂ ਸੀ ਨਿਕਲਣੀ। ਸ਼ਬਾਸ਼ੇ ਤੇਰੇ। ਧੰਨ ਧੰਨ ਹੋ ਗਈ ਭਈ। ਤੇਰੇ ਬਿਨਾਂ ਉਹਨਾਂ ਵੱਡਿਆਂ ਦੇ ਗਲ ਟੱਲੀ ਕਿਸੇ ਨਹੀਂ ਸੀ ਬੰਨ੍ਹਣੀ। ਭਾਈ ਤੂੰ ਜੁਗਤ ਵੀ ਚੰਗੀ ਵਰਤੀ। ਸਭ ਨੇ ਸਾਰੀ ਉਮਰ ਬੁੜ ਬੁੜ ਕਰਦੇ ਰਹਿਣਾ ਸੀ ਪਰ ਜ਼ਮੀਨ ਕਿਸੇ ਕੋਲੋਂ ਛੁਡਵਾਈ ਨਹੀਂ ਸੀ ਜਾਣੀ।"

ਮੈਂ ਕਿਹਾ, "ਭਾਊ ਜੀ! ਮੇਰਾ ਨਹੀਂ ਇਹ ਤਾਂ ਸੰਗਤ ਦੇ ਮਿਲ ਬੈਠਣ ਦਾ ਕਮਾਲ ਹੈ। ਸੰਗਤ ਇਕੱਠੀ ਹੋ ਗਈ। ਮਿਲ ਬੈਠਣ ਨੇ 'ਬੁੜ ਬੁੜ' ਨੂੰ 'ਬੋਲਾਂ' ਵਿਚ ਬਦਲ ਲਿਆ। ਬੋਲ ਤਾਕਤ ਬਣ ਗਏ। ਮਸਲਾ ਹੱਲ ਹੋ ਗਿਆ। ਅਗਲਿਆਂ ਵੇਖ ਲਿਆ ਕਿ ਹੁਣ ਸਾਰੀ ਪੱਤੀ ਇਕਮੁੱਠ ਹੋ ਗਈ ਹੈ। ਇਕਮੁੱਠਤਾ ਅੱਗੇ ਕੋਈ ਨਹੀਂ ਟਿਕਦਾ। ਮੈਂ ਤਾਂ ਬਹਾਨਾ ਤੇ ਵਸੀਲਾ ਬਣਿਆਂ। ਅਸਲੀ ਦਬਾਅ ਤਾਂ ਭਾਈਚਾਰੇ ਦੇ ਏਕੇ ਦਾ ਸੀ।"

"ਪਰ ਪਹਿਲ ਤਾਂ ਤੂੰ ਈ ਕੀਤੀ।"

"ਨਹੀਂ, ਪਹਿਲ ਵੀ ਤੁਸਾਂ ਕੀਤੀ। ਤੁਸਾਂ ਹੀ ਮੈਨੂੰ ਅਹਿਸਾਸ ਕਰਾਇਆ ਕਿ ਮੈਂ ਵਸੀਲਾ ਬਣ ਸਕਦਾਂ। ਨਹੀਂ ਤਾਂ ਸ਼ਾਇਦ ਮੈਂ ਵੀ ਹੋਰਨਾਂ ਵਾਂਗ ਸੋਚੀ ਜਾਂਦਾ ਕਿ 'ਬਲਦੀ ਦੇ ਬੁੱਥੇ ਕਿਉਂ ਸਿਰ ਦਿਆਂ?'

ਇਕ ਦੂਜੇ ਦੀ ਤਾਰੀਫ਼ ਕਰਨ ਦੀ ਥਾਂ ਅੰਤਮ ਤੌਰ 'ਤੇ ਸਾਨੂੰ ਇਸ ਨੁਕਤੇ 'ਤੇ ਹੀ ਸਹਿਮਤ ਹੋਣਾ ਪਿਆ ਕਿ ਸਾਰੀ ਤਾਕਤ ਤਾਂ ਲੋਕਾਂ ਦੀ ਹੁੰਦੀ ਹੈ, ਬੰਦੇ ਤਾਂ ਉਸ ਤਾਕਤ ਨੂੰ ਜਗਾਉਣ ਜਾਂ ਹੁਲਾਰਨ ਲਈ ਕੇਵਲ ਮਾਧਿਅਮ ਬਣਦੇ ਨੇ। ਆਪਣੇ ਬਾਰੇ ਇਸਤੋਂ ਵੱਧ ਹੋਣ ਦਾ ਅਨੁਮਾਨ ਲਾਉਣਾ ਜਾਂ ਸੋਚਣਾ ਨਿਪਟ ਹਉਮੈਂ ਹੈ।

ਇਕ ਸਵੇਰ। ਅਜੇ ਮੈਂ ਸੌਂ ਕੇ ਉੱਠਿਆ ਹੀ ਸਾਂ ਕਿ ਸਾਡਾ ਬਾਹਰਲਾ ਦਰਵਾਜ਼ਾ ਖੜਕਿਆ। ਗਾਡੀ ਦਰਵਾਜ਼ੇ ਵਿਚ ਲੱਗੀ ਵੱਡੀ ਬਾਰੀ ਖੋਲ੍ਹੀ। ਸਾਹਮਣੇ ਮੇਰੀ ਪੱਤੀ ਦਾ ਬਜ਼ੁਰਗ ਦਲੀਪ ਸਿੰਘ ਅਟਾਰੀ ਵਾਲਾ ਬੁੱਕਲ ਮਾਰੀ ਖਲੋਤਾ ਸੀ। ਦਲੀਪ ਸਿੰਘ ਸਾਡੇ ਭਾਈਚਾਰੇ ਵਿਚੋਂ ਸੀ। ਸਿਆਣਾ ਤੇ ਦਾਨਾ ਬਜ਼ੁਰਗ। ਮੇਰਾ ਪਿਓ ਉਹਨੂੰ 'ਭਾਊ ਜੀ' ਕਹਿ ਕੇ ਬੁਲਾਉਂਦਾ ਤੇ ਮੈਂ 'ਤਾਇਆ ਜੀ'। ਉਹਦਾ ਮੁੰਡਾ ਸ਼ਬੇਗ ਮੇਰਾ ਨਿੱਕੇ ਹੁੰਦੇ ਦਾ ਯਾਰ ਸੀ। ਕਦੀ ਉਹ ਸਾਡੇ ਘਰ ਆ ਜਾਂਦਾ, ਕਦੀ ਮੈਂ ਉਹਨਾਂ ਦੇ ਘਰ ਚਲਾ ਜਾਂਦਾ। ਤਾਈ ਜੋਗਿੰਦਰ ਕੌਰ, ਮੇਰੀ ਮਾਂ ਦੀ ਸਿਰਨਾਵੀਂ, ਪੁੱਤਾਂ ਵਾਂਗ ਲਾਡ ਕਰਦੀ, ਚੋਘੇ ਕੱਢਕੇ ਰੋਟੀ ਖਵਾਉਂਦੀ। ਸਾਡਾ ਵਿਆਹਵਾਂ-ਸ਼ਾਦੀਆਂ 'ਤੇ ਆਉਣ ਜਾਣ। ਗੋਡੀ, ਵਾਢੀ ਤੇ ਵਹਾਈ ਲਈ ਇਕ ਦੂਜੇ ਟੱਬਰ ਦੀ ਮਦਦ ਕਰਨੀ। ਮੈਂ ਉਹਦੇ ਹੱਥਾਂ ਵਿਚ ਪਲਿਆ ਸਾਂ। ਪੱਤੀ ਵਿਚ ਉਹਦੀ ਗੱਲ ਧਿਆਨ ਨਾਲ ਸੁਣੀ ਜਾਂਦੀ ਸੀ। ਪਿੰਡ ਦੀ ਕਈ ਸਾਲ ਧੜੱਲੇ ਨਾਲ ਸਰਪੰਚੀ ਕਰਨ ਵਾਲੇ ਸੇਵਾ ਸਿੰਘ ਦਾ ਸਭ ਤੋਂ ਨੇੜਲਾ ਯਾਰ ਤੇ ਹਮਾਇਤੀ ਦਲੀਪ ਸਿੰਘ ਹੁਣ ਪਿਛਲੇਰੀ ਉਮਰ ਵਿਚ ਸੀ। ਅੱਜ ਕੱਲ੍ਹ ਉਹਦਾ ਟੱਬਰ ਡੰਡੀ ਵਾਲੇ ਖੂਹ 'ਤੇ ਬਣੇ ਡੇਰੇ ਉਪਰ ਰਿਹਾਇਸ਼ ਰੱਖਦਾ ਸੀ। ਸਵੇਰੇ ਸਵੇਰੇ ਉਹਦਾ ਮੇਰੇ ਵੱਲ ਆਉਣਾ ਖਟਕਿਆ। ਕੋਈ ਗੱਲ ਜ਼ਰੂਰ ਸੀ।

ਫ਼ਤਹਿ ਬੁਲਾ ਕੇ ਮੈਂ ਬਾਰੀ 'ਚੋਂ ਪਾਸੇ ਹੋਇਆ, "ਲੰਘ ਆਓ ਤਾਇਆ ਜੀ।"

ਬੈਠਕ ਵਿਚ ਉਹਦੇ ਸਾਹਮਣੇ ਬੈਠ ਕੇ ਮੈਂ ਉਸ ਵੱਲ ਪੁੱਛਦੀਆਂ ਨਜ਼ਰਾਂ ਨਾਲ ਵੇਖਿਆ। ਉਹਦਾ ਚਿਹਰਾ ਗਹਿਰ-ਗੰਭੀਰ ਸੀ ਤੇ ਅੱਖਾਂ ਲਾਲ ਗਹਿਰੀਆਂ। ਆਪਣੀ ਬੁੱਕਲ ਵਿਚੋਂ ਉਹਨੇ ਸੱਜਾ ਹੱਥ ਬਾਹਰ ਕੱਢਿਆ ਤੇ ਹੱਥ ਵਿਚ ਫੜਿਆ ਧੌਲੇ ਵਾਲਾਂ ਦਾ ਰੁੱਗ ਮੇਰੇ ਵੱਲ ਵਧਾਇਆ।

"ਆਹ ਲੈ, ਇਹਨਾਂ ਵਾਲਾਂ ਦਾ ਮੁੱਲ ਪਾ ਸਕਦਾ ਏਂ ਤਾਂ ਦੱਸ ਮੈਨੂੰ। ਨਹੀਂ ਤਾਂ ਕੋਈ ਹੋਰ ਰਾਹ ਵੇਖੀਂ।"

ਮੈਨੂੰ ਕੋਈ ਸਮਝ ਨਾ ਆਈ। ਘਰਵਾਲੀ ਨੂੰ ਚਾਹ ਬਣਾਉਣ ਲਈ ਆਵਾਜ਼ ਦੇ ਕੇ ਮੈਂ ਸਾਰੀ ਗੱਲ ਵਿਸਥਾਰ ਨਾਲ ਜਾਨਣੀ ਚਾਹੀ।

ਰਾਤੀਂ ਉਹ ਖੇਤਾਂ ਵਿਚੋਂ ਕਿਸੇ ਕੰਮ ਪਿੰਡ ਆਇਆ ਸੀ। ਬਜ਼ਾਰ ਵਿਚੋਂ ਲੰਘਦਿਆਂ ਉਹਨੇ ਵੇਖਿਆ ਕਿ ਸਾਹਮਣੇ ਚੌਕੀ ਦਾ ਥਾਣੇਦਾਰ ਤੇ ਦੋ ਕੁ ਸਿਪਾਹੀ ਕਿਸੇ ਨੂੰ ਬਜ਼ਾਰ ਵਿਚ ਘੇਰੀ ਖੜੇ ਸਨ। ਉਹਨਾਂ ਵੱਲ ਵੇਖ ਕੇ ਉਸਨੂੰ ਖ਼ਿਆਲ ਆਇਆ ਕਿ ਘੋੜੇ ਦੇ ਪਛਾੜੀ ਤੇ ਅਫ਼ਸਰ ਦੇ ਅਗਾੜੀ ਨਾ ਹੀ ਲੰਘੀਏ ਤਾਂ ਚੰਗਾ ਹੈ। ਉਹ ਬਜ਼ਾਰ ਵਿਚੋਂ ਨਿਕਲਦੀ ਵਿਚਲੀ ਗਲੀ ਵਿਚ ਪੈ ਗਿਆ। ਉਹਨੂੰ ਪਾਸਾ ਵੱਟ ਕੇ ਗਲੀ ਵੱਲ ਮੁੜਦਿਆਂ ਥਾਣੇਦਾਰ ਨੇ ਵੇਖ ਲਿਆ। ਸਿਪਾਹੀਆਂ ਨੂੰ ਕਹਿੰਦਾ, "ਉਹਨੂੰ ਫੜੋ ਕੰਜਰ ਨੂੰ ਝਕਾਨੀ

ਦੇ ਕੇ ਭੱਜ ਚੱਲਿਆ ਜੇ।"

ਭੱਜਣਾ ਉਹਨੇ ਕਿੱਥੇ ਸੀ। ਉਹ ਨਾ ਸ਼ਰਾਬੀ ਨਾ ਐਬੀ। ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਾ। ਏਸ ਉਮਰੇ ਵੀ ਹਲ਼ ਵਾਹੁੰਦਾ। ਸਿਪਾਹੀਆਂ ਨਾਲ ਬਜ਼ਾਰ ਨੂੰ ਮੁੜ ਪਿਆ।

"ਕਿਧਰ ਭੱਜਣ ਲੱਗਾ ਸੈਂ ਕੰਜਰਾ! ਕੁੜੀ ਚੋਦਾ ਅਸੀਂ ਭੱਜਣ ਦੇਂਦੇ ਆਂ ਤੇਰੇ ਵਰਗੇ ਗੁੰਡਿਆਂ ਨੂੰ। ਤੂੰ ਸਾਨੂੰ ਕੀ ਸਮਝਿਐ ਉਏ!" ਸ਼ਰਾਬੀ ਥਾਣੇਦਾਰ ਚੀਕਿਆ।

ਦਲੀਪ ਸਿੰਘ ਸੁੱਚਾ ਬੰਦਾ ਸੀ। ਉਹਦਾ ਸਵੈਮਾਣ ਹੁੰਗਾਰਿਆ।

"ਸਰਦਾਰਾ! ਜ਼ਬਾਨ ਸੰਭਾਲ ਕੇ ਗੱਲ ਕਰ। ਮੈਂ ਕੋਈ ਚੋਰ-ਉਚੱਕਾ ਨਹੀਂ।"

ਏਨੀ ਸੁਣਦਿਆਂ ਥਾਣੇਦਾਰ ਨੇ ਉਹਦੀ ਦਾੜ੍ਹੀ ਨੂੰ ਫੜ ਲਿਆ।

"ਬੁੱਢਿਆ! ਚੌਰਿਆ! ਤੇਰੀ ਇਹ ਹਿੰਮਤ?"

ਦੋਵਾਂ ਹੱਥਾਂ ਨਾਲ ਦਾੜ੍ਹੀ ਨੂੰ ਹਲੂਣਿਆ। ਵਾਲਾਂ ਦਾ ਰੁੱਗ ਉਹਦੇ ਹੱਥਾਂ ਵਿਚ ਸੀ। ਦਲੀਪ ਸਿੰਘ ਨੇ ਬਚਾਅ ਕਰਨ ਲਈ ਉਹਨੂੰ ਹੱਥਾਂ ਨਾਲ ਧੱਕਿਆ। ਉਹਨੇ ਗਾਲ੍ਹਾਂ ਦਿੰਦਿਆਂ ਫਿਰ ਉਹਦੀ ਦਾੜ੍ਹੀ ਫੜ ਲਈ। ਆਖ਼ਰ ਸਿਪਾਹੀਆਂ ਨੇ ਹੀ 'ਚਲੋ ਛੱਡੋ ਸਰਦਾਰ ਜੀ!' ਆਖ ਕੇ ਦਲੀਪ ਸਿੰਘ ਨੂੰ ਛੁਡਵਾਇਆ। ਨਹੀਂ ਤਾਂ ਉਹ ਕਹਿ ਰਿਹਾ ਸੀ, "ਲੈ ਚਲੋ ਇਹਨੂੰ ਚੌਕੀ ਹਰਾਮ ਦੇ ਨੂੰ। ਇਹ ਗਲੀ 'ਚ ਕਿਤੇ ਨਜਾਇਜ਼ ਸ਼ਰਾਬ ਲੁਕਾ ਆਇਆ। ਇਹਦੇ ਤੋਂ ਬਰਾਮਦ ਕਰਾਉਣੀ ਆਂ।"

ਦਲੀਪ ਸਿੰਘ ਨੇ ਰਾਤੀਂ ਹੋਈ ਬੀਤੀ ਦਾ ਨਕਸ਼ਾ ਬੰਨ੍ਹ ਦਿੱਤਾ।

"ਆਹ ਵਾਲ ਮੈਂ ਹੁਣ ਬਜ਼ਾਰ 'ਚੋਂ ਜ਼ਮੀਨ 'ਤੇ ਡਿੱਗੇ ਕੱਠੇ ਕਰਕੇ ਲਿਆਇਆਂ। ਅਜੇ ਵੀ ਵੇਖ ਦਾੜ੍ਹੀ 'ਚੋਂ ਨਿਕਲਦੇ।" ਉਹਨੇ ਦਾੜ੍ਹੀ ਵਿਚ ਹੱਥ ਫੇਰਿਆ ਤੇ ਹੋਰ ਦਸ ਬਾਰਾਂ ਵਾਲ ਕੱਢ ਕੇ ਮੇਰੀ ਤਲੀ 'ਤੇ ਧਰ ਦਿੱਤੇ।

ਥਾਣੇਦਾਰ ਵਿਰੱਧ ਗੁੱਸੇ ਨਾਲ ਮੇਰਾ ਅੰਦਰ ਹਲੂਣਿਆਂ ਗਿਆ। ਇਕ ਦਮ ਮੈਨੂੰ ਕੋਈ ਗੱਲ ਸੁੱਝੀ ਨਾ। ਪਲ ਕੁ ਸੋਚਿਆ ਤਾਂ ਮਹਿਸੂਸ ਹੋਇਆ, ਪੁਲਿਸ ਨਾਲ ਪੰਗਾ ਲੈਣ ਲਈ ਪਿੰਡ ਵਿਚੋਂ ਸਿਆਣਿਆਂ ਤੇ ਮੋਹਤਬਰ ਬੰਦਿਆਂ ਨੂੰ ਨਾਲ ਲੈਣਾ ਬੜਾ ਜ਼ਰੂਰੀ ਸੀ। ਸਿਰਫ਼ ਸਾਡੇ ਮੁੰਡਿਆਂ ਖੁੰਡਿਆਂ ਤੋਂ ਸ਼ਾਇਦ ਇਹ ਗੱਲ ਸੰਭਾਲੀ ਨਾ ਜਾ ਸਕੇ। ਮੈਂ ਉਸਨੂੰ ਕਿਹਾ ਕਿ ਮੈਂ ਆਪਣੇ ਸਾਥੀਆਂ ਤੇ ਹੋਰ ਬੰਦਿਆਂ ਨਾਲ ਗੱਲ ਕਰਦਾਂ, ਉਹ ਓਨਾ ਚਿਰ ਆਪਣੇ ਪੁਰਾਣੇ ਯਾਰ ਸੇਵਾ ਸਿੰਘ ਸਾਬਕਾ ਸਰਪੰਚ ਵੱਲ ਹੋ ਆਏ।

ਉਹ ਕਹਿੰਦਾ, "ਮੈਂ ਹੋ ਆਇਆਂ। ਉਹ ਵੀ ਆਂਹਦਾ ਸੀ ਹੋਰ ਬੰਦਿਆਂ ਨੂੰ ਪਹਿਲਾਂ ਮਿਲ ਆਵਾਂ। ਹੈ ਨੀ ਉਹਨਾਂ ਤਿਲਾਂ 'ਚ ਤੇਲ। ਹੁਣ ਮੈਂ ਕੀਹਦੇ ਕੀਹਦੇ ਕੋਲ ਆਪਣੀ ਦਾੜ੍ਹੀ ਪੁਟਾਵਾਂ। ਤੂੰ ਈ ਦੱਸ।"

ਮੈਂ ਉਹਦੇ ਗੋਡੇ ਨੱਪ ਕੇ ਧਰਵਾਸ ਦਿੱਤਾ। ਪਿੰਡ ਦੇ ਸਾਥੀਆਂ ਕੋਲ ਗਿਆ। ਮੀਟਿੰਗ ਕੀਤੀ। ਆਸੇ ਪਾਸੇ ਦੇ ਪਿੰਡਾਂ ਦੀਆਂ ਨੌਜਵਾਨ ਸਭਾਵਾਂ ਨੂੰ ਸੁਨੇਹਾਂ ਭੇਜਿਆ। ਦੁਪਹਿਰ ਤਕ ਚਾਲੀ ਪੰਜਾਹ ਬੰਦੇ ਇਕੱਠੇ ਹੋ ਗਏ। ਅਸੀਂ ਪੁਲਿਸ ਦੇ ਖ਼ਿਲਾਫ਼ ਨਾਅਰੇ ਲਾਉਂਦਾ ਜਲੂਸ ਸਾਰੇ ਪਿੰਡ ਦੇ ਦੁਆਲੇ ਕੱਢਿਆ। ਥਾਣੇ ਸਾਹਮਣੇ ਰੈਲੀ ਕੀਤੀ। ਥਾਣੇਦਾਰ ਨੂੰ ਸਿੱਧਾ ਮਿਲਣ ਦੀ ਥਾਂ ਅਸੀਂ ਕੁੱਝ ਜਣੇ ਦਲੀਪ ਸਿੰਘ ਨੂੰ ਉਹਦੇ ਵਾਲਾਂ ਸਮੇਤ ਲੈ ਕੇ ਅੰਮ੍ਰਿਤਸਰ ਦੇ ਐੱਸ ਐੱਸ ਪੀ ਨੂੰ ਜਾ ਮਿਲੇ। ਦਲੀਪ ਸਿੰਘ ਤੋਂ ਸਾਰੀ ਕਹਾਣੀ ਸੁਣਵਾਈ। ਐੱਸ ਐੱਸ ਪੀ 'ਤੇ ਗੱਲਾਂ ਵਿਚਲੀ ਸਦਾਕਤ ਦਾ ਅਸਰ ਪ੍ਰਤੱਖ ਦਿਸਦਾ ਸੀ। ਉਹਨੇ ਤਰਨਤਾਰਨ ਦੇ ਡੀ ਐੱਸ ਪੀ ਨੂੰ ਸਵੇਰੇ ਜਾ ਕੇ ਸਾਰੇ ਕੇਸ ਦੀ ਇਨਕੁਆਇਰੀ ਕਰਨ ਲਈ ਸਾਡੇ ਸਾਹਮਣੇ ਫ਼ੋਨ ਕਰ ਦਿੱਤਾ।

ਪਿੰਡ ਆ ਕੇ ਮੈਂ ਆਪਣੀ ਪਛਾਣ ਦੇ ਕੁੱਝ ਉਹਨਾਂ ਬਜ਼ੁਰਗਾਂ ਨੂੰ ਆਪਣੇ ਨਾਲ ਤੁਰਨ ਤੇ ਡੀ ਐੱਸ ਪੀ ਕੋਲ ਹੋਈ ਵਧੀਕੀ ਖ਼ਿਲਾਫ਼ ਸਾਡੇ ਨਾਲ ਖਲੋਣ ਦੀ ਬੇਨਤੀ ਕੀਤੀ, ਜਿਹੜੇ ਸਾਡੇ ਕੀਤੇ ਕੰਮਾਂ ਨੂੰ ਆਦਰ ਦੀ ਨਜ਼ਰ ਨਾਲ ਵੇਖਦੇ ਸਨ। ਉਹਨਾਂ ਵਿਚੋਂ ਵੀ ਸਿਵਾਇ ਮੋਤਾ ਸਿੰਘ ਦੇ, ਜਿਹੜਾ ਮੇਰੇ ਪਿਓ ਦਾ ਯਾਰ ਰਿਹਾ ਸੀ, ਸਾਡੇ ਨਾਲ ਹੋਰ ਕੋਈ ਤੁਰਨ ਲਈ ਤਿਆਰ ਨਹੀਂ ਸੀ। ਉਹਨਾਂ ਚੌਧਰੀਆਂ ਨੇ ਤਾਂ ਸਾਡੇ ਨਾਲ ਤੁਰਨਾ ਹੀ ਕੀ ਸੀ ਜਿਨ੍ਹਾਂ ਦੀਆਂ ਪੁਲਿਸ ਨਾਲ ਚੱਤੋ-ਪਹਿਰ ਹਰੀਆਂ ਚੁਗਦੀਆਂ ਸਨ। ਉੱਝ ਵੀ ਪੁਲਿਸ ਨਾਲ ਪੰਗਾ ਲੈ ਕੇ ਕੋਈ ਦਲੀਪ ਸਿੰਘ ਵਰਗੀ ਨਹੀਂ ਸੀ ਕਰਵਾਉਣੀ ਚਾਹੁੰਦਾ।

ਫਿਰ ਵੀ ਅਗਲੇ ਦਿਨ ਅਸੀਂ ਕੋਈ ਸੌ ਕੁ ਬੰਦਾ ਇਕੱਠਾ ਕਰ ਲਿਆ। ਇਕ ਪਾਸੇ ਅਸੀਂ ਤੇ ਦੂਜੇ ਪਾਸੇ ਥਾਣੇਦਾਰ ਨੇ ਆਪਣੇ ਹੱਕ ਵਿਚ ਪਿੰਡ ਦੇ ਨਵੇਂ-ਪੁਰਾਣੇ ਸਰਪੰਚ, ਪੰਚਾਇਤ ਮੈਂਬਰ ਤੇ ਹੋਰ ਘੜੰਮ ਚੌਧਰੀ ਬੁਲਾਏ ਹੋਏ ਸਨ। ਉਹਨਾਂ ਵਿਚੋਂ ਥਾਣੇਦਾਰ ਦੇ ਸਿਖਾਏ ਇਕ ਦੋ ਜਣੇ ਸਾਡੇ ਕੋਲ ਸਮਝੌਤਾ ਕਰਵਾਉਣ ਦੀ ਤਜਵੀਜ਼ ਲੈ ਕੇ ਆਏ। ਸਾਡੇ ਤੋਂ ਪਹਿਲਾਂ ਦਲੀਪ ਸਿੰਘ ਚੀਕ ਪਿਆ, "ਲਿਆਓ! ਤੁਹਾਡੇ 'ਚੋਂ ਕੋਈ ਆਪਣੀ ਦਾੜ੍ਹੀ ਪੁਟਾਉਣ ਨੂੰ ਤਿਆਰ ਐ? ਮੈਂ ਸਮਝੌਤਾ ਕਰ ਲੈਨਾਂ।"

ਵਿਚੋਲੇ ਚੁੱਪ-ਚਾਪ ਖਿਸਕ ਗਏ।

ਡੀ ਐੱਸ ਪੀ ਨੇ ਸਾਨੂੰ ਸੁਨੇਹਾਂ ਭੇਜਿਆ ਕਿ ਐੱਸ ਐੱਸ ਪੀ ਕੋਲ ਜਾਣ ਵਾਲੇ ਦੋ ਤਿੰਨ ਜਣੇ ਅੰਦਰ ਆ ਜਾਣ; ਬਾਕੀ ਬਾਹਰ ਈ ਬੈਠਣ। ਅਸੀਂ ਮੋਤਾ ਸਿੰਘ ਨੂੰ ਵੀ ਨਾਲ ਲੈ ਲਿਆ। ਉਹਨੇ ਸਾਰਾ ਕੇਸ ਧਿਆਨ ਨਾਲ ਸੁਣਿਆਂ। ਅਸੀਂ ਤਾਂ ਆਖਣਾ ਹੀ ਸੀ ਪਰ ਦਲੀਪ ਸਿੰਘ ਆਪ ਵੀ ਚੰਗਾ ਗੱਲ-ਕਾਰ ਸੀ। ਉਹਨੇ ਸਾਰੀ ਕਹਾਣੀ ਹੂਬਹੂ ਬਿਆਨ ਕੀਤੀ। ਦਾੜ੍ਹੀ ਦੇ ਵਾਲਾਂ ਦਾ ਰੁੱਗ ਉਹਨੇ ਮੇਜ਼ 'ਤੇ ਰੱਖ ਦਿੱਤਾ। ਮੈਂ ਗਵਾਹੀ ਦਿੱਤੀ ਕਿ ਦਲੀਪ ਸਿੰਘ ਪਿੰਡ ਦੇ ਦਨਾਅ ਬੰਦਿਆਂ ਵਿਚੋਂ ਸੀ। ਅੱਜ ਤਕ ਉਹਨੇ ਨਾ ਕਿਸੇ ਨਾਲ ਲੜਾਈ ਝਗੜਾ ਕੀਤਾ ਹੈ ਤੇ ਨਾ ਹੀ ਕੋਈ ਅਜਿਹਾ ਗੁਨਾਹ ਕੀਤਾ ਹੈ ਕਿ ਉਸਨੂੰ ਜ਼ਿੰਦਗੀ ਭਰ ਕਦੀ ਥਾਣੇ ਦਾ ਮੂੰਹ ਵੇਖਣਾ ਪਿਆ ਹੋਵੇ। ਸ਼ਰਾਬੀ ਹੋਏ ਥਾਣੇਦਾਰ ਨੇ ਉਸ ਨਾਲ ਸਰਾਸਰ ਵਧੀਕੀ ਕੀਤੀ ਹੈ। ਉਹਨੂੰ ਇਹਦੀ ਸਜ਼ਾ ਮਿਲਣੀ ਚਾਹੀਦੀ ਹੈ।

"ਤੂੰ ਕੌਣ ਹੁੰਦੈਂ ਅੱਗੇ ਲੱਗ ਕੇ ਲੜਾਈ ਲੜਨ ਵਾਲਾ? ਇਹਦੇ ਆਪਣੇ ਪੁੱਤ ਭਤੀਏ ਕਿੱਥੇ ਨੇ? ਮੈਨੂੰ ਪਤੈ ਤੁਸੀਂ ਸਭਾਵਾਂ ਵਾਲੇ ਤਾਂ ਰੇੜਕਾ ਖੜ੍ਹਾ ਕਰੀ ਰੱਖਣਾ ਚਾਹੁੰਦੇ ਓ ਕਿਸੇ ਨਾ ਕਿਸੇ ਗੱਲੋਂ। ਬਹਾਨਾ ਮਿਲਿਆ ਨਹੀਂ ਤੇ ਤੁਸੀਂ 'ਜ਼ਿੰਦਾਬਾਦ, ਮੁਰਦਾਬਾਦ' ਸ਼ੁਰੂ ਨਹੀਂ ਕੀਤੀ। ਸਭ ਨਕਸਲੀਏ ਓ ਤੁਸੀਂ" ਡੀ ਐੱਸ ਪੀ ਨੇ ਪੁਲਸੀਆ ਰੋਹਬ ਝਾੜਦਿਆਂ ਲੋਕ-ਜਥੇਬੰਦੀਆਂ ਵੱਲ ਆਪਣੀ ਨਫ਼ਰਤੀ ਹਉਂ ਦਾ ਪ੍ਰਗਟਾਵਾ ਕੀਤਾ।

"ਨਕਸਲੀਆਂ ਨਾਲ ਸਾਡਾ ਕੋਈ ਲੈਣਾ ਦੇਣਾ ਨਹੀਂ। ਮੈਂ ਤਾਂ ਬਜ਼ੁਰਗ ਦਾ ਭਤੀਆ ਹਾਂ ਤੇ ਇਹ ਮੇਰਾ ਤਾਇਆ ਹੈ। ਮੈਂ ਸਕੂਲ ਅਧਿਆਪਕ ਹਾਂ ਤੇ ਕਿਸੇ ਸਭਾ ਦਾ ਅਹੁਦੇਦਾਰ ਵੀ ਨਹੀਂ। ਤੁਹਾਡਾ ਕੀ ਖ਼ਿਆਲ ਹੈ ਕਿ ਲੜਨ ਲਈ 'ਬਹਾਨਾ' ਬਣਾਉਣ ਵਾਸਤੇ ਤੇ ਤੁਹਾਨੂੰ ਵਿਖਾਉਣ ਲਈ ਅਸੀਂ ਆਪਣੇ ਪਿਉ ਦਾਦਿਆਂ ਦੀਆਂ ਦਾੜ੍ਹੀਆਂ ਆਪੇ ਪੁੱਟਦੇ ਆਂ?"

ਕੋਲੋਂ ਮੋਤਾ ਸਿੰਘ ਤਲਖ਼ੀ ਵਿਚ ਆ ਗਿਆ, "ਸਰਦਾਰ ਜੀ! ਇਹ ਕੀ ਗੱਲ ਹੋਈ ਭਲਾ ਕਿ ਕਿਸੇ ਬਜ਼ੁਰਗ ਦੀ ਪੁਲਿਸ ਬੇਇਜ਼ਤੀ ਕਰੇ ਤੇ ਉਹਦੇ ਪੁੱਤਾਂ ਭਤੀਆਂ ਤੋਂ ਬਿਨਾਂ ਉਹਦੇ ਹੱਕ ਵਿਚ ਕੋਈ ਆਵਾਜ਼ ਈ ਨਾ ਉਠਾਵੇ? ਪੁੱਤ ਭਤੀਆ ਪੁਲਿਸ ਦੀ ਦਹਿਸ਼ਤ ਤੋਂ ਡਰਦਾ ਬੋਲੇ ਕੋਈ ਨਾ ਤੇ ਹੋਰ ਕਿਸੇ ਨੂੰ ਤੁਸੀਂ ਬੋਲਣ ਨਾ ਦਿਓ। ਵਾਹ ਜੀ! ਇਹ ਕਿੱਧਰ ਦਾ ਨਿਆਂ ਏਂ?"

ਡੀ ਐੱਸ ਪੀ ਜਵਾਬ ਵਿਚ ਕੁੱਝ ਨਹੀਂ ਬੋਲਿਆ।

ਸਾਡੇ ਤੋਂ ਬਾਅਦ ਪਿੰਡ ਦੇ ਵੱਡੇ ਵੱਡੇ ਚੌਧਰੀ ਥਾਣੇਦਾਰ ਦੇ ਹੱਕ ਵਿਚ ਨਿੱਤਰੇ। ਚੌਕੀ ਦੇ ਲਾਂਗਰੀ ਨੇ ਜਿਹੜਾ ਡੀ ਐੱਸ ਪੀ ਨੂੰ ਪਾਣੀ ਧਾਣੀ ਫੜਾਉਣ ਦੀ ਡਿਊਟੀ ਨਿਭਾ ਰਿਹਾ ਸੀ, ਬਾਹਰ ਆਕੇ ਸਾਨੂੰ ਦੱਸਿਆ ਕਿ ਚੌਧਰੀ ਕਹਿ ਰਹੇ ਸਨ ਕਿ 'ਜੀ! ਥਾਣੇਦਾਰ ਸਾਹਿਬ ਵਰਗਾ ਨੇਕ ਥਾਣੇਦਾਰ ਤਾਂ ਅੱਜ ਤਕ ਇਸ ਚੌਕੀ ਵਿਚ ਕਦੀ ਆਇਆ ਈ ਨਹੀਂ। ਬੜੇ ਭਲੇਮਾਣਸ ਨੇ, ਸਭ ਦੀ ਸੁਣਕੇ ਨਿਆਂ ਕਰਨ ਵਾਲੇ। ਕਿਸੇ ਨਾਲ ਧੱਕਾ ਨਹੀਂ, ਕਿਸੇ ਨਾਲ ਵਧੀਕੀ ਨਹੀਂ।"

ਡੀ ਐੱਸ ਪੀ ਨੇ ਮੇਜ਼ 'ਤੇ ਪਏ ਦਲੀਪ ਸਿੰਘ ਦੀ ਦਾੜ੍ਹੀ ਦੇ ਵਾਲਾਂ ਵੱਲ ਇਸ਼ਾਰਾ ਕਰਕੇ ਪੁੱਛਿਆ ਸੀ, "ਆਹ ਦਾੜ੍ਹੀ ਦੇ ਵਾਲ ਉਹ ਆਪੇ ਪੁੱਟ ਕੇ ਲੈ ਆਇਐ?"

ਚੌਧਰੀ ਛਿੱਥੇ ਪਏ ਆਖਣ ਲੱਗੇ ਕਿ ਇਹ ਗ਼ਲਤੀ ਪਤਾ ਨਹੀਂ ਉਹਨਾਂ ਤੋਂ ਕਿਵੇਂ ਹੋ ਗਈ!

ਡੀ ਐੱਸ ਪੀ ਖਿਝ ਗਿਆ। ਕਹਿੰਦਾ, "ਤੁਸੀਂ ਸਾਰੇ ਚਿੱਟੇ ਪੱਗੜ ਬੰਨ੍ਹ ਕੇ ਹਵੇਲੀਆਂ ਤੇ ਵਾੜਿਆਂ 'ਚੋਂ ਉੱਠ ਕੇ ਆ ਗਏ ਜੇ। ਤੁਸੀਂ ਵੀ ਏਦਾਂ ਦਾ ਨਿਆਂ ਈ ਕਰਦੇ ਹੋਵੋਗੇ?"

ਇਨਕੁਆਇਰੀ ਨਿਪਟਾਉਣ ਤੋਂ ਬਾਅਦ ਡੀ ਐੱਸ ਪੀ ਜਾਣ ਲੱਗਾ ਤਾਂ ਮੈਂ ਅੱਗੇ ਹੋ ਕੇ ਪੁੱਛਿਆ ਕਿ ਉਹਨੇ ਕੀ ਫ਼ੈਸਲਾ ਕੀਤਾ ਹੈ। ਉਹ ਖਿਝ ਕੇ ਅਫ਼ਸਰੀ ਠਾਠ ਨਾਲ ਬੋਲਿਆ, "ਕਿਉਂ ਤੂੰ ਮੇਰਾ ਅਫ਼ਸਰ ਏਂ, ਜੋ ਤੈਨੂੰ ਜਵਾਬ ਦਿਆਂ?"

ਅਸਲ ਵਿਚ ਡੀ ਐੱਸ ਪੀ ਨੌਜਵਾਨ ਸਭਾ ਦੇ ਅੱਗੇ ਲੱਗਣ 'ਤੇ ਖ਼ਫ਼ਾ ਲੱਗਦਾ ਸੀ ਤੇ ਉਸਦੇ ਵਿਹਾਰ ਵਿਚੋਂ ਲੋਕ-ਜਥੇਬੰਦੀਆਂ ਪ੍ਰਤੀ ਸਥਾਪਤੀ ਦੇ ਨਜ਼ਰੀਏ ਦੀ ਝਲਕ ਪੈਂਦੀ ਸੀ। ਫਿਰ ਵੀ ਜੀਪ ਵਿਚ ਬੈਠਣ ਲੱਗਿਆਂ ਉਹਦੇ ਮੂੰਹੋਂ ਨਿਕਲ ਗਿਆ, "ਨਿਆਂ ਹੋਊਗਾ।"

ਏਨੀ ਆਖ ਉਹ ਜੀਪ ਭਜਾ ਕੇ ਲੈ ਗਿਆ। ਅਗਲੇ ਦਿਨ ਐੱਸ ਐੱਸ ਪੀ ਨੂੰ ਮੁੜ ਤੋਂ ਮਿਲਣ ਦੀ ਸਲਾਹ ਬਣਾ ਹੀ ਰਹੇ ਸਾਂ ਕਿ ਪਤਾ ਲੱਗਾ; ਇਨਕੁਆਇਰੀ ਦੇ ਆਧਾਰ 'ਤੇ ਥਾਣੇਦਾਰ ਨੂੰ ਲਾਈਨ ਹਾਜ਼ਰ ਕਰ ਲਿਆ ਗਿਆ ਹੈ।

ਅਸੀਂ ਪਿੰਡ ਵਿਚ ਜੇਤੂ ਜਲੂਸ ਕੱਢਿਆ। 'ਪੁਲਿਸ-ਤਸ਼ੱਦਦ-ਮੁਰਦਾਬਾਦ!' 'ਧੱਕੇਸ਼ਾਹੀ ਨਹੀਂ ਚੱਲੇਗੀ!' 'ਪੁਲਸੀ ਟਾਊਟ ਮੁਰਦਾਬਾਦ!' ਦੇ ਨਾਅਰੇ ਲਾਉਂਦੇ ਅਸੀਂ ਪਿੰਡ ਦੁਆਲੇ ਗੇੜਾ ਲਾਇਆ। ਤਖ਼ਤਪੋਸ਼ਾਂ 'ਤੇ ਬੈਠੇ ਚੌਧਰੀ ਸਾਡੇ ਵੱਲ ਵੇਖ ਕੇ ਖਸਿਆਨੀ ਹਾਸੀ ਹੱਸਣ।

ਅਗਲੇ ਦਿਨ ਆਪਣੇ ਆਪ ਨੂੰ ਘੈਂਟ ਸਮਝਣ ਵਾਲਾ ਉਹੋ ਥਾਣੇਦਾਰ ਪਿੰਡ ਦੇ ਮੋਅਤਬਰ ਬੰਦਿਆਂ ਨੂੰ ਨਾਲ ਲੈ ਕੇ ਮੇਰੀਆਂ ਬਰੂਹਾਂ 'ਤੇ ਮੁਆਫ਼ੀ ਮੰਗਣ ਆ ਗਿਆ। ਇਹਨਾਂ ਬੰਦਿਆਂ ਵਿਚ ਮੇਰੀ ਪਛਾਣ ਦੇ ਆਂਢੀ-ਗਵਾਂਢੀ ਸ਼ਰੀਫ਼ ਬਜ਼ੁਰਗ ਵੀ ਸਨ। ਤਾਇਆ ਲਾਭ ਚੰਦ ਕਹਿਣ ਲੱਗਾ, "ਪੁੱਤ ਵਰਿਆਮ ਸਿਆਂ! ਗਲਤੀ ਤਾਂ ਸਾਹਬ ਬਹਾਦਰ ਨੇ ਬੜੀ ਵੱਡੀ ਕੀਤੀ ਸੀ। ਪਰ ਹੁਣ ਭੁੱਲ ਬਖਸ਼ਾਉਣਾ ਚਾਹੁੰਦੇ ਨੇ। ਪੁੱਤਰਾ! ਭੁੱਲ ਬਖ਼ਸ਼ ਦੇਣੀ ਵੀ ਮੁਦੱਬਰ ਬੰਦਿਆਂ ਦਾ ਕੰਮ ਐਂ। ਕਰੋ ਜੀ ਸਾਹਬ ਬਹਾਦਰ ਤੁਸੀਂ ਆਪ ਗੱਲ ਕਰੋ।"

ਥਾਣੇਦਾਰ ਮੇਰੇ ਵੱਲ ਹੱਥ ਜੋੜ ਕੇ ਕਹਿੰਦਾ, "ਕਾਮਰੇਡ ਜੀ! ਬਥੇਰੀ ਹੋ ਗਈ ਮੇਰੇ ਨਾਲ। ਗਲਤੀ ਮਾਫ਼ ਕਰ ਦਿਓ ਤੇ ਗੱਲ ਅੱਗੇ ਨਾ ਵਧਾਓ। ਲਾਈਨ ਹਾਜ਼ਰ ਤਾਂ ਹੋ ਗਿਆਂ। ਮੇਰਾ ਅੱਗੇ ਨੁਕਸਾਨ ਹੋਣ ਤੋਂ ਬਚਾਓ। ਮੇਰੀ ਤਾਂ ਕੁੱਝ ਦਿਨਾਂ ਤਕ ਪ੍ਰਮੋਸ਼ਨ ਵੀ ਡੀਊ ਹੈ।"

ਮੈਂ ਕਿਹਾ ਕਿ ਉਹ ਮੇਰੇ ਕੋਲੋਂ ਨਹੀਂ, ਸਾਹਮਣੇ ਬੈਠੇ ਦਲੀਪ ਸਿੰਘ ਕੋਲੋਂ ਮੁਆਫ਼ੀ ਮੰਗ ਲਵੇ ਤਾਂ ਅਸੀਂ ਉਸ ਖ਼ਿਲਾਫ਼ ਅਗਲਾ ਸੰਘਰਸ਼ ਰੋਕ ਲਵਾਂਗੇ! ਉਹ ਉੱਠ ਕੇ ਦਲੀਪ ਸਿੰਘ ਦੇ ਗੋਡਿਆਂ ਨੂੰ ਹੱਥ ਲਾਉਣ ਲਈ ਅੱਗੇ ਵਧਿਆ ਤਾਂ ਉਸਨੇ ਅੱਗੋਂ ਥਾਣੇਦਾਰ ਨੂੰ ਗੁੱਸੇ ਵਿਚ ਝਿੜਕ ਕੇ ਬਿਠਾਉਂਦਿਆਂ ਕਿਹਾ, "ਹੁਣ ਮੇਰੀ ਵਾਰੀ ਏ। ਪਰੇ ਹੋ ਜਾ, ਮੇਰੇ ਗੋਡਿਆਂ ਨੂੰ ਆਪਣੇ ਗੰਦੇ ਹੱਥ ਨਾ ਲਾਵੀਂ। ਮੇਰੇ ਪੁੱਤ ਨੇ ਮੈਨੂੰ ਹੁਣ ਤੇਰੇ ਅੱਗੇ ਬੋਲਣ ਜੋਗਾ ਕਰ ਦਿੱਤਾ ਹੈ। ਮੈਂ ਤੈਨੂੰ ਮਾਫ਼ ਨਹੀਂ ਕਰਨ ਲੱਗਾ।"

ਉਸ ਅੰਦਰੋਂ ਸਾਡੇ ਏਕੇ ਦੀ ਤਾਕਤ ਲਲਕਾਰ ਰਹੀ ਸੀ।

ਥਾਣੇਦਾਰ ਨੂੰ ਮਾਫ਼ੀ ਨਾ ਮਿਲੀ ਤੇ ਉਸਨੂੰ ਬਣਦੀ ਸਜ਼ਾ ਭੁਗਤਣੀ ਹੀ ਪਈ।

***

(ਕੰਪਿਊਟਰ 'ਤੇ ਇਹ ਸਤਰਾਂ ਲਿਖ ਰਿਹਾ ਸਾਂ ਤਾਂ ਪਤਨੀ ਕੋਲ ਆਕੇ ਪੁੱਛਣ ਲੱਗੀ, "ਕੀ ਲਿਖ ਰਹੇ ਓ?" ਮੈਂ ਦੱਸਿਆ ਤਾਂ ਕਹਿੰਦੀ, "ਤੁਹਾਨੂੰ ਉਹ ਗੱਲ ਚੇਤੇ ਐ ਜਦੋਂ ਘਾਟੀ ਉਤਲੇ ਕੁੜੀਆਂ ਦੇ ਮਿਡਲ ਸਕੂਲ ਦੀਆਂ ਭੈਣ ਜੀਆਂ ਆਪਣੇ ਘਰ ਸ਼ਿਕਾਇਤ ਲੈ ਕੇ ਆਈਆਂ ਸਨ ਕਿ ਛੁੱਟੀ ਵਾਲੇ ਦਿਨ ਕੁੱਝ ਬੰਦੇ ਕੰਧਾਂ ਟੱਪ ਕੇ ਸਕੂਲ ਵਿਚ ਆ ਜਾਂਦੇ ਨੇ ਤੇ ਓਥੇ ਬਰਾਂਡੇ ਵਿਚ ਬੈਠ ਕੇ ਸ਼ਰਾਬਾਂ ਪੀਂਦੇ ਤੇ ਜੂਆ ਖੇਡਦੇ ਨੇ। ਤੁਸੀਂ ਉਹਨਾਂ ਬੰਦਿਆਂ ਦਾ ਪਤਾ ਕਰਕੇ ਉਹਨਾਂ ਨੂੰ ਵੀ ਹਟਾਇਆ ਸੀ।")

ਇਹ ਗੱਲ ਮੇਰੇ ਚੇਤੇ ਵਿਚ ਨਹੀਂ ਸੀ। ਪਤਨੀ ਦੇ ਕਹਿਣ 'ਤੇ ਹੀ ਚੇਤੇ ਆਈ। ਇੰਝ ਹੀ ਕਈ ਹੋਰ ਗੱਲਾਂ ਹਨ; ਚੇਤੇ ਵਿਚਲੀਆਂ ਵੀ ਤੇ ਚੇਤੇ 'ਚੋਂ ਵਿਸਰ ਗਈਆਂ ਵੀ। ਪਰ ਮੇਰਾ ਉਹਨਾਂ ਸਾਰੀਆਂ ਗੱਲਾਂ ਨੂੰ ਹੀ ਬਿਆਨ ਕਰਨ ਦਾ ਮਕਸਦ ਨਹੀਂ। ਮੈਂ ਤਾਂ ਇਹਨਾਂ ਕੁੱਝ ਇਕ ਗੱਲਾਂ ਦੇ ਪਿਛੋਕੜ ਨੂੰ ਬਿਆਨ ਕਰਕੇ ਅਸਲੀ ਘਟਨਾ ਤੁਹਾਡੇ ਨਾਲ ਸਾਂਝੀ ਕਰਨੀ ਹੈ।

ਇਹ ਅੱਠਵੇਂ ਦਹਾਕੇ ਦੇ ਅੰਤਲੇ ਸਾਲਾਂ ਦੀ ਗੱਲ ਹੈ। ਇਹਨਾਂ ਪਿਛਲੇ ਸਾਲਾਂ ਵਿਚ ਪੁਲਾਂ ਹੇਠੋਂ ਬਹੁਤ ਪਾਣੀ ਲੰਘ ਚੁੱਕਾ ਸੀ। 1975 ਵਿਚ ਲੱਗੀ ਐਮਰਜੈਂਸੀ ਨੇ ਇਕ ਵਾਰ ਤਾਂ ਲੋਕਾਂ ਨੂੰ ਨਿੱਸਲ ਕਰ ਦਿੱਤਾ ਸੀ। ਮੈਂ ਦੋ ਵਾਰ ਐਮਰਜੈਂਸੀ ਵਿਚ ਜੇਲ੍ਹ ਯਾਤਰਾ ਕਰ ਚੁੱਕਾ ਸਾਂ। ਨੌਜਵਾਨ ਭਾਰਤ ਸਭਾਵਾਂ ਦਾ ਪਹਿਲਾ ਢਾਂਚਾ ਉਖੜ ਪੁੱਖੜ ਚੁੱਕਾ ਸੀ। ਮੇਰੇ ਪਿੰਡ ਦੇ ਕੁੱਝ ਨੌਜਵਾਨ ਆਪੋ ਆਪਣੇ ਕੰਮਾਂ ਧੰਦਿਆਂ 'ਤੇ ਜਾ ਲੱਗੇ ਸਨ। ਕੁੱਝ ਵਿਆਹੇ ਗਏ ਸਨ ਤੇ ਪਰਿਵਾਰ ਪਾਲਣ ਲੱਗ ਗਏ ਸਨ। ਉਂਝ ਵੀ ਮੈਂ ਨਕਸਲੀ ਸਿਆਸਤ ਤੋਂ ਕਿਨਾਰਾਕਸ਼ੀ ਕਰ ਲਈ ਸੀ। ਪਹਿਲਾਂ ਵੀ ਮੈਂ ਨੌਜਵਾਨ ਭਾਰਤ ਸਭਾ ਤੇ ਅਧਿਆਪਕ ਯੂਨੀਅਨ ਵਿਚ ਇਸ ਕਰਕੇ ਕੰਮ ਕਰਦਾ ਰਿਹਾ ਸਾਂ ਕਿਉਂਕਿ ਕੁੱਝ ਸਾਰਥਕ ਕਰਨ ਦਾ ਚਾਅ ਸੀ ਮੇਰੇ ਮਨ ਵਿਚ। ਉਸ ਗੁਰੱਪ ਦੀ ਸਿਆਸਤ ਤੋਂ ਮੈਂ ਪਹਿਲਾਂ ਹੀ ਟੇਢ ਵੱਟੀ ਹੋਈ ਸੀ। ਐਮਰਜੈਂਸੀ ਦੀ ਜੇਲ੍ਹ ਭੁਗਤਣ ਤੋਂ ਬਾਅਦ ਮੈਂ ਪੰਜਾਬ ਯੂਨੀਵਰਸਿਟੀ ਤੋਂ ਐੱਮ ਫ਼ਿਲ ਕਰ ਲਈ ਸੀ ਤੇ ਇਹਨੀਂ ਦਿਨੀਂ ਆਦਰਸ਼ ਸਕੂਲ ਧਰਦਿਓ-ਬੁੱਟਰ ਵਿਚ ਪੰਜਾਬੀ ਦਾ ਲੈਕਚਰਾਰ ਜਾ ਲੱਗਾ ਸਾਂ। ਓਥੇ ਕਿਰਾਏ 'ਤੇ ਕਮਰਾ ਲੈ ਰੱਖਿਆ ਸੀ। ਕਦੀ ਕਦੀ ਓਥੇ ਵੀ ਰਹਿ ਪੈਂਦਾ ਪਰ ਬਹੁਤੀ ਵਾਰ ਤਾਂ ਰੋਜ਼ ਹੀ ਪਿੰਡ ਆ ਜਾਂਦਾ ਕਿਉਂਕਿ ਪਿੱਛੇ ਪਤਨੀ ਤੇ ਛੋਟੇ ਬੱਚੇ ਇਕੱਲੇ ਰਹਿੰਦੇ ਸਨ। ਸਵੇਰੇ ਤੜਕੇ ਬੱਸ ਫੜ ਕੇ ਫੇਰ ਸਕੂਲ ਵੱਲ ਤੁਰ ਪੈਂਦਾ। ਸ਼ਨਿੱਚਰ-ਐਤ ਪਿੰਡ ਆਉਂਦਾ ਹੀ।

ਇਸ ਸ਼ਨਿੱਚਰ ਦੀ ਰਾਤ ਨੂੰ ਮੈਂ ਘਰ ਪਹੁੰਚਿਆ ਤਾਂ ਪਤਨੀ ਨੇ ਬੜੀ ਉਦਾਸ ਖ਼ਬਰ ਸੁਣਾਈ। ਪਿੰਡ ਦੇ ਹੀ ਕੁੱਝ ਬੰਦਿਆਂ ਨੇ ਪਿੰਡ ਦੀ ਔਰਤ ਨੂੰ ਗਲੀਆਂ ਵਿਚ ਨੰਗਿਆਂ ਕਰਕੇ ਫੇਰਿਆ ਸੀ। 'ਕਸੂਰ' ਉਸਦਾ ਇਹ ਸੀ ਕਿ ਉਸਦੇ ਮੁੰਡੇ ਨੇ ਅਗਲਿਆਂ ਦੀ ਕੁੜੀ ਨਾਲ ਬਦਤਮੀਜ਼ੀ ਕੀਤੀ ਸੀ। ਮੁੰਡੇ ਨੇ ਬੜੀ ਮਾੜੀ ਗੱਲ ਕੀਤੀ ਸੀ। ਪਿੰਡ ਦੀ ਧੀ-ਭੈਣ ਤਾਂ ਸਾਰੇ ਪਿੰਡ ਦੀ ਧੀ-ਭੈਣ ਹੁੰਦੀ ਸੀ। ਉਹਨੇ ਆਪਣੀ ਭੈਣ ਨਾਲ ਭੱਦਾ ਮਜ਼ਾਕ ਕੀਤਾ ਸੀ। ਉਸਨੂੰ ਬਣਦੀ ਸਜ਼ਾ ਮਿਲਣੀ ਚਾਹੀਦੀ ਸੀ। ਉਹ ਤਾਂ ਲੁਕ ਗਿਆ ਸੀ ਪਰ ਸਜ਼ਾ ਉਹਦੀ ਮਾਂ ਭੁਗਤ ਰਹੀ ਸੀ। ਪਹਿਲਾਂ ਉਸਨੇ ਆਪਣੀ 'ਭੈਣ' ਨੂੰ ਛੇੜਿਆ ਸੀ ਤੇ ਹੁਣ ਮਾਂ ਨੂੰ ਨੰਗੀ ਕਰਨ ਦਾ ਕਾਰਨ ਬਣ ਗਿਆ ਸੀ। ਜਟਕੇ ਜਿਹੇ ਤਰਕ ਮੁਤਾਬਕ ਮਾਂ ਦਾ 'ਕਸੂਰ' ਇਹ ਸੀ ਕਿ ਉਹਨੇ ਅਜਿਹੀ 'ਗੰਦੀ ਔਲਾਦ' ਜੰਮੀ ਹੀ ਕਿਉਂ ਸੀ! ਜੇ ਉਸਨੇ ਇਹੋ ਜਿਹਾ ਮੁੰਡਾ ਜੰਮਿਆਂ ਸੀ ਤਾਂ ਹੁਣ ਭੁਗਤੇ ਵੀ ਉਹੋ ਈ। ਅਗਲਿਆਂ ਨੇ ਬਦਲਾ ਲੈਣ ਲਈ ਇਹ ਕਾਰਵਾਈ ਕੀਤੀ ਸੀ।

ਮੇਰੀ ਪਤਨੀ ਨੂੰ ਗਿਲਾ ਸੀ ਕਿ ਪਿੰਡ ਦੇ ਬੰਦਿਆਂ ਨੇ ਉਸ ਔਰਤ ਨੂੰ ਛੁਡਾਉਣ ਦਾ ਕੋਈ ਚਾਰਾ ਨਹੀਂ ਸੀ ਕੀਤਾ। ਲੋਕ ਕੋਠਿਆਂ ਉੱਤੇ, ਗਲੀਆਂ ਦੇ ਮੋੜਾਂ 'ਤੇ ਖਲੋ ਕੇ 'ਤਮਾਸ਼ਾ' ਵੇਖਦੇ ਰਹੇ ਪਰ ਉਸ ਔਰਤ ਵੱਲੋਂ ਛੁਡਾਏ ਜਾਣ ਲਈ ਪਾਈਆਂ ਬਹੁੜੀਆਂ ਤੇ ਦੁਹਾਈਆਂ ਦਾ ਉਹਨਾਂ 'ਤੇ ਕੋਈ ਅਸਰ ਨਾ ਹੋਇਆ। ਅਸਰ ਤਾਂ ਹੋਇਆ ਹੋਵੇਗਾ ਪਰ ਕਿਸੇ ਵਿਚ ਅੱਗੇ ਵਧਕੇ ਛੁਡਾਉਣ ਦੀ ਹਿੰਮਤ ਨਹੀਂ ਸੀ। ਅਗਲਿਆਂ ਨੇ ਲਲਕਾਰਿਆ ਸੀ ਕਿ ਜਿਹੜਾ ਉਹਨੂੰ ਛੁਡਾਉਣ ਲਈ ਅੱਗੇ ਆਇਆ, ਉਹਦੀ ਜਾਨ ਦੀ ਖ਼ੈਰ ਨਹੀਂ। ਜਾਨ ਦੀ ਖ਼ੈਰ ਤਾਂ ਸਾਰੇ ਹੀ ਲੋੜਦੇ ਸਨ। ਹੋਰਨਾਂ ਵਾਂਗ ਕੋਠੇ 'ਤੇ ਖਲੋ ਕੇ ਔਰਤ ਨਾਲ ਹੁੰਦੀ ਬਦਸਲੂਕੀ ਵੇਖ ਕੇ ਮੇਰੀ ਪਤਨੀ ਨੇ ਅੱਖਾਂ 'ਚ ਗਲੇਡੂ ਭਰ ਕੇ ਨੇੜੇ ਆਣ ਖਲੋਤੀ ਗਵਾਂਢਣ ਸੁਰਜੀਤ ਕੌਰ ਨੂੰ ਕਿਹਾ ਸੀ, "ਨੀ ਸੁਰਜੀਤ ਕੁਰੇ! ਪਿੰਡ ਅਸਲੋਂ ਈ ਗਰਕ ਗਿਆ। ਵੇਖ! ਬੰਦੇ ਬੁੱਢੀਆਂ ਕੰਧਾਂ ਕੌਲਿਆਂ 'ਤੇ ਖਲੋਤੇ ਬੂਥੇ ਚੁੱਕੀ ਤਮਾਸ਼ਾ ਵੇਖੀ ਜਾਂਦੇ ਆ। ਉਹਨੂੰ ਇਹਨਾਂ ਰਾਖਸ਼ਾਂ ਤੋਂ ਛੁਡਾਉਂਦਾ ਕੋਈ ਨਹੀਂ ਅੜੀਏ!"

ਗਲੀ ਦੇ ਅਗਲੇ ਮੋੜ 'ਤੇ ਬਜ਼ੁਰਗ ਕਾਮਰੇਡ ਹਰਬੰਸ ਸਿੰਘ ਨੇ ਬੰਦੂਕ ਵਾਲੇ ਦਾ ਨਾਂ ਲੈ ਕੇ ਫਿਟਕਾਰਿਆ ਜ਼ਰੂਰ ਸੀ, "ਓ ਚੱਜ ਕਰੋ ਕੁੱਝ ਉਏ! ਬੰਦਿਆਂ ਵਾਲੀ ਗੱਲ ਕਰੋ। ਇਹਦਾ ਵਿਚਾਰੀ ਦਾ ਕੀ ਕਸੂਰ ਏ? ਮੁੰਡੇ ਨੂੰ ਫੜ ਕੇ ਭਾਵੇਂ ਗੋਲੀ ਮਾਰ ਦੋ।"

ਉਹ ਅੱਗੇ ਵਧਿਆ ਤਾਂ ਬੰਦੂਕ ਵਾਲੇ ਨੇ ਸੱਜੇ ਹੱਥ ਨਾਲ ਬੰਦੂਕ ਸੰਭਾਲੀ ਤੇ ਖੱਬੇ ਹੱਥ ਨਾਲ ਅੱਗੇ ਵਧੀ ਆਉਂਦੇ ਕਾਮਰੇਡ ਦੇ ਗਲ੍ਹੱਬਾ ਮਾਰਿਆ। ਕਾਮਰੇਡ ਪਿੱਠ ਪਰਨੇ ਗਲੀ ਵਿਚ ਡਿਗ ਪਿਆ।

ਕਾਮਰੇਡ ਆਪਣੀ ਵਿੰਗੀ ਬਾਂਹ ਨੂੰ ਪਲੋਸਣ ਲੱਗਾ।

"ਕਾਮਰੇਡਾ! ਆਪਣਾ ਕੰਮ ਕਰ। ਅੱਗੇ ਤੇਰੀ ਖੱਬੀ ਬਾਂਹ ਟੁੱਟੀ ਆ; ਹੁਣ ਸੱਜੀ ਨਾ ਤੁੜਾ ਬਈ।"

ਕੋਠਿਆਂ 'ਤੇ ਖਲੋਤੇ ਲੋਕਾਂ ਨੇ ਸਭ ਕੁੱਝ ਵੇਖਿਆ ਸੀ। ਕਾਮਰੇਡ ਨੂੰ ਅੱਗੇ ਵਧਦਿਆਂ ਵੀ ਤੇ ਪਿੱਛੇ ਡਿੱਗਦਿਆਂ ਵੀ। ਉਹ ਕਾਮਰੇਡ ਨੂੰ ਵੇਖ ਕੇ ਅੱਗੇ ਵਧਦੇ ਤਾਂ, ਔਰਤ ਦੀ 'ਇੱਜ਼ਤ' ਤਾਂ ਗਈ ਹੀ ਸੀ, ਪਿੰਡ ਦੀ ਇੱਜ਼ਤ ਤਾਂ ਰਹਿ ਜਾਂਦੀ।

ਮੈਂ ਕਲਪਨਾ ਵਿਚ ਅਜੇ ਵੀ ਗਲੀ ਵਿਚ ਫਿਰ ਰਿਹਾ ਸਾਂ। ਕੋਲ ਪਈ ਪਤਨੀ ਹੌਲੀ ਜਿਹੀ ਫੁਸਫੁਸਾਈ, "ਮੈਂ ਤਾਂ ਸੁਰਜੀਤ ਕੌਰ ਨੂੰ ਆਂਹਦੀ ਸਾਂ ਕਿ ਜੇ ਉਹ ਏਥੇ ਹੁੰਦੇ, ਉਹਨਾਂ ਤਾਂ ਇਸਤਰ੍ਹਾਂ ਨਹੀਂ ਸੀ ਹੋਣ ਦੇਣਾ ਕਦੀ ਵੀ। ਭਾਵੇਂ ਕੁੱਝ ਹੁੰਦਾ, ਉਹ ਤਾਂ ਲੋਕਾਂ ਨੂੰ ਵੰਗਾਰ ਕੇ ਕਾਮਰੇਡ ਤੋਂ ਵੀ ਪਹਿਲਾਂ ਜਾ ਕੁੱਦਦੇ ਮੌਤ ਦੇ ਮੂੰਹ ਵਿਚ, ਪਰ ਉਸਨੂੰ ਨੰਗਿਆਂ ਨਹੀਂ ਸੀ ਹੋਣ ਦਿੰਦੇ!"

ਮੇਰੀ ਪਤਨੀ ਨੇ ਮੇਰੇ ਨਾਲ ਵਿਆਹ ਕਰਵਾਉਣ ਤੋਂ ਬਾਅਦ ਮੇਰੇ ਵੱਲੋਂ ਕਦੇ ਬਹੁਤੇ ਸੁਖ ਦੇ ਦਿਨ ਨਹੀਂ ਸਨ ਵੇਖੇ। ਏਨੇ ਕੁ ਸਾਲਾਂ ਵਿਚ ਤਿੰਨ ਚਾਰ ਵਾਰ ਜੇਲ੍ਹ ਯਾਤਰਾ ਕਰ ਆਇਆ ਸਾਂ। ਇਕ ਦੋ ਵਾਰ ਤਾਂ ਅਜਿਹਾ ਵੀ ਹੋਇਆ ਕਿ ਉਸ ਨੂੰ ਕਈ ਕੰਈ ਦਿਨ ਖ਼ਬਰ ਹੀ ਨਾ ਹੁੰਦੀ ਕਿ ਪੁਲਿਸ ਮੈਨੂੰ ਕਿੱਥੇ ਲੈ ਗਈ ਹੈ! ਉਹਨੂੰ ਇਹ ਵੀ ਧੁੜਕੂ ਰਹਿੰਦਾ ਕਿ ਪੁਲਿਸ ਨੇ ਮੈਨੂੰ ਮਾਰ ਖ਼ਪਾ ਹੀ ਨਾ ਦਿੱਤਾ ਹੋਵੇ ਜਾਂ ਕਿਸੇ ਵੇਲੇ ਵੀ ਅਜਿਹਾ ਭਾਣਾ ਵਾਪਰ ਨਾ ਜਾਵੇ! ਇਸ ਸਭ ਕੁੱਝ ਦੇ ਬਾਵਜੂਦ ਉਸਨੂੰ ਮੇਰੇ 'ਤੇ ਗਿਲਾ ਕੋਈ ਨਹੀਂ ਸੀ। ਉਹਨੂੰ ਅੰਦਰੋਂ ਸ਼ਾਇਦ ਇਹ ਲੱਗਦਾ ਸੀ ਕਿ ਮੈਂ ਗ਼ਲਤ ਨਹੀਂ ਸਾਂ। ਪਰ ਅਜਿਹਾ ਵੀ ਨਹੀਂ ਸੀ ਕਿ ਉਹ ਮੈਨੂੰ 'ਮੇਰੇ ਰਾਹ' 'ਤੇ ਤੁਰੇ ਜਾਣ ਲਈ ਕੋਈ ਉਚੇਚੀ ਹੱਲਾ-ਸ਼ੇਰੀ ਦਿੰਦੀ ਹੋਵੇ। ਨਾ ਉਸਨੇ ਕਦੀ ਜ਼ਾਹਿਰਾ ਤੌਰ 'ਤੇ ਮੇਰੇ ਕੀਤੇ ਦੀ ਕੋਈ ਪ੍ਰਸੰਸਾ ਕੀਤੀ ਸੀ ਨਾ ਨਿੰਦਿਆ। ਉਹ ਤਾਂ ਜਿਵੇਂ ਵੀ ਜ਼ਿੰਦਗੀ ਚੱਲਦੀ ਸੀ, ਉਸ 'ਤੇ ਖ਼ੁਸ਼ ਸੀ। ਅੱਜ ਪਹਿਲੀ ਵਾਰ ਸੀ ਕਿ ਉਸਨੇ ਮੇਰੇ ਬਾਰੇ ਅਜਿਹੀ ਟਿੱਪਣੀ ਕੀਤੀ ਸੀ, "ਮੈਂ ਤਾਂ ਸੁਰਜੀਤ ਕੌਰ ਨੂੰ ਆਂਹਦੀ ਸਾਂ ਕਿ ਜੇ ਉਹ ਏਥੇ ਹੁੰਦੇ, ਉਹਨਾਂ ਤਾਂ ਇਸਤਰ੍ਹਾਂ ਨਹੀਂ ਸੀ ਹੋਣ ਦੇਣਾ ਕਦੀ ਵੀ। ਭਾਵੇਂ ਕੁੱਝ ਹੁੰਦਾ, ਉਹ ਤਾਂ ਲੋਕਾਂ ਨੂੰ ਵੰਗਾਰ ਕੇ, ਕਾਮਰੇਡ ਤੋਂ ਵੀ ਪਹਿਲਾਂ, ਜਾ ਕੁੱਦਦੇ ਮੌਤ ਦੇ ਮੂੰਹ ਵਿਚ, ਪਰ ਉਹਨੂੰ ਨੰਗਿਆਂ ਨਹੀਂ ਸੀ ਹੋਣ ਦਿੰਦੇ!"

ਉਹ ਤਾਂ ਹੁਣ ਵੀ ਚਾਹ ਰਹੀ ਸੀ ਕਿ ਜੇ ਮਜ਼ਲੂਮ ਧਿਰ ਦੀ ਮਦਦ ਕੀਤੀ ਜਾ ਸਕਦੀ ਹੋਵੇ ਤਾਂ ਜ਼ਰੂਰ ਕਰਾਂ!

ਮੈਨੂੰ ਇਕ ਪਲ ਲਈ ਉਹਦੇ 'ਤੇ ਲਾਡ ਆਇਆ ਤੇ ਆਪਣੇ ਆਪ 'ਤੇ ਮਾਣ ਵੀ ਹੋਇਆ। ਇਹ ਵੀ ਜਾਪਿਆ ਜਿਵੇਂ ਕਾਮਰੇਡ ਦੀ ਥਾਂ ਮੈਂ ਖ਼ੁਦ ਗਲੀ ਵਿਚ ਨਿੱਤਰ ਪਿਆ ਸਾਂ। ਪਰ ਮੈਂ ਤਾਂ ਇਕੱਲਾ ਸਾਂ! ਮੇਰੇ ਸਾਥੀ ਕਿੱਥੇ ਸਨ! ਅਗਲੇ ਪਲ ਮੈਂ ਪਿੱਠ ਪਰਨੇ ਧਰਤੀ 'ਤੇ ਡਿੱਗਾ ਪਿਆ ਸਾਂ।

ਇਕੱਲੇ ਕਾਮਰੇਡ ਤੋਂ ਬਿਨਾਂ ਸਾਰੇ ਪਿੰਡ 'ਚੋਂ ਕੋਈ ਮਰਦ ਨਿੱਤਰਿਆ ਈ ਨਾ ਜਿਹੜਾ ਉਸ ਅਬਲਾ ਦੀ ਮਦਦ ਕਰਦਾ! ਇਹ ਠੀਕ ਹੈ ਕਿ ਕਾਮਰੇਡ ਵੀ ਅੱਜ ਕੱਲ੍ਹ 'ਇਕੱਲਾ' ਹੀ ਰਹਿ ਗਿਆ ਸੀ। ਕਾਮਰੇਡੀ ਹਰਬੰਸ ਸਿੰਘ ਨੂੰ ਵਿਰਾਸਤ 'ਚੋਂ ਮਿਲੀ ਸੀ। ਕਦੀ ਉਹਦਾ ਬਜ਼ੁਰਗਾ ਬਾਪ ਫ਼ਤਹਿ ਸਿੰਘ ਕਾਮਰੇਡ ਪਿੰਡ ਵਿੱਚ ਵੱਡੇ ਵੱਡੇ ਜਲਸੇ ਕਰਵਾਉਂਦਾ ਹੁੰਦਾ ਸੀ। ਭੀੜਾਂ ਉੱਲਰ ਆਉਂਦੀਆਂ ਸਨ ਕਾਮਰੇਡਾਂ ਦਾ ਜਲਸਾ ਤੇ ਡਰਾਮਾ ਵੇਖਣ ਲਈ। ਕਮਿਊਨਿਸਟ ਲੀਡਰ ਤਕਰੀਰਾਂ ਕਰਦੇ ਤਾਂ ਨਾ ਉਹ ਇਲਾਕੇ ਤੇ ਪਿੰਡ ਦੇ ਚੌਧਰੀਆਂ ਤੋਂ ਡਰਦੇ ਤੇ ਨਾ ਹੀ ਸਰਕਾਰ ਜਾਂ ਪੁਲਿਸ ਤੋਂ। ਉਹ ਤਾਂ ਲਲਕਾਰ ਕੇ ਆਖਦੇ, "ਜੇ ਕੋਈ ਇਹਨਾਂ ਧੱਕੜਾਂ ਤੇ ਬਦਮਾਸ਼ਾਂ ਦਾ ਟੁਕੜ-ਬੋਚ ਜਲਸੇ ਵਿਚ ਬੈਠਾ ਹੈ ਤਾਂ ਜਾ ਦੱਸੇ ਉਹਨਾਂ ਨੂੰ। ਉਹਨਾਂ ਦਾ ਧੱਕਾ ਹੁਣ ਲੋਕ ਚੱਲਣ ਨਹੀਂ ਦੇਣਗੇ। ਸੀ ਆਈ ਡੀ ਵਾਲੇ ਵੀ ਕੰਨ ਖੋਲ੍ਹ ਕੇ ਸੁਣ ਲੈਣ। ਦੱਸ ਦੇਣ ਆਪਣੇ ਆਕਾਵਾਂ ਨੂੰ। ਲੋਕ ਹੁਣ ਜਾਗ ਪਏ ਨੇ। ਹੁਣ ਤੁਹਾਡੀਆਂ ਚੰਮ ਦੀਆਂ ਬਹੁਤੀ ਦੇਰ ਨਹੀਂ ਚੱਲਣ ਲੱਗੀਆਂ।"

ਫੇਰ ਵੀ ਸ਼ੁਕਰ ਸੀ; ਕਾਮਰੇਡ 'ਇਕੱਲਾ' ਰਹਿ ਜਾਣ ਦੇ ਬਾਵਜੂਦ 'ਮਰਿਆ' ਨਹੀਂ ਸੀ। ਉਸ ਵਿਚ ਇਸ ਪਿੰਡ ਦੀ ਆਤਮਾ ਜਿਊਂਦੀ ਸੀ ਅਜੇ। ਕੋਈ ਤਾਂ ਸੀ ਜਿਸਨੇ ਪਿੰਡ ਦੇ ਇਤਿਹਾਸ ਦਾ ਮੂੰਹ ਅਸਲੋਂ ਹੀ ਕਾਲਾ ਨਹੀਂ ਸੀ ਹੋਣ ਦਿੱਤਾ। ਉਹ ਸਫ਼ਲ ਤਾਂ ਨਹੀਂ ਸੀ ਹੋਇਆ ਪਰ ਉਸਨੇ 'ਹਾਅ' ਦਾ ਨਾਅਰਾ ਤਾਂ ਮਾਰਿਆ ਹੀ ਸੀ।

ਪਤਨੀ ਫੇਰ ਹੁੰਗਾਰੀ, "ਕਲਜੁਗ ਆ ਗਿਆ। ਹਨੇਰ ਸਾਈਂ ਦਾ! ਇਹ ਕੇਹੋ ਜਿਹਾ ਏ ਤੁਹਾਡਾ ਪਿੰਡ?"

ਮੈਂ ਸ਼ਰਮਸਾਰ ਹੋ ਗਿਆ। 'ਏਹੋ ਜਿਹਾ ਤਾਂ ਨਹੀਂ ਸੀ ਮੇਰਾ ਪਿੰਡ।' ਮੈਂ ਤਾਂ ਪਿੰਡ ਦੇ ਸ਼ਾਨਾਂ-ਮੱਤੇ ਇਤਿਹਾਸ ਦਾ ਬੜਾ ਮਾਣ ਕਰਦਾ ਸਾਂ। ਜਦੋਂ ਵੀ ਆਪਣੇ ਪਿੰਡ ਦਾ ਜ਼ਿਕਰ ਕਰਦਾ ਤਾਂ ਮੇਰੇ ਬੋਲਾਂ ਵਿਚ ਬੱਚਿਆਂ ਵਾਲਾ ਉਤਸ਼ਾਹ ਹੁੰਦਾ। ਮੈਂ ਹੁਣ ਵੀ ਅਕਸਰ ਬੜੇ ਮਾਣ ਨਾਲ ਆਪਣੇ ਪਿੰਡ ਦੇ ਇਸ ਵਿਰਾਸਤੀ ਗੌਰਵ ਦੀ ਵਡਿਆਈ ਕਰਦਾ ਰਹਿੰਦਾਂ। ਸੁਰ ਸਿੰਘ ਦਾ ਪੰਜਾਬ ਅਤੇ ਭਾਰਤ ਦੇ ਇਤਿਹਾਸ ਵਿਚ ਬਹੁਤ ਹੀ ਮਾਣਯੋਗ ਸਥਾਨ ਹੈ। ਗੁਰੂ-ਕਾਲ ਦੇ ਮੁੱਢਲੇ ਦਿਨਾਂ ਤੋਂ ਇਸਦੀ ਸਿੱਖੀ ਦੀ ਵਿਰਾਸਤੀ ਸ਼ਾਨ ਨਾਲ ਸਾਂਝ ਰਹੀ ਹੈ। ਗੁਰੂ ਅਰਜਨ ਤੇ ਗੁਰੂ ਹਰਗੋਬਿੰਦ ਵੇਲੇ ਸਾਡੇ ਪਿੰਡ ਦਾ ਭਾਈ ਬਿਧੀ ਚੰਦ ਉਹਨਾਂ ਦਾ ਸਿੱਖ ਤੇ ਸੰਗੀ-ਸਾਥੀ ਰਿਹਾ। ਸ਼ਾਹਜਹਾਨ ਦੇ ਫੌਜੀਆਂ ਵੱਲੋਂ ਗੁਰੂ ਹਰਗੋਬਿੰਦ ਦੀ ਭੇਟਾ ਲਿਆਂਦੇ ਜਾਣ ਵਾਲੇ ਕਾਬਲ ਦੇ ਸਿੱਖ ਕੋਲੋਂ ਖੋਹੇ ਗਏ ਘੋੜੇ, ਦਿਲਬਾਗ ਤੇ ਗੁਲਬਾਗ, ਭਾਈ ਬਿਧੀ ਚੰਦ ਹੀ ਇਕ ਵਾਰ ਘਾਹੀ ਤੇ ਇਕ ਵਾਰ ਨਜੂਮੀ ਦਾ ਭੇਸ ਧਾਰ ਕੇ ਲਾਹੌਰ ਦੇ ਕਿਲ੍ਹੇ ਵਿਚੋਂ ਕੱਢ ਕੇ ਲਿਆਇਆ ਸੀ। ਪੱਟੀ ਸ਼ਹਿਰ 'ਚੋਂ ਮੁਗਲਾਂ ਵੱਲੋਂ ਖੋਹੇ ਗੁਰੂ ਘਰ ਦੇ ਦੁਸ਼ਾਲੇ ਲਿਆਉਣ ਵਾਲਾ ਬਿਧੀ ਚੰਦ ਦਾ ਪਰਸੰਗ ਵੀ ਅਸੀਂ ਪੜ੍ਹਦੇ ਸੁਣਦੇ ਆਂਏ ਹਾਂ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਦੀ ਸਾਜਨਾ ਕੀਤੀ ਤਾਂ ਸਿੱਖਾਂ ਵਿਚ ਹੱਕਸੱਚ ਲਈ ਲੜ ਮਰਨ ਲਈ ਜੋਸ਼ ਪੈਦਾ ਕਰਨ ਲਈ, ਯੋਧਿਆਂ ਦੀਆਂ ਵਾਰਾਂ ਦਾ ਗਾਇਨ ਕਰਨ ਵਾਲੇ ਪਹਿਲੇ ਢਾਡੀ ਨੱਥਾ ਤੇ ਅਬਦੁੱਲਾ ਸੁਰ ਸਿੰਘ ਪਿੰਡ ਦੇ ਹੀ ਸਨ। ਗੁਰੂ ਗੋਬਿੰਦ ਸਿੰਘ ਜੀ ਲਈ ਜਾਨ ਦੀ ਬਾਜ਼ੀ ਲਾਉਣ ਵਾਲੇ ਅਤੇ ਟੁੱਟੀ ਗੰਢਣ ਵਾਲੇ ਚਾਲੀ ਮੁਕਤਿਆਂ ਦੇ ਆਗੂ ਜੱਥੇਦਾਰ ਭਾਈ ਮਹਾਂ ਸਿੰਘ ਇਸੇ ਹੀ ਪਿੰਡ ਦੇ ਸਨ।

ਪਤਨੀ ਨੇ ਗੁੱਸੇ ਅਤੇ ਹਿਰਖ਼ ਨਾਲ ਆਖਿਆ, "ਇਹਨਾਂ ਨੂੰ ਕੀਤੇ ਦੀ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਏ। ਕਰੋ ਕੁੱਝ ਤੁਸੀਂ। ਮੈਨੂੰ ਪਤੈ; ਕਰ ਸਕਦੇ ਜੇ। ਮੁੰਡੇ ਨੂੰ ਵੀ ਸਜ਼ਾ ਮਿਲੇ ਤੇ ਇਹਨਾਂ ਨੂੰ ਵੀ। ਪਹਿਲਾਂ ਵਾਂਗ ਬੰਦੇ ਕੱਠੇ ਕਰੋ। ਪੁਲਿਸ ਨੂੰ ਮਿਲੋ। ਕੁੱਝ ਵੀ ਕਰੋ। ਕੀ ਕਰਨੈ, ਤੁਸੀਂ ਜਾਣੋ। ਹੈ ਹਾਇ! ਏਨਾ ਕਲਜੁਗ!"

ਮੈਨੂੰ ਲੱਗਾ ਉਹਦੇ ਪਿੰਡ ਝਬਾਲ ਦੀ ਮਾਈ ਭਾਗੋ ਮੇਰੇ ਪਿੰਡ ਦੇ ਭਾਈ ਮਹਾਂ ਸਿੰਘ ਨੂੰ ਫੇਰ ਵੰਗਾਰ ਰਹੀ ਹੈ, "ਮਹਾਂ ਸਿੰਘਾ! ਤੇਰੇ ਪਿੰਡ ਦੇ ਸਿੰਘ ਗੁਰੂ ਤੋਂ ਫੇਰ ਬੇਮੁੱਖ ਹੋ ਗਏ ਈ। ਇਹਨਾਂ ਨੂੰ ਆਖ ਪਾ ਲੈਣ ਚੂੜੀਆਂ ਆਪਣੇ ਹੱਥੀਂ।"

ਗੁਰੂ ਗੋਬਿੰਦ ਸਿੰਘ ਕੋਲੋਂ ਅੰਮ੍ਰਿਤ ਛਕਣ ਵਾਲੇ ਸੁਰ ਸਿੰਘ ਦੇ ਜੱਦੀ ਵਸਨੀਕ ਤੇ ਜੱਸਾ ਸਿੰਘ ਰਾਮਗੜ੍ਹੀਏ ਦੇ ਬਾਬੇ ਭਾਈ ਹਰਦਾਸ ਸਿੰਘ ਨੇ ਬਚਿੱਤਰ ਸਿੰਘ ਵੱਲੋਂ ਹਾਥੀ ਦਾ ਮੱਥਾ ਵਿੰਨ੍ਹਣ ਵਾਲੀ ਆਪਣੇ ਹੱਥੀਂ ਬਣਾਈ ਨਾਗਣੀ ਮੇਰੇ ਮੱਥੇ ਵੱਲ ਸਿੱਧੀ ਕੀਤੀ ਹੋਈ ਸੀ।

ਮੁਗ਼ਲ ਰਾਜ ਹੀ ਨਹੀਂ ਸਗੋਂ ਅੰਗਰੇਜ਼ੀ ਰਾਜ ਸਮੇਂ ਚੱਲੇ ਹਰੇਕ ਅੰਗਰੇਜ਼ ਵਿਰੋਧੀ ਅੰਦੋਲਨ ਵਿਚ ਸੁਰ ਸਿੰਘ ਪੇਸ਼ਪੇਸ਼ ਰਿਹਾ। ਵੀਹਵੀਂ ਸਦੀ ਦੇ ਸ਼ੁਰੂ ਵਿਚ ਅੰਗਰੇਜ਼ੀ ਰਾਜ ਦੀਆਂ ਜੜਾਂ ਪੁੱਟਣ ਲਈ ਬਣੀ 'ਗ਼ਦਰ ਪਾਰਟੀ' ਵਿਚ ਸੁਰ ਸਿੰਘ ਪਿੰਡ ਦਾ ਪ੍ਰਮੁੱਖ ਰੋਲ ਸੀ। ਮਾਝੇ ਵਿਚ ਇਸ ਪਿੰਡ ਨੂੰ ਗ਼ਦਰ ਪਾਰਟੀ ਦਾ ਸਭ ਤੋਂ ਵੱਡਾ ਗੜ੍ਹ ਸਮਝਿਆ ਜਾਂਦਾ ਸੀ। ਕਰਤਾਰ ਸਿੰਘ ਸਰਾਭਾ ਦੇ ਨਜ਼ਦੀਕੀ ਸਾਥੀਆਂ ਭਾਈ ਜਗਤ ਸਿੰਘ ਅਤੇ ਪ੍ਰੇਮ ਸਿੰਘ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਪ੍ਰੇਮ ਸਿੰਘ ਦੇ ਛੋਟੇ ਭਰਾ ਭਾਈ ਮਿਤ ਸਿੰਘ ਨੇ ਮੈਨੂੰ ਸਾਡੀ ਬਾਹਰਲੀ ਚੰਦੂ ਕੀ ਪੱਤੀ ਦੀ ਖੂਹੀ ਨੇੜੇ ਖਲੋ ਕੇ ਦੱਸਿਆ ਸੀ, "ਏਸ ਖੂਹੀ 'ਤੇ ਮੈਂ ਕਰਤਾਰ ਸੁੰਹ ਸਰਾਭੇ ਨੂੰ ਨਵ੍ਹਾਇਆ ਸੀ ਪਾਣੀ ਦੇ ਡੋਲ ਕੱਢ ਕੱਢ ਕੇ। ਉਹਦਾ ਗੋਰਾ ਚਿੱਟਾ ਪਿੰਡਾ ਤੇ ਥੱਬੇ ਥੱਬੇ ਦੇ ਲਿਸ਼ਕਦੇ ਪੱਟ ਸਨ। ਉਦੋਂ ਸਰਾਭਾ ਆਪਣੇ ਪਿੰਡ ਕਈ ਦਿਨ ਠਹਿਰਿਆ ਸੀ। ਉਹ ਪਾਰਟੀ ਬਣਾਉਣ ਲਈ ਦਿਨੇ ਨਿਕਲ ਜਾਂਦੇ ਤੇ ਰਾਤ-ਬਰਾਤੇ ਘਰ ਮੁੜਦੇ।"

ਸੁਰ ਸਿੰਘ ਦੇ ਹੀ ਗੁਰਦਿੱਤ ਸਿੰਘ, ਇੰਦਰ ਸਿੰਘ, ਕਾਲਾ ਸਿੰਘ, ਜਵੰਦ ਸਿੰਘ, ਬੁੱਢਾ ਸਿੰਘ, ਗੰਡਾ ਸਿੰਘ, ਕੇਸਰ ਸਿੰਘ ਆਦਿ ਨੂੰ ਉਮਰ ਕੈਦ, ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ। 'ਕਾਮਾਗਾਟਾ ਮਾਰੂ' ਇਨਕੁਆਰੀ ਕਮੇਟੀ ਦੀ ਰਿਪੋਰਟ ਇਹ ਵੀ ਦੱਸਦੀ ਹੈ ਕਿ ਅੰਗਰੇਜ਼ ਸਰਕਾਰ ਬਾਬਾ ਗੁਰਦਿੱਤ ਸਿੰਘ ਤੋਂ ਬਿਨਾਂ ਜਿਨ੍ਹਾਂ ਹੋਰ ਵਿਅਕਤੀਆਂ ਨੂੰ ਖ਼ਤਰਨਾਕ ਲੀਡਰਾਂ ਵਿਚ ਗਿਣਦੀ ਸੀ, ਉਹਨਾਂ ਵਿਚ ਸ. ਸੁੱਚਾ ਸਿੰਘ, ਪਿੰਡ ਸੁਰ ਸਿੰਘ ਵੀ ਇਕ ਅਜਿਹਾ ਹੀ ਖ਼ਤਰਨਾਕ ਬਾਗ਼ੀ ਸੀ ਅਤੇ ਬਜਬਜ ਘਾਟ

'ਤੇ ਚੱਲੀ ਗੋਲੀ ਵਿਚ ਉਸਦੀ ਲੱਤ ਉੱਪਰ ਗੋਲੀ ਵੱਜੀ ਸੀ। ਸੁੱਚਾ ਸਿੰਘ ਵੀ ਸਾਡੀ ਪੱਤੀ ਦਾ ਸੀ। ਮੈਂ ਆਪਣੇ ਬਚਪਨ ਵਿਚ ਉਹਦੀ ਲੱਤ 'ਤੇ ਲੱਗਾ ਗੋਲੀ ਦਾ ਨਿਸ਼ਾਨ ਆਪ ਵੇਖਿਆ ਸੀ। ਇਹਨਾਂ ਸਭ ਲੀਡਰਾਂ ਤੋਂ ਇਲਾਵਾ ਇਹਨਾਂ ਦੇ ਪਿੱਛੇ ਸੈਂਕੜਿਆਂ ਦੀ ਗਿਣਤੀ ਵਿਚ ਹੋਰ ਵਰਕਰ ਵੀ ਦੇਸ਼ ਦੀ ਆਜ਼ਾਦੀ ਪ੍ਰਾਪਤ ਕਰਨ ਲਈ ਗ਼ਦਰ ਪਾਰਟੀ ਵੱਲੋਂ ਆਰੰਭ ਕੀਤੇ ਸੰਘਰਸ਼ ਵਿਚ ਜੁੱਟੇ ਹੋਏ ਸਨ। ਗ਼ਦਰੀਆਂ ਤੇ ਆਜ਼ਾਦੀ ਸੰਗਰਾਮੀਆਂ ਦੀ ਵੱਧ ਤੋਂ ਵੱਧ ਸਹਾਇਤਾ ਕਰਨ ਲਈ ਤਤਪਰ ਰਹਿਣ ਵਾਲਾ ਸਰਦਾਰ ਹਰਚੰਦ ਸਿੰਘ ਲਾਇਲਪੁਰ ਸੁਰ ਸਿੰਘ ਦਾ ਜੰਮਪਲ ਹੀ ਸੀ। ਉਨ੍ਹੀਵੀਂ ਸਦੀ ਦੇ ਅਖ਼ੀਰ 'ਤੇ ਸ਼ਾਂਤ ਸਾਗਰ ਦੇ ਪੱਛਮੀ ਕੰਢੇ 'ਤੇ ਉੱਤਰਨ ਵਾਲਾ ਤੇ ਹੋਰ ਭਾਰਤੀਆਂ ਵਾਸਤੇ ਅਮਰੀਕਾ ਕਨੇਡਾ ਲਈ ਰਾਹ ਖੋਲ੍ਹਣ ਦਾ ਬਹਾਨਾ ਬਣਨ ਵਾਲਾ ਪਹਿਲਾ ਬੰਦਾ ਭਾਈ ਬਖ਼ਸ਼ੀਸ਼ ਸਿੰਘ ਵੀ ਸੁਰ ਸਿੰਘ ਦਾ ਸੀ। ਗ਼ਦਰ ਪਾਰਟੀ ਦਾ ਆਖ਼ਰੀ ਸਕੱਤਰ ਕੇਸਰ ਸਿੰਘ ਵੀ ਸੁਰ ਸਿੰਘ ਦਾ ਵਸਨੀਕ ਸੀ।

ਕਿਸਾਨ ਮੋਰਚਾ, ਅਕਾਲੀ ਮੋਰਚੇ ਤੇ ਹਰਛਾ ਛੀਨਾ ਮੋਘਾ ਮੋਰਚਾ ਵਿਚ ਵੀ ਸੁਰ ਸਿੰਘ ਦੇ ਅਨੇਕਾਂ ਕਿਸਾਨ ਜੇਲ੍ਹਾਂ ਵਿਚ ਗਏ। ਸਰਕਾਰ ਵਿਰੋਧੀ ਕਿਸਾਨ ਮੋਰਚੇ ਵਿਚ ਜੇਲ੍ਹ ਦੀਆਂ ਤੰਗੀਆਂ ਸਹਿੰਦੇ ਹੋਏ ਸੁਰ ਸਿੰਘ ਦਾ ਲਾਲ ਦੀਨ ਸ਼ਹੀਦੀ ਪਾ ਗਿਆ।

ਪਿੰਡ ਦਾ ਇਤਿਹਾਸ ਮੇਰੇ ਕੋਲੋਂ ਜਵਾਬ ਮੰਗ ਰਿਹਾ ਸੀ। ਸਾਰੀ ਰਾਤ ਮੈਂ ਅੱਜ ਵਾਲੀ ਦੁਖਦਾਈ ਘਟਨਾ ਨੂੰ ਇਸ ਪਿੰਡ ਦੇ ਬਹਾਦਰੀ ਭਰੇ ਇਤਿਹਾਸ ਨਾਲ ਜੋੜ ਕੇ ਸੋਚਦਾ ਰਿਹਾ। ਭਾਈ ਬਿਧੀ ਚੰਦ, ਜਥੇਦਾਰ ਮਹਾਂ ਸਿੰਘ, ਜੱਸਾ ਸਿੰਘ ਰਾਮਗੜ੍ਹੀਏ ਦੇ ਵਡੇਰਿਆਂ ਦਾ ਇਹ ਪਿੰਡ ਅਸਲੋਂ ਹੀ ਕਿਵੇਂ ਗ਼ਰਕ ਗਿਆ ਕਿ ਆਪਣੀ ਹੀ ਇਕ ਔਰਤ ਨੂੰ ਨੰਗਾ ਹੋਣੋ ਬਚਾ ਨਾ ਸਕਿਆ! ਇਹ ਤਾਂ ਉਹਨਾਂ ਗ਼ਦਰੀ ਸੂਰਬੀਰਾਂ ਦਾ ਪਿੰਡ ਸੀ ਜਿਹੜੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋ ਗਏ ਸਨ ਤੇ ਜਿਨ੍ਹਾਂ ਦੀ ਯਾਦਗ਼ਾਰ ਪਿੰਡ ਵਿਚ ਬਣਾਉਣ ਲਈ ਮੈਂ ਕਦੋਂ ਦਾ ਤਰਲੇ-ਮੱਛੀ ਹੋ ਰਿਹਾ ਸਾਂ।

ਉਸ ਰਾਤ ਮੈਨੂੰ ਨੀਂਦ ਨਹੀਂ ਸੀ ਆ ਰਹੀ। ਬੇਚੈਨੀ ਵਿਚ ਕਰਵਟਾਂ ਬਦਲ ਰਿਹਾ ਸਾਂ। ਅੱਖਾਂ ਮੀਟਦਾ ਤਾਂ ਸ਼ਰਮਿੰਦਿਆਂ ਕਰਨ ਵਾਲਾ ਦ੍ਰਿਸ਼ ਕਲਪਨਾ ਵਿਚ ਸਾਕਾਰ ਹੋ ਉੱਠਦਾ। ਭੂਤਾਂ ਦੀ ਭੀੜ ਵਿਚ ਘਿਰੀ ਅਲਫ਼ ਨੰਗੀ ਔਰਤ ਆਪਣੇ ਹੱਥਾਂ ਬਾਹਵਾਂ ਨਾਲ ਨੰਗੇਜ ਨੂੰ ਕੱਜਣ ਦੀ ਕੋਸ਼ਿਸ਼ ਕਰਦੀ ਹੈ। ਗੰਦੀਆਂ ਗਾਲ੍ਹਾਂ ਕੱਢਦੇ ਹੋਏ ਦੋ ਜਣੇ ਸੱਜੇ ਖੱਬਿਓਂ ਉਸਦੀਆਂ ਬਾਹਵਾਂ ਖਿੱਚਦੇ ਹਨ। ਇਕ ਦੇ ਹੱਥ ਕਿਰਪਾਨ, ਦੂਜੇ ਹੱਥ ਬਰਛਾ। ਇਕ ਜਣਾ ਉਹਨਾਂ ਦੇ ਪਿੱਛੇ ਦੁਨਾਲੀ ਬੰਦੂਕ ਫੜੀ ਕੰਧਾਂ ਕੋਠਿਆਂ 'ਤੇ ਚੜ੍ਹੇ ਤਮਾਸ਼ਬੀਨ ਲੋਕਾਂ ਵੱਲ ਇੰਝ ਵੇਖਦਾ ਹੈ ਜਿਵੇਂ ਹੁਣੇ ਹੁਣੇ ਜਮਰੌਦ ਦਾ ਕਿਲ੍ਹਾ ਫ਼ਤਹਿ ਕੀਤਾ ਹੋਵੇ ਤੇ ਹੁਣ ਸਿਖ਼ਰ ਦੁਪਹਿਰੇ ਪਿੰਡ ਦੀਆਂ ਗਲੀਆਂ ਵਿਚ ਜੇਤੂ ਜਲੂਸ ਨਿਕਲ ਰਿਹਾ ਹੈ! ਦੋ ਹਥਿਆਰਬੰਦ ਬੰਦੇ ਬੰਦੂਕ ਵਾਲੇ ਦੇ ਪਿੱਛੇ ਪਿੱਛੇ ਤੁਰ ਰਹੇ ਹਨ।

ਨੰਗੀ ਔਰਤ ਚੀਕਦੀ ਹੈ, ਰੋਂਦੀ ਹੈ। ਉਹਨਾਂ ਦੀ ਪਕੜ ਵਿਚੋਂ ਬਾਹਵਾਂ ਛੁਡਾਉਣ ਦੀ ਅਸਫ਼ਲ ਕੋਸ਼ਿਸ਼ ਕਰਦੀ ਹੈ। ਫਿਰ ਗੋਡਿਆਂ ਭਾਰ ਹੋ ਕੇ ਭੁੰਜੇ ਬਹਿ ਜਾਂਦੀ ਹੈ। ਜਿਸਮ ਦਾ ਅਗਲਾ ਹਿੱਸਾ ਲੁਕਾਉਣ ਲਈ ਆਪਣਾ ਸਿਰ ਜ਼ਮੀਨ ਵਿਚ ਗੱਡ ਦਿੰਦੀ ਹੈ। ਧਰਤੀ ਨੂੰ ਕਹਿ ਰਹੀ ਹੈ ਫਟ ਜਾਣ ਲਈ। ਧਰਤੀ ਫਟਦੀ ਨਹੀਂ। ਬੰਦੂਕ ਵਾਲਾ ਗਾਲ੍ਹ ਕੱਢਕੇ ਪਿੱਠ ਵਿਚ ਲੱਤ ਮਾਰਦਾ ਹੈ। ਬਰਛੇ ਵਾਲਾ ਗੁੱਤੋਂ ਫੜ ਕੇ ਉਠਾਉਂਦਾ ਹੈ। ਵਾਲਾਂ ਤੋਂ ਫੜ ਕੇ ਗਲੀ ਵਿਚ ਧੂਹੀ ਜਾ ਰਹੀ ਹੈ। ਬੰਦੂਕ ਵਾਲਾ ਨਾਲਦਿਆਂ ਨੂੰ ਗਾਲ੍ਹ ਕੱਢ ਕੇ ਆਖਦਾ ਹੈ, "ਭੈਣ...! ਇਹਨੂੰ ਮਾਂ ਨੂੰ ਸਿੱਧਾ ਖੜ੍ਹਾ ਕੇ ਤੋਰੋ।" ਉਹਦੀ ਮਾਂ-ਭੈਣ ਦੀ ਗਾਲ੍ਹ ਸੁਣਕੇ ਉਸ ਔਰਤ ਦੇ ਅਮੂਰਤ ਚਿਹਰੇ 'ਤੇ ਕਦੀ ਮੇਰੀ ਭੈਣ ਦਾ ਤੇ ਕਦੀ ਮੇਰੀ ਮਾਂ ਦਾ ਚਿਹਰਾ ਲੱਗ ਜਾਂਦਾ ਹੈ। ਮੈਂ ਸ਼ਰਮ ਨਾਲ ਪਾਣੀ ਪਾਣੀ ਹੋ ਜਾਂਦਾ ਹਾਂ। ਇਸ ਦ੍ਰਿਸ਼ ਨੂੰ ਅੱਖੋਂ ਓਹਲੇ ਕਰਨ ਲਈ ਜ਼ੋਰ ਨਾਲ ਸਿਰ ਝਟਕਦਾ ਹਾਂ। ਹਾੜੇ ਕੱਢਦੀ ਤੇ ਤਰਲੇ ਲੈਂਦੀ ਜ਼ਨਾਨਾ ਆਵਾਜ਼ ਕੰਨੀਂ ਮੱਚਣ ਲੱਗਦੀ ਹੈ, "ਵੇ ਲੋਕੋ! ਮੈਂ ਤੁਹਾਡੀ ਭੈਣ ਵੇ; ਮੈਂ ਤੁਹਾਡੀ ਮਾਂ ਵੇ; ਮੈਨੂੰ ਇਹਨਾਂ ਰਾਖਸ਼ਾਂ ਤੋਂ ਬਚਾਓ।"

ਲੱਗਦਾ ਹੈ ਇਹ ਆਵਾਜ਼ ਤਾਂ ਮੇਰੀ ਪਤਨੀ ਦੀ ਹੈ। ਮੈਂ ਉੱਭੜਵਾਹੇ ਸਿਰ ਚੁੱਕ ਕੇ ਨਾਲ ਪਈ ਪਤਨੀ ਵੱਲ ਵੇਖਦਾ ਹਾਂ।

"ਕੀ ਗੱਲ ਨੀਂਦ ਨਹੀਂ ਆਉਂਦੀ?" ਉਹ ਪੁੱਛਦੀ ਹੈ। ਮੇਰੇ ਜਵਾਬ ਦੇਣ ਤੋਂ ਪਹਿਲਾਂ ਮੁੜ ਬੋਲ ਪੈਂਦੀ ਹੈ, "ਮੈਨੂੰ ਤਾਂ ਅਜੇ ਵੀ ਵਿਚਾਰੀ ਦਿਸੀ ਜਾਂਦੀ ਹੈ। ਇਹ ਕੀ ਤਰੀਕਾ ਹੋਇਆ ਬਦਲਾ ਲੈਣ ਦਾ। ਕਸੂਰ ਪੁੱਤ ਦਾ ਤੇ ਭੁਗਤੇ ਮਾਂ? ਜਨਾਨੀ ਤਾਂ ਜੰਮੇ ਈ ਨਾ।"

ਸਾਰੀ ਰਾਤ ਆਪਣੀ ਤਾਕਤ ਨੂੰ ਜੋਹਦਾ ਰਿਹਾ। ਆਪਣੇ ਨਿੱਕੇ ਜਿਹੇ ਨਿੱਜੀ ਇਤਿਹਾਸ ਦੇ ਨਾਲ ਨਾਲ ਤੁਰਨ ਲੱਗਾ।

ਪਰ ਮੈਂ ਵੀ ਤਾਂ ਇਸ ਇਤਿਹਾਸ ਦਾ ਹੀ ਹਿੱਸਾ ਸਾਂ। ਮੈਂ ਮਜ਼ਲੂਮ ਧਿਰ ਦੀ ਕੀ ਤੇ ਕਿਵੇਂ ਮਦਦ ਕਰ ਸਕਦਾ ਸਾਂ!

ਬਚਪਨ ਵਿਚ ਇਤਿਹਾਸ ਦੀ ਸੋਝੀ ਉਦੋਂ ਆਉਣ ਲੱਗੀ ਜਦੋਂ ਗੁਰੂ ਹਰਗੋਬਿੰਦ ਸਾਹਿਬ ਤੇ ਭਾਈ ਬਿਧੀ ਚੰਦ ਦੀ ਯਾਦ ਵਿਚ, ਪਿੰਡ ਵਿਚ, ਲੱਗਦੇ ਮੇਲਿਆਂ ਵਿਚ ਢਾਡੀਆਂ-ਕਵੀਸ਼ਰਾਂ ਤੋਂ ਇਤਿਹਾਸਕ ਪ੍ਰਸੰਗ ਸੁਣਦਾ। ਪਤਾ ਲੱਗਾ ਇਹ ਧਰਤੀ ਤਾਂ ਸ਼ਹੀਦ ਸੂਰਮੇ ਪੈਦਾ ਕਰਨ ਵਾਲੀ ਜਰਖ਼ੇਜ਼ ਜ਼ਮੀਨ ਹੈ। ਮੇਰੇ ਨਾਲ ਦੇ ਪਿੰਡ ਸਿੰਘਪੁਰੇ ਨਾਲ ਨਵਾਬ ਕਪੂਰ ਸਿੰਘ ਦੀ ਹਸਤੀ ਜੁੜੀ ਹੋਈ ਸੀ। ਦੂਜਾ ਪਿੰਡ ਭਾਈ ਤਾਰੂ ਸਿੰਘ ਦਾ ਸੀ। ਅਗਲਾ ਪਿੰਡ ਬਾਬੇ ਦੀਪ ਸਿੰਘ ਦਾ ਸੀ। ਉਸਤੋਂ ਦੋ ਪਿੰਡ ਛੱਡ ਕੇ ਮੱਸੇ ਰੰਘੜ ਦਾ ਸਿਰ ਵੱਢਣ ਵਾਲੇ ਭਾਈ ਸੁੱਖਾ ਸਿੰਘ ਦਾ ਪਿੰਡ ਮਾੜੀ ਕੰਬੋਕੇ ਸੀ। ਨੇੜੇ ਹੀ ਡੱਲ-ਵਾਂ ਵਾਲੇ ਭਾਈ ਤਾਰਾ ਸਿੰਘ ਦੀ ਯਾਦਗ਼ਾਰ ਸੀ।

ਇਤਿਹਾਸ ਦਾ ਇਹ ਖ਼ਮੀਰ ਮੇਰੀ ਆਤਮਾ ਵਿਚ ਰਚਦਾ ਰਿਹਾ ਸੀ। ਇਸ ਇਤਿਹਾਸ ਦੇ ਸਿਰ 'ਤੇ ਮੈਂ ਆਪਣੇ ਹਿੱਸੇ ਦੀ ਲੜਾਈ ਪਿਛਲੇ ਸਾਲਾਂ ਵਿਚ ਲੜਦਾ ਵੀ ਰਿਹਾ ਸਾਂ।

ਪਿੰਡ ਦੇ ਮਾਣ-ਮੱਤੇ ਇਤਿਹਾਸ ਦੇ ਨਾਲ ਨਾਲ ਮੈਨੂੰ ਆਪਣੇ ਇਸ ਨਿੱਜੀ ਇਤਿਹਾਸ 'ਤੇ ਵੀ ਬੜਾ ਮਾਣ ਸੀ। ਜਾਤਾਂ-ਗੋਤਾਂ ਨੂੰ ਮੰਨਣਾ ਹੈ ਤਾਂ ਗੱਲ ਮਾੜੀ ਪਰ ਸਦੀਆਂ ਤੋਂ ਇਹ ਸਾਡੇ ਸੰਸਕਾਰਾਂ ਦਾ ਹਿੱਸਾ ਬਣ ਕੇ ਧੁਰ ਅਵਚੇਤਨ ਵਿਚ ਧਸ ਕੇ ਬੈਠੀਆ ਹੋਈਆਂ ਨੇ, ਇਹਨਾਂ ਤੋਂ ਅਸਲੋਂ ਛੁਟਕਾਰਾ ਪਾਉਣਾ ਸੰਭਵ ਨਹੀਂ। ਏਸੇ ਕਰਕੇ ਮੈਨੂੰ ਆਪਣੇ 'ਸੰਧੂ ਜੱਟ' ਹੋਣ ਦਾ ਵੀ ਬੜਾ ਗੌਰਵ ਸੀ। ਮੈਂ ਆਪਣੇ ਆਪ ਨੂੰ ਭਾਈ ਬਾਲੇ, ਭਾਈ ਤਾਰੂ ਸਿੰਘ, ਸ਼ਹੀਦ ਭਗਤ ਸਿੰਘ ਦੀ ਸੰਧੂਆਂ ਦੀ ਵਿਰਾਸਤ ਨਾਲ ਵੀ ਜੋੜ ਲੈਂਦਾ ਸਾਂ। ਮੈਨੂੰ ਆਪਣੇ ਮਰਾਸੀ ਦੀ ਇਹ ਗੱਲ ਵੀ ਨਹੀਂ ਭੁੱਲੀ ਸੀ ਕਿ 'ਸੰਧੂਆਂ ਦੀਆਂ ਤਾਂ ਸੁੱਤਿਆਂ ਦੀਆਂ ਵੀ ਅੱਖਾਂ ਖੁੱਲ੍ਹੀਆਂ ਰਹਿੰਦੀਆਂ ਹਨ। ਇਕ ਵਾਰ ਕੋਈ ਦੁਸ਼ਮਣ ਸੁੱਤੇ ਪਏ ਕਿਸੇ ਸੂਰਮੇ ਸੰਧੂ ਨੂੰ ਮਾਰਨ ਲਈ ਅੱਗੇ ਵਧਿਆ ਤਾਂ ਉਹ ਸੁੱਤੇ ਪਏ ਸੰਧੂ ਦੀਆਂ ਖੁੱਲ੍ਹੀਆਂ ਅੱਖਾਂ ਤੋਂ ਹੀ ਭੈਅ-ਭੀਤ ਹੋ ਗਿਆ ਤੇ ਉਸਦਾ ਹੌਸਲਾ ਰੇਤ ਹੋ ਗਿਆ ਸੀ।'

ਅੱਜ ਮੇਰੇ ਪਿੰਡ ਦਾ ਸਮੂਹਕ ਇਤਿਹਾਸ ਤੇ ਮੇਰਾ ਨਿੱਜੀ ਇਤਿਹਾਸ ਮੈਨੂੰ ਮਜ਼ਲੂਮ ਔਰਤ ਦੀ ਸਹਾਇਤਾ ਕਰਨ ਲਈ ਵੰਗਾਰ ਰਿਹਾ ਸੀ। ਪਰ ਪਿਛਲੇ ਸਾਲਾਂ ਵਿੱਚ ਐਮਰਜੈਂਸੀ ਲੱਗ ਜਾਣ ਕਰਕੇ ਤੇ ਮੇਰੇ ਦੋ ਵਾਰ ਗ੍ਰਿਫ਼ਤਾਰ ਹੋਣ ਅਤੇ ਫੇਰ ਐੱਮ ਫ਼ਿਲ ਕਰਨ ਜਾ ਲੱਗਣ ਕਰਕੇ ਪਿੰਡ ਦੀ 'ਨੌਜਵਾਨ ਭਾਰਤ ਸਭਾ' ਕਾਰਜਹੀਣ ਹੋ ਗਈ ਸੀ। ਇਲਾਕੇ ਵਿਚਲਾ ਇਸਦਾ ਢਾਂਚਾ ਵੀ ਬਿਖ਼ਰ ਗਿਆ ਸੀ। ਪਿੰਡ-ਸੁਧਾਰ ਲਈ ਸਾਡੇ ਬਣਾਏ ਨਿਯਮ ਤਾਕਤ ਵਾਲਿਆਂ ਨੇ ਮੁੜ ਮੌਕਾ ਮਿਲਦੇ ਸਾਰ ਹੀ ਤੋੜ ਦਿੱਤੇ ਸਨ।

ਹੁਣ ਕਿਸੇ ਜਥੇਬੰਦਕ ਤਾਕਤ ਤੋਂ ਬਿਨਾਂ ਮੈਂ ਇਕੱਲਾ ਪੀੜਤ ਧਿਰ ਦੀ ਕੀ ਮਦਦ ਕਰ ਸਕਦਾ ਸਾਂ!

ਸਾਰੀ ਰਾਤ ਸੋਚਦਾ ਰਿਹਾ। ਪੁਲਿਸ ਨੂੰ ਮਿਲਾਂ; ਸਰਪੰਚ ਜਾਂ ਪੰਚਾਇਤ ਨੂੰ ਮਿਲਾਂ ਜਾਂ ਪਹਿਲਾਂ ਵਾਂਗ ਪਿੰਡ ਦੇ ਮੋਅਤਬਰ ਬੰਦਿਆਂ ਦਾ ਇਕੱਠ ਬੁਲਾ ਕੇ ਮਸਲਾ ਵਿਚਾਰਿਆ ਜਾਏ? ਕਿਹੜੇ ਕਿਹੜੇ ਪੁਰਾਣੇ ਸਾਥੀ ਨਾਲ ਤੁਰ ਸਕਦੇ ਨੇ? ਕਾਮਰੇਡ ਹਰਬੰਸ ਸਿੰਘ ਤੇ ਕਾਮਰੇਡ ਸ਼ੇਰ ਸਿੰਘ ਨੂੰ ਮਿਲ ਕੇ ਉਹਨਾਂ ਦੀ ਸਲਾਹ ਲਵਾਂ? ਪਹਿਲਾ ਸੀਪੀਆਈ ਦਾ ਸੀ ਦੂਜਾ ਮਾਰਕਸੀ ਪਾਰਟੀ ਦਾ। ਇਹ ਵੀ ਸੋਚਿਆ ਕਿ ਇਲਾਕੇ ਦੇ ਸਾਰੇ ਖੱਬੇ ਪੱਖੀ ਵਿਚਾਰਾਂ ਵਾਲੇ ਬੰਦਿਆਂ ਨਾਲ ਤਾਲ-ਮੇਲ ਕਰਾਂ? ਕਰਾਂ ਤਾਂ ਕੀ ਕਰਾਂ? ਮਨ ਵਿਚ ਵਾਰ ਵਾਰ ਇਹ ਖ਼ਿਆਲ ਆਉਂਦਾ, 'ਜੇ ਕਿਤੇ ਪਹਿਲਾਂ ਵਰਗੇ ਦਿਨ ਤੇ ਤਾਕਤ ਹੁੰਦੀ ਤਾਂ ਧੌਂਕਾ ਕਰਨ ਵਾਲਿਆਂ ਨੂੰ ਗਿਆਨ ਕਰਾ ਦਿੰਦੇ ਇਕ ਵਾਰ!' ਖੱਬੇ ਪੱਖੀਆਂ ਦੀ ਆਪਸੀ ਫੁੱਟ ਤੇ ਕੁਸੇਧ ਨੇ ਜਥੇਬੰਦੀਆਂ ਦਾ ਢਾਂਚਾ ਖੰਡਿਤ ਕਰ ਦਿੱਤਾ ਸੀ। ਲੋਕਾਂ ਦੇ ਰਹਿੰਦੇ ਵੱਟ ਐਮਰਜੈਂਸੀ ਦੇ ਸੁਹਾਗੇ ਨੇ ਕੱਢ ਛੱਡੇ ਸਨ।

ਇਸੇ ਉਧੇੜ-ਬੁਣ ਵਿਚ ਰਾਤ ਲੰਘ ਗਈ। ਸਵੇਰੇ ਉੱਠਿਆ ਤਾਂ ਪਤਨੀ ਕਹਿੰਦੀ, "ਕਾਮਰੇਡ ਨੂੰ ਨਾਲ ਲੈ ਕੇ ਇਕ ਵਾਰ ਸਰਪੰਚ ਨੂੰ ਤਾਂ ਮਿਲੋ। ਢੇਰੀ ਢਾਹ ਕੇ ਨਾ ਬਹੋ। ਤੁਸੀਂ ਚਾਹੋ ਤਾਂ ਸਭ ਕੁੱਝ ਕਰ ਸਕਦੇ ਓ।"

ਘਰੋਂ ਬਾਹਰ ਨਿਕਲਿਆ। ਬਾਜ਼ਾਰ ਦੇ ਵਿਚਕਾਰਲੇ ਚੌਕ ਵਿਚ ਜੁੜ ਖਲੋਤੇ ਬੰਦੇ ਕੱਲ੍ਹ ਦੀ ਘਟਨਾ ਦੀ ਜੁਗਾਲੀ ਕਰ ਰਹੇ ਸਨ। ਮੈਂ ਵੀ ਉਹਨਾਂ ਵਿਚ ਇਕ ਪਾਸੇ ਖਲੋ ਗਿਆ। ਡਾ ਤਰਲੋਕ ਸਿੰਘ ਸਮੁੰਦਰੀ ਵਾਲਾ ਆਖ ਰਿਹਾ ਸੀ, "ਬੜਾ ਘੋਰ ਜ਼ੁਲਮ ਹੋਇਐ ਜੀ। ਇਕ ਤਰ੍ਹਾਂ ਨਾਲ ਪੂਰੇ ਪਿੰਡ ਦੇ ਮੱਥੇ 'ਤੇ ਕਾਲਖ ਦਾ ਧੱਬਾ ਲੱਗ ਗਿਐ। ਮੈਂ ਤਾਂ ਆਖੂੰਗਾ ਜੀ ਕਿ ਇਕ ਬੀਬੀ ਨੰਗੀ ਨਹੀਂ ਹੋਈ, ਸਾਰਾ ਪਿੰਡ ਨੰਗਾ ਹੋ ਗਿਆ। ਭਾਰਤ ਮਾਂ ਨੰਗੀ ਹੋ ਗਈ।"

ਉਹਦਾ ਕੋਈ ਜੋਟੀਦਾਰ ਬੋਲਿਆ, "ਡਾਕਟਰ ਸਾਹਬ! ਭਾਰਤ ਮਾਂ ਦਾ ਐਨਾ ਫਿਕਰ ਸੀ ਤਾਂ ਕੱਲ੍ਹ ਅੱਗੇ ਹੁੰਦੇਂ। ਛੇਆਂ ਕਰਮਾਂ 'ਤੇ ਤੇਰੀ ਦੁਕਾਨ ਸੀ। ਉਦੋਂ ਤਾਂ...।"

ਡਾਕਟਰ ਦੀ ਮੇਰੇ ਵੱਲ ਨਜ਼ਰ ਗਈ। ਖਸਿਆਨੀ ਜਿਹੀ ਹਾਸੀ ਹੱਸ ਕੇ ਕਹਿੰਦਾ, "ਓ ਅਸੀਂ ਤਾਂ ਜੀ ਵੇਖੋ ਬੁੱਢੇ ਬੰਦੇ ਆਂ। ਇਹ ਤਾਂ ਇਹਨਾਂ ਵਰਗੇ ਬੰਦਿਆਂ ਦਾ ਕੰਮ ਏ; ਨੌਜਵਾਨਾਂ ਦਾ...ਲੜਨਾ ਭਿੜਨਾ।"

"ਹਾਹੋ...ਹਾਹੋ...ਇਹਨੂੰ ਫੇਰ ਦਿਓ ਖਾਂ ਬਲਦੀ ਦੇ ਬੁੱਥੇ। ਸੁਖ ਨਾਲ ਟੁੱਕ ਨਾ ਖਾਣ ਦਿਓ ਇਹਨੂੰ। ਇਹਨੇ ਬੋਂਡੀ ਬੰਦਿਆਂ ਲਈ ਫਾਟਾਂ ਭੰਨਾਉਣ ਦਾ ਠੇਕਾ ਲਿਐ? ਪਿੰਡ ਵਾਲੇ ਕਿੰਨੇ ਕੁ ਸੂਰਮੇ ਨੇ ਇਹਦੀ ਭੁੱਲ ਨਹੀਂ ਇਹਨੂੰ। ਤੁਹਾਡੀ ਪਿੰਡ ਵਾਲਿਆਂ ਦੀ ਕਰਤੂਤ ਦਾ ਇਹਨੂੰ ਪਤਾ ਨਹੀਂ ਨਾ? ਦਲੀਪ ਸੁੰਹ ਅਟਾਰੀ ਵਾਲੇ ਦੀ ਗੱਲ ਭੁੱਲ ਗਈ ਹੋਣੀ ਆਂ ਇਹਨੂੰ? ਕਿਵੇਂ ਸਾਰੇ ਪਿੰਡ ਦੇ ਚੌਧਰੀ ਇਹਦੀ ਮਦਦ ਲਈ ਭੱਜੇ ਗਏ ਸੀ!"

"ਦਲੀਪ ਵਾਲੀ ਗੱਲ ਤਾਂ ਨਹੀਂ ਭੁੱਲੀ ਮੈਨੂੰ ਪਰ ਇਹ ਗੱਲ ਵੀ ਤਾਂ ਬੜੀ ਮਾੜੀ ਹੋਈ ਐ।"

"ਮਾੜੀ ਜੀ...ਬਿਲਕੁਲ ਮਾੜੀ...ਇੰਝ ਨਹੀਂ ਸੀ ਹੋਣਾ ਚਾਹੀਦਾ।" ਸਾਰੇ ਸਹਿਮਤ ਸਨ।

"ਮਾੜੀ ਸੀ ਤਾਂ ਅੱਗੇ ਹੋ ਕੇ ਛੁਡਾਉਣਾ ਸੀ ਫੇਰ? ਉਦੋਂ ਕਿਉਂ ਸਭ ਨੂੰ ਸੱਪ ਸੁੰਘ ਗਿਆ?" ਲਾਗੋਂ ਕੋਈ ਦੁਕਾਨਦਾਰ ਬੋਲਿਆ, "ਬਗਾਨੀ ਮੌਤੇ ਕੌਣ ਮਰਦੈ ਜੀ?"

"ਓ ਛੱਡੋ ਖਹਿੜਾ! ਜਾਓ ਆਪੋ ਆਪਣੇ ਘਰਾਂ ਨੂੰ...ਆਪਸ ਵਿਚ ਨਾ ਲੜ ਪਿਓ। ਉਹਨਾਂ ਉਹਨਾਂ ਦੀ ਕੁੜੀ ਛੇੜੀ, ਉਹਨਾਂ ਉਹਨਾਂ ਦੀ ਬੁੱਢੀ ਨੰਗੀ ਕਰ 'ਤੀ। ਇਹਦੇ 'ਚ ਬਹੁਤੀ ਜਮ੍ਹਾਂ ਤਫ਼ਰੀਕ ਦੀ ਲੋੜ ਈ ਨਹੀਂ। ਸ੍ਹਾਬ ਦਾ ਸਿੱਧਾ ਸਵਾਲ ਆ। ਜੱਟ ਇੰਝ ਬਦਲੇ ਲੈਂਦੇ ਈ ਹੁੰਦੇ ਆ। ਨਾਲੇ ਹੋਣ ਵਾਲੀ ਗੱਲ ਤਾਂ ਹੋ ਗਈ। ਹੁਣ ਪਹਿਆ ਕੁੱਟੀ ਜਾਣ ਦਾ ਕੀ ਫ਼ਾਇਦਾ?"

ਰੋਡਾ ਧੂਸ਼ ਦੋਵਾਂ ਹੱਥਾਂ ਨਾਲ ਨਾਲ ਇੰਝ ਇਸ਼ਾਰੇ ਕਰ ਰਿਹਾ ਸੀ ਜਿਵੇਂ ਭੇਡਾਂ ਬੱਕਰੀਆਂ ਦੇ ਇੱਜੜ ਨੂੰ ਖਿੰਡ ਜਾਣ ਲਈ ਸ਼ਿਸ਼ਕਾਰ ਰਿਹਾ ਹੋਵੇ।

ਮੈਨੂੰ ਉਸ ਵੱਲ ਮੁਸਕਰਾਉਂਦਾ ਤੱਕ ਕੇ ਰੋਡਾ ਕਹਿੰਦਾ, "ਓ ਤੂੰ ਵੀ ਜਾ ਸਰਦਾਰਾ! ਇਨ੍ਹਾਂ ਦੇ ਆਖੇ, ਚੁੱਕੇ ਫੇਰ ਨਾ ਕੋਈ ਪੰਗਾ ਲੈ ਬਹਿੰਦਾ ਹੋਵੀਂ। ਮਸਾਂ ਸਿੱਧੇ ਰਾਹੇ ਪੈ ਕੇ ਟੱਬਰ ਪਾਲਣ ਲੱਗੈਂ।"

ਮੈਂ ਖੇਤਾਂ ਨੂੰ ਨਿਕਲ ਗਿਆ। ਹੁਣੇ ਹੋਈ ਗੱਲ-ਬਾਤ ਨੂੰ ਚਿੱਥਦਾ ਰਿਹਾ। ਲੋਕ ਤਾਂ ਆਪਣੀ ਆਪਣੀ ਜਾਨ ਬਚਾਉਣ ਦੀ ਫ਼ਿਕਰ ਵਿਚ ਲੱਗੇ ਹੋਏ ਨੇ। ਵਾਕਿਆ ਈ ਬੇਗ਼ਾਨੀ ਮੌਤੇ ਕੌਣ ਮਰਦਾ ਏ? ਐਮਰਜੈਂਸੀ ਵਿਚ ਅੰਦਰ ਸਾਂ ਤਾਂ ਮੇਰੇ ਪਿੰਡ ਦਾ ਖੱਬੇ ਪੱਖੀ ਵਿਚਾਰਾਂ ਦਾ ਮੁਲਾਜ਼ਮ ਆਗੂ ਹੀ ਮੇਰੀ ਮੁਲਾਕਾਤ ਕਰਨ ਆਉਣ ਵਾਲੇ ਮੇਰੇ ਮਿੱਤਰਾਂ ਨੂੰ ਕਹਿੰਦਾ ਸੀ, "ਉਏ ਉਹ ਤਾਂ ਛੂਤ ਦੀ ਬੀਮਾਰੀ ਏ। ਉਹਨੂੰ ਮਿਲ ਕੇ ਤੁਸੀਂ ਕਿਉਂ ਮਰਦੇ ਓ?"

ਰੋਡੇ ਦੀ ਆਵਾਜ਼ ਇਕ ਵਾਰ ਫੇਰ ਕੰਨਾਂ ਵਿਚ ਗੂੰਜੀ, "ਓ ਤੂੰ ਵੀ ਜਾ ਸਰਦਾਰਾ! ਇਨ੍ਹਾਂ ਦੇ ਆਖੇ, ਚੁੱਕੇ ਫੇਰ ਨਾ ਕੋਈ ਪੰਗਾ ਲੈ ਬਹਿੰਦਾ ਹੋਵੀਂ। ਮਸਾਂ ਸਿੱਧੇ ਰਾਹੇ ਪੈ ਕੇ ਟੱਬਰ ਪਾਲਣ ਲੱਗੈਂ।"

ਦੁਨੀਆਂਦਾਰ ਲੋਕਾਂ ਲਈ ਤਾਂ ਮੈਂ ਹੁਣ ਹੀ 'ਟੱਬਰ ਨੂੰ ਪਾਲਣ ਵਾਲੇ ਸਿੱਧੇ ਰਾਹ' ਤੁਰਿਆ ਸਾਂ। ਪਹਿਲਾਂ ਤਾਂ ਪੁੱਠੇ ਪੰਗੇ ਹੀ ਲੈਂਦਾ ਰਿਹਾ ਸਾਂ! ਮੇਰੀ ਭੈਣ ਦੀ ਸਹੇਲੀ ਦੇ ਚਿੰਤਤ ਬੋਲ ਮੇਰੇ ਅੰਦਰ ਖ਼ੌਰੂ

ਪਾਉਣ ਲੱਗੇ। ਕਈ ਸਾਲ ਪਹਿਲਾਂ ਜਦੋਂ ਮੇਰੇ ਪਿਤਾ ਦੀ ਮੌਤ ਹੋਈ ਤਾਂ ਮੈਂ ਕੁੱਝ ਦਿਨ ਪਹਿਲਾਂ ਈ 'ਮੋਗਾ ਐਜੀਟੇਸ਼ਨ' ਵਿਚ ਜੇਲ੍ਹ ਵਿਚੋਂ ਛੁੱਟ ਕੇ ਆਇਆ ਸਾਂ। ਮੇਰੀ ਭੈਣ ਦੀ ਉਸ ਸਹੇਲੀ ਨੇ ਮੇਰੇ ਪਿਤਾ ਦੀ ਮੌਤ ਦਾ ਅਫ਼ਸੋਸ ਕਰਦਿਆਂ ਕਿਹਾ, "ਭੈਣੇ! ਬੜਾ ਮਾੜਾ ਹੋਇਆ। ਚਾਚੇ ਦੇ ਜਾਣ ਪਿੱਛੋਂ ਘਰ ਦਾ ਭਾਰ ਤਾਂ ਪੈ ਗਿਆ ਵਿਚਾਰੇ ਛੋਟੇ ਵੀਰ ਦੇ ਮੋਢਿਆਂ 'ਤੇ। ਵੱਡਾ ਵੀਰ ਤਾਂ ਸੁਣਿਐਂ ਨਲਾਇਕ ਈ ਨਿਕਲਿਆ।"

ਸਾਰਾ ਦਿਨ ਮੇਰੀ ਜ਼ਮੀਰ ਤੇ ਮੇਰੇ ਅੰਦਰਲੇ ਦੁਨੀਆਂਦਾਰ ਬੰਦੇ ਵਿੱਚ ਲੜਾਈ ਹੁੰਦੀ ਰਹੀ। ਆਖ਼ਰਕਾਰ ਦੁਨੀਆਂਦਾਰ ਬੰਦਾ ਜਿੱਤ ਗਿਆ।

ਮੇਰਾ ਮਨ ਬੜਾ ਦੁਖੀ ਹੋਇਆ। ਮੈਂ ਬਣਦੀ ਜ਼ਿੰਮੇਵਾਰੀ ਤੋਂ ਭਗੌੜਾ ਹੋ ਗਿਆ ਸਾਂ।

ਸੋਮਵਾਰ ਨੂੰ ਮੈਂ ਡਿਊਟੀ 'ਤੇ ਚੱਲਿਆ ਤਾਂ ਪਤਨੀ ਨੂੰ ਅੱਜ ਹੀ ਛੁੱਟੀ ਲੈ ਕੇ ਆਉਣ ਦਾ ਲਾਰਾ ਲਾਇਆ ਤੇ ਆਖਿਆ ਕਿ ਆ ਕੇ ਕੁੱਝ ਨਾ ਕੁੱਝ ਕਰਦੇ ਹਾਂ।

ਬੱਚੀ ਰੂਪ ਨੂੰ ਲਾਡ ਲਡਾ ਕੇ ਦੋ ਕੁ ਸਾਲ ਦੇ ਸੁੱਤੇ ਪਏ ਬੇਟੇ ਸੁਪਨਦੀਪ ਵੱਲ ਵੇਖਿਆ। ਉਸਦਾ ਮੱਥਾ ਚੁੰਮਣ ਲਈ ਝੁਕਿਆ ਤਾਂ ਵੇਖਿਆ ਉਸ 'ਸੁੱਤੇ ਪਏ ਸੰਧੂ' ਦੀਆਂ ਅੱਖਾਂ ਖੁੱਲ੍ਹੀਆਂ ਹੋਈਆਂ ਸਨ। ਇਹ ਖੁੱਲ੍ਹੀਆਂ ਅੱਖਾਂ ਜੋ ਮੇਰੇ ਲਈ ਸਦਾ 'ਸੰਧੂਆਂ ਦੀ ਬਹਾਦਰੀ' ਦਾ ਚਿੰਨ੍ਹ ਰਹੀਆਂ ਸਨ, ਅੱਜ ਮੇਰੀ 'ਬਹਾਦਰੀ' ਨੂੰ ਵੰਗਾਰ ਰਹੀਆਂ ਸਨ, ਜਿਹੜਾ 'ਮੈਦਾਨ' ਵਿਚੋਂ ਪਿੱਠ ਵਿਖਾ ਕੇ ਭੱਜ ਨਿਕਲਿਆ ਸੀ!

ਲੱਗਦਾ ਸੀ ਉਸਨੇ ਮੇਰੀ ਕਮਜ਼ੋਰੀ ਤੇ ਚੋਰੀ ਫੜ ਲਈ ਸੀ। ਉਹ ਖੁੱਲ੍ਹੀਆਂ ਅੱਖਾਂ ਅੱਜ ਵੀ ਜਦੋਂ ਮੈਨੂੰ ਯਾਦ ਆਉਂਦੀਆਂ ਹਨ ਤਾਂ ਜਿੱਥੇ ਇਸ ਹਕੀਕਤ ਦਾ ਖ਼ਿਆਲ ਆਉਂਦਾ ਹੈ ਕਿ ਜ਼ੁਲਮ ਨਾਲ ਲੜਨ ਲਈ ਹਮੇਸ਼ਾ ਜਥੇਬੰਦਕ ਏਕਾ ਲੋੜੀਂਦਾ ਹੈ, ਓਥੇ ਮੇਰੀ 'ਬਹਾਦਰੀ ਵਾਲੀ ਵਿਅਕਤੀਗਤ ਹਉਮੈ' ਦੀ ਨਿਕਲਦੀ ਫੂਕ ਮੈਨੂੰ ਹਰ ਵਾਰ ਸ਼ਰਮਿੰਦਾ ਕਰ ਜਾਂਦੀ ਹੈ।

ਪਿੱਛੋਂ ਆਪਣੇ ਅੰਦਰ ਦੀ ਇਹ ਲੜਾਈ ਮੈਂ 'ਦਲਦਲ' ਕਹਾਣੀ ਵਿਚ ਸਾਂਭ ਲਈ। ਜਦੋਂ ਵੀ ਕਦੀ ਮੈਂ ਇਸ ਕਹਾਣੀ ਦੀਆਂ ਅੱਖਾਂ ਨਾਲ ਅੱਖਾਂ ਮਿਲਾਉਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਮੇਰੀਆਂ ਅੱਖਾਂ ਨੀਵੀਂਆਂ ਹੋ ਜਾਂਦੀਆਂ ਹਨ।

ਮੈਨੂੰ ਲੱਗਣ ਲੱਗਦਾ ਹੈ, ਮੇਰੇ ਵੱਲੋਂ ਪਹਿਲਾਂ ਸੁਣਾਈਆਂ ਗੱਲਾਂ ਤਾਂ ਨਿਰੀਆਂ ਗੱਪਾਂ ਜਾਂ ਫੜ੍ਹਾਂ ਹਨ। ਪਹਿਲਾਂ ਮੈਂ ਜੋ ਕੁੱਝ ਕਰ ਸਕਿਆ ਸਾਂ, ਆਪਣੇ ਸੰਗੀਆਂ ਦੇ ਸਾਥ ਵਿਚ ਹੀ ਕਰ ਸਕਿਆ ਸਾਂ। ਮੈਂ ਇਕੱਲਾ-ਕਾਰਾ ਕੀ ਸਾਂ? ਕੁੱਝ ਵੀ ਨਹੀਂ। ਬੰਦਾ ਬੰਦਿਆਂ ਨਾਲ ਮਿਲ ਕੇ ਈ ਬੰਦਿਆਈ ਲਈ ਲੜ ਸਕਦਾ ਹੈ। ਮੇਰੇ ਅੰਦਰ ਇਸ ਘਟਨਾ ਨੂੰ ਚੇਤੇ ਕਰਦਿਆਂ ਪੈਦਾ ਹੁੰਦੇ ਗਿਲਾਨੀ ਤੇ ਸ਼ਰਮਿੰਦਗੀ ਦੇ ਅਹਿਸਾਸ ਤੋਂ ਇਹ ਤਾਂ ਲੱਗਦਾ ਹੈ ਕਿ ਮੈਂ ਅਸਲੋਂ ਪੱਥਰ ਨਹੀਂ ਸਾਂ ਹੋ ਗਿਆ। ਮੇਰੀ ਜ਼ਮੀਰ ਅਸਲੋਂ ਹੀ ਮਰ ਖਪ ਨਹੀਂ ਸੀ ਗਈ। ਪਰ ਮੌਕੇ ਦੀ ਲੋੜ ਮੁਤਾਬਕ ਮੈਂ ਲੜ ਵੀ ਤਾਂ ਨਹੀਂ ਸਾਂ ਸਕਿਆ।

ਇਹ ਸੱਚ ਹੈ ਕਿ ਤੁਹਾਡਾ ਇਤਿਹਾਸ, ਤੁਹਾਡੀ ਬਹਾਦਰੀ ਦੀ ਮਿੱਥ ਤਾਂ ਹੀ ਤੁਹਾਡੇ ਹੱਕ ਵਿਚ ਭੁਗਤਦੀ ਹੈ ਜੇ ਤੁਹਾਡੇ ਨਾਲ ਭਰਾਵਾਂ ਦਾ ਸਾਥ ਹੋਵੇ। ਭਰਾਵਾਂ ਦੇ ਸਾਥ ਬਿਨਾਂ ਬੰਦਾ ਅੱਜ ਵੀ ਮਰਿਆ ਜਾਂ ਕੱਲ੍ਹ ਵੀ। ਤੇ ਮੌਤ ਸਦਾ ਸਰੀਰਕ ਹੀ ਨਹੀਂ ਹੁੰਦੀ।

[153, ਗੋਲਡਨ ਐਵਿਨਿਊ, ਗੜ੍ਹਾ ਰੋਡ, ਜਲੰਧਰ-144022]

ਅਨੁਵਾਦ ਬਾਰੇ

ਸੁਰਜੀਤ ਹਾਂਸ

ਅਨੁਵਾਦ ਦੀ ਕਲਾ ਦਲੀਲ 'ਤੇ ਨਿਰਭਰ ਨਹੀਂ, ਸਗੋਂ (skill) ਦਕਸ਼ਤਾ ਦੀ ਗੱਲ ਹੈ। ਇਸੇ ਕਰਕੇ ਮੈਂ ਲੇਖ ਵਿਚ ਸਿਧਾਂਤਕ ਬਹਿਸ ਵੱਲ ਨਹੀਂ ਤੁਰਿਆ, ਸਗੋਂ ਪਾਠਕ ਨੂੰ ਵਿਹਾਰਕ ਰੂਪ ਵਿਚ ਦਰਸਾਇਆ ਹੈ ਕਿ ਮੈਂ ਅੰਗਰੇਜ਼ੀ 'ਚ ਕਹੀ ਇਹ ਗੱਲ ਦਾ ਪ੍ਰਗਟਾਵਾ ਪੰਜਾਬੀ 'ਚ ਕਿੰਝ ਕੀਤਾ।

ਅਨੁਵਾਦ ਦੇ ਸਾਰੇ ਦੇ ਸਾਰੇ ਉਦਾਹਰਣ King Henry VI (Part 3), ed. Andrew S. Cairncross, Methuen, 1982 ਦੇ ਹਨ। ਮੈਂ **ਬਾਦਸ਼ਾਹ ਹੈਨਰੀ ਛੇਵਾਂ (ਭਾਗ ਤੀਜਾ)** ਦੀ ਚੋਣ ਦੋ ਗੱਲਾਂ ਕਰਕੇ ਕੀਤੀ ਹੈ। ਸ਼ੇਕਸਪੀਅਰ ਦੇ 37 ਨਾਟਕਾਂ 'ਚੋਂ ਇਹ ਮੇਰਾ 35ਵੇਂ ਨਾਟਕ ਦਾ ਅਨੁਵਾਦ ਹੈ। ਇਸ ਕਰਕੇ ਮੇਰਾ ਹੱਥ ਥੋੜ੍ਹਾ ਬਹੁਤ ਟਿਕ ਗਿਆ ਹੋਣਾ ਹੈ। ਪ੍ਰਸਿੱਧ ਨਾਟਕ ਦੀ ਚੋਣ ਨੇ ਅਨੁਵਾਦ ਦੀ ਕਲਾ ਦੀਆਂ ਮੁਸ਼ਕਲਾਂ ਅਤੇ ਪ੍ਰਾਪਤੀ ਨੂੰ ਸਮਝਣ 'ਚ ਵਿਘਨ ਪਾਉਣਾ ਸੀ। ਪਾਠਕ ਦਾ ਕੋਈ ਦੋਸ਼ ਨਹੀਂ ਜੇ ਉਹ ਅਰਥਾਂ ਨਾਲੋਂ ਮਸ਼ਹੂਰੀ ਨੂੰ ਗ੍ਰਹਿਣ ਕਰੀ ਜਾਂਦਾ ਹੈ। ਮੇਰੇ ਕਿਸੇ ਬਹਿਣ ਖਲੋਣ ਵਾਲੇ ਮਿੱਤਰ ਨੇ ਮਾਹਲਪੁਰ ਦੇ ਹਰੀ ਓਮ ਦੀ ਦੁਕਾਨ ਦੇ ਪਕੌੜਿਆਂ ਬਾਰੇ ਕਿਹਾ ਸੀ ਕਿ ਇਹਨਾਂ 'ਚੋਂ ਆਪਣਾ ਘੱਟ ਪਰ ਮਸ਼ਹੂਰੀ ਦਾ ਸੁਆਦ ਜ਼ਿਆਦਾ ਆਈ ਜਾਂਦਾ ਹੈ।

ਤੀਸਰੀ ਚੀਜ਼ ਹੈ ਕਿ ਸ਼ੇਕਸਪੀਅਰ ਦੇ ਅਨੁਵਾਦ ਲਈ ਵਿਸ਼ੇਸ਼ ਸੰਸਕਰਨ ਦੀ ਲੋੜ ਸੀ ਜਿਹੜਾ ਇਹ ਦੱਸੇ ਕਿ ਅੱਜ ਵਰਤੇ ਜਾਂਦੇ ਸ਼ਬਦ ਦੇ ਸ਼ੇਕਸਪੀਅਰ ਸਮੇਂ ਭਿੰਨ ਅਰਥ ਸੀ। ਸਾਧਾਰਨ ਸੰਸਕਰਨ ਵਿਚ ਅਨੁਵਾਦਕ ਅਤੇ ਪਾਠਕ ਇਹ ਗ਼ਲਤੀ ਕਰਨੋਂ ਰਹਿ ਨਹੀਂ ਸਕਦਾ। ਇਸ ਕਰਕੇ ਕਈ ਹਵਾਲੇ ਐਸੇ ਹਨ ਜਿਹੜੇ ਸਬੁੱਧ ਬੰਦਿਆਂ ਨੂੰ ਸ਼ਾਇਦ ਬੇਲੋੜੇ ਲੱਗਣ। ਇਹ Arden ਸੰਸਕਰਨ ਹੈ ਜਿਹੜਾ ਨਾਟਕਾਂ ਦੇ ਭਾਗਾਂ ਵਿਚ ਹੀ ਛਪਿਆ ਹੈ, ਸਮੁੱਚਾ ਸੰਸਕਰਨ ਨਹੀਂ ਛਪਿਆ।

ਟੂਕ ਦੇ ਉੱਤੇ ਆਉਂਦਾ ਨੰਬਰ ਦੱਸਦਾ ਹੈ ਕਿ ਉਪਰੋਕਤ ਕਿਤਾਬ ਦੇ ਕਿਹੜੇ ਪੰਨੇ 'ਤੇ ਹੈ।

(5)

Norf. : Such hap have all the line of John of Gaunt
Rich : Thus do I hope to shake king Henry's head.

ਇੱਥੇ (ਹੈਪ) ਅਤੇ (ਹੋਪ) ਦਾ ਯਮਕ (pun) ਹੈ। ਸ਼ੇਕਸਪੀਅਰ ਸਮੇਂ ਇਹਨਾਂ ਸ਼ਬਦਾਂ ਦਾ ਉਚਾਰਨ ਵੀ ਇਕੋ ਪ੍ਰਤੀਤ ਹੁੰਦਾ ਸੀ। ਘਟਣਾ ਅਤੇ ਆਸ ਦੇ ਦੋਵੇਂ ਅਰਥ ਹਨ। 'ਹੈਪ' 'ਹੋਪ' ਵਾਂਗੂੰ ਮੈਨੂੰ ਪੰਜਾਬੀ 'ਚ 'ਹਾਨੀ' ਅਤੇ 'ਹੋਣੀ' ਦੇ ਸ਼ਬਦ ਹੀ ਲੱਭੇ ਜਿਹੜੇ ਮੂਲ ਭਾਵ ਦੇ ਕਿਸੇ ਹੱਦ ਤਕ ਨੇੜੇ ਜਾਂਦੇ ਹਨ। ਇਸ ਲਈ:

ਨਾਰਫ : *ਇਹ ਵੀ ਕੀ ਹੈ ਹਾਨੀ ਹੁੰਦੀ ਜਾਹਨ ਗਾਂਟ ਦੇ ਸ਼ਜਰੇ ਵਾਲੀ*
ਰਿਚ : *ਇਹਦੇ ਵਾਲੀ ਹੋਣੀ ਨਾ' ਮੈਂ ਸਿਰੋਂ ਹਿਲਾਉਣਾ ਬਾਦਸ਼ਾਹ ਹੈਨਰੀ*
Yor : And soldiers, stay and lodge by me this night
ਯਾਰ : *ਬੀਰ ਸਪਾਹੀਓ ਇਥੇ ਰੁਕਣਾ ਰਾਤੀਂ ਮੇਰੇ ਨਾਲ ਠਹਿਰਨਾ*
(ਲੋਜ) ਸਾਧਾਰਨ ਰਹਿਣ ਦੀ ਥਾਂਉ ਠਹਿਰਨਾ ਹੈ।

(7)

K. Hen. : My Lords, look where the sturdy rebel sits
ਬਾਦ. : *ਮੇਰੇ ਸ਼ੁਰਫਾ, ਵੇਖੋ ਤਾਂ ਫਿਰ ਕਿੱਥੇ ਪਲਿਆ ਬਾਗ਼ੀ ਬੈਠਾ*

(ਸਟਰਡੀ) ਵਿਚ ਸਮਕਾਲੀ sturdy beggars ਦੀ ਧੁਨੀ ਹੈ ਜਿਹੜੇ common lands ਦੇ ਹੜੱਪਣ ਕਾਰਨ ਸਮਾਜਕ ਪਰਿਵਰਤਨ ਦੀ ਉਪਜ ਸਨ। ਅਸੀਂ ਮੋਟੇ ਤਾਜ਼ੇ ਸਾਧ ਨੂੰ

ਪਲਿਆ ਸਾਧ ਕਹਿੰਦੇ ਹਾਂ, ਸੰਸਕ੍ਰਿਤ 'ਪਲ' ਦਾ ਅਰਥ ਹੈ 'ਮਾਸ'। ਇਕ ਤਰੀਕੇ ਨਾਲ ਅਨੁਵਾਦ ਬੇਗਾਨੀ ਜ਼ੁਬਾਨ ਅਤੇ ਆਪਣੀ ਭਾਸ਼ਾ ਦੀ ਜਾਣਕਾਰੀ 'ਤੇ ਨਿਰਭਰ ਹੈ।

K. Hen. : you both have vowed revenge
On him, his sons, his favourite, and his friends
North : If I be not, heavens be reveng'd on me!
ਬਾਦ. : *ਤੁਸੀਂ ਕਸਮ ਹੈ ਬਦਲਾ ਲੈਣਾ*
ਇਹ ਤੋਂ, ਇਹਦੇ ਪੁੱਤਰਾਂ, ਇਹਦੇ ਵੱਲਭਾਂ, ਇਹਦੇ ਮਿੱਤਰਾਂ ਕੋਲੋਂ
ਨਾਰਥ : *ਜੇ ਮੈਂ ਇਹਤੋਂ ਲੈਂਦਾ ਨਹੀਂ ਹਾਂ, ਤਾਂ ਰੱਬ ਮੈਥੋਂ ਲੈਂਦਾ ਹੋਵੇ*

(ਹਿਮ, ਹਿਸ...) ਜਿਵੇਂ ਕ੍ਰਮਵਾਰ, ਤਰਜਨੀ ਉਂਗਲੀ ਕਰਕੇ ਕਹਿ ਰਿਹਾ ਹੋਵੇ। ਇਸ ਕਰਕੇ ਅਨੁਵਾਦ ਦਾ ਸਭ ਤੋਂ ਜ਼ਰੂਰੀ ਅੰਸ਼ 'ਇਹ, ਇਹਦੇ...' ਪੜਨਾਵਾਂ ਦਾ ਸੀ। ਵੱਲਭ favourite ਹੈ, ਮਨਜ਼ੂਰ-ਇ ਨਜ਼ਰ ਜਾਂ ਬਾਲਮ।

10

K. Hen. : No: first shall war unpeople this my realm
ਬਾਦ. : *ਨਾ ਨਾ : ਇਹ ਤੋਂ ਪਹਿਲਾਂ ਯੁੱਧ ਨੇ ਬੇ-ਆਬਾਦ ਰਾਜ ਹੈ ਕਰਨਾ*

ਅੰਗਰੇਜ਼ੀ ਜ਼ੁਬਾਨ ਦੀ ਖ਼ੂਬੀ ਹੈ ਕਿ ਕਿਰਿਆ (verb) ਬਣਾਉਣ ਨੂੰ ਦੇਰ ਨਹੀਂ ਲਗਦੀ। ਮੈਨੂੰ 'ਬੇ-ਆਬਾਦ' ਲਿਖਣਾ ਪਿਆ ਕਿਉਂਕਿ 'ਲੋਕ, ਗਣ' ਤੋਂ ਕਿਰਿਆ ਬਣਾਉਣੀ ਮੁਸ਼ਕਲ ਅਤੇ ਅਣ-ਸੁਖਾਵੀਂ ਲਗਦੀ ਸੀ।

13

North : And die in bands for this unmanly deed!
ਨਾਰਥ : *ਨਾਲੇ ਬੰਧਨ ਵਿਚ ਮਰਨਾ ਹੈ ਉਹ ਵੀ ਏਸ ਅਪੌਰਖ ਕਾਰਨ*

(ਬੈਂਡਜ਼) ਰੱਸੇ, ਕੜੀਆਂ। ਜਿਵੇਂ ਮਰਦ ਤੋਂ ਮਰਦਾਨਗੀ, ਪੁਰਖ ਤੋਂ ਅਮੂਰਤ ਨਾਂਵ (abstract noun) ਪੌਰਖ ਦਲੇਰੀ ਹੈ।

K. Hen. : And long live thou and those thy forward sons!
(ਫਾਰਵਰਡ) ਧੁਰਲੀ-ਮਾਰ, ਉੱਤੋਂ ਵੀ ਵਗਦਾ।
ਬਾਦ. : *ਤੂੰ ਵੀ ਤਾਂ ਚਿਰਜੀਵੀ ਹੋਵੇਂ ਰਲਦੇ ਸਾਹਸੀ ਪੁੱਤਰ ਤੇਰੇ*

14

Exe : Here comes the Queen, whose looks bewray her anger,
I'll steal away.
ਅਕਸ : *ਲਓ ਤਾਂ ਮਲਿਕਾ ਆ ਪਹੁੰਚੀ ਹੈ, ਗੁੱਸਾ ਲਿਖਿਆ ਚਿਹਰੇ 'ਤੇ ਹੈ,*
ਮੈਂ ਤਾਂ ਖਿਸਕਣ ਲੱਗਿਆਂ

ਪੰਜਾਬੀ ਪੈਂਤੀ ਵਿਚ ਵੱਡਾ ਅੱਖਰ ਸਾਧਾਰਨ ਅੱਖਰਾਂ ਤੋਂ ਭਿੰਨ ਨਹੀਂ ਹੈ। ਅੰਗਰੇਜ਼ੀ ਵੱਡੇ ਅੱਖਰ ਦੀ ਜੰਤਰਕ (instrumental) ਵਰਤੋਂ ਹੁੰਦੀ। ਕਵਿਤਾ ਦੀ ਪਾਲ ਦੇ ਮੁੱਢ ਵਿਚ। ਕਿਸੇ ਭਾਵ ਵਿਚਾਰ ਦੇ ਮਾਨਵੀਕਰਨ (personification) ਨੂੰ ਦਰਸਾਉਣ ਲਈ। ਕਵੀ ਪੋਪ (Pope 1688-1744) ਵਿਚ ਇਹਦੀ ਭਰਮਾਰ ਹੈ। ਸਾਡੇ ਕਈ ਕਵੀਆਂ ਨੇ ਗ਼ਲਤ ਹੀ ਮਾਨਵੀਕਰਨ ਨੂੰ ਅਪਣਾਇਆ ਹੈ ਪਰ ਵੱਡੇ ਅੱਖਰ ਦੇ ਘਾਟੇ ਪਾਠਕ ਨੂੰ ਖ਼ਬਰਦਾਰ ਨਹੀਂ ਕੀਤਾ ਜਾ ਸਕਦਾ। ਤੀਸਰੇ ਵੱਡਾ ਅੱਖਰ ਸਾਧਾਰਨ ਨਾਂਵ ਨੂੰ ਵਿਸ਼ੇਸ਼ ਬਣਾ ਦਿੰਦਾ ਹੈ। ਜਿਵੇਂ ਮਲਿਕਾ ਰਾਣੀ ਤਾਂ ਹੁੰਦੀ ਹੈ ਪਰ ਕਿਸੇ ਰਾਣੀ ਦਾ ਮਲਿਕਾ ਹੋਣਾ ਜ਼ਰੂਰੀ ਨਹੀਂ।

15

Silly = Simple, helpless

16

Q. Mar. : I here divorce myself
Both from thy table, Henry, and thy bed

ਮਲਿਕਾ : *ਲੈ ਮੈਂ ਆਪ ਤਲਾਕ ਲੈ ਲਿਆ*
ਤੇਰੇ ਦਸਤਰਖਾਨ ਤੋਂ, ਹੈਨਰੀ, ਨਾਲੇ ਤੇਰੀ ਸੇਜਾ ਤੋਂ ਕੀ

ਤਲਾਕ ਦੀ ਅਜੇ ਵੀ ਇਹੀ ਕਾਨੂੰਨੀ ਸ਼ਬਦਾਵਲੀ ਹੈ-'a mensa et thoro'.

K. Hen. : Cost my crown, and like an empty eagle
Tire on the flesh of me and of my son

ਬਾਜ਼-ਵਿੱਦਿਆ ਦੀ ਭਾਖਾ ਅਨੁਸਾਰ (ਕਾਸਟ) ਸ਼ਿਕਾਰ ਹੁੰਦੇ ਪੰਛੀ 'ਤੇ ਉਹਦੀ ਮੁੜਵੀਂ ਉਡਾਨ ਤੋਂ ਝੱਟ ਪਹਿਲਾਂ ਸਿੱਧਾ ਹਮਲਾ ਕਰਨਾ। ਸਮਕਾਲੀ ਵਲਾਇਤ ਵਿਚ ਬਾਦਸ਼ਾਹ, ਲਾਟ, ਜ਼ਿਮੀਂਦਾਰ ... ਸ਼੍ਰੇਣੀ-ਕ੍ਰਮ ਅਨੁਸਰ ਨਿਸ਼ਚਤ ਨਸਲ ਦੇ ਬਾਜ਼ ਰਖਦੇ ਸੀ। Slough ਵਿਚ ਅੱਜ ਵੀ ਬਾਜ਼-ਕਲਾ ਦੀ ਸਿੱਖਿਆ ਦਿੱਤੀ ਜਾਂਦੀ ਹੈ। ਸਾਡੀ ਬਾਜ਼-ਵਿੱਦਿਆ ਜਿਹੀ ਚੀਜ਼ ਦੀ ਕੋਈ ਪਰੰਪਰਾ ਨਜ਼ਰ ਨਹੀਂ ਆਉਂਦੀ। ਅਨੁਵਾਦ ਦੀ ਮੁਸ਼ਕਲ ਸਮਾਜੀ ਪਿਛੋਕੜ ਦਾ ਘਾਟਾ ਦਰਸਾਈ ਜਾਂਦੀ ਹੈ। ਅਜਿਹੀ ਮਜਬੂਰੀ ਜਹਾਜ਼ਰਾਨੀ ਨਾਲ ਦਸਤ ਪੰਜਾ ਲੈਂਦਿਆਂ ਵੀ ਸਾਹਮਣੇ ਆਵੇਗੀ।

ਬ. ਹੈਨ. : *(ਉਹਨੇ) ਮੇਰੇ ਤਾਜ ਨੂੰ ਪੈਣਾ ਹੋਇਆ, ਉਹਨੇ ਭੁੱਖੇ ਬਾਜ਼ ਦੇ ਵਾਂਗੂੰ*
ਭੀ ਨੋਚੀ ਹੈ ਕਰਨੀ ਮਾਸ ਮੇਰੇ ਦੀ, ਨਾਲੇ ਪੁੱਤਰ ਵਾਲੀ
(ਐਂਪਟੀ) ਭੁੱਖੇ ਢਿੱਡ, (ਟਾਇਰ) ਹਾਬੜਿਆਂ ਵਾਂਗੂੰ ਖਾਣਾ।

(17)

entreat them fair = be courteous to them

(19)

presently = immediately

They are soldiers
witty, courteous, liberal, full of spirit
ਉਹ ਜਿਹੜੇ ਹਨ ਯੋਧੇ ਹੋਏ
ਹੋਸ਼ਿਆਰ ਹਨ, ਬਾ-ਅਦਬ ਜੋ, ਖ਼ਾਨਦਾਨੀ ਤੇ ਹੌਂਸਲਾਮੰਦ
(ਲਿਬਰਲ) ਦਾ ਅਨੁਵਾਦ ਠੀਕ ਹੈ।

(20)

policy = political cunning

(21)

So looks the pent-up lion o'er the wretch
ਭੁੱਖਾ ਤੜਿਆ ਸ਼ੇਰ ਕੋਈ ਜੋ ਬਦਬਖ਼ਤੇ ਨੂੰ ਵਿਹੰਦਾ ਹੁੰਦਾ

ਤੜੇ ਨੂੰ ਸੁਤੇ ਸਿੱਧ ਭੁੱਖਾ ਕਿਹਾ ਗਿਆ ਹੈ।

(23)

Clif : Plantagenet, I come, Plantagent!
And this thy son's blood cleaving to my blade
Shall rust upon my weapon, till thy blood

Congealed with this, do make me wipe off both

ਕਲਿਫ : *ਪਲਨਤਜਾਨਤ, ਜੋ ਮੈਂ ਆਇਆ, ਪਲਨਤਜਾਨਤ ਆਇਆ!*
ਨਾਲੇ ਤੇਰੇ ਪੁੱਤਰ ਦੀ ਰੱਤ ਸ਼ਸਤਰ ਫਲ 'ਤੇ ਜੰਮ ਗਈ ਹੈ
ਜਿਸ ਜ਼ੰਗ ਵਾਂਗੂੰ ਕਾਇਮ ਰਹਿਣਾ ਜਿੱਚਿਰ ਖੂਨ ਤੇਰਾ ਕੀ ਰਲਦਾ
ਇਹਦੇ ਨਾ' ਨਹੀਂ 'ਕੱਠਾ ਹੁੰਦਾ ਜੋ ਮੈਂ 'ਕੱਠਿਆਂ ਨੂੰ ਪੁੰਝੂੰਗਾ

ਪਲਨਤਜਾਨਤ ਸ਼ਾਹੀ ਖ਼ਾਨਦਾਨ ਦੀ ਅੱਲ ਹੈ। ਰਤਾ ਹੈਰਾਨੀ ਦੀ ਗੱਲ ਹੈ ਇਹਦੇ ਅਰਥ ਹਨ - ਬਹੁਕਰ ਤੀਲਾ। ਪਲਨਤਜਾਨਤ ਪੰਜਾਬੀ ਉਚਾਰਨ ਬਣਾਇਆ ਹੈ ਜਿਵੇਂ ਅੰਗਰੇਜ਼ਾਂ ਨੇ ਇਟਲੀ ਦੇ ਸ਼ਹਿਰਾਂ ਦੇ ਅੰਗਰੇਜ਼ੀ ਉਚਾਰਨ ਉਸਾਰ ਲਏ ਹਨ।

(24)

demean'd themselves = behaved

Three times did Richard make a lane to me
ਜੋ ਤਿੰਨ ਵਾਰੀ ਆਪ ਰਿਚ'ਡ ਲੀਹ ਪਾਉਂਦਾ ਮੇਰੇ ਤਾਈਂ ਪੁੱਜਿਆ
but out alas!
We budged again
ਐਪਰ ਹੈਫ ਜਿਵੇਂ ਅਫ਼ਸੋਸ!
ਅਸੀਂ ਗਏ ਕੀ ਪਿੱਛੇ ਧੱਕੇ

ਇਕ ਤਾਂ ਹੈਫ਼ ਅਤੇ ਅਫਸੋਸ ਦਾ ਦੋਹਰਾ ਅੰਤਰਵਾਦ (interjection) ਹੈ। ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ ਅੰਤਰਵਾਦ ਨੂੰ 'ਵਿਸਮਿਕ' ਕਹਿੰਦੀ ਜਿਹੜੀ ਵਿਸਮ ਤੋਂ ਵਿਸਮਕ ਹੀ ਹੋ ਸਕਦਾ ਸੀ ਨਾ ਕਿ 'ਵਿਸਮਿਕ', ਜਿਵੇਂ ਪ੍ਰਬੰਧ-ਕ ਪ੍ਰਬੰਧਿਕ ਨਹੀਂ ਹੁੰਦਾ। ਮੈਂ ਤਾਂ ਏਸ ਕੋਸ਼ ਦਾ, ਖ਼ਾਸਕਰ ਆਂ-ਜਹਾਨੀ ਮਿੱਤਰ ਅਤਰ ਸਿੰਘ ਦਾ ਅਤੀ ਰਿਣੀ ਹਾਂ। ਮੇਰਾ ਮਨੋਰਥ ਤਾਂ ਇੰਨੀ ਗੱਲ ਅਰਜ਼ ਕਰਨ ਦਾ ਸੀ ਕਿ ਭਾਸ਼ਾ ਦੇ ਵਿਕਾਸ ਵਿਚ ਸ਼ਬਦ ਦਾ 'ਹੋਂਦ ਲਈ ਸੰਘਰਸ਼' (struggle for existense) ਹੁੰਦਾ ਹੈ। ਜ਼ਰੂਰੀ ਨਹੀਂ ਕਿ (ਇੰਟਰਜੈਕਸ਼ਨ) ਵਿਸਮ ਦਾ ਹੀ ਹੋਵੇ, ਘਿਰਣਾ ਦਾ ਵੀ ਹੋ ਸਕਦਾ। ਉਰਦੂ ਵਾਲੇ ਠੀਕ ਹੀ ਏਸ ਲਫ਼ਜ਼ ਨੂੰ ਕਿਸੇ ਭਾਵ ਨਾਲ ਨਹੀਂ ਜੋੜਦੇ ਜੋ ਇਹਨੂੰ ਹਰਫ਼-ਇ ਨਿਦਾ ਕਹਿੰਦੇ ਹਨ। ਨਿਦਾ ਕੇਵਲ ਆਵਾਜ਼ ਹੈ। ਚੰਗਾ ਹੁੰਦਾ ਹੈ ਜੇ ਕੋਈ ਅਨੁਵਾਦ ਮੂਲ ਦਾ ਸ਼ਬਦ ਕਿਸੇ ਪ੍ਰਚਲਤ ਸ਼ਬਦ ਨਾਲ ਹਮ-ਆਵਾਜ਼ ਹੋਵੇ, ਜਿਵੇਂ ਅੰਤਰਵਾਦ ਅਪਵਾਦ ਨਾਲ ਹੈ ਜਿਸ ਦੇ ਸਦਕੇ ਉਹਨੂੰ ਭਾਸ਼ਾ ਵਿਚ ਰਲਣਾ ਮਿਲਣਾ ਸੌਖਾ ਹੋ ਜਾਂਦਾ ਹੈ।

(25)

Why come you not? What! multitudes, and fear
ਫੇਰ ਕਿਵੇਂ ਨਹੀਂ ਵਧਕੇ ਆਉਂਦੇ! ਨਫ਼ਰੀ ਇੰਨੀ, ਨਾਲੇ ਡਰਦੇ

ਅਨੁਵਾਦਕ ਦੀ ਗੱਲ ਤਾਂ ਬਣਦੀ ਹੈ ਜੇ ਦੋਵੇਂ ਭਾਸ਼ਾਵਾਂ ਵਿਚ ਉਹਦਾ ਨਿਮੱਜਨ (ਮੱਜਨ, ਡੋਬਾ) immersion ਹੋਇਆ ਹੋਵੇ, ਜਿਵੇਂ ਭਾਸ਼ਾਈ ਵਿਸ਼ੇਸ਼ੱਗ ਇਹਨੂੰ ਭਾਸ਼ਾ ਦੇ ਗ੍ਰਹਿਣ ਕਰਨ ਲਈ ਜ਼ਰੂਰੀ ਸਮਝਦੇ ਹਨ। ਮੈਂ ਸਭ ਤੋਂ ਪਹਿਲਾਂ ਕਹੂੰਗਾ ਕਿ ਇਹ ਸ਼ਰਤ ਬੜੀ ਜੋਖਮ ਹੈ।

ਅਪੋਲੋ ਪੁੱਤਰ, Phaeton ਸੂਰਜ ਦੇ ਰਥ ਨੂੰ ਧਰਤੀ ਦੇ ਇੰਨਾ ਨੇੜੇ ਲੈ ਗਿਆ ਕਿ ਇਹਦੇ ਨਾਲ ਟੱਕਰ ਲੱਗਕੇ ਦੁਨੀਆਂ ਦੀ ਤਬਾਹੀ ਦਾ ਡਰ ਪੈਦਾ ਹੋ ਗਿਆ ਤਾਂ ਯੂਸ (Zeus) ਮਹਾਦੇਵ ਨੂੰ ਇਹਨੂੰ ਬੱਜਰ ਮਾਰਨਾ ਪਿਆ।

Now Phaeton hath tumbled from his car,
And made an evening at the noontide prick.

(ਪਰਿੱਕ) ਧੁੱਪ-ਘੜੀ ਦੀ ਕਿੱਲੀ ਹੈ ਜਿਸ ਦੀ ਤੁਰਦੀ ਛਾਂ ਵਕਤ ਦੱਸਦੀ ਹੈ।

ਹੁਣ ਤਾਂ ਫ਼ਿਟਨ ਜਿਵੇਂ ਕਿ ਉਡਨੇ ਰਥ 'ਚੋਂ ਥੱਲੇ ਡਿਗਦਾ ਹੋਇਆ
ਧੁੱਪ-ਘੜੀ ਦੇ ਬਾਰਾਂ ਵਜਦੇ ਅੰਕ 'ਤੇ ਜਿੱਕਣ ਸ਼ਾਮ ਪਈ ਹੈ

ਸਾਡੇ ਵੀ ਅੱਜ ਤੋਂ ਪੰਜਾਹ ਕੁ ਸਾਲ ਪਹਿਲਾਂ ਇਕ ਕਿਸਮ ਦੀ ਬੱਘੀ ਨੂੰ ਫ਼ਿਟਨ ਕਹਿੰਦੇ ਹੁੰਦੇ ਸੀ।

(26)

It is war's prize to take all vantages;
And ten to one is no impeach of valour;
ਇਹ ਤਾਂ ਜੰਗ ਦਾ ਮਾਲ ਗ਼ਨੀਮਤ ਜਿੰਨੇ ਮੌਕੇ ਲਾਹੇ ਲੈਣੇ
ਜੇ ਇਕ ਲਾ ਕੇ ਦਸ ਮਿਲਦੇ ਹਨ ਨਹੀਂ ਬੀਰਤਾ ਨੂੰ ਇਹ ਮਿਹਣਾ

(25/26)

York : O Clifford, but bethink thee once again,
And in thy thought o'errun my former time;
And, if thou canst for blushing, view this face,
And bite thy tongue that slanders him with cowardice
Whose frown hath made thee faint and fly ere this!

ਯਾਰਕ *ਓ ਕਲਿੱਫ਼ਡ ਕੀ ਤੂੰ ਆਪਣੇ ਬਾਰੇ ਇਕ ਵਾਰੀ ਮੁੜ ਸੋਚੇਂ,*
ਨਾਲੇ ਚਲਦੀ ਸੋਚ ਦੇ ਅੰਦਰ ਮੇਰੇ ਪਹਿਲ ਸਮੇਂ ਨਾ' ਭੱਜੇਂ
ਨਾਲੇ, ਕੀ ਤੂੰ ਸ਼ਰਮਾਂ ਬਾਝੋਂ, ਇਹ ਚਿਹਰੇ ਨੂੰ ਤਕ ਸਕਦਾ ਹੈਂ,
ਨਾਲੇ ਟੁੱਕੋਂ ਆਪਣੀ ਜਿਹਬਾ ਬੁਜ਼ਦਿਲ ਕਹਿ ਮੈਨੂੰ ਬਦਨਾਵੇਂ
ਜਿਸਦੀ ਪਈ ਤਿਓੜੀ ਨਿੱਸਲ ਕਰਦੇ ਤੈਨੂੰ ਨਾਲੇ ਭਜਦਾ
'ਨਾਲੇ, ਨਾਲੇ...' ਜਿਵੇਂ ਲੇਖੇ ਵਿਚ ਵੇਰਵੇ ਆਉਂਦੇ ਹੋਣ।

(31)

North Had he been slaughter-man to all my kin
I should not for my life but weep with him,
To see how inly sorrow gripes his soul,

Q. Mar. What, weeping-ripe, my lord Northumberland?

ਨਾਰਥ *ਭਾਵੇਂ ਇਹ ਕੋਈ ਜੱਲਾਦ ਜੇ ਹੁੰਦਾ ਮੇਰੇ ਸਾਰੇ ਬੰਧੂਗਣ ਦਾ*
ਸੌਂਹ ਜੀਵਨ ਦੀ ਮੈਨੂੰ ਜਿਹੜਾ ਇਹਦੇ 'ਤੇ ਰੋਣਾ ਹੈ ਆਉਂਦਾ
ਧੁਰ ਅੰਦਰ ਦਾ ਸ਼ੋਕ ਇਹਦਾ ਕੀ ਦਿਲ ਮੇਰੇ ਨੂੰ ਪੱਟੀ ਜਾਂਦਾ

ਮਲਿਕਾ *ਕਿਸ ਗੱਲ ਰੁਦਨ-ਤਿਆਰੀ ਕੀਤੀ ਮੇਰੇ ਆਕਾ ਨਾਰਥੰਬਰਲੈਂਡ?*

(35)

Edw. : henceforward will I bear
Upon my target three fair-shining suns

ਪਹਿਲਾਂ ਤਾਂ sun ਅਤੇ son ਦਾ ਯਮਕ ਹੈ। ਦੂਸਰੇ, ਸੂਰਜ ਯਾਰਕ ਦੇ ਕੁੱਲ-ਚਿੰਨ੍ਹ ਦਾ ਅੰਗ ਹੈ। ਤੀਸਰੇ ਰਿਚ'ਡ ਉਹਨੂੰ ਪੁੱਤਰਾਂ ਦੀ ਥਾਂਉ 'ਧੀਆਂ' ਨੂੰ ਕੁਲ-ਚਿੰਨ੍ਹ 'ਚ ਪਾਉਣ ਲਈ ਕਹਿੰਦਾ ਉਹਦੀ ਤੀਆ-ਪਰਾਇਣ ਰੁਚੀ 'ਤੇ ਚੋਟ ਕਰਦਾ ਹੈ ਜਿਸ ਨੇ ਨਾਟਕ 'ਚ ਅੱਗੇ ਜਾ ਕੇ ਪ੍ਰਗਟ ਹੋਣਾ ਹੈ।

Rich : Nay, bear three daughters: by your leave I speak it,

You love the breeder better than the male.

ਐਡ. : *ਮੈਂ ਅੱਗੇ ਨੂੰ ਢਾਲ ਆਪਣੀ 'ਤੇ*
ਪਾ ਕੇ ਰੱਖੂੰ ਤਿੰਨ ਸੂਰਯਾ ਚਮਕਤ ਲਾਲ ਜਿਵੇਂ ਕਿ ਹੋਵਨ

ਰਿਚ. : *ਨਾ ਤਾਂ ਤਿੰਨ ਧੀਆਂ ਹੀ ਚੰਗੀਆਂ, ਆਪ ਖੁਸ਼ੀ ਜੇ ਆਗਯਾ ਮੈਨੂੰ,*
ਜਿਵੇਂ ਆਪ ਨੂੰ ਨਰ ਦੇ ਨਾਲੋਂ ਕੀ ਸ਼ੁਸ਼ਾ ਹੈ ਚੰਗੀ ਲਗਦੀ

ਇਕ ਤਾਂ (ਸਨ) ਦੇ ਯਮਕ ਦਾ ਲਾਲ ਦੇ ਯਮਕ ਲਾਲ ਰੰਗ, ਪੁੱਤਰ ਨਾਲ ਸਾਰਿਆ ਹੈ। ਦੂਸਰੇ ਅਸੀਂ ਧੀਆਂ ਨੂੰ ਬੱਚਾ ਜੰਮਣ 'ਤੇ ਸ਼ੁਸ਼ਕ ਤਾਂ ਜ਼ਰੂਰ ਭੇਜਦੇ ਹਾਂ ਪਰ ਸ਼ੁਸ਼ਾ ਸ਼ਬਦ ਨੂੰ ਭੁੱਲ ਗਏ ਹਾਂ ਜਿਸਦੇ ਅਰਥ ਹਨ, ਬੱਚਾ ਜੰਮਣ ਵਾਲੀ। ਭਾਸ਼ਾ ਦੇ ਵਿਕਾਸ ਦਾ ਮਤਲਬ ਭਾਸ਼ਾ ਦਾ ਪੁਨਰ-ਗ੍ਰਹਿਣ ਵੀ ਹੈ।

ਯਮਕ ਦੀ ਦੁਬਿਧਾ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਅਨੁਵਾਦ ਜ਼ਰੂਰੀ ਤੌਰ 'ਤੇ ਊਣ-ਰਚਨਾ ਹੁੰਦੀ ਹੈ।

(37)

Edw. : thou hast slain
The flower of Europe for his chivalry

ਐਡ *ਤੂੰ ਕੀ ਜਿਹੜਾ ਕਤਲ ਹੈ ਕੀਤਾ*
ਮਾਣਸ-ਪੁਸ਼ਪ ਯੌਰਪੀ ਜਿਹੜਾ ਆਪਣੀ ਯੁੱਧ-ਸਥਿਰਤਾ ਕਾਰਨ

ਸੰਧੀ ਕਾਰਨ ਯੁੱਧ ਸਥਿਰ ਯੁਧਿਸ਼ਟਰ ਹੋ ਜਾਂਦਾ ਹੈ। ਆਮ ਤੌਰ 'ਤੇ (ਸ਼ਵਲਰੀ) ਦਾ ਅਨੁਵਾਦ (ਸ਼ਿਵਾਲ) ਘੋੜੇ ਤੋਂ ਸ਼ੁਰੂ ਹੁੰਦਾ ਹੈ, ਅਸ਼ਵ, ਅਸ਼ਵਾਲ, ਅਸ਼ਵਾਲਤਾ। ਪਰ ਇੱਥੇ ਹੋਰ ਕਿਸਮ ਦਾ ਭਾਵਕ ਸੰਦਰਭ ਬਣਿਆ ਹੋਇਆ ਸੀ।

(38)

For by my scouts I was advertised
ਮੇਰੇ ਗੁਪ-ਚਰ (ਗੁਪਤਚਰ) ਗਣ ਨੇ ਮੈਨੂੰ ਜੋ ਸਾਰੀ ਇਤਲਾਹ ਦਿੱਤੀ ਸੀ

(39)

For in the Marches here we heard you were,
Making another head to fight again

(ਮਾਰਚਜ਼) ਦੇ ਵੱਡੇ (ਐਮ) ਨੇ ਸੰਕੇਤ ਕਰ ਦਿੱਤਾ ਹੈ ਕਿ ਇਹ ਵੇਲਜ਼ ਦਾ ਖ਼ਾਸ ਇਲਾਕਾ ਹੈ। (ਹੈੱਡ) ਨਫ਼ਰੀ

ਜੋ ਵੇਲਜ਼ ਸਰਹੱਦ 'ਤੇ ਸੁਣਿਆ ਆਪ ਜਿਵੇਂ ਹੋ ਇੱਥੇ
ਨਫ਼ਰੀ ਫੇਰ ਇਕੱਠੀ ਕਰਨੀ ਮੁੜ ਜੂਝਣ ਨੂੰ ਕੀ ਫਿਰ

(40)

'Twas odds, belike, when valiant Warwick fled:
'ਆਡਜ਼' ਜੂਏ 'ਚ ਕਿੰਨੇ ਲਾਕੇ ਕਿੰਨੇ ਮਿਲਦੇ ਹਨ।
ਜੋੜ ਬਰਾਬਰ ਨਹੀਂ ਸੀ ਜਿਹੜਾ ਸੂਰੇ ਵਾਰਿਕ ਭੱਜਣਾ ਆਇਆ

(41)

Why, Via! to London will we march amain

Via ਤਾਂ ਰਾਹ ਹੁੰਦਾ ਹੈ। ਇਥੇ ਅੰਤਰਵਾਦ (!) ਨੇ ਅਤੇ ਵੱਡੀ v ਨੇ 'ਰਾਹ ਪਓ' ਨੂੰ ਕੇਵਲ 'ਰਾਹ' ਹੀ ਰਹਿਣ ਦਿੱਤਾ। ਕਾਹਲ ਜਾਂ ਜੋਸ਼ ਵਿਚ 'ਪਓ' ਦੀ ਕ੍ਰਿਯਾ ਰਹਿ ਗਈ ਤਾਂ ਅਰਥ 'ਚਲੋ, ਵਧੋ' forward, away ਹੋ ਗਏ। ਜਿਵੇਂ might and main ਮੁਹਾਵਰਾ ਹੈ। a main, a+main

ਤਾਂ ਫਿਰ ਕਰੋ ਚੜ੍ਹਾਈ! ਆਪਾਂ ਲੰਡਨ 'ਤੇ ਹੈ ਧਾਵਾ ਕਰਨਾ

Lord Warwick, on thy shoulder will I lean;
And when thou fall'st as God forbid the hour!
ਵਾਰਿਕ ਲਾਟ ਮੇਰੇ ਜੋ ਗੱਲ ਹੈ, ਕੰਧਾ ਤੇਰਾ ਮੇਰਾ ਸਹਾਰਾ,
ਪਤਨ ਜਦੋਂ ਵੀ ਤੇਰਾ ਹੁੰਦਾ – ਰੱਬ ਲਿਆਵੇ ਛਿਣ ਨਾ ਐਸਾ

ਸੰਪਾਦਕ fall'st ਨੂੰ faints ਦੀ ਕੁ-ਛਾਪ (misprint) ਕਹਿੰਦਾ। ਮੈਂ ਇੰਨੀ ਬਾਰੀਕੀ 'ਚ ਜਾਣ ਦੀ ਲੋੜ ਨਾ ਸਮਝੀ। ਨਹੀਂ ਤਾਂ ਅਨੁਵਾਦ *ਕੀ ਜੋ ਤੂੰ ਕਮਜ਼ੋਰੀ ਖਾਵੇਂ...ਹੋਣਾ ਸੀ*

(43)

fondly = foolishly

(45)

And happy always was it for the son
Whose father for his hoarding went to hell
ਨਾਲੇ ਉਸ ਪੁੱਤਰ ਦੀ ਜਿਹੜੀ ਸਦ ਹੀ ਖੁਸ਼ਹਾਲੀ ਜੋ ਹੁੰਦੀ
ਜਿਸ ਦੇ ਪਿਤ ਨੇ ਸੰਚਯਨ ਕਰਕੇ ਨਰਕ ਗਮਨ ਹੈ ਕੀਤਾ ਹੁੰਦਾ

(48)

ਰਿਚ'ਡ ਸ਼ਹਿਜ਼ਾਦਾ ਐਡਵ'ਡ ਨੂੰ ਕਹਿੰਦਾ ਹੈ ਕਿ ਤੂੰ ਬਹੁਤ ਬੋਲਣ ਸਦਕੇ ਆਪਣੀ ਮਾਂ 'ਤੇ ਗਿਐਂ। ਮਲਿਕਾ ਮਾਰਗਰੇਟ ਜਵਾਬ-ਨ ਕਹਿੰਦੀ ਹੈ

Q. Mar : But thou art neither like thy sire nor dam,
But like a foul misshapen stigmatic,
Mark'd by the Destinies to be avoided,
As venom toads, or lizards' dreadful stings.
ਨਾ ਤੂੰ ਜਣਨੀ ਜੇਹਾ ਕੀ ਹੈਂ, ਨਾ ਤੂੰ ਗਿਆ ਬਾਪ 'ਤੇ ਜਿਹੜਾ
ਐਪਰ ਜਿਹੜਾ ਬਦਰੂਪੀ ਦਾ ਆਪੇ ਠੱਪਾ ਹੋਇਆ ਲਗਦੈਂ
ਬਿਧ ਮਾਤਾ ਨੇ ਦਾਗੀ ਕੀਤਾ ਹੋਣਹਾਰ ਜੋ ਤੇਰੇ ਵਿਚ ਹੈ
ਦਾਦ੍ਰ ਵਿਸ ਕੀ ਹੋਵੇ ਜਾਂ ਕਿਰਲੀ ਦਾ ਮਾਰੂ ਡੰਸ ਰਿਹਾ ਹੈ

Destinies (ਵੱਡੀ ਡੀ) ਸੁਚੇਤ ਕਰਦੀ ਹੈ ਕਿ ਇਹ ਤਿੰਨ ਭੈਣਾਂ ਵਾਲੀ ਕਿਸਮਤ ਹੈ, ਇਕ ਕੱਤਣ ਲਗਦੀ ਹੈ, ਦੂਜੀ ਤੰਦ ਪਾਉਂਦੀ ਹੈ, ਤੀਜੀ, ਤੰਦ ਨੂੰ ਕੈਂਚੀ ਨਾਲ ਕੱਟ ਦਿੰਦੀ ਹੈ। ਬਿਧ ਮਾਤਾ ਦਾ ਬਹੁਵਚਨ 'ਬਿਧ ਮਾਤਾਵਾਂ' ਸ਼ਾਬਦਿਕ ਜ਼ਰੂਰ ਹੋਣਾ ਸੀ ਪਰ ਪੰਜਾਬੀ ਜ਼ੁਬਾਨ 'ਚ ਪੁੱਗਣਾ ਨਹੀਂ ਸੀ। ਰਿਚ'ਡ ਦੀ ਠੱਪਾ ਲੱਗਣ ਕਾਰਨ ਬਦਰੂਪੀ ਨਹੀਂ ਉਹ ਤਾਂ ਸਗੋਂ ਆਪ ਕੁਹਜ ਦਾ ਠੱਪਾ ਹੈ। ਡੱਡੂ ਦੀ ਵਿਸ਼ ਅਤੇ ਕਿਰਲੀ ਦਾ ਡੰਗ ਸਮਕਾਲ ਲੋਕ-ਭੁੱਲ ਹੈ।

ਮੌਲਿਕ ਸ਼ੇਕਸਪੀਅਰ ਵਿਚ ਵਿਸ਼ਰਾਮ ਚਿੰਨ੍ਹ (punctuation) ਨਹੀਂ। ਉਪਰੋਕਤ ਅਨੁਵਾਦ ਸਬੱਬ ਨਾਲ ਛਪੇ ਸ਼ੇਕਸਪੀਅਰ ਨਾਲੋਂ ਮੌਲਿਕ ਸ਼ੇਕਸਪੀਅਰ ਦੇ ਨੇੜੇ ਚਲਿਆ ਗਿਆ।

(50)

Sound trumpets! let our bloody colours wave!
And either victory, or else a grave
ਤੂਤੀ ਬੋਲੇ, ਬੰਬ ਵਜਾਓ! ਜੋ ਲਹਿਰਾਓ ਖੂਨੀ ਝੰਡੇ
ਕੀ ਜਯ ਹੋਵੇ ਕੀ ਫਿਰ ਕਬਰ ਜਿਵੇਂ ਹੈ ਪੈਣੀ ਸਾਡੇ ਵੰਡੇ

ਤੁਕਾਂਤ ਦਾ ਤੁਕਾਂਤੀ ਅਨੁਵਾਦ ਨਹੀਂ ਹੋ ਸਕਦਾ; ਇਹਦੀ ਖਾਤਰ ਕੋਈ ਹੋਰ ਤੁਕਾਂਤ

ਲੱਭਣਾ ਪੈਂਦਾ ਹੈ। ਤੁਕਾਂਤ ਦਾ ਸ਼ਾਬਦਿਕ ਦੀ ਥਾਂ ਜੰਤਰਕ (instrumental) ਅਨੁਵਾਦ ਲੱਭਣਾ ਪੈਂਦਾ ਹੈ। ਸਾਡੇ ਬੰਬ (ਨਗਾਰੇ) ਵਜਾਉਣ ਤੋਂ ਬਿਨਾਂ ਹੱਲਾ ਨਹੀਂ ਹੋ ਸਕਦਾ। ਇਸ ਕਰਕੇ ਬੰਬ ਵਜਾਉਣ ਦਾ ਸ਼ਾਬਦਿਕ ਵਾਧਾ ਜ਼ਰੂਰ ਹੈ ਪਰ ਜੰਤਰਕ ਲੋੜ ਸੀ। ਜੰਤਰਕ ਅਨੁਵਾਦ ਸ਼ਬਦ ਦੀ ਨਹੀਂ ਸਗੋਂ ਕਰਮ (ਅਮਲ) ਦੀ ਤਰਜਮਾਨੀ ਕਰਦਾ ਹੈ। ਤੁਕਾਂਤ ਕਾਰਨ ਉਪਰੋਕਤ ਵਿਚਾਰ ਅਖਾਣ ਦਾ ਰੂਪ ਧਾਰ ਗਿਆ ਹੈ।

No wrangling woman, we'll no longer stray:
These words will cost ten thousand lives this day.
ਨਾ ਤਾਂ ਦੁਰ-ਝਗੜਾਲੂ ਔਰਤ, ਹੋਰ ਅਸੀਂ ਨਹੀਂ ਜਿਹੜਾ ਰੁਕਣਾ
ਜਿਹੜਾ ਇਹਨਾਂ ਲਫਜ਼ਾਂ ਕਾਰਨ ਦਸ ਸਹਿਸਰ ਜਾਨਾਂ ਨੇ ਮੁਕਣਾ

ਤੁਕਾਂਤ ਤਾਂ ਕੇਵਲ ਸੀਨ ਦੇ ਅੰਤ ਹੋਣ ਦਾ ਸੰਕੇਤ ਹੈ। ਮੌਕੇ ਨਾਲ ਮੈਂ ਡਾਕਟਰ ਅਮਰੀਕ ਸਿੰਘ ਨੂੰ ਪੁੱਛਿਆ ਕਿ **ਪਰਕਲੀਜ਼** ਵਿਚ ਇਕ ਥਾਂਉ ਬਿਲਾ ਵਜਾਹ ਤੁਕਾਂਤ ਹੈ, ਇਹਦਾ ਕੀ ਕਰਨਾ ਚਾਹੀਦਾ ਹੈ। ਉਹਨਾਂ ਦਾ ਜਵਾਬ ਸੀ ਕਿ ਇਹਨੂੰ ਕਾਇਮ ਰੱਖਣ ਦਾ ਕੀ ਹਰਜ ਹੈ।

(51)

forspent = exhausted

What hap? What hope of good?
ਕੀ ਗਤ? ਨਾਲੇ ਕੌਣ ਗਤੀ ਹੈ?

(ਹੈਪ ਹੋਪ) ਦੇ ਯਮਕ ਦਾ ਹਰ ਵਾਰ ਨਵਾਂ ਪ੍ਰਬੰਧ ਕਰਨਾ ਪੈਂਦਾ ਹੈ ਕਿਉਂ ਜੁ (ਹੈਪ) ਨਾਲੇ (ਹੋਪ) ਦੋਵੇਂ ਬਦਲਦੇ ਰਹਿੰਦੇ ਹਨ।

(53)

Yet that Thy brazen gates of heaven may ope
ਤਾਂ ਕੰਚਨ ਦਰਵਾਜ਼ੇ ਸੁਰਗਾਂ ਵਾਲੇ ਖੁੱਲ੍ਹੇ ਰਹਿਣ ਕਿਤੇ ਜੇ

(ਬਰੇਜ਼ਨ) ਦਾ ਮਤਲਬ ਪਿੱਤਲ ਦਾ, ਨਾਲੇ ਅਲੰਘ, ਨਾਸ਼ ਰਹਿਤ। ਸਾਡੇ ਸੁਰਗਾਂ ਦੇ ਦਰਵਾਜ਼ੇ ਪਿੱਤਲ ਦੇ ਨਹੀਂ ਲਗ ਸਕਦੇ। (ਦਾਈ) ਦੀ ਵੱਡੀ (ਟੀ) ਦਾ ਮਤਲਬ ਹੈ ਕਿ 'ਤੇਰੇ, ਰੱਬ' ਦੇ, ਹਨ।

for slow = delay

promise them such rewards
As victors wear at the Olympian games

ਸੰਪਾਦਕ ਕਿਸੇ ਦਾ ਹਵਾਲਾ ਦਿੰਦਾ ਹੈ ਜਿਸ ਅਨੁਸਾਰ Olympian ਨਾਲ ਗੱਲ vaguely classical ਹੋ ਜਾਂਦੀ ਹੈ।

ਉਹਨਾਂ ਨੂੰ ਇਨਆਮ ਮਿਲਣਗੇ
ਜੇਹੇ ਜਯਤਾ ਪਹਿਰਨ ਕਰਦੇ ਹੋਣ ਉਲਿੰਪਕ ਖੇਲ੍ਹਾਂ ਅੰਦਰ

ਅਨੁਵਾਦ ਇਸ ਆਸ 'ਤੇ ਖਲੋਤਾ ਹੈ ਕਿ ਪਾਠਕ ਜਾਣਦਾ ਹੈ ਕਿ ਪਹਿਰਨ ਦੀ ਕੋਈ ਅਜਿਹੀ ਗੱਲ ਨਹੀਂ ਹੁੰਦੀ ਸੀ। ਅਨੁਵਾਦ ਲਿਖਾਰੀ ਅਤੇ ਅਨੁਵਾਦਕ ਦਾ ਮੁਆਮਲਾ ਜ਼ਰੂਰ ਹੈ ਜਿਸਨੂੰ ਅੱਗੇ ਜਾ ਕੇ ਪਾਠਕ ਦੀ ਕੁਸ਼ਲਤਾ ਦਾ ਸਹਾਰਾ ਲੈਣਾ ਪੈਂਦਾ ਹੈ।

(54)

Scene V - **Another Part of the field**

ਸੰਪਾਦਕ ਹਾਰਟ (Hart 1854-1943) ਦੇ ਹਵਾਲੇ ਸਹਿਤ ਲਿਖਦਾ ਹੈ। It may be part of the comment that Henry sits down, ironically enough, on the same

(stage) mole-hill on which York had been set.

ਅਜਿਹੀ ਥੇਟਰੀ ਕਾਢ ਨਿਰਦੇਸ਼ਕ ਦਾ ਕੰਮ ਹੈ, ਨਾਟਕ ਦੇ ਸੰਪਾਦਕ ਦੇ ਕਰਨ ਦੀ ਨਹੀਂ। ਇਹ ਛੋਟੀ ਜਿਹੀ ਮਿਸਾਲ ਹੈ ਕਿ ਸਦੀਆਂ ਤੋਂ ਕਿਵੇਂ ਸ਼ੇਕਸਪੀਅਰ ਦੀ ਉਸਾਰੀ ਹੁੰਦੀ ਰਹੀ ਹੈ।

(58)

And let our hearts and eyes, like civil war,
Be blind with tears, and break overcharg'd with grief

ਨਾਲੇ ਸਾਡੇ ਹਿਰਦੇ ਨਯਨ ਜਿਵੇਂ ਕਿ ਖ਼ਾਨਾ ਜੰਗੀ ਵਾਂਗੂੰ
ਅੰਨ੍ਹੇ ਹੋਏ ਅੱਥਰੂਆਂ ਨਾ' ਸ਼ੋਕ-ਭ੍ਰਿਤ ਹੀ ਜਾਂਦੇ ਲੱਗਣ

ਭ੍ਰਿਤ=ਲੱਦਿਆ, ਧਾਰਨ ਕੀਤਾ।

O boy, thy father gave thee life too soon,
And hath bereft thee of thy life too late
late = recently

ਹਾਏ ਮੁੰਡਿਆ, ਤੇਰੇ ਪਿਤ ਨੇ ਤੈਨੂੰ ਜਲਦ ਵਕਤ ਸੀ ਜਣਿਆ
ਨਾਲੇ ਤੇਰਾ ਜੀਵਨ ਮੁਕਦਾ ਕੀਤਾ ਵਰਤਮਾਨ ਤੋਂ ਪਹਿਲਾਂ

ਅਨੁਵਾਦ ਫੇਰ ਪਾਠਕ ਦੇ ਪ੍ਰਤਿਕਰਮ 'ਤੇ ਨਿਰਭਰ ਹੈ। ਉਹਨੇ ਜਲਦ ਵਕਤ ਨੂੰ 'ਜਲਦ ਅਜ਼ ਵਕਤ' ਹੀ ਸਮਝਣਾ। ਵਰਤਮਾਨ ਦਾ ਸੁਝਾਉ ਹੈ ਕਿ ਭਾਣੇ ਨੂੰ ਵਰਤਣ ਲਈ ਅਜੇ ਵਕਤ ਬਾਕੀ ਸੀ। ਪਾਠਕ ਨਿਰਭਰ ਵਯੰਜਨ ਦੀ ਉਚਤਮ ਮਿਸਾਲ ਮੋਮਨ ਦਾ ਸ਼ਿਅਰ ਹੈ

ਲ-ਹਦ ਮੇਂ ਮੇਰੇ ਸ਼ਾਨੇ ਹਿਲਾਏ ਜਾਤੇ ਹੈਂ
ਸਿਤਾਨੇ ਵਾਲੇ ਯੂੰ ਭੀ ਸਿਤਾਏ ਜਾਤੇ ਹੈਂ
ਲ-ਹਦ=ਕਬਰ; ਸ਼ਾਨੇ=ਮੋਢੇ

ਲ-ਹਦ 'ਚ ਪਿਆ ਸਿਤਾਉਣ ਵਾਲਾ ਨਹੀਂ, ਸਿਤਾ ਹੋਣ ਵਾਲਾ ਹੈ; ਪਰ ਪੜ੍ਹਨ ਸੁਣਨ ਵਾਲਾ ਗ਼ਲਤ ਨੂੰ ਸਹੀ ਸਮਝਦਾ ਹੈ।

ਸਮੁੱਚੇ ਸ਼ੇਕਸਪੀਅਰ ਦੇ ਅਨੁਵਾਦ ਦਾ ਮਨੋਰਥ ਪੰਜਾਬੀ ਭਾਸ਼ਾ ਦੀ ਸਮਰੱਥਾ ਨੂੰ ਸ਼ੇਕਸਪੀਅਰ ਦੀ ਸਮਰੱਥਾ ਦੇ ਬਰਾਬਰ ਕਰਨਾ ਹੈ। ਨਾ ਹੀ ਅਨੁਵਾਦ ਦਾ ਇਹ ਤੋਂ ਨਿਉਣ ਉਦੇਸ਼ ਹੋ ਸਕਦਾ ਹੈ।

(61)

misproud = ਦੁਰਮਾਨੀ

(63)

Rich : See who it is
Edw. : And now the battle's ended,
If friend or foe, let him be gently used.

If-whether; gently-nobly, with honour
ਬੰਦਾ ਮਰਿਆ ਪਿਆ

ਰਿਚ. : *ਵੇਖੋ ਕੌਣ ਰਿਹਾ ਇਹ*
ਐਡ : *ਹੁਣ ਜਿਹੜਾ ਸੰਗ੍ਰਾਮ ਤਾਂ ਮੁਕਦਾ ਹੋਇਆ*
: *ਕੀ ਮਿੱਤਰ ਕੀ ਸ਼ਤਰੂ ਇਹਦੀ ਇੱਜ਼ਤ ਕਰਨੀ ਬਣਦੀ*

(64)

If so thou think'st, vex him with eager words

vex - torment; eager - Latin sense sharp, bitter
(ਜਿਵੇਂ ਪਲੇ ਸਾਧ ਵਿਚ ਸੰਸਕ੍ਰਿਤ ਬੋਲਦੀ ਹੈ)

ਕੀ ਜੇ ਤੇਰੀ ਸੋਚ ਅਜਿਹੀ ਮਿਹਣੇ ਮਾਰ ਕਰੇ ਤੰਗ ਉਹਨੂੰ

(73)

K.Edw. : Lords, give us leave, I'll try this widow's wit
Rich : (Aside) Ay good leave have you; for you will have leave
Till youth take leave and leave you to the crutch
ਐਡਵ'ਡ ਦੇ ਤੀਆ ਪਰਾਇਣ ਹੋਣ ਦਾ ਪਹਿਲਾਂ ਵੀ ਵੇਰਵਾ ਆਇਆ ਹੈ
ਬ. ਐਡ : ਆਕਾ ਸਾਹਿਬ, ਫ਼ੁਰਸਤ ਦੇਵੋ, ਵਿਧਵਾ ਦੀ ਹੋਸ਼ਿਆਰੀ ਵੇਖਾਂ
ਰਿਚ. : *(ਇਕਲਵੰਝੇ) ਬਿਲਕੁਲ ਸੁਹਣੀ ਫ਼ੁਰਸਤ ਹੋਣੀ; ਨਾਲ ਤੈਨੂੰ ਛੁੱਟੀ ਮਿਲਣੀ*
ਜਿੱਚਿਰ ਨਹੀਂ ਜਵਾਨੀ ਜਾਂਦੀ ਤੇਰੇ ਲਈ ਵਸਾਖੀ ਛੱਡ ਕੇ

(ਲੀਵ) ਦੇ ਯਮਕ ਹਨ: 1. ਨਿਜਵਤ (private) ਹੋਣਾ; 2. ਵਿਹਲ; 3. ਛੁੱਟੀ/ਇਜਾਜ਼ਤ; 4. ਖ਼ੈਰਬਾਦ; ਜਿਹੜੇ ਅਨੁਵਾਦ 'ਚ ਪੂਰਨ ਭਾਂਤ ਨਿਭ ਨਹੀਂ ਸਕੇ। ਭਾਸ਼ਾਵਾ ਦੀ ਮਾ'ਨਵੀ (ਆਰਥਿਕ) ਅਸਮਾਨਤਾ ਆਪ ਅਨੁਵਾਦ 'ਚ ਲਾਜ਼ਮੀ ਕਸਰ ਪਾ ਦਿੰਦੀ ਹੈ ਜਿਸ ਨੂੰ ਕਿਸੇ ਹੱਦ ਤਕ ਹੀ ਘਟਾਇਆ ਜਾ ਸਕਦਾ ਹੈ।

ਜੰਘਾਂ ਦਾ ਦੁਸਾਂਗੜ ਮਨੁੱਖ ਨੂੰ ਵਸਾਖੀ-ਰੂਪ ਬਣਾਉਂਦਾ ਹੈ ਜਿਵੇਂ ਆਤਸ਼ਕ-ਪੀੜਤ ਬੰਦੇ ਨੂੰ ਵਸਾਖੀ ਦੀ ਲੋੜ ਹੁੰਦੀ ਹੈ।

ਮੈਂ ਆਪਣੀ ਨਾ-ਕਾਮਯਾਬੀ ਇਸ ਲਈ ਨਹੀਂ ਲੁਕੋਈ ਤਾਂ ਜੋ ਪਾਠਕ ਨਾ-ਕਾਮਯਾਬੀ ਤੋਂ ਹੋਰ ਕਾਮਯਾਬੀਆਂ ਦਾ ਅਨੁਮਾਨ ਲਾ ਸਕਣ। ਨਾਲੇ ਅਨੁਵਾਦ ਦੀਆਂ ਮੁਸ਼ਕਲਾਂ ਪ੍ਰਤੀ ਸਾਵਧਾਨ ਹੋਣਗੇ

(76)

ghostly = spiritual
ਜਿਵੇਂ God, the father; God, the son; and God, the Holy Ghost

(78)

As are of better person than myself
person = appearance

ਜਿਹਨਾਂ ਦੀ ਹੈ ਬਿਹਤਰ ਸ਼ਕਲ-ਉ-ਸੂਰਤ ਮੇਰੇ ਨਾਲੋਂ

(80)

now Margaret
Must strike her sail, and learn awhile to serve

ਹੁਣ ਤਾਂ ਮਾਰਗਰੇਟ ਨੂੰ ਜਿੱਕਣ
ਆਪਣਾ ਬਾਦਬਾਨ ਹੈ ਸਿੱਟਣਾ ਪੈਣਾ, ਚਿਰ ਕੁ ਚਾਕਰੀ ਸਿੱਖਣੀ

ਅੰਗਰੇਜ਼ੀ (ਸਟਰਾਈਕ) ਦੇ ਅਰਥ (strike sail) ਤੋਂ ਬਣੇ ਹਨ। ਅਠਾਰਵੀਂ ਸਦੀ ਦੇ ਅੰਤ ਵਿਚ ਮੱਲਾਹਾਂ ਨੇ ਆਪਣੀ ਹੜਤਾਲ 'ਬਾਦਬਾਨ' ਸਿੱਟ ਕੇ ਕੀਤੀ ਸੀ।

(89)

supply = ਕੁਮਕ

(94)

speed = succeed
And leave your brothers to go speed elsewhere

ਕੀ ਭਾਈਆਂ ਨੂੰ ਇਹ ਕਹਿਣਾ ਹੈ ਹੋਰ ਕਿਤੇ ਆਜ਼ਮਾਓ ਕਿਸਮਤ

(96)

Mess : and few words,
But such as I, without your special pardon,
Dare not relate

K.Edw. : Go to, we pardon thee; therefore, in brief

ਕਾਸ : *ਚੰਦ ਲਫ਼ਜ਼ ਹਨ ਜਿਹੜੇ,*
ਐਪਰ ਐਸੇ ਹਨ ਕਿ ਮਹਿਦ ਸ਼ ਦੀ ਖਾਸ ਆਗਯਾ ਬਾਝੋਂ
ਹੀਯਾ ਨਹੀਂ ਹੈ ਮੇਰਾ ਜੋ ਮੈਂ ਆਖਾਂ

ਬ. ਐਡ. : *ਚਲ ਤਾਂ, ਤੈਨੂੰ ਰਹੀ ਮੁਆਫ਼ੀ: ਨਾਲੇ ਕਰ ਦੋ ਹਰਫ਼ੀ ਆਪਣੀ*

ਕਾਵਿ-ਨਾਟ ਦੇ ਅਨੁਵਾਦ ਲਈ ਅਜਿਹੇ ਛੰਦ ਦੀ ਲੋੜ ਹੈ ਜੋ ਲੋੜ ਪੈਣ 'ਤੇ ਇਹਦੇ ਚਾਰ ਹਿੱਸੇ ਹੋ ਸਕਣ। ਇਹ ਸਾਧਾਰਨ ਬੋਲ ਚਾਲ ਦੇ ਨਿਕਟਤਮ ਹੋਣਾ ਚਾਹੀਦਾ ਹੈ।

ਸ਼ੇਕਸਪੀਅਰ ਸਮੇਂ ਦੇ ਨਾਟਕੀ ਛੰਦ ਦੀ ਯੋਗਤਾ ਆਉਂਦੀ ਸਦੀਆਂ ਵਿਚ ਨਾ ਰਹੀ। ਕੇਵਲ ਸ਼ੈਲੀ (Shelley) ਦੇ ਨਾਟਕ ਚੈਂਚੀ (Cenci 1819) ਦੀ ਹੈਰਾਨਕੁਨ ਸਫ਼ਲਤਾ ਹੈ। ਵੀਹਵੀਂ ਸਦੀ ਵਿਚ ਨਾਟਕੀ ਛੰਦ ਦੀ ਭਾਲ ਐਲੀਅਟ ਆਈਸ਼ਰਵੁਡ (Eliot, Isherwood) ਦੇ ਯਤਨਾਂ ਦੇ ਬਾਵਜੂਦ ਕਿਸੇ ਸਿਰੇ ਨਾ ਲੱਗੀ

(97)

belike = presumably

(101)

worship = ease and dignity

(112)

So, 't were not 'long of him; but being entered.

ਅਨੁਵਾਦ ਕਰਦਿਆਂ ਮੈਨੂੰ 'long = along ਦਾ ਕਾਮਾ ਨਜ਼ਰ ਨਾ ਆਇਆ। ਮੈਂ ਇਹਨੂੰ 'ਦੇਰ' ਪੜ੍ਹ ਗਿਆ। ਹੁਣ ਗ਼ਲਤੀ ਦਾ ਪਤਾ ਲੱਗਿਆ; ਨੁਸਖੇ ਦੀ ਸੁਧਾਈ ਕੀਤੀ। ਮੇਰਾ ਡਰ ਹੈ, ਪਰ ਕੀ ਕਰਾਂ, ਅਜਿਹੀਆਂ ਗ਼ਲਤੀਆਂ ਖ਼ਬਰੇ ਕਿੰਨੀਆਂ ਕੁ ਹੋਈਆਂ ਹਨ।

(115)

giddy = fickle

(116)

subsidies = taxes imposed at irregular intervals

(128)

tackles = ropes; shrouds = sail ropes

(129)

if a coward heard her speak these words,
Infuse his heart with magnanimity
And make him, naked, foil a man at arms

ਕੀ ਜੇ ਕਾਇਰ ਸੁਣਦਾ ਹੋਵੇ ਬੋਲ ਜਿਹੜੇ ਹਨ ਇਹਨੇ ਕੀਤੇ
ਉਹਦਾ ਵੀ ਤਾਂ ਹਿਰਦਾ ਜਿਹੜਾ ਮਹੀਮਾਨਤਾ ਨਾ' ਭਰ ਜਾਵੇ
ਉਹਨੇ ਤਾਂ ਫਿਰ ਨੰਗੇ ਧੜ ਹੀ ਜੋ ਸਕਤੇ ਨੂੰ ਢਾਹ ਲੈਣਾ ਹੈ

it is his policy
To haste thus fast, to find us unprovided
ਇਹ ਤਾਂ ਉਹਦੀ ਹੋਸ਼ਿਆਰੀ ਹੈ
ਐਸਾ ਗਤੀਸ਼ੀਲ ਜੋ ਹੋਣਾ ਪੈਣਾ ਸਾਡੀ ਬਿਲਾ-ਤਿਆਰੀ

(132)

His currish riddles sorts not with this place
ਇਹਦੀ ਕੁਤ-ਮੁਖ ਰਹੀ ਬੁਝਾਰਤ ਮੇਲ ਨਹੀਂ ਮੌਕੇ ਨਾ' ਖਾਂਦੀ
ਕੁਤ-ਮੁੱਖ ਸਨਮੁੱਖ ਵਾਂਗੂੰ

(134-135)

(ਸ਼ਹਿਜ਼ਾਦਾ ਐਡਵ'ਡ ਦੇ ਕਤਲ ਦੇ ਬਾਅਦ ਮਲਿਕਾ ਮਾਰਗਰੇਟ ਯਾਰਕ ਭਾਈਆਂ ਨੂੰ ਕਹਿੰਦੀ ਹੈ ਕਿ ਮੈਨੂੰ ਵੀ ਮਾਰ ਮੁਕਾਓ। ਜਾਰਜ ਕਲੈਰੰਸ ਜਵਾਬ ਦੇ ਦਿੰਦਾ ਹੈ।

Geo. : By Heaven, I will not do thee so much ease
Q.Mar : Good Clarence, do; sweet Clarence, do thou do it
Geo : Didst thou not hear me swear I would not do it
Q.Mar. : Ay, but thou usest to forswear thyself,
'Twas sin before, but now 'tis charity.
What! wilt thou not? where is that devil's butcher?
Richard, hard-favour'd Richard, where art thou,
Thou art not here: murder is thy alms-deed;
Petitioners for blood thou ne'er put'st back
K.Edw. : Away, I say; I charge ye bear her hence
Q.Mar. : So come to you and yours as to this prince!

ਜਾਰ. : *ਕਸਮ ਖ਼ੁਦਾ ਦੀ, ਮੈਂ ਨਾ ਤੇਰੀ ਆਰਾਮੀ ਹੈ ਕਰਨੀ*
ਮਲਿਕ : *ਭਲੇ ਕਲੈਰੰਸ ਕਰ ਦੇ ਮਿਠ ਕਲੈਰੰਸ, ਤੂੰ ਹੀ ਕਾਰ ਕਰੇਂ ਜੇ*
ਜਾਰ : *ਕੀ ਮੇਰੀ ਤੂੰ ਕਸਮ ਸੁਣੀ ਨਾ, ਮੈਂ ਇਹ ਕਰਮ ਨਹੀਂ ਹੈ ਕਰਨਾ?*
ਮਲਿਕ : *ਬਿਲਕਲ, ਐਪਰ ਤੇਰੀ ਆਦਤ ਜਿਹੜੀ ਵਚਨਾਂ ਤੋਂ ਮੁੱਕਰਨਾ ਹੈ*
ਪਹਿਲਾਂ ਤਾਂ ਇਹ ਪਾਪ ਰਹੀ ਸੀ, ਹੁਣ ਤਾਂ ਪੁੰਨ ਕਰਮ ਹੈ ਹੋਣਾ।
ਨਹੀਂ ਤਾਂ! ਨਹੀਂ ਕਰਨਾ ਤੂੰ? ਤਾਂ ਫਿਰ ਉਹ ਸ਼ੈਤਾਨ ਦਾ ਬੁੱਚੜ ਕਿੱਥੇ?
ਹਾਏ ਰਿਚ'ਡ, ਰਿਚ'ਡ ਕੁ-ਨੱਖੇ, ਕਿੱਥੇ ਹੈਂ ਤੂੰ,
ਤੂੰ ਜੋ ਇਥੇ ਹਾਜ਼ਰ ਨਹੀਂ ਹੈ; ਕਤਲ ਖ਼ੈਰਾਤ ਰਹੀ ਹੈ ਤੇਰੀ
ਤੂੰ ਤਾਂ ਅਰਜ਼-ਇ ਕਤਲ ਜਿਵੇਂ ਕਿ ਕਦੇ ਨਹੀਂ ਸੀ ਨਾਂਹ ਸਿਰ ਮੱਤੀ
ਬ. ਐਡ. : *'ਦਫ਼ੇ' ਕਿਹਾ ਮੈਂ; ਹੁਕਮ ਮੇਰਾ ਹੈ ਇਹਨੂੰ ਲੈ ਜਾਓ*
ਮਲਿਕ : *ਜੋ ਤੇਰੇ ਤੇ ਤੇਰਿਆਂ ਨਾ' ਜੋ ਹੋਵੇ ਜਿਵੇਂ ਸ਼ਹਿਜ਼ਾਦੇ ਵਾਲੀ!*

ਲੇਖ ਦੇ ਦੋ ਫ਼ਾਇਦੇ ਹੋਏ ਹਨ। ਇਕ ਤਾਂ ਪਾਠਕ ਦੀ ਨਾਟਕੀ ਛੰਦ ਨਾਲ ਪਰਿਚਯ ਹੋ ਜਾਣੀ ਹੈ। ਦੂਸਰੇ ਮੈਨੂੰ ਸਮਝ ਪਈ ਕਿ ਭਾਵੇਂ ਕਈ ਕਰਨ ਵਾਲੀਆਂ ਗੱਲਾਂ ਰਹਿ ਗਈਆਂ ਹਨ ਪਰ ਸਿਧਾਂਤਕ ਬਹਿਸ ਵਿਚ ਇੰਨੀਆਂ ਵੀ ਨਹੀਂ ਹੋਣੀਆਂ ਸੀ।

[144, ਸੈਕਟਰ 65, ਫੇਜ਼ 11, ਐੱਸ. ਏ. ਐੱਸ. ਨਗਰ-160 062]

ਪੰਜਾਬੀ ਬੋਲੀ ਦਾ ਸ਼ਬਦ-ਭੰਡਾਰ

ਸਾਧੂ ਸਿੰਘ

ਜੇ ਅਸੀਂ ਪੰਜਾਬੀ ਬੋਲੀ ਦੇ ਸ਼ਬਦ-ਭੰਡਾਰ ਦੇ ਬਹੁ-ਵਿਧ ਪਾਸਾਰਾਂ ਤੇ ਪਰਤਾਂ ਦੀ ਥਾਹ ਅੱਜੋਕੇ ਔਸਤ ਪੜ੍ਹੇ-ਲਿਖੇ ਪੰਜਾਬੀਆਂ ਦੀ ਗੱਲਬਾਤ ਦੇ ਦਾਇਰੇ ਵਿਚ ਵਰਤੀਂਦੀ ਸ਼ਬਦਾਵਲੀ ਤੋਂ ਹੀ ਪਾਉਣੀ ਹੋਵੇ ਤਾਂ ਇਹ ਸਿੱਟਾ ਕੱਢਣਾ ਕਤਈ ਉਲਾਰ ਨਹੀਂ ਹੋਵੇਗਾ ਕਿ ਸਾਡੀ ਜ਼ੁਬਾਨ ਨਿੱਤ-ਦਿਹਾੜੀ ਦੀ ਆਮ-ਫਹਿਮ ਵਾਰਤਲਾਪ ਦਾ ਬੁੱਤਾ ਸਾਰਨ ਲਈ ਵੀ ਇਕ ਓਪਰਾ, ਅਧੂਰਾ ਤੇ ਊਣਾ ਜਿਹਾ ਹੀ ਵਸੀਲਾ ਹੈ। ਇਸ ਰਾਹੀਂ ਗਿਆਨ-ਵਿਗਿਆਨ ਦੀਆਂ ਸੋਹਲ, ਸੂਖਮ ਤੇ ਡੂੰਘੇਰੀਆਂ ਰਮਜ਼ਾਂ ਨੂੰ ਵਿਚਾਰਨ, ਸਮਝਣ ਤੇ ਬਿਆਨਣ ਦੀ ਗੱਲ ਤਾਂ ਦੂਰ ਰਹੀ, ਅਸੀਂ ਆਪਣੀ ਆਮ ਕਾਰੋਬਾਰੀ ਵਾਰਤਾਲਾਪ ਵਿਚ ਵੀ ਸ਼ਾਇਦ ਹੀ ਪੰਜਾਬੀ ਦਾ ਕੋਈ ਪੂਰਾ ਫਿਕਰਾ ਬੋਲਦੇ ਹੋਈਏ। ਗੱਲੇ ਗੱਲੇ ਸਾਨੂੰ ਹੋਰ ਬੋਲੀਆਂ, ਖਾਸ ਕਰਕੇ ਅੰਗਰੇਜ਼ੀ ਦੇ ਸ਼ਬਦਾਂ ਦੇ ਠੁੰਮ੍ਹਣੇ ਲੈਣ ਦੀ ਲੋੜ ਪੈਂਦੀ ਹੈ। ਇਹ ਠੁੰਮ੍ਹਣੇ ਹੀ ਸਾਡੀ ਬੋਲਚਾਲ ਦੀਆਂ ਵੈਸਾਖੀਆਂ ਬਣਦੇ ਜਾ ਰਹੇ ਹਨ। ਜੇ ਇਹਨਾਂ ਖੋਟੇ ਓਟ-ਆਸਰਿਆਂ ਨੂੰ ਸਾਡੀ ਗੱਲਬਾਤ ਦੇ ਉਸਾਰਾਂ ਹੇਠੋਂ ਖਿਸਕਾ ਦਿੱਤਾ ਜਾਵੇ, ਤਾਂ ਸਾਡੇ ਬੋਲ ਥਥਲਾ ਜਾਂਦੇ ਹਨ ਤੇ ਸਾਡੇ ਸਾਰੇ ਉਚਾਰ ਢਹਿ ਢੇਰੀ ਹੋ ਜਾਂਦੇ ਹਨ।

ਅਸੀਂ ਪੰਜਾਬੀ ਲੋਕ, ਜੋ ਆਪਣੀ ਹਿੱਕ ਦੇ ਜ਼ੋਰ ਅਤੇ ਆਪਣੇ ਸੁਭਾਵਕ ਪੌਰਖ ਕਾਰਨ ਇਕ ਬੜੀ ਉੱਦਮੀ ਤੇ ਜ਼ੋਰਾਵਰ ਕੌਮੀਅਤ ਹੋਣ ਦੀ ਸ਼ੁਹਰਤ ਰੱਖਣ ਵਿਚ ਬੜਾ ਫਖ਼ਰ ਮਹਿਸੂਸ ਕਰਦੇ ਹਾਂ, ਆਪਣੀ ਬੋਲੀ ਦੇ ਰਵਾਇਤੀ ਕਣ ਤੇ ਤਾਣ ਨੂੰ ਪਛਾਨਣ, ਮੰਨਣ, ਸਮਝਣ ਤੇ ਇਸ ਨੂੰ ਵਰਤੋਂ ਰਾਹੀਂ ਸਿੱਧ ਕਰਨ ਦੇ ਅਮਲ ਵਿਚ ਏਨੇ ਨਿਹੱਥੇ, ਨਿਕਾਰੇ ਤੇ ਬੇਅਣਖੇ ਸਿੱਧ ਹੋ ਰਹੇ ਹਾਂ ਕਿ ਅੱਜ ਜੇ ਕੋਈ ਬੰਦਾ ਸਾਨੂੰ ਇਹ ਮਿਹਣਾ ਮਾਰੇ ਕਿ ਸਾਡੀ ਬੋਲੀ ਸਾਊ, ਸੁਲਝੀ ਹੋਈ, ਸਮਰੱਥ ਤੇ ਭਾਵ-ਪੂਰਨ ਗੱਲਬਾਤ ਦੀ ਥਾਂ ਕੇਵਲ ਅੱਖੜ, ਉਜੱਡ ਤੇ ਅਸ਼ਲੀਲ ਗਾਲ਼ੀ-ਗਲੋਚ ਵਿਚ ਹੀ ਆਪਣੀ ਠੇਠਤਾ ਕਾਇਮ ਰੱਖ ਸਕੀ ਹੈ, ਤਾਂ ਸਾਡੇ ਕੋਲ ਉਹਦੀ ਇਸ ਮੁਲਾਮਤ ਦਾ ਮੂੰਹ ਮੋੜਨ ਲਈ ਕੋਈ ਸਰਦਾ ਬਣਦਾ ਜਵਾਬ ਨਹੀਂ ਹੁੰਦਾ; ਐਵੇਂ ਢੀਠਪੁਣੇ ਨਾਲ ਆਪਣੀ ਹੇਂਹ ਪੁਗਾਉਣੀ ਹੋਏ ਤਾਂ ਹੋਰ ਗੱਲ ਹੈ। ਇਸ ਊਜ ਦਾ ਮੂੰਹ-ਤੋੜ ਜਵਾਬ ਸਾਡੀ ਬੋਲਚਾਲ ਦੀ ਬੋਲੀ ਵਿਚੋਂ ਬੜੀ ਤੇਜ਼ੀ ਨਾਲ ਗੁੰਮਦਾ ਜਾ ਰਿਹਾ ਹੈ। ਸਿਤਮ ਦੀ ਗੱਲ ਤਾਂ ਇਹ ਹੈ ਕਿ ਅਸੀਂ ਇਸ ਰੁਝਾਨ ਨੂੰ ਨੱਥ ਪਾਉਣ ਦੀ ਥਾਂ ਇਸ ਨੂੰ ਜਾਰੀ ਰੱਖਣ ਵਿਚ ਹੀ ਸ਼ਾਨ ਮਹਿਸੂਸ ਕਰਨ ਲੱਗ ਪਏ ਹਾਂ। ਇਸ ਸਿਲਸਿਲੇ ਵਿਚ ਚੇਤੇ ਰੱਖਣ ਵਾਲੀ ਗੱਲ ਸਿਰਫ ਇਹ ਹੈ ਕਿ ਉਹਨਾਂ ਲੋਕਾਂ ਦਾ ਸਭਿਆਚਾਰਕ ਭਵਿੱਖ ਬਹੁਤ ਉਜਲਾ ਨਹੀਂ ਹੁੰਦਾ, ਜੋ ਆਪਣੀਆਂ ਹੱਥਕੜੀਆਂ, ਬੇੜੀਆਂ ਤੇ ਪੈਂਖੜਾਂ ਨੂੰ ਹੀ ਆਪਣੇ ਤਨ ਦੇ ਗਹਿਣੇ ਸਮਝ ਕੇ ਉਹਨਾਂ ਦੀਆਂ ਨੁਮਾਇਸ਼ਾਂ ਲਾਉਣ ਦੇ ਨਿਲੱਜਪੁਣੇ ਨੂੰ ਹੀ ਆਪਣੀ ਸ਼ੋਭਾ ਸਮਝਣ ਲੱਗ ਪੈਣ।

ਸੁਆਲਾਂ ਦਾ ਸੁਆਲ ਇਹ ਹੈ ਕਿ ਕੀ ਪੰਜਾਬੀ ਬੋਲੀ ਦੀ ਸਮਰੱਥਾ ਏਨੀਆਂ ਹੀ ਤੰਗ ਵਲਗਣਾਂ ਤੀਕ ਸੀਮਤ ਹੈ?

ਇਸ ਪ੍ਰਥਾਇ ਪੱਥਰ ਤੇ ਲੀਕ ਵਰਗਾ ਤੱਥ ਇਹ ਹੈ ਕਿ ਸਾਡੇ ਰਵਾਇਤੀ ਪੜ੍ਹੇ-ਲਿਖੇ ਭੱਦਰ-ਪੁਰਸ਼ ਪੰਜਾਬੀਆਂ ਦੀ ਪੰਜਾਬੀ ਦੇ ਗਿਆਨ ਦੀ ਹੱਦ ਹੀ ਪੰਜਾਬੀ ਬੋਲੀ ਦਾ ਬਸੀਮਾਂ ਨਹੀਂ। ਇਸ ਦਾ ਪਿੜ ਉਹਨਾਂ ਦੇ ਘੁਰਨਿਆਂ ਨਾਲੋਂ ਕਿਤੇ ਵਧੇਰੇ ਮੋਕਲਾ ਹੈ। ਇਸ ਮੋਕਲੇਪਣ ਦਾ ਠੀਕ ਜਾਇਜ਼ਾ ਲੈਣ ਲਈ ਸਾਨੂੰ ਆਪਣੀਆਂ ਤੰਗ ਵਲਗਣਾਂ ਵਿਚੋਂ ਨਿਕਲ ਕੇ ਇਸ ਖਿੱਤੇ ਦੇ ਮਜ਼ਦੂਰਾਂ, ਕਿਸਾਨਾਂ, ਕਾਰੀਗਰਾਂ, ਜੁਲਾਹਿਆਂ, ਛੀਂਬਿਆਂ, ਦੁਕਾਨਦਾਰਾਂ, ਲੁਹਾਰਾਂ, ਤਰਖਾਣਾਂ, ਰਾਜਾਂ, ਘੁਮਾਰਾਂ, ਮੋਚੀਆਂ, ਤੇਲੀਆਂ, ਠਠਿਹਾਰਾਂ, ਲਲਾਰੀਆਂ, ਖਿਡਾਰੀਆਂ, ਹਕੀਮਾਂ, ਪਟਵਾਰੀਆਂ, ਅਰਜ਼ੀ-ਨਵੀਸਾਂ, ਭੰਡਾਂ, ਵਜੰਤਰੀਆਂ, ਗਾਇਕਾਂ, ਰਾਸਧਾਰੀਆਂ, ਨਕਲੀਆਂ, ਨਾਈਆਂ, ਭਰਾਈਆਂ, ਸਾਂਹਸੀਆਂ, ਬਾਜ਼ੀਗਰਾਂ, ਓਡਾਂ, ਗਧੀਲਿਆਂ, ਨਿਹੰਗਾਂ, ਭਾਈਆਂ, ਪ੍ਰੋਹਤਾਂ, ਪੰਸਾਰੀਆਂ, ਜੁਆਰੀਆਂ,

ਮਦਾਰੀਆਂ ਤੇ ਦਾਨੀਆਂ ਪੇਂਡੂ-ਸੁਆਣੀਆਂ ਨਾਲ ਰਾਬਤਾ ਕਾਇਮ ਕਰਨਾ ਪਏਗਾ। ਪਰ ਜਿਹੜੇ ਲੋਕ ਪੜ੍ਹਾਈ ਲਿਖਾਈ ਲਈ ਤਾਂ ਕੀ ਆਪਣੇ ਬੀਵੀ ਬੱਚਿਆਂ ਲਈ ਵੀ ਪੰਜਾਬੀ ਵਿਚ ਗੱਲ ਕਰਨ ਨੂੰ ਆਪਣੀ ਹੇਠੀ ਸਮਝਦੇ ਹਨ, ਉਹਨਾਂ ਦਾ ਉਪਰੋਕਤ ਵਰਗਾਂ ਦੇ ਲੋਕਾਂ ਨਾਲ ਕਿਹੋ ਜਿਹਾ ਸੰਵਾਦ ਜਾਂ ਸੰਪਰਕ ਹੋ ਸਕਦਾ ਹੈ? ਤੇ ਪੰਜਾਬੀ ਦਾ ਬੇਪਨਾਹ ਸ਼ਬਦ-ਭੰਡਾਰ ਤਾਂ ਇਹਨਾਂ ਕੋਲ ਪਿਆ ਹੈ। ਇਸ ਸ਼ਬਦ-ਭੰਡਾਰ ਨਾਲ ਆਪਣੀ ਲਿਖਤੀ ਤੋਂ ਮੌਖਿਕ ਬੋਲੀ ਦਾ ਸਜਿੰਦ ਨਾਤਾ ਗੰਢਣ ਲਈ ਸਾਨੂੰ ਆਪੋ-ਆਪਣੀ ਹਉਮੈਂ ਦੇ ਤੰਗ ਘੇਰਿਆਂ ਵਿਚੋਂ ਹੀ ਨਹੀਂ, ਸਗੋਂ ਨਿਰੀਆਂ ਕਿਤਾਬਾਂ ਦੀਆਂ ਬੰਦਸ਼ਾਂ ਵਿਚੋਂ ਵੀ ਬਾਹਰ ਆਉਣ ਦੀ ਲੋੜ ਹੈ।

ਸਾਡੀ ਖੇਤੀਬਾੜੀ, ਹੋਰ ਪੇਂਡੂ ਧੰਦਿਆਂ, ਜੱਰਾਹੀ, ਸਲੋਤਰ-ਵਿੱਦਿਆ, ਘਰ-ਗ੍ਰਹਿਸਥੀ ਤੇ ਆਮ ਬੋਲ ਚਾਲ ਨਾਲ ਸੰਬੰਧਤ ਅਣਗਿਣਤ ਸ਼ਬਦ ਅਜਿਹੇ ਹਨ ਜਿਹੜੇ ਹਾਲੇ ਤੀਕ ਕਿਸੇ ਵੀ ਕਿਤਾਬ ਵਿਚ ਨਹੀਂ ਚੜ੍ਹੇ ਹੋਣੇ। ਪੰਜਾਬੀ ਵਿਚ ਬੜੀ ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਣ ਤੇ ਆਪਣੀ ਸਾਧਾਰਨ ਗੱਲਕੱਥ ਲਈ ਵੀ ਅੰਗਰੇਜ਼ੀ ਦੇ ਸ਼ਬਦਾਂ ਉੱਪਰ ਕੁਝ ਸੌਖਵੱਸ ਤੇ ਬਹੁਤਾ ਕੂੜੀ ਟਹੁਰ ਕਰਕੇ ਵਧ ਰਹੀ ਅਪਾਹਜਾਂ ਵਾਲੀ ਨਿਰਭਰਤਾ ਕਾਰਨ ਉਪਰੋਕਤ ਪਿੜਾਂ ਵਿਚ ਪ੍ਰਚਲਤ ਬਹੁਤ ਸਾਰੇ ਸ਼ਬਦ ਬੜੀ ਤੇਜ਼ੀ ਨਾਲ ਸਾਡੀ ਪੜ੍ਹੀ-ਲਿਖੀ ਵਸੋਂ ਲਈ ਓਪਰੇ ਪਰਾਏ ਹੋ ਕੇ ਭੁੱਲ-ਵਿਸਰ ਰਹੇ ਹਨ ਤੇ ਜੇ ਇਸ ਦਲਿੱਦਰੀ ਮੁਹਾਣ ਦਾ ਮੂੰਹ ਵੇਲੇ ਸਿਰ ਨਾ ਮੋੜਿਆ ਗਿਆ ਤਾਂ ਉਹ ਦਿਨ ਦੂਰ ਨਹੀਂ, ਜਦੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੀ ਬੋਲੀ ਦੇ ਇਸ ਅਮੀਰ ਵਿਰਸੇ ਤੋਂ ਸਦਾ ਲਈ ਵਿਰਵੀਆਂ ਹੋ ਜਾਣਗੀਆਂ।

ਆਪਣੀ ਬੋਲੀ ਦੇ ਵਿਰਸੇ ਵੱਲੋਂ ਅਵੇਸਲੇਪਣ ਦੇ ਦੋਸ਼ ਤੋਂ ਪੰਜਾਬੀ ਵਿਦਵਾਨਾਂ ਦਾ ਕੋਈ ਵੀ ਵਰਗ ਭਾਵੇਂ ਪੂਰਨ ਭਾਂਤ ਮੁਕਤ ਨਹੀਂ ਆਖਿਆ ਜਾ ਸਕਦਾ ਪਰੰਤੂ ਫਿਰ ਵੀ ਸਾਡੇ ਵਿਗਿਆਨੀਆਂ ਤੇ ਪੇਸ਼ਾਵਰ ਵਿੱਦਿਆ ਦੇ ਅਧਿਆਪਕਾਂ ਦੇ ਟਾਕਰੇ 'ਤੇ ਸਾਡੇ ਸਾਹਿਤਕਾਰਾਂ ਦੀ ਸਥਿਤੀ ਨਿਸ਼ਚੇ ਹੀ ਮੁਕਾਬਲਤਨ ਵਧੇਰੇ ਸੰਤੋਖਜਨਕ ਹੈ। ਅੱਜੋਕੀ ਪੀੜ੍ਹੀ ਦੇ ਉੱਘੇ ਗਲਪਕਾਰਾਂ ਤੇ ਨਾਟਕਕਾਰਾਂ ਤੇ ਕੁਝ ਕੁ ਕਵੀਆਂ ਦੀਆਂ ਇਸ ਪਿੜ ਵਿਚ ਘਾਲਣਾਵਾਂ ਵਿਸ਼ੇਸ਼ ਤੌਰ 'ਤੇ ਸ਼ਲਾਘਾਯੋਗ ਹਨ। ਉਹਨਾਂ ਨੇ ਆਪੋ ਆਪਣੀਆਂ ਰਚਨਾਤਮਕ ਕਿਰਤਾਂ ਵਿਚ ਵਾਹ ਲਗਦੀ ਆਪਣੀ ਬੋਲੀ ਦੇ ਵਿਰਸੇ ਨੂੰ ਵਰਤਣ ਤੇ ਸੰਭਾਲਣ ਦੇ ਹੀ ਨਹੀਂ, ਸਗੋਂ ਸੰਬੰਧਤ ਸ਼ਬਦਾਂ ਨੂੰ ਨਵੇਲੀਆਂ ਅਰਥ-ਛਬੀਆਂ ਪ੍ਰਦਾਨ ਕਰਨ ਦੇ ਵੀ ਪ੍ਰਸ਼ੰਸਾਯੋਗ ਯਤਨ ਕੀਤੇ ਹਨ ਪਰੰਤੂ ਫਿਰ ਵੀ ਸਾਡਾ ਸਮੁੱਚਾ ਭਾਸ਼ਾਈ-ਸਭਿਅਚਾਰਕ ਮਾਹੌਲ ਆਪਣੇ ਵਿਰਸੇ ਤੋਂ ਇਸ ਕਦਰ ਵਿਛੁੰਨਦਾ ਜਾ ਰਿਹਾ ਹੈ ਕਿ ਸ਼ਹਿਰੀ ਵਿੱਦਿਅਕ ਅਦਾਰਿਆਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਉਹਨਾਂ ਸਾਹਿਤਕ ਕਿਰਤਾਂ ਦੇ ਅਰਥ ਤੇ ਸੁਹਜ ਦਾ ਬੋਧ ਕਰਵਾਉਣਾ ਅਧਿਆਪਕਾਂ ਲਈ ਇਕ ਸਮੱਸਿਆ ਬਣ ਰਿਹਾ ਹੈ, ਜਿਹਨਾਂ ਵਿਚਲੇ ਅਲੰਕਾਰ ਤੇ ਦ੍ਰਿਸ਼ਟਾਂਤ ਪੇਂਡੂ ਜੀਵਨ ਵਿਚੋਂ ਲਏ ਗਏ ਹੁੰਦੇ ਹਨ। ਘੋਰ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਜੇ ਪੰਜਾਬੀ ਸਾਹਿਤ ਵਿਚੋਂ ਅਜਿਹੀਆਂ ਕਿਰਤਾਂ ਮਨਫੀ ਕਰ ਦਿੱਤੀਆਂ ਜਾਣ ਤਾਂ ਸਾਡੇ ਪੱਲੇ ਹੋਰ ਰਹਿ ਹੀ ਕੀ ਜਾਂਦਾ ਹੈ?

ਇਸ ਪਿੜ ਵਿਚ ਸਾਡੇ ਵਿਵਹਾਰਕ ਵਿਗਿਆਨੀਆਂ; ਵਿਸ਼ੇਸ਼ਕਰ ਖੇਤੀ ਮਾਹਿਰਾਂ ਤੇ ਗ੍ਰਹਿ ਵਿਗਿਆਨੀਆਂ ਦੀ ਕੋਤਾਹੀ ਤਾਂ ਗੁਨਾਹ ਦੀਆਂ ਹੱਦਾਂ ਛੂੰਹਦੀ ਪ੍ਰਤੀਤ ਹੁੰਦੀ ਹੈ।

ਇਸ ਅਸਲੀਅਤ ਨੂੰ ਮੰਨ ਲੈਣ ਵਿਚ ਕਿਸੇ ਮਤਭੇਦ ਦੀ ਗੁੰਜਾਇਸ਼ ਨਹੀਂ ਕਿ ਪੰਜਾਬ ਦੀ ਧਰਤੀ ਸੰਸਾਰ ਦੇ ਉਹਨਾਂ ਮੁੱਢ-ਕਦੀਮੀਂ ਖਿੱਤਿਆਂ ਵਿਚੋਂ ਇਕ ਹੈ ਜਿੱਥੋਂ ਦੇ ਲੋਕਾਂ ਨੇ ਸਭ ਤੋਂ ਪਹਿਲਾਂ ਆਪਣੇ ਟਿਕਵੇਂ ਘਰਾਂ ਦੇ ਬਾਨ੍ਹ੍ਹ ਬੰਨ੍ਹ ਕੇ ਖੇਤੀਬਾੜੀ ਦਾ ਧੰਦਾ ਸ਼ੁਰੂ ਕੀਤਾ ਸੀ। ਫਿਰ ਵੀ ਘਰ-ਗ੍ਰਹਿਸਥੀ, ਖੇਤੀਬਾੜੀ, ਪਸ਼ੂ-ਪਾਲਣ ਤੇ ਇਹਨਾਂ ਨਾਲ ਸੰਬੰਧਤ ਪੂਰਕ ਧੰਦਿਆਂ ਬਾਰੇ ਪੜ੍ਹਾਈ ਇਥੇ ਆਜ਼ਾਦੀ ਮਿਲਣ ਤੋਂ ਲਗਪਗ ਛੇ ਦਹਾਕੇ ਮਗਰੋਂ, ਹਾਲੇ ਤੀਕ ਵੀ ਅੰਗਰੇਜ਼ੀ ਰਾਹੀਂ ਹੀ ਕਰਵਾਈ ਜਾਂਦੀ ਹੈ।

ਭੌਤਿਕ ਵਿਗਿਆਨ ਤੇ ਰਸਾਇਣ ਸ਼ਾਸਤਰ ਜਿਹੇ ਬੁਨਿਆਦੀ ਵਿਗਿਆਨਾਂ ਨੂੰ ਪੰਜਾਬੀ ਰਾਹੀਂ ਪੜ੍ਹਾਉਣ ਵਿਚ ਅੰਗਰੇਜ਼ੀ ਦੀ ਸੂਖਮ ਸੰਕਲਪਵਾਚੀ ਸ਼ਬਦਾਵਲੀ ਦੇ ਪੰਜਾਬੀ ਸਮਾਨਾਂਤਰ ਲੱਭਣ ਵਿਚ ਤਾਂ ਨਿਸ਼ਚੇ ਹੀ ਬਹੁਤ ਸਾਰੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੋਵੇਗਾ। (ਭਾਵੇਂ ਇਹ ਦੁਸ਼ਵਾਰੀਆਂ ਵੀ ਅਜਿਹੀਆਂ ਨਹੀਂ ਜਿਹਨਾਂ ਦਾ ਕੋਈ ਤੋੜ ਹੀ ਨਾ ਲੱਭਿਆ ਜਾ ਸਕਦਾ ਹੋਵੇ) ਪਰੰਤੂ ਖੇਤੀ ਵਿੱਦਿਆ ਨੂੰ ਪੰਜਾਬੀ ਵਿਚ ਪੜ੍ਹਾਉਣ ਵੇਲੇ ਕਿਹੜੀ ਅਜਿਹੀ ਅੜ੍ਹਚਣ ਪੇਸ਼ ਆਉਂਦੀ ਹੈ?

ਖੇਤੀ ਵਿੱਦਿਆ ਨੂੰ ਅੰਗਰੇਜ਼ੀ ਵਿਚ ਪੜ੍ਹਾਉਣ ਬਾਰੇ ਹੈਰਾਨੀ ਪ੍ਰਗਟ ਕਰਦਿਆਂ ਭਾਰਤ ਦੇ ਸਾਬਕਾ ਰਾਸ਼ਟਰਪਤੀ ਸ੍ਰੀ ਸੰਜੀਵਾ ਰੈਡੀ ਨੇ ਇਕ ਵਾਰ ਕਿਹਾ ਸੀ ਕਿ ਜਦੋਂ ਖੇਤੀ-ਵਿਗਿਆਨਾਂ ਦੇ ਸਾਰੇ ਖੇਤਰਾਂ ਵਿਚ ਹੋਈਆਂ ਸਭਨਾਂ ਤਜਰਬਾਤੀ ਖੋਜਾਂ ਤੇ ਨਵੀਨਤਮ ਤਕਨੀਕੀ ਕਾਢਾਂ ਨੇ ਅੰਤ ਵਿਚ ਸਾਡੇ ਉਹਨਾਂ ਕਿਸਾਨਾਂ ਦੇ ਖੇਤਾਂ ਵਿਚ ਸਾਰਥਕ ਤੌਰ 'ਤੇ ਫਲੀਭੂਤ ਹੋਣਾ ਹੈ, ਜਿਹਨਾਂ ਦੀ ਵਿਸ਼ਾਲ ਬਹੁ-ਸੰਮਤੀ ਆਪਣੀ ਮਾਂ-ਬੋਲੀ ਤੋਂ ਬਿਨਾਂ ਹੋਰ ਕਿਸੇ ਭਾਸ਼ਾ ਦਾ ਇੱਲ-ਕੁੱਕੜ ਵੀ ਨਹੀਂ ਜਾਣਦੀ ਤਾਂ ਇਹਨਾਂ ਵਿਸ਼ਿਆਂ ਨੂੰ ਅੰਗੇਰਜ਼ੀ ਵਿਚ ਹੀ ਪੜ੍ਹਾਈ ਜਾਣ ਦੀ ਹਠ-ਕਦਮੀ ਵਿਚ ਕਿਹੜੀ ਤੁਕ ਹੈ? ਇਹ ਸੁਆਲ ਕਰਨ ਦੀ ਹਿਮਾਕਤ ਤਾਂ ਅਸੀਂ ਵੀ ਕਰ ਸਕਦੇ ਹਾਂ ਪਰੰਤੂ ਜਦੋਂ ਰਾਸ਼ਟਰਪਤੀ ਸਾਹਿਬ ਦੀ ਗੱਲ ਨੂੰ ਗੌਲਣਾ ਤੀਕ ਸਾਡੇ ਖੇਤੀ ਮਾਹਿਰਾਂ ਤੇ ਅਧਿਕਾਰੀਆਂ ਨੇ ਗਵਾਰਾ ਨਹੀਂ ਕੀਤਾ ਤਾਂ ਹਮ੍ਹਾਂ ਤੁਮ੍ਹਾਂ ਕਿਹਦੇ ਪਾਣੀਹਾਰ ਹਾਂ?

ਜੇ ਉਪਰੋਕਤ ਤੱਥ ਵਿਚ ਅਕੱਟ ਸੱਚਾਈ ਦੇ ਬਾਵਜੂਦ ਪਲ ਭਰ ਲਈ ਅੰਗਰੇਜ਼ੀ ਪਿਆਰਿਆਂ ਦੀ ਇਹ ਦਲੀਲ ਵੀ 'ਸਤ ਬਚਨ' ਕਹਿ ਕੇ ਮੰਨ ਲਈਏ ਕਿ ਅੱਜ ਦੀ ਖੇਤੀ ਪਹਿਲੋਂ ਵਰਗਾ ਸਾਦ-ਮੁਰਾਦਾ ਧੰਦਾ ਨਹੀਂ ਰਹੀ ਤੇ ਖੇਤੀ ਵਿਗਿਆਨਾਂ ਦੀ ਪੜ੍ਹਾਈ ਵਿਚ ਵੀ ਬੁਨਿਆਦੀ ਵਿਗਿਆਨਾਂ ਦੇ ਸੂਖਮ ਸੰਕਲਪਾਂ ਦਾ ਗਹਿਰਾ ਦਖਲ ਹੈ ਤੇ ਉਹਨਾਂ ਦੀ ਸ਼ਬਦਾਵਲੀ ਨਾਲ ਵਰ ਮੇਚਣ ਜੋਗੀ ਪੰਜਾਬੀ ਵਿਚ ਹਾਲੇ ਸੱਤਿਆ ਨਹੀਂ। ਪਰ ਖੇਤੀਬਾੜੀ ਯੂਨੀਵਰਸਿਟੀ ਵਿਚ ਇਕ ਮਜ਼ਮੂਨ ਅਜਿਹਾ ਵੀ ਹੈ, ਜਿਸਨੂੰ ਪਾਸਾਰ-ਸਿੱਖਿਆ ਕਿਹਾ ਜਾਂਦਾ ਹੈ। ਇਸ ਮਜ਼ਮੂਨ ਦੇ ਮਾਹਿਰਾਂ ਦੀ ਸਮੁੱਚੀ ਸਿਖਲਾਈ ਦਾ ਮੂਲ ਮੁੱਦਾ ਹੀ ਇਹ ਹੈ ਕਿ ਯੂਨੀਵਰਸਿਟੀ ਦੀਆਂ ਪ੍ਰਯੋਗਸ਼ਾਲਾਵਾਂ ਤੇ ਤਜਰਬਾਤੀ ਖੇਤਾਂ ਵਿਚ ਜਿਹੜੀਆਂ ਭਾਵ-ਪੂਰਤ ਖੋਜਾਂ ਹੁੰਦੀਆਂ ਹਨ, ਉਹਨਾਂ ਨੂੰ ਜ਼ੁਬਾਨੀ ਤੇ ਲਿਖਤੀ ਵਸੀਲਿਆਂ ਰਾਹੀਂ ਕਿਸਾਨਾਂ ਤੀਕ ਪਹੁੰਚਾਇਆ ਜਾਏ ਤੇ ਬਹੁਤੇ ਕਿਸਾਨ, ਸਾਨੂੰ ਪਤਾ ਹੈ, ਅੰਗਰੇਜ਼ੀ ਜਾਣਦੇ ਨਹੀਂ। ਫਿਰ ਵੀ ਇਹਨਾਂ ਸਾਰੇ ਪਾਸਾਰ ਕਰਮਚਾਰੀਆਂ ਤੇ ਅਧਿਕਾਰੀਆਂ ਦੀ ਸਾਰੀ ਦੀ ਸਾਰੀ ਸਿਖਲਾਈ ਵੀ ਅੰਗਰੇਜ਼ੀ ਤੇ ਸਿਰਫ ਅੰਗਰੇਜ਼ੀ ਵਿਚ ਹੀ ਹੁੰਦੀ ਹੈ। ਜਦੋਂ ਨਿਰੀ ਅੰਗਰੇਜ਼ੀ ਪੜ੍ਹੇ ਕਈ ਮਾਹਿਰਾਂ ਨੂੰ ਕਿਸਾਨ ਮੇਲਿਆਂ, ਕਿਸਾਨ ਕਲੱਬਾਂ, ਚਰਚਾ ਮੰਡਲਾਂ ਜਾਂ ਨਿਜੀ ਸੰਪਰਕ ਇਕੱਤਰਤਾਵਾਂ ਵਿਚ ਫਰਨ ਫਰਨ ਠੇਠ ਪੰਜਾਬੀ ਬੋਲਦੇ ਕਿਸਾਨਾਂ ਦੀਆਂ ਪੁੱਛਾਂ ਦੇ ਜਵਾਬ ਦੇਣੇ ਪੈਂਦੇ ਹਨ ਤਾਂ ਕਈ ਵਾਰ ਸੰਚਾਰ ਦੀ ਬੜੀ ਹਾਸੋ ਹੀਣੀ ਸਮੱਸਿਆ ਪੈਦਾ ਹੋ ਜਾਂਦੀ ਹੈ।

ਇਕ ਵਾਰ ਕਿਸੇ ਕਿਸਾਨ ਨੇ ਇਕ ਖੇਤੀ ਮਾਹਿਰ ਅੱਗੇ ਇਹ ਸੁਆਲ ਪਾਇਆ ਕਿ "ਸਾਹਿਬ ਗੜ੍ਹੈ ਦਾ ਹੱਲਾ ਮੋਢੇ ਨਾਲੋਂ ਬੀਜੜ ਕਮਾਦ 'ਤੇ ਜ਼ਿਆਦਾ ਹੁੰਦਾ ਹੈ। ਇਸ ਅਹੁਰ ਦਾ ਕੀ ਬੰਨ੍ਹ-ਸੁੱਬ ਕੀਤਾ ਜਾਏ।" ਤਾਂ ਮਾਹਿਰ ਦਾ ਜੁਆਬ ਸੀ: "ਕਿਉਂ ਨਾ ਹਰ ਵਾਰ 'ਮੋਢਾ' ਕਮਾਦ ਹੀ ਬੀਜ ਲਿਆ ਜਾਏ।"

ਇਵੇਂ ਹੀ ਕਿਸੇ ਸੱਜਰ ਸੂਈ ਝੋਟੀ ਨੂੰ ਦਿੱਤੇ ਜਾਣ ਵਾਲੇ ਕਾੜ੍ਹੇ ਦਾ ਅਰਥ ਇਕ ਪਸ਼ੂ-ਵਿਗਿਆਨੀ ਨੂੰ ਦੁਭਾਸ਼ੀਏ ਦੀ ਮਦਦ ਨਾਲ ਹੀ ਮਸਾਂ ਸਮਝ ਆਇਆ ਸੀ।

ਇਸ ਵਿਚ ਕੋਈ ਅੱਤ-ਕਥਨੀ ਨਹੀਂ ਕਿ ਜੇ ਕੋਈ ਕਿਸਾਨ ਇਹ ਆਖੇ ਕਿ ਮੇਰੇ ਖੀਰੇ, ਦੋਂਦੇ, ਚੌਗੇ, ਛਿੱਗੇ ਜਾਂ ਸੁਵੰਨੇ ਹੋਏ ਬਲਦ ਨੂੰ ਮੋਕ ਲੱਗੀ ਹੋਈ ਹੈ ਜਾਂ ਭੋਡੇ, ਮੀਣੇ, ਚੱਪੇ, ਨਾਰੇ, ਢੂੰਗੇ, ਬੱਗੇ, ਸਾਵੇ, ਗੋਰੇ, ਲਾਖੇ ਜਾਂ ਆਂਡੀ ਬਲਦ ਦੀ ਕੰਨ੍ਹ ਮੁਤਾੜੀ ਹੋਈ ਹੈ, ਤਾਂ ਸਾਡੇ ਬਹੁਤ ਸਾਰੇ ਮਾਹਿਰ ਉਹਦੀ ਅਹੁਰ ਨੂੰ ਸਮਝਣ ਦੀ ਥਾਂ ਉਹਦੇ ਮੂੰਹ ਵੱਲ ਵਾੜ ਵਿਚ ਫਸੇ ਬਿੱਲੇ ਵਾਂਗ

ਮੁਤਰ ਮੁਤਰ ਝਾਕੀ ਹੀ ਜਾਣਗੇ ਤੇ ਜਿਹੜੇ ਕੁਝ ਵਿਗਿਆਨੀ ਉਹਦੀ ਗੱਲ ਨੂੰ ਭਾਂਪ ਵੀ ਜਾਣਗੇ, ਉਹਨਾਂ ਦੀ ਸਮਝ ਵਿਚ ਸਾਡੀ ਮੌਜੂਦਾ ਭਾਂਤ ਦੀ ਸਿੱਖਿਆ ਪ੍ਰਣਾਲੀ ਜਾਂ ਸਿਖਲਾਈ ਦਾ ਕੋਈ ਹੱਥ ਨਹੀਂ ਹੋਵੇਗਾ, ਉਹਨਾਂ ਦਾ ਆਪਣਾ ਪੇਂਡੂ ਪਿਛੋਕੜ ਹੀ ਕੰਮ ਆ ਜਾਏ ਤਾਂ ਭਾਵੇਂ ਆ ਜਾਏ।

ਸੱਚਮੁੱਚ ਹੀ ਜਦੋਂ ਕੋਈ ਅੰਗਰੇਜ਼ੀ ਦੀ ਰੀਸੇ 'ਮਾਲੀ' ਨੂੰ ਵੀ ਸਾਂਢ ਹੀ ਆਖਦਾ ਹੈ, ਇਕ ਵਾਰ ਤਾਂ ਸਰੀਰ ਨੂੰ ਝੁਣਝੁਣੀ ਆ ਜਾਂਦੀ ਹੈ।

ਪੰਜਾਬ ਵਿਚ ਬੀਜੀਆਂ ਜਾਂਦੀਆਂ ਵੰਨ-ਸੁਵੰਨੀਆਂ ਫਸਲਾਂ, ਉਹਨਾਂ ਵਿਚ ਉੱਗਣ ਵਾਲੇ ਨਦੀਨਾਂ, ਫਸਲਾਂ ਨੂੰ ਚੰਬੜਨ ਵਾਲੇ ਕੀੜਿਆਂ ਮਕੌੜਿਆਂ ਤੇ ਰੋਗਾਂ, ਇਥੇ ਪਾਈ ਜਾਂਦੀ ਧਰਤੀ ਦੀ ਮਿੱਟੀ, ਖੇਤੀਬਾੜੀ ਦੇ ਸੰਦ-ਸੰਦੇੜੇ, ਸੇਂਜੇ, ਵਾਹੀ, ਬਿਜਾਈ, ਗੋਡੀ, ਵਾਢੀ ਤੇ ਆੜ੍ਹਤ ਆਦਿ ਦੇ ਕੰਮਕਾਰਾਂ ਨਾਲ ਸੰਬੰਧਤ ਏਨੇ ਸ਼ਬਦ ਮੌਜੂਦ ਹਨ ਕਿ ਉਹਨਾਂ ਦੀ ਨੇਮ-ਬੱਧ ਢੰਗ ਨਾਲ ਤਲਾਸ਼, ਸੰਭਾਲ ਤੇ ਵਿਕਾਸ ਨਾਲ ਖੇਤੀ ਵਿੱਦਿਆ ਦੇ ਮਾਧਿਅਮ ਪਰਿਵਰਤਨ ਦਾ ਮਸਲਾ ਬੜੀ ਹੀ ਸੁਗਮਤਾ ਨਾਲ ਹੱਲ ਹੋ ਸਕਦਾ ਹੈ।

ਸਾਡੇ ਵਿੱਦਿਅਕ ਸਭਿਆਚਾਰ ਦੇ ਟਾਕਰੇ 'ਤੇ ਸਾਡਾ ਜਨ-ਸਮੂਹ ਆਪਣੀ ਬੋਲੀ ਨੂੰ ਨਵੀਆਂ ਲੋੜਾਂ ਦੇ ਹਾਣੀ ਬਣਾਉਣ ਵਿਚ ਕਿਤੇ ਵਧੇਰੇ ਸਾਰਥਕ ਕੰਮ ਕਰ ਰਿਹਾ ਹੈ। ਲੋਕ ਆਪੇ ਪ੍ਰਾਪਤ ਸ਼ਬਦਾਂ ਨੂੰ ਉਚਾਰਣ ਦੀ ਸੌਖ ਅਨੁਸਾਰ ਨਵੇਲਾ ਰੂਪ ਦੇ ਲੈਂਦੇ ਹਨ। ਨਵੇਂ ਸ਼ਬਦ ਘੜ ਲੈਂਦੇ ਹਨ ਤੇ ਪੁਰਾਣੇ ਸ਼ਬਦਾਂ ਨੂੰ ਨਵੇਂ ਪ੍ਰਸੰਗਾਂ ਵਿਚ ਵਰਤ ਲੈਂਦੇ ਹਨ। ਫਾਰਸੀ ਦਾ ਰਹਿਟ ਉਹਨਾਂ ਆਪਣੀ ਸੌਖ ਅਨੁਸਾਰ ਹਲ੍ਹਟ ਬਣਾ ਲਿਆ ਹੈ । ਚੰਨੇ, ਕਾਂਜਣ, ਲਟੈਣ, ਚਲਕਲੀ, ਬੂੜੀਏ, ਤੀਰ, ਕੁੱਤਾ, ਟਿੰਡਾਂ, ਲੱਠ, ਰੇੜੀ, ਕਾਬਲਾ, ਖੂਹੀ, ਮਹਿਲ, ਪੈੜ, ਚਲ੍ਹਾ, ਚੱਠਾ, ਪਾਰਛਾ, ਅਉਲੂ, ਨਾਰਦਾਨਾ ਉਹਨਾਂ ਆਪੇ ਘੜ ਲਏ ਹਨ ਅਤੇ ਮਾਹਲ ਤੇ ਬਾਇੜ ਉਹਨਾਂ ਚਰਖੇ ਤੋਂ ਹੁਧਾਰੇ ਲੈ ਕੇ ਹਲ੍ਹਟ ਦੇ ਸਮਰੂਪੀ ਤੇ ਸਮਾਨ-ਕਾਰਜੀ ਭਾਗਾਂ ਲਈ ਨਵੇਂ ਸੰਦਰਭਾਂ ਵਿਚ ਵਰਤ ਲਏ ਹਨ। ਹੁਣ ਸਾਡੇ ਕਿਸਾਨ ਬੈੜ ਟਰੈਕਟਰ ਦੇ ਪਹੀਆਂ ਉਦਾਲੇ ਚੜ੍ਹੇ ਉਸ ਜੁਗਾੜ ਨੂੰ ਕਹਿਣ ਲੱਗ ਪਏ ਹਨ, ਜਿਸ ਦੀ ਵਰਤੋਂ ਝੋਨੇ ਵਾਲੇ ਖੇਤ ਨੂੰ ਕੱਦੂ ਕਰਨ ਲਈ ਕੀਤੀ ਜਾਂਦੀ ਹੈ। ਇਹ ਤਾਂ ਹੋਈ ਕਿਸਾਨਾਂ ਦੀ ਕਾਰਗੁਜ਼ਾਰੀ ਪਰ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਸਾਡੇ ਸਾਇੰਸਦਾਨ ਤੇ ਭਾਸ਼ਾ-ਵਿਗਿਆਨੀ ਕੱਦੂ ਵਿਚ ਕਿਹੜਾ ਤੀਰ ਮਾਰਦੇ ਹਨ।

ਅਸੀਂ ਨਵੇਂ ਸ਼ਬਦਾਂ ਦੀ ਘਾੜਤ ਤੋਂ ਉਰੇ ਜੇ ਪ੍ਰਾਪਤ ਸ਼ਬਦਾਂ ਨੂੰ ਹੀ ਸਾਂਭਣ ਲਈ ਕੋਈ ਉਪਰਾਲਾ ਵਿੱਢ ਲਈਏ ਤਾਂ ਵੀ ਬਹੁਤ ਵੱਡਾ ਕੰਮ ਨੇਪਰੇ ਚਾੜ੍ਹ ਸਕਦੇ ਹਾਂ। ਸਾਡੇ ਖੂਹਾਂ, ਟੋਭਿਆਂ, ਰਾਹਾਂ-ਥਾਹਾਂ, ਸਿਵਿਆਂ, ਮੜ੍ਹੀਆਂ-ਮਸਾਣਾਂ, ਗਿੱਧਿਆਂ, ਪਿੜਾਂ, ਹੱਟੀਆਂ, ਭੱਠੀਆਂ, ਅਹਿਰਨ-ਹਾਲ਼ੀਆਂ, ਕਾਰਖਾਨਿਆਂ, ਸੱਥਾਂ, ਤਕੀਆਂ, ਤ੍ਰਿੰਜਣਾਂ, ਖੇਤਾਂ-ਬੰਨਿਆਂ, ਚਰਾਂਦਾਂ, ਘਰਾਂ, ਹਵੇਲੀਆਂ, ਚੌਗਾਨਾਂ, ਚੌਪਾਲ਼ਾਂ, ਮੰਦਰਾਂ, ਗੁਰਦੁਆਰਿਆਂ, ਖੇਡ-ਤਮਾਸ਼ਿਆਂ, ਠੇਕਿਆਂ, ਅਖਾੜਿਆਂ, ਕੰਧਾਂ-ਕੋਠਿਆਂ, ਅੱਡਿਆਂ, ਸੰਦ-ਸੰਦੇੜੇ, ਰੁੱਤਾਂ-ਤਿਥਾਂ, ਜੰਗਲ ਬੇਲਿਆਂ,ਤਿਉਹਾਰਾਂ, ਹਾਰ-ਸ਼ਿੰਗਾਰਾਂ, ਕੱਪੜੇ ਲੀੜਿਆਂ, ਰੀਤਾਂ ਰਸਮਾਂ ਤੇ ਚੁੱਲ੍ਹਿਆਂ ਚੌਂਕਿਆਂ ਵਿਚ ਸ਼ਬਦਾਂ ਦੀ ਅਨੰਤ ਛਹਿਬਰ ਹੈ, ਮੁਹਾਵਰਿਆਂ ਦੀ ਗਹਿਮਾ-ਗਹਿਮੀ ਹੈ ਤੇ ਅਖਾਣਾਂ ਦੀ ਸੰਘਣੀ ਰੌਣਕ ਹੈ।

ਰੱਸੇ-ਰੱਸੀਆਂ ਤੇ ਉਹਨਾਂ ਤੋਂ ਬਣਨ ਵਾਲੀਆਂ ਚੀਜ਼ਾਂ ਦੀ ਇਕ ਨਿੱਕੀ ਜਿਹੀ ਮਿਸਾਲ ਹੀ ਪੰਜਾਬੀ ਬੋਲੀ ਦੇ ਸ਼ਬਦਾਂ ਦੀ ਵੰਨ-ਸੁਵੰਨਤਾ ਨੂੰ ਸਮਝਣ ਲਈ ਕਾਫੀ ਹੋਵੇਗੀ। ਨਿੱਕੀ ਜਿਹੀ ਰੱਸੀ ਚੁਆਈ ਵੇਲੇ ਗਾਂ ਦੀਆਂ ਲੱਤਾਂ ਦੁਆਲੇ ਬੱਝ ਕੇ ਨਿਆਣਾ ਬਣ ਜਾਂਦੀ ਹੈ। ਕਬੱਡੀ ਦੇ ਜਾਫੀ ਸਾਹ ਪਾਉਣ ਆਏ ਖਿਡਾਰੀ ਦੀਆਂ ਲੱਤਾਂ ਦੁਆਲੇ ਆਪਣੀਆਂ ਲੱਤਾਂ ਦੀ ਕੈਂਚੀ ਮਾਰ ਕੇ ਇਹੋ ਜਿਹਾ ਹੀ ਨਿਆਣਾ ਪਾ ਲੈਂਦੇ ਹਨ। ਸਿਰੇ 'ਤੇ ਬੱਝੀਆਂ ਦੋ ਗੁੱਲੀਆਂ ਵਾਲੀ ਰੱਸੀ ਮਧਾਣੀ ਦੁਆਲੇ ਲਿਪਟ ਕੇ ਨੇਤਾ ਬਣ ਜਾਂਦੀ ਹੈ। ਬਲਦ ਦੇ ਗਲ਼ ਦੁਆਲੇ ਲਿਪਟ ਕੇ ਇਕ ਜ਼ਰਾ ਵਡੇਰਾ ਰੂਪ ਧਾਰ ਕੇ ਰੱਸਾ ਬਣ ਜਾਂਦੀ ਹੈ। ਨੱਕ ਵਿਚੀਂ ਲੰਘ ਕੇ ਨੱਥ ਤੇ ਨੱਕ ਦੁਆਲੇ ਵਲ਼ ਹੋ ਕੇ

ਨਾਕੂਆ ਤੇ ਮੂੰਹ ਵਿਚੀਂ ਲੰਘ ਕੇ ਬਘਿਆੜੀ। ਜਿਸ ਰੱਸੀ ਨਾਲ ਪੱਠਿਆਂ ਦੀ ਭਰੀ ਬੰਨ੍ਹੀਏ ਉਹਨੂੰ ਦੋੜੀ ਕਹੀਦਾ ਹੈ। ਪੱਠਿਆਂ ਨੂੰ ਹੀ ਵਟਾ ਦੇ ਕੇ ਸੁੱਬ ਬਣ ਜਾਂਦਾ ਹੈ ਤੇ ਡਿੱਭ ਦਾ ਸੁੱਬ ਬੇੜ ਅਖਵਾਉਂਦਾ ਹੈ। ਪਿੜੀਆਂ ਪਾ ਕੇ ਚਹੁੰ ਤਣੀਆਂ ਵਾਲੀ ਰੱਸੀ ਦੀ ਵਸਤ ਪੱਠਿਆਂ ਦੀ ਪੰਡ ਬੰਨ੍ਹਣ ਲਈ ਚਰਨਾ ਬਣ ਜਾਂਦੀ ਹੈ। ਇਸੇ ਆਕਾਰ ਦੀ ਵਸਤੂ ਦੁੱਧ ਦਾ ਦਧੂਨਾ ਕੜਨ ਵਾਲੀ ਕੜਨੀ ਅਖਵਾਉਂਦੀ ਹੈ। ਇਹਨੂੰ ਹੀ ਹੋਰ ਵੱਡਿਆਂ ਕਰਕੇ ਬੁਣਨ ਨਾਲ ਤੂੜੀ ਬੰਨ੍ਹਣ ਵਾਲਾ ਤੰਗੜ ਬਣ ਜਾਂਦਾ ਹੈ। ਫੋਸੜ ਬੰਦੇ ਨੂੰ ਵੀ ਤੰਗੜ ਜਿਹਾ ਹੀ ਕਿਹਾ ਜਾਂਦਾ ਹੈ। ਨਿੱਕੀ ਜਿਹੀ ਰੱਸੀ ਹਲ਼ਸ ਦੇ ਦੁਆਲੇ ਵਲ ਹੋ ਕੇ ਨਾੜ ਬਣ ਜਾਂਦੀ ਹੈ। ਵੇਡ ਰੱਸੇ ਨੂੰ ਮੈਰੋਂ ਕਿਹਾ ਜਾਂਦਾ ਹੈ। ਡੋਲ ਨਾਲ ਬੱਝ ਕੇ ਲੱਜ ਤੇ ਚੜਸ ਨਾਲ ਬੱਝ ਕੇ ਤਿਲੱੜੀ ਲੌਅ ਬਣ ਜਾਂਦੀ ਹੈ। ਲੌਅ ਦੇ ਇਕ ਟੋਟੇ ਨੂੰ ਤੋੜਾ ਆਖਦੇ ਹਨ ਤੇ ਇਸਦੇ ਜੋੜ ਨੂੰ ਸੱਲੜ ਆਖਦੇ ਹਨ। ਪੁਰਾਣੀ ਲੌਅ ਦਾ ਇਕ ਟੁਕੜਾ ਪੰਜਾਲੀ ਤੇ ਗਾਧੀ ਨਾਲ ਬੱਝ ਕੇ ਬੇਲਾ ਹੋ ਜਾਂਦਾ ਹੈ। ਰੱਸੀ ਤੋਂ ਹੀ ਛਿੱਕਲੀ ਬਣਦੀ ਹੈ, ਵੱਡੀ ਛਿੱਕਲੀ ਊਠ ਕੇ ਮੂੰਹ ਨਾਲ ਬੱਝ ਕੇ ਛਿੱਕਲ ਬਣ ਜਾਂਦੀ ਹੈ। ਨਕੇਲ ਨਾਲ ਬੰਨ੍ਹਿਆਂ ਇਹਨੂੰ ਮੁਹਾਰ ਕਿਹਾ ਜਾਂਦਾ ਹੈ। ਰੱਸੀ ਤੋਂ ਹੀ ਗੋਪੀਆ ਬਣਦਾ ਹੈ। ਗੱਡੇ ਦੇ ਜੁੰਗਲੇ ਦੇ ਸਿਰਿਆਂ ਨਾਲ ਬੱਝੀ ਰੱਸੀ ਜੋਤ ਅਖਵਾਉਂਦੀ ਹੈ। ਮੰਜਾ ਬੁਣਨ ਵਾਲੀਆਂ ਰੱਸੀਆਂ ਵਾਣ ਅਖਵਾਉਂਦੀਆਂ ਹਨ। ਮੋਟੀ ਰੱਸੀ ਮੰਜੇ ਦੀ ਦੰਦੀ ਤੇ ਸੇਰੂ ਉਦਾਲ਼ੇ ਲੰਘ ਕੇ ਦੌਣ ਬਣ ਜਾਂਦੀ ਹੈ। ਬਾਰੀਕ ਰੱਸੀ ਚਰਖੇ ਦੇ ਬੈੜ ਦੇ ਘੁਰਿਆਂ ਵਿਚੀਂ ਗੁਜ਼ਰ ਕੇ ਕੱਸਣ ਬਣ ਜਾਂਦੀ ਹੈ। ਘੜੇ ਜਾਂ ਮੱਟੀ ਦੇ ਮੂੰਹ ਉਦਾਲ਼ੇ ਇਹੋ ਰੱਸੀ ਵੰਗਣਾਂ ਬਣ ਜਾਂਦੀ ਹੈ। ਕੱਪੜੇ ਟੰਗਣ ਲਈ ਬੰਨ੍ਹੀ ਰੱਸੀ ਟੰਗਣਾਂ ਜਾਂ ਵਲੰਘਣੀ ਬਣ ਜਾਂਦੀ ਹੈ। ਰੱਸੇ ਦੀ ਪੀਂਘ ਵੀ ਪਾਈ ਜਾ ਸਕਦੀ ਹੈ।ਮੰਦੇ ਦਿਨ ਆਉਣ ਤਾਂ ਰੱਸੀ ਫਾਹੀ ਜਾਂ ਫਰਾਹਾ ਵੀ ਬਣ ਸਕਦੀ ਹੈ। ਰੱਸੀ ਨਾਲ ਪਸ਼ੂ ਨੂੰ ਪੈਖੜ ਵੀ ਪਾਇਆ ਜਾ ਸਕਦਾ ਹੈ। ਰੰਗਲੀ ਰੱਸੀ ਗਾਨੀ ਵੀ ਬਣ ਸਕਦੀ ਹੈ ਤੇ ਮਖੇਰਨਾ ਵੀ। ਇਹ ਰੱਸੀ ਜੇ ਸਣ ਸਨੁਕੜੇ ਦੀ ਥਾਂ ਸੂਤ ਦੀ ਹੋਵੇ ਤਾਂ ਸੂਤਲੀ ਅਖਵਾਉਂਦੀ ਹੈ। ਬੰਦੇ ਕੋਲ ਜਾਣਕਾਰੀ ਹੋਏ ਤਾਂ ਰੱਸੀ ਤੋਂ ਬੜਾ ਕੁਝ ਬਣਾਇਆ ਜਾ ਸਕਦਾ ਹੈ ਪਰ ਜੇ ਪੱਲੇ ਭੁਲੇਖਾ ਹੀ ਹੋਵੇ ਤਾਂ ਰੱਸੀ ਦਾ ਸੱਪ ਵੀ ਬਣ ਜਾਂਦਾ ਹੈ। ਜੇ ਕਿਸੇ ਦੇ ਰੱਸੇ-ਗਲ਼ਾਵੇਂ ਖੋਲ੍ਹ ਦਿੱਤੇ ਜਾਣ ਉਹ ਵਿਗੜ ਵੀ ਸਕਦਾ ਹੈ ਪਰ ਜੇ ਉਹਦੀਆਂ ਵਾਗਾਂ ਕੱਸ ਲਈਆਂ ਜਾਣ ਤਾਂ ਉਹ ਰਾਹਿ-ਰਾਸਤੀ 'ਤੇ ਵੀ ਆ ਸਕਦਾ ਹੈ।

ਪੰਜਾਬੀ ਵਿਚ ਪ੍ਰਾਪਤ ਖੇਤੀਬਾੜੀ ਬਾਰੇ ਸ਼ਬਦਾਵਲੀ ਵਾਲੀ ਗੱਲ ਪਸ਼ੂ ਪਾਲਣ ਤੇ ਗ੍ਰਹਿ ਵਿਗਿਆਨ ਨਾਲ ਸੰਬਧਤ ਵਿਸ਼ਿਆਂ ਉੱਪਰ ਵੀ ਇੰਨ ਬਿੰਨ ਪੂਰੀ ਢੁਕਦੀ ਹੈ। ਗੱਲ ਮੁੱਕਦੀ ਕਰਨ ਲਈ ਅਸੀਂ ਇਥੇ ਕੇਵਲ ਗ੍ਰਹਿ ਵਿਗਿਆਨ ਨਾਲ ਸੰਬੰਧਤ ਇਕੋ ਵਿਸ਼ੇ-ਵਸਤਰ ਵਿਗਿਆਨ ਦੀ ਹੀ ਚਰਚਾ ਕਰਾਂਗੇ।

ਸਾਡੇ ਪਿੰਡਾਂ ਦੇ ਜੁਲਾਹਿਆਂ, ਛੀਂਬਿਆਂ, ਪੇਂਜਿਆਂ, ਲਲਾਰੀਆਂ, ਧੋਬੀਆਂ, ਕੱਪੜਾ ਤੇ ਹੌਜ਼ਰੀ ਸਨਅਤ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ, ਕਾਰੀਗਰਾਂ ਤੇ ਕੱਪੜਾ ਵੇਚਣ ਵਾਲੇ ਬਜਾਜਾਂ ਤੋਂ ਬਿਨਾਂ ਪਿੰਡਾਂ ਵਿਚ ਕਸੀਦਾ ਕੱਢਦੀਆਂ, ਕਪਾਹ ਵੇਲਦੀਆਂ, ਚਰਖਾ ਕੱਤਦੀਆਂ ਤੇ ਦਰੀਆਂ ਨਾਲ਼ੇ ਬੁਣਦੀਆਂ ਸੁਆਣੀਆਂ ਕੋਲ ਆਪੋ ਆਪਣੇ ਧੰਦਿਆਂ ਤੇ ਸ਼ਿਲਪਾਂ ਨਾਲ ਸੰਬੰਧਤ ਏਨੇ ਭਾਂਤ-ਸੁਭਾਂਤੇ ਸ਼ਬਦ ਮੌਜੂਦ ਹਨ, ਜਿਹਨਾਂ ਦੀ ਵਰਤੋਂ ਨਾਲ ਵਸਤਰ ਵਿਗਿਆਨ ਦਾ ਮਜ਼ਮੂਨ ਕੇਵਲ ਡੰਗ-ਟਪਾਊ ਢੰਗ ਨਾਲ ਹੀ ਨਹੀਂ ਸਗੋਂ ਇਸ ਨੂੰ ਅਤਿਅੰਤ ਦਿਲਚਸਪ ਤੇ ਅਮਲੀ ਤੌਰ 'ਤੇ ਲਾਹੇਵੰਦ ਬਣਾ ਕੇ ਪੜ੍ਹਾਇਆ ਜਾ ਸਕਦਾ ਹੈ। ਪਰ ਇਸ ਕੰਮ ਵਿਚ 'ਮਨ ਨਿਧਾਨਾ' ਤਾਂ ਹੀ ਭਏਗਾ ਜੇ ਅਸੀਂ 'ਪਿਉ-ਦਾਦੇ ਦਾ ਖਜ਼ਾਨਾ' ਖੋਲ੍ਹ ਕੇ ਦੇਖਣ ਦਾ ਯਤਨ ਕਰਾਂਗੇ। ਪਰ ਅਸੀਂ ਤਾਂ ਅਜਿਹਾ ਕਰਨ ਦੀ ਥਾਂ ਸ਼ਬਦਾਂ ਦਾ ਮਾੜਾ ਮੋਟਾ ਤੋਟਾ ਪੈਣ ਦੀ ਸੂਰਤ ਵਿਚ ਐਵੇਂ ਹੀ ਏਧਰ ਓਧਰ ਅੱਕੀਂ ਪਲਾਹੀਂ ਹੱਥ ਮਾਰਨੇ ਸ਼ੁਰੂ ਕਰ ਦਿੰਦੇ ਹਾਂ ਅਤੇ ਆਪਣੇ ਵਿਰਸੇ ਨੂੰ ਫਰੋਲਣ ਦੀ ਥਾਂ ਬਦੇਸ਼ੀ ਸਰੋਤਾਂ ਤੋਂ ਓਪਰੇ ਬੇਗਾਨੇ ਤਿਆਰ-ਬਰ-ਤਿਆਰ ਸ਼ਬਦ ਲੱਭ ਕੇ ਹੀ ਸੰਤੋਖ ਕਰ ਲੈਂਦੇ ਹਾਂ। ਉਦਾਹਰਨ ਵਜੋਂ ਕੱਪੜਿਆਂ ਦੇ ਰੰਗਾਂ ਦੀ ਗੱਲ ਕਰਦਿਆਂ ਅੱਜ-ਕੱਲ੍ਹ ਕਰੀਮ, ਕਾਫੀ, ਕੋਕਾ ਕੋਲਾ, ਪਿੰਕ ਤੇ

ਔਰੈਂਜ ਕਲਰਾਂ ਦਾ ਜ਼ਿਕਰ ਆਮ ਸੁਣਨ ਵਿਚ ਆਉਂਦਾ ਹੈ। ਪਰ ਕੀ ਸਾਡੀ ਰੰਗਾਂ ਦੀ ਦੁਨੀਆਂ ਏਨੀ ਹੀ ਗ਼ਰੀਬ ਹੈ ਕਿ ਇਹਨਾਂ ਦਾ ਸਾਧਾਰਨ ਜ਼ਿਕਰ ਕਰਨ ਲਈ ਵੀ ਸਾਨੂੰ ਅੰਗਰੇਜ਼ੀ ਵੱਲ ਝਾਕਣਾ ਪਏ? ਨਹੀਂ ਇਵੇਂ ਤਾਂ ਕਤਈ ਨਹੀਂ ਹੈ। ਸਾਡੇ ਕੋਲ ਨੀਲੇ, ਪੀਲ਼ੇ, ਲਾਲ, ਕਾਲ਼ੇ, ਚਿੱਟੇ, ਹਰੇ ਜਿਹੇ ਬੁਨਿਆਦੀ ਰੰਗਾਂ ਤੋਂ ਬਿਨਾਂ ਕੇਸਰੀ, ਕਪਾਹੀ, ਸਰਦਈ, ਅੰਗੂਰੀ, ਅੰਬਰੀ, ਕਥਈ, ਬਲੰਭਰੀ, ਦਾਲਚੀਨੀ, ਮੂੰਗੀਆ, ਕਿਰਮਚੀ, ਤੋਤਾ-ਰੰਗੀ, ਅੰਡਰਈ, ਫਿਰੋਜ਼ੀ, ਬਦਾਮੀ, ਬਿਸਕੁਟੀ, ਲਾਜਵਰੀ, ਮੋਤੀਆ, ਕੱਦੂ-ਮੋਤੀਆ, ਵੱਡ-ਮੋਤੀਆ, ਪਿਆਜ਼ੀ, ਹਵਾ-ਪਿਆਜ਼ੀ, ਅਸਮਾਨੀ, ਮਹਿੰਦੀ-ਰੰਗਾ, ਘੁੱਗੀ ਰੰਗਾ, ਤਰਬੂਜ਼ੀਆ, ਖੱਟਾ, ਸੁਨਹਿਰੀ, ਊਦਾ, ਗੇਰੂਆ, ਭਗਵਾਂ, ਗੁਲਾਨਾਰੀ, ਉਨਾਭੀ, ਜਾਮਣੀ, ਗੁਲਾਬੀ, ਸਲੇਟੀ, ਘਿਉ-ਕਪੂਰੀ, ਕਾਸਣੀ, ਜੋਗੀਆ, ਅੰਬਰਸੀਆ, ਦਾਖੀ, ਖਾਕੀ, ਚਾਂਦੀ-ਵੰਨਾ ਤੇ ਸੁਨਹਿਰੇ ਰੰਗਾਂ ਦੀ ਬਾਤ ਪਾਉਣ ਵਾਲੇ ਬਹੁਤ ਸਾਰੇ ਸ਼ਬਦ ਮੌਜੂਦ ਹਨ। ਰੰਗਾਂ ਦੀਆਂ ਹਲਕੀਆਂ, ਗੂੜ੍ਹੀਆਂ ਤੇ ਸਫਿਆਨੀਆਂ ਭਾਹਾਂ ਦਰਸਾਉਣ ਵਾਲੇ ਅੱਡਰੇ ਸ਼ਬਦਾਂ ਤੋਂ ਬਿਨਾਂ ਬਹੁਤ ਹੀ ਗੂੜ੍ਹੇ ਰੰਗਾਂ ਦਾ ਜ਼ਿਕਰ ਕਰਨ ਲਈ ਲਾਲ-ਸੂਹਾ, ਚਿੱਟਾ-ਸਫੈਦ ਤੇ ਪੀਲਾ-ਜ਼ਰਦ ਜਿਹੇ ਦੋਹਰੇ ਸ਼ਬਦ-ਜੁੱਟ ਹਨ। ਬਜ਼ੁਰਗ ਔਰਤਾਂ ਤੇ ਨਹਿਰਾਂ ਦੇ ਪੁਲਾਂ 'ਤੇ ਬੈਠੇ ਲਲਾਰੀਆਂ ਦੀ ਮਦਦ ਨਾਲ ਰੰਗਾਂ ਦੀ ਇਹ ਸੂਚੀ ਹੋਰ ਵੀ ਲੰਮੀ ਹੋ ਸਕਦੀ ਹੈ।

ਰੰਗਾਂ ਦੀ ਗੱਲ ਤੁਰੀ ਹੈ ਤਾਂ ਇਥੇ ਇਸ ਗੱਲ ਦਾ ਜ਼ਿਕਰ ਕਰ ਦੇਣਾ ਵੀ ਜ਼ਰੂਰੀ ਹੈ ਕਿ ਸਾਡੀ ਬੋਲੀ ਵਿਚ ਬੰਦਿਆਂ ਦੇ ਰੰਗਾਂ ਲਈ ਹੋਰ ਸ਼ਬਦ ਹਨ, ਵਾਲ਼ਾਂ ਲਈ ਹੋਰ ਤੇ ਡੰਗਰਾਂ ਦੇ ਰੰਗਾਂ ਲਈ ਹੋਰ। ਉਦਾਹਰਣ ਲਈ ਕਣਕ-ਵੰਨਾ ਜਾਂ ਮੁਸ਼ਕੀ ਰੰਗ ਕੇਵਲ ਔਰਤਾਂ ਮਰਦਾਂ ਦਾ ਹੀ ਹੁੰਦਾ ਹੈ। ਬੰਦਿਆਂ ਦਾ ਗੋਰਾ ਰੰਗ ਹੋਰ ਹੈ, ਡੰਗਰਾਂ ਦਾ ਹੋਰ। ਡੰਗਰਾਂ ਦੇ ਸੰਦਰਭ ਵਿਚ ਜਦ ਅਸੀਂ ਬੱਗੇ, ਗੋਰੇ, ਪੀਲੇ ਜਾਂ ਸਾਵੇ ਪਸ਼ੂ ਦੀ ਗੱਲ ਕਰਦੇ ਹਾਂ ਤਾਂ ਸਾਡੀ ਮੁਰਾਦ ਅਸਲੋਂ ਹੀ ਹੋਰ ਰੰਗਾਂ ਤੋਂ ਹੁੰਦੀ ਹੈ। ਮਹਿਰੂ ਤਾਂ ਕਾਲੇ ਹੋ ਸਕਦੇ ਹਨ ਪਰ ਇਸੇ ਰੰਗ ਦੇ ਗੋਕੇ ਲਾਖੇ ਹੁੰਦੇ ਹਨ। ਲੋਹੀ ਮੱਝ ਦਾ ਰੰਗ ਹੋਰ ਕਿਸੇ ਵਸਤੂ ਦੇ ਰੰਗ ਨਾਲ ਮੇਲ ਨਹੀਂ ਖਾਂਦਾ। ਬੂਰੇ ਕੇਵਲ ਝੋਟੇ-ਝੋਟੀਆਂ ਹੀ ਹੁੰਦੇ ਹਨ ਤੇ ਭੂਸਲੇ ਕੁੱਤੇ। ਚੀਨੇ ਕਬੂਤਰ ਹੁੰਦੇ ਹਨ ਜਾਂ ਕੁੱਕੜ, ਬੱਦਲੀਆਂ ਤਿੱਤਰ-ਖੰਭੀਆਂ ਵੀ ਹੁੰਦੀਆਂ ਹਨ। ਕੱਕਾ ਰੰਗ ਕੇਵਲ ਬੰਦਿਆਂ ਦੇ ਵਾਲ਼ਾਂ ਦਾ ਹੁੰਦਾ ਹੈ ਜਾਂ ਫਿਰ ਕੱਕਾ ਹੁੰਦਾ ਹੈ ਬਲਵੰਤ ਗਾਰਗੀ ਦੇ ਬਠਿੰਡੇ ਵਾਲਾ ਰੇਤਾ। ਧੌਲੇ ਸਿਰਫ ਬੰਦਿਆਂ ਦੇ ਵਾਲ਼ ਹੀ ਹੁੰਦੇ ਹਨ, ਹੋਰ ਪ੍ਰਾਣੀਆਂ ਦੇ ਨਹੀਂ। ਏਸ ਤਰ੍ਹਾਂ ਹੀ ਅੱਖਾਂ ਦੇ ਰੰਗਾਂ ਲਈ ਸਾਡੇ ਕੋਲ ਅੱਡ ਸ਼ਬਦ ਹਨ। ਰੰਗ-ਵੰਨਗੀਆਂ ਨਾਲ ਸੰਬੰਧਤ ਅੰਗਰੇਜ਼ੀ ਵਿਚ ਅਜਿਹੀ ਭਿੰਨ-ਭਿੰਨ ਸ਼ਬਦਾਵਲੀ ਹੋਏ, ਸਾਨੂੰ ਇਸ ਗੱਲ ਬਾਰੇ ਸ਼ੱਕ ਹੈ। ਪਰ ਫੇਰ ਵੀ ਸਾਡੇ ਪੜ੍ਹੇ-ਲਿਖੇ ਪੰਜਾਬੀ ਬਗਾਨੀ ਖੁਰਲੀ ਵਿਚ ਹੀ ਮੂੰਹ ਮਾਰ ਕੇ ਵਧੇਰੇ ਪ੍ਰਸੰਨ ਹੁੰਦੇ ਹਨ।

ਪਤਾ ਨਹੀਂ ਕਿਉਂ? ਸਾਡੇ ਖੱਦਰ-ਖੇਸੀਆਂ, ਰਜ਼ਾਈਆਂ, ਤੁਲਾਈਆਂ, ਸਿਰ੍ਹਾਣਿਆਂ, ਚਾਦਰਾਂ, ਚੁੰਨੀਆਂ, ਦੁਪੱਟਿਆਂ, ਚੁਤਹੀਆਂ, ਦਰੀਆਂ-ਗਲੀਚਿਆਂ, ਮਲਮਲਾਂ, ਝੁੰਬਾਂ, ਮਧੋਤਾਂ, ਮੜਾਸਿਆਂ, ਝੁੰਗਲ, ਝੁੰਗਲ-ਮਾਟਿਆਂ, ਖੱਟੀਆਂ-ਪਲੱਟੀਆਂ, ਲੋਈਆਂ, ਕੰਬਲਾਂ, ਗਜਬਰਿਆਂ, ਧੋਤੀਆਂ, ਗਿਲ੍ਹਤੀਆਂ, ਲੁੰਗੀਆਂ, ਲੱਠਿਆਂ, ਛੀਂਟਾਂ, ਦਰੇਸਾਂ, ਕੀਮ ਖਾਬਾਂ, ਮਖਮਲਾਂ, ਬਨਾਤਾਂ, ਟਸਰਾਂ, ਸੂਫਾਂ, ਟਾਸਿਆਂ, ਤਹਿਮਤਾਂ, ਦਸਤਾਰਾਂ, ਬੋਸਕੀਆਂ, ਟੋਪੀਆਂ, ਜ਼ਨਾਨਾ ਤੇ ਮਰਦਾਵੀਆਂ ਪੁਸ਼ਾਕਾਂ ਦੀਆਂ ਕਿਸਮਾਂ, ਬਣਤਰਾਂ, ਸਿਲਾਈਆਂ, ਤੇ ਕਾਟ-ਕਢਾਈਆਂ ਨਾਲ ਸੰਬੰਧਤ ਸ਼ਬਦਾਂ ਦਾ ਕੋਈ ਸ਼ੁਮਾਰ ਨਹੀਂ। ਹੋਰ ਤਾਂ ਹੋਰ ਸਾਡੇ ਤੌਲੀਏ, ਸਾਫੇ, ਪਰਨੇ ਤੇ ਮੂਕੇ ਹੀ ਮਾਨ ਨਹੀਂ। ਬੁੱਕਲਾਂ ਹੀ ਸਿੱਧੀਆਂ, ਪੁੱਠੀਆਂ, ਟੇਢੀਆਂ, ਦੋਹਰੀਆਂ, ਢਿੱਲੀਆਂ, ਕੱਸਵੀਆਂ ਤੇ ਬੰਦ-ਗੋਭੀ ਵਰਗੀਆਂ ਕਈ ਤਰ੍ਹਾਂ ਦੀਆਂ ਹਨ ਤੇ ਝੁੰਬ ਦੀ ਦਿੱਖ ਆਪਣੀ ਅਲਹਿਦਾ ਹੀ ਹੁੰਦੀ ਹੈ। ਕੱਪੜੇ ਦੀ ਚੌੜਾਈ ਲਈ ਹੀ ਸਾਡੇ ਕੋਲ ਅਰਜ਼, ਵਰ ਤੇ ਪਨ੍ਹਾਂ ਤਿੰਨ ਸ਼ਬਦ ਹਨ। ਚਿਤਕਬਰੇ, ਲਹਿਰੀਏ, ਮੋਠੜੇ, ਚਾਰਖਾਨੇ, ਫਾਂਟਾਂ, ਕਿਨਾਰੀਆਂ, ਧਾਰੀਆਂ, ਵੇਲਾਂ, ਬੂਟੀਆਂ, ਚਟਿਕਣੇ, ਖੋਤੜੀਆਂ ਆਦਿ ਸ਼ਬਦ ਹੈਨ ਤੇ ਬੜੇ ਸਾਰਥਿਕ ਤੇ ਹੰਢਣਸਾਰ ਪਰ ਜੇ ਕੋਈ ਐਵੇਂ ਹੀ ਇਹਨਾਂ ਤੋਂ ਮੂੰਹ ਮੋੜ ਕੇ ਆਪਣੀ

ਬੋਲੀ ਦੀ ਸਮਰੱਥਾ ਤੋਂ ਹੀ ਮੁਨਕਰ ਹੋਈ ਜਾਵੇ ਤਾਂ ਅਜਿਹੇ ਮਰ ਗਿਆਂ ਤੇ ਮੁੱਕਰ ਗਿਆਂ ਦਾ ਕੀ ਇਲਾਜ ਕੀਤਾ ਜਾ ਸਕਦਾ ਹੈ।

ਦਰਅਸਲ ਜ਼ਿੰਦਗੀ ਦੇ ਕਿਸੇ ਖੇਤਰ ਬਾਰੇ ਜੇ ਪੰਜਾਬੀ ਵਿਚ ਉਚਿਤ ਸ਼ਬਦਾਂ ਦਾ ਸੱਚਮੁੱਚ ਹੀ ਤੋਤਾ ਹੋਵੇ ਤਾਂ ਹੋਰ ਬੋਲੀਆਂ ਦਾ ਆਸਰਾ ਤੱਕਣ ਵਿਚ ਕੋਈ ਹਰਜ ਨਹੀਂ। ਦੁਨੀਆਂ ਵਿਚ ਕਿਹੜੀ ਅਜਿਹੀ ਬੋਲੀ ਹੈ ਜੋ ਅਜਿਹੇ ਲੈਣ-ਦੇਣ ਦੀ ਲੋੜ ਤੋਂ ਮੁਕਤ ਹੋਣ ਦੀ ਡੀਂਗ ਮਾਰ ਸਕਦੀ ਹੈ? ਪਰ ਜਦ ਸਾਡੇ ਕੋਲ ਸਾਲ਼ਾ, ਭਣੋਈਆ, ਦਿਉਰ, ਜੇਠ ਤੇ ਨਣਦੋਈਏ ਜਿਹੇ ਭਾਵਪੂਰਤ ਸ਼ਬਦ ਮੌਜੂਦ ਹਨ ਤਾਂ ਇਹਨਾਂ ਸਾਰਿਆਂ ਨੂੰ ਬ੍ਰਦਰ-ਇਨ-ਲਾਅ ਦੇ ਇਕੋ ਰੱਸੇ ਨਾਲ ਬੰਨ੍ਹ ਕੇ ਸੁੱਕਣੇ ਪਾਉਣ ਵਿਚ ਕਿੱਧਰ ਦੀ ਦਾਨਾਈ ਹੈ। ਇਹੋ ਦੋਸ਼ ਮਾਮੇ, ਮਾਸੜ, ਚਾਚੇ, ਤਾਏ ਤੇ ਫੁੱਫੜ ਨੂੰ ਅੰਕਲ ਆਖਣ ਵਿਚ ਹੈ। ਨਾਨਕੇ-ਦਾਦਕੇ ਜਾਂ ਪੇਕੇ-ਸਹੁਰਿਆਂ ਦੇ ਸਾਕਾਂ ਨੂੰ ਦਰਸਾਉਣ ਵਿਚ ਅੰਗਰੇਜ਼ੀ ਬੋਲੀ ਪੰਜਾਬੀ ਦੇ ਪਾਂ-ਪਾਸਕੂ ਵੀ ਨਹੀਂ ਆਖੀ ਜਾ ਸਕਦੀ। ਇਸ ਸੂਰਤ ਵਿਚ ਅੰਗਰੇਜ਼ੀ ਵੱਲ ਸਾਡੇ ਪੜ੍ਹੇ-ਲਿਖਿਆਂ ਦੀ ਕੁੱਤੇ-ਝਾਕ ਨੂੰ ਉਹਨਾਂ ਦੀ ਜ਼ਿਹਨੀ ਗੁਲਾਮੀ ਤੋਂ ਬਿਨਾਂ ਹੋਰ ਕਿਹੜੀ ਮਰਜ਼ ਕਿਹਾ ਜਾ ਸਕਦਾ ਹੈ?

ਅਸੀਂ ਆਪਣੇ ਅਗਿਆਨ, ਅਣਗਹਿਲੀ ਤੇ ਕੂੜੇ ਅਭਿਮਾਨ ਕਾਰਨ ਪੰਜਾਬੀ ਬੋਲੀ ਦਾ ਕੇਵਲ ਸ਼ਬਦਾਵਲੀ ਦੇ ਦ੍ਰਿਸ਼ਟੀਕੋਣ ਤੋਂ ਹੀ ਕਾਫੀਆ ਤੰਗ ਨਹੀਂ ਕਰ ਰਹੇ ਸਗੋਂ ਉਚਾਰਨ ਦੇ ਪੱਖ ਤੋਂ ਵੀ ਇਹਦਾ ਹੁਲੀਆ ਵਿਗਾੜਨ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਣ ਦੀ ਥਾਂ ਨ ਬੋਲਣ ਦੀ ਵਾਦੀ ਆਮ ਪਾਈ ਜਾਂਦੀ ਹੈ। ਲ਼ ਦੀ ਧੁਨੀ ਸ਼ਹਿਰੀ ਬੋਲ-ਚਾਲ ਵਿਚੋਂ ਲੋਪ ਹੀ ਹੁੰਦੀ ਜਾ ਰਹੀ ਹੈ। ਵ ਤੇ ਬ ਅਤੇ ਯ ਤੇ ਜ ਦਾ ਉਚਾਰਨ ਇਕ ਮਿੱਕ ਹੀ ਹੁੰਦਾ ਜਾ ਰਿਹਾ ਹੈ। ਜ਼ ਦੀ ਥਾਂ ਜ ਤੇ ਜ ਦੀ ਥਾਂ ਜ਼ ਬੋਲਣ ਨੂੰ ਅਸੀਂ ਉਚਾਰਣ ਦੋਸ਼ ਸਮਝਣਾ ਛੱਡ ਦਿੱਤਾ ਹੈ। ਮਹਾਂਪ੍ਰਾਣੀ ਅੱਖਰਾਂ ਦੇ ਉਚਾਰਣ ਵੇਲੇ ਬਹੁਤਿਆਂ ਨੇ ਪਰਾਣ ਵਾਯੂ ਦਾ ਸਰਫਾ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਸਭ ਕੁਰੀਤੀਆਂ ਸਾਡੇ ਉਚਾਰਣ ਨੂੰ ਤਾਂ ਨਾਕਸ ਬਣਾਉਂਦੀਆਂ ਹੀ ਹਨ ਸਗੋਂ ਕਈ ਵਾਰ ਸੰਬੰਧਤ ਸ਼ਬਦਾਂ ਦੇ ਅਰਥਾਂ ਦਾ ਵੀ ਅਨਰਥ ਕਰ ਦਿੰਦੀਆਂ ਹਨ। ਸਾਡੀ ਚੇਤਨਾ ਵਿਚੋਂ ਇਹ ਗੱਲ ਵਿਸਰਦੀ ਹੀ ਜਾ ਰਹੀ ਹੈ ਕਿ ਕਾਲ਼ ਤੇ ਕਾਲ, ਬਾਲ਼ ਤੇ ਬਾਲ, ਕਾਣ ਤੇ ਕਾਨ, ਸਣ ਤੇ ਸਨ, ਮਣ ਤੇ ਮਨ ਆਦਿ ਵੱਖਰੇ ਵੱਖਰੇ ਅਰਥਾਂ ਵਾਲੇ ਸ਼ਬਦ ਹਨ। ਅੰਗਰੇਜ਼ੀ ਜਾਂ ਉਰਦੂ ਦੀ ਤਹਿਰੀਰ ਜਾਂ ਤਕਰੀਰ ਵਿਚ ਅਜਿਹੇ ਦੋਸ਼ ਪਾਏ ਜਾਣ ਤਾਂ ਉਹਨਾਂ ਦਾ ਮਸ਼ਕੂਲਾ ਉਡਾਇਆ ਜਾਂਦਾ ਹੈ ਪਰ ਪੰਜਾਬੀ ਸ਼ਬਦਾਂ ਦੇ ਗ਼ਲਤ ਉਚਾਰਨ ਕਰਨ ਵਾਲਾ ਇਸ ਬਾਰੇ ਸ਼ਰਮਿੰਦਾ ਹੋਣ ਜਾਂ ਇਸ ਵਿਚ ਸੁਧਾਈ ਕਰਨ ਦੀ ਕੋਈ ਲੋੜ ਹੀ ਮਹਿਸੂਸ ਨਹੀਂ ਕਰਦਾ। ਅਜਿਹੀ ਅਣਗਹਿਲੀ ਸਾਡੀ ਬੋਲੀ ਦੇ ਨਿਖਾਰ ਤੇ ਵਿਕਾਸ ਲਈ ਬੜੀ ਘਾਤਕ ਸਿੱਧ ਹੋ ਸਕਦੀ ਹੈ।

ਸਿੱਟੇ ਵਜੋਂ ਇਹ ਆਖਿਆ ਜਾ ਸਕਦਾ ਹੈ ਕਿ ਪੰਜਾਬੀ ਬੋਲੀ ਦੇ ਸ਼ਬਦ ਭੰਡਾਰ ਦੀ ਸੀਮਾ ਨੂੰ ਐਵੇਂ ਅਗਿਆਨ ਵਸ ਹੀ ਨੌਲਣ ਦੀ ਥਾਂ ਜੇ ਇਸ ਦੇ ਕਲਾਸੀਕੀ ਲਿਖਤੀ, ਲੋਕਯਾਨਕ ਤੇ ਮੌਖਿਕ ਸੋਮਿਆਂ ਨੂੰ ਪੂਰੇ ਸਿਦਕ ਤੇ ਸਿਰੜ ਨਾਲ ਗੋਲ਼ਿਆ ਜਾਏ ਤਾਂ ਇਹ ਬੋਲੀ ਕੇਵਲ ਗੰਭੀਰ ਤੇ ਸੂਖਮ ਵਾਰਤਾਲਾਪ ਦੀਆਂ ਲੋੜਾਂ ਹੀ ਨਹੀਂ, ਸਗੋਂ ਆਧੁਨਿਕ ਵਿੱਦਿਆ ਦੇ ਮਾਧਿਅਮ ਦੇ ਤੌਰ 'ਤੇ ਵੀ ਆਪਣੀ ਸਮਰੱਥਾ ਨੂੰ ਉਜਾਗਰ ਕਰਨ ਵਿਚ ਪੂਰੀ ਤਰ੍ਹਾਂ ਕਾਰਗਰ ਸਿੱਧ ਹੋ ਸਕਦੀ ਹੈ।

[11142-131-A St. Surrey, B.C. Canada V3T 3S2]

ਅਗਰਬੱਤੀ [ਜਸਵਿੰਦਰ]

'ਕਾਲੇ ਹਰਫਾਂ ਦੀ ਲੋਅ' ਤੇ 'ਕੱਕੀ ਰੇਤ ਦੇ ਵਰਕੇ' ਤੋਂ ਪਿੱਛੋਂ 'ਅਗਰਬੱਤੀ' (ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ 80, ਮੁੱਲ 100 ਰੁਪਏ) ਜਸਵਿੰਦਰ ਦਾ ਤੀਜਾ ਗ਼ਜ਼ਲ ਸੰਗ੍ਰਹਿ ਹੈ। ਜੇ ਉਰਦੂ ਰਵਾਇਤ ਅਨੁਸਾਰ ਤਿੰਨੇ ਸੰਗ੍ਰਹਿ ਇਕ ਜਿਲਦ ਵਿਚ ਛਪਦੇ ਤਾਂ ਇਹ ਗ਼ਜ਼ਲਗੋ ਦਾ ਦੀਵਾਨ ਆਖੇ ਜਾਂਦੇ। ਮੈਂ ਇਹਨਾਂ ਤਿੰਨਾਂ ਦਾ ਰਸ ਮਾਣਿਆ ਹੈ। ਇਹਨਾਂ ਵਿਚ ਕੀ ਹੈ, ਇਸਦਾ ਸਾਰ ਜਸਵਿੰਦਰ ਦੀ ਇਸ ਗ਼ਜ਼ਲ ਦੇ ਦੋ ਸ਼ਿਅਰਾਂ ਦੁਆਰਾ ਦੱਸਿਆ ਜਾ ਸਕਦਾ ਹੈ:

ਅੱਗ ਹੈ, ਪਾਣੀ ਹੈ, ਇਹ ਆਕਾਸ਼ ਹੈ ਜਾਂ ਪੌਣ ਹੈ
ਮੇਰੇ ਚੇਤਨ ਤੇ ਅਚੇਤਨ ਦੇ ਵਿਚਾਲੇ ਕੌਣ ਹੈ
ਸਾਂਤ ਕੇ ਮੇਰਾ ਲਹੂ ਮਹਿਕਾਂ ਫਿਜ਼ਾ ਵਿਚ ਵੰਡਦੀ
ਮੇਰੇ ਅੰਦਰ ਧੁਖ ਰਹੀ ਇਹ ਅਗਰਬੱਤੀ ਕੌਣ ਹੈ?

ਪਉਣ, ਪਾਣੀ, ਅਗਨੀ, ਆਕਾਸ਼ ਵਿਚ ਧੁਖਦਾ ਲਹੂ, ਮਹਿਕ ਤੇ ਫਿਜ਼ਾ ਜਸਵਿੰਦਰ ਦੇ ਚੇਤਨ ਤੇ ਅਵਚੇਤਨ ਮਨ ਵਿਚ ਘੁਲੇ-ਮਿਲੇ ਵੇਖਣੇ ਹੋਣ ਤਾਂ ਕਵੀ ਦੇ ਕਿਸੇ ਵੀ ਸ਼ਿਅਰ ਦੇ ਸਰਬ-ਵਿਆਪੀ ਪਾਸਾਰ ਵਿਚ ਤੱਕੇ ਜਾ ਸਕਦੇ ਹਨ। ਕਵੀ ਕੋਲ ਇਹਨਾਂ ਦਾ ਕੋਈ ਇਕ ਨਾਂ ਨਹੀਂ ਹੈ:

ਮਨ ਦੀਆਂ ਰੁੱਤਾਂ ਦੇ ਇਸ ਕੋਲਾਜ ਨੂੰ ਕੀ ਨਾ ਦਿਆਂ
ਮੇਰੀਆਂ ਅੱਖਾਂ 'ਚ ਅੱਧਾ ਹਾੜ੍ਹ ਅੱਧਾ ਸੌਣ ਹੈ।

ਮੈਨੂੰ ਜਸਵਿੰਦਰ ਦੇ ਹਾੜ੍ਹ ਤੇ ਸਾਉਣ ਦੀਆਂ ਅਨੇਕਾਂ ਦਿਸਦੀਆਂ ਤੇ ਅਣਦਿਸਦੀਆਂ ਪਰਤਾਂ ਨੇ ਪ੍ਰਭਾਵਤ ਕੀਤਾ ਹੈ। ਇਹਨਾਂ ਵਿਚਲੇ ਸਹਿਜ ਤੇ ਸੁਹਜ ਦੇ ਸ਼ੀਸ਼ੇ ਵਿਚੋਂ ਰਚਨਾਤਮਕ ਸ਼ਕਤੀ ਦੇ ਵੀ ਖੁੱਲ੍ਹੇ ਦਰਸ਼ਨ ਹੁੰਦੇ ਹਨ:

ਤੇਰੇ ਜਤ ਸਤ ਤੋਂ ਜ਼ਿਆਦਾ, ਤੇਰੇ ਤਰਲੇ ਤੋਂ ਵਧੀਕ
ਪੂਰਨਾ ਇਸ ਕਲਜੁਗੀ ਖੂਹ ਦੀ ਉਚੇਰੀ ਮੌਣ ਹੈ।

ਮੈਂ ਜਸਵਿੰਦਰ ਦੀ ਰਚਨਾਕਾਰੀ ਤੇ ਦਰਸ਼ਨ ਨੂੰ ਕਿਸੇ ਇਕ ਗ਼ਜ਼ਲ ਦੇ ਚੋਣਵੇਂ ਸ਼ਿਅਰਾਂ ਵਿਚ ਨਹੀਂ ਬੰਨ੍ਹਣਾ ਚਾਹੁੰਦਾ। ਉਸਦੀ ਸ਼ਾਇਰੀ ਦੇ ਸਮੁੱਚੇ ਪ੍ਰਭਾਵ ਦੀ ਗੱਲ ਕਰਦਿਆਂ ਉਸਦੀ ਖਿਆਲ ਉਡਾਰੀ ਤੇ ਸ਼ਬਦਾਂ ਦੀ ਢੁਕਵੀਂ ਚੋਣ ਦੇਖਣੀ ਜ਼ਰੂਰੀ ਹੈ:

ਜਦੋਂ ਤਕ ਹੋਸ਼ ਆਉਂਦੀ ਕੁਝ ਨਹੀਂ ਬਚਦਾ ਸੰਭਾਲਣ ਨੂੰ
ਪਤਾ ਮੁੱਠੀ 'ਚੋਂ ਕਿਰਦੀ ਰੇਤ ਦਾ ਛੇਤੀ ਨਹੀਂ ਲਗਦਾ

ਲੁਕੋ ਕੇ ਪੈਰ ਘਰ ਵਿਚ ਤੁਰ ਪਿਆ ਲੰਮੇ ਸਫਰ ਉੱਤੇ
ਮੁਸਾਫਰ ਦੀ ਸਿਆਣਪ 'ਤੇ ਬੜਾ ਜੰਗਲ ਦੇ ਰਾਹ ਹੱਸੇ

ਤੁਸੀਂ ਜਜ਼ਬਾਤ ਦੀ ਧਾਰਾ ਦਾ ਨਕਸ਼ਾ ਵਾਹ ਨਹੀਂ ਸਕਦੇ
ਲਕੀਰਾਂ ਖਿਚਦਿਆਂ ਹੀ ਇਹ ਨਦੀ ਰਸਤਾ ਬਦਲ ਜਾਣੀ

ਗੁੜ੍ਹੀਆਂ ਛਾਵਾਂ 'ਚ ਬੈਠੇ ਲੋਕ ਪੜ੍ਹਦੇ ਨੇ ਕਦੋਂ
ਤਪਦਿਆਂ ਰਾਹਾਂ 'ਤੇ ਪੈਰਾਂ ਨੇ ਲਿਖੀ ਜੋ ਦਾਸਤਾਨ

ਮੈਂ ਤਾਂ ਆਪਣੇ ਸਹਿਜ ਮਾਰਗ 'ਤੇ ਹੀ ਚਲਦਾ ਹਾਂ ਯਾਰੋ
ਖਿਚਦੀਆਂ ਮੈਨੂੰ ਜੋ ਆਪਣੇ ਵੱਲ ਦਿਸ਼ਾਵਾਂ ਕੌਣ ਨੇ

ਜਸਵਿੰਦਰ ਦੇ ਸ਼ਿਅਰਾਂ ਦੀ ਸ਼ਕਤੀ ਉਸਦੇ ਸ਼ਬਦਾਂ ਦੇ ਭੇਤ ਵਿਚ ਹੈ। ਇਹ ਉਹਲਾ ਉਸਦੀ ਰਚਨਾਕਾਰੀ ਨੂੰ ਉੱਤਮਤਾ ਪ੍ਰਦਾਨ ਕਰਦਾ ਹੈ। ਸਹਿਜ ਮਾਰਗ 'ਤੇ ਚਲਦੇ ਸਮੇਂ ਛੁਪ ਕੇ

ਬੈਠੀਆਂ ਦਿਸ਼ਾਵਾਂ ਦਾ ਉਸਨੂੰ ਆਪਣੇ ਵੱਲ ਖਿੱਚਣਾ ਕਾਵਿਕ ਉੱਤਮਤਾ ਦਾ ਵਧੀਆ ਨਮੂਨਾ ਹੈ। ਪੈਰਾਂ ਤੋਂ ਬਿਨਾਂ ਲੰਮੇ ਸਫਰ 'ਤੇ ਤੁਰ ਰਹੇ ਮੁਸਾਫਿਰ ਉੱਤੇ ਜੰਗਲ ਦੇ ਰਾਹਾਂ ਦਾ ਹਾਸਾ ਵੀ ਇਕ ਉਹਲਾ ਹੀ ਹੈ। ਇਹੀ ਉੱਤਮਤਾ ਉਸਦੀਆਂ ਲੰਮੀ ਬਹਿਰ ਦੀਆਂ ਗ਼ਜ਼ਲਾਂ ਵਿਚ ਵੀ ਹਾਜ਼ਰ ਹੈ:

ਵਰੋਲਿਆਂ ਦੇ ਕਰੀਬ ਰਹਿ ਕੇ, ਫਜ਼ੂਲ ਦਾਅਵੇ ਜਤਾ ਰਹੇ ਹਾਂ,
ਕਿ ਤੇਰੇ ਰੇਤ ਦੀ ਢੇਰੀ ਨਾਲੋਂ, ਹੈ ਵੱਡੀ ਮੇਰੀ ਇਹ ਰੇਤ ਢੇਰੀ

ਮਿਲਾਪ ਵਿਚ ਵੀ ਵਿਯੋਗ ਵਿਚ ਵੀ, ਉਸੇ ਹੀ ਸ਼ਿੱਦਤ ਦੇ ਨਾਲ ਆਉਂਦੇ
ਹਿਸਾਬਦਾਨਾਂ ਤੋਂ ਹੰਝੂਆਂ ਦੀ, ਫਤੀ ਗਈ ਨਾ ਇਹ ਹੇਰਾ ਫੇਰੀ

ਤੂੰ ਮੇਰੀ ਗੋਦੀ 'ਚ ਖੇਡ ਧੀਏ, ਤੂੰ ਮੇਰਾ ਦਿਲ ਨਾ ਫਰੋਲ ਹਾਲੇ,
ਕਿ ਹੁਉਕਿਆਂ ਦੀ ਸਲੀਬ ਉੱਤੇ, ਅਜੇ ਨਾ ਲਟਕਣ ਦੀ ਉਮਰ ਤੇਰੀ

ਕਈ ਵਾਰੀ ਉਹਲੇ ਦੀ ਇਹ ਉੱਤਮਤਾ ਪਾਠਕ ਨੂੰ ਕਾਵਿਕ ਬੁਲੰਦੀਆਂ ਉੱਤੇ ਲੈ ਉੜਦੀ ਹੈ:

ਤੇਰੇ ਅੰਬਰ 'ਚ ਮੈਨੂੰ ਪਰਿੰਦੇ ਨੂੰ ਤਾਂ, ਖੰਭ ਖੋਲ੍ਹਣ ਦੀ ਭਾਵੇਂ ਇਜਾਜ਼ਤ ਨਹੀਂ,
ਮੇਰੇ ਸੀਨੇ 'ਚ ਐਸਾ ਇਲਾਕਾ ਵੀ ਹੈ, ਜਿਸ ਇਲਾਕੇ 'ਚ ਤੇਰੀ ਹਕੂਮਤ ਨਹੀਂ

ਆਤਮਾ ਵਿਚ ਲੁਕੇ ਹੋਏ ਮੁਜਰਮ ਸਣੇ, ਤੂੰ ਕਿਵੇਂ ਜਾਏਂਗਾ ਆਈਨੇ ਸਾਹਮਣੇ
ਸੱਚ ਦੇਖਣ ਦੀ ਤੇਰੇ 'ਚ ਹਿੰਮਤ ਨਹੀਂ, ਝੂਠ ਬੋਲਣ ਦੀ ਸ਼ੀਸ਼ੇ ਨੂੰ ਆਦਤ ਨਹੀਂ।

ਇਸ ਵਿਚ ਮੁਕਾਬਲੇ ਵਾਲੀ ਗੱਲ ਤਾਂ ਭਾਵੇਂ ਉੱਕਾ ਹੀ ਕੋਈ ਨਹੀਂ ਪਰ ਬਿਆਨ ਦੀ ਇਹ ਵਾਲੀ ਰਵਾਨਗੀ ਸੁਤੇ ਸਿੱਧ ਹੀ ਮਿਰਜ਼ਾ ਗ਼ਾਲਿਬ ਦੇ ਹੇਠ ਲਿਖੇ ਸ਼ਿਅਰ ਦੀ ਯਾਦ ਦਿਲਵਾ ਦਿੰਦੀ ਹੈ। ਇਹ ਵੀ ਹਾਂ-ਪੱਖੀ ਹੁੰਗਾਰੇ ਦੀ ਮੰਗ ਕਰਦੀ ਹੈ:

ਹੁਏ ਹੈਂ ਪਾਉਂ ਹੀ ਜਬ ਯਾਂ ਨਬੁਰਦ ਏ ਇਸ਼ਕ ਮੇਂ ਜ਼ਖਮੀ
ਨਾ ਭਾਗਾ ਜਾਏ ਹੈ ਮੁਝ ਸੇ ਨਾ ਠਹਿਰਾ ਜਾਏ ਹੈ ਮੁਝਸੇ

ਆਪਣੇ ਮਨ ਦੀ ਗੱਲ ਨੂੰ ਰਵਾਂ ਰੱਖਣ ਲਈ ਜਸਵਿੰਦਰ ਕਾਫੀਯਾ ਤੇ ਰਦੀਫ ਦੀ ਬੰਦਸ਼ ਤੋਂ ਮੁਕਤ ਹੋ ਕੇ ਵੀ ਲਿਖਦਾ ਹੈ। ਉਸਦੀ ਇਕ ਗ਼ਜ਼ਲ ਦੇ ਕੁਝ ਸ਼ਿਅਰ ਏਸ ਤਰ੍ਹਾਂ ਦੇ ਵੀ ਹਨ:

ਇਸ ਦੇ ਅੰਦਰ ਕਰਵਟਾਂ ਲੈਂਦਾ ਸੀ ਕੋਈ ਜ਼ਲਜ਼ਲਾ
ਖਾਕ ਦਾ ਜ਼ਰਾ ਜਦੋਂ ਮੈਂ ਤੋੜ ਕੇ ਸੀ ਵੇਖਿਆ

ਜੇ ਨਹੀਂ ਮੰਜ਼ਿਲ ਮਿਲੀ ਤਾਂ ਕੀ ਏ ਪੈਰਾਂ ਦਾ ਕਸੂਰ
ਪੈਰ ਤਾਂ ਚਲਦੇ ਰਹੇ ਰਸਤਾ ਹੀ ਪਿੱਛੇ ਮੁੜ ਗਿਆ

ਦਰਦ, ਸ਼ਿੱਦਤ, ਲੋਰ ਤੇ ਇਕ ਯਾਦ ਮੇਰੇ ਨਾਲ ਸੀ
ਮੈਂ ਤਾਂ ਉਡਣਾ ਹੋਰ ਸੀ ਅਸਮਾਨ ਹੀ ਨਾ ਫੈਲਿਆ

ਇਹ ਮੁਸਾਫਰ ਤਾਂ ਕਿਤੇ ਪੁੱਜਣ ਲਈ ਤੁਰਦੇ ਨਹੀਂ
ਇਸ ਲਈ ਤੁਰਦੇ ਨੇ ਕਿ ਪਰਤਣ ਦਾ ਰਸਤਾ ਨਾ ਰਿਹਾ

ਜੇ ਤੂੰ ਸ਼ਾਇਰ ਹੈਂ ਤਾਂ ਮੇਰੀ ਤੜਪ ਨੂੰ ਆਵਾਜ਼ ਦੇ
ਜੇ ਮੁਸੱਵਰ ਹੈਂ ਤਾਂ ਮੇਰੀ ਪਿਆਸ ਦੀ ਮੂਰਤ ਬਣਾ

ਜਸਵਿੰਦਰ ਦੀ ਰਚਨਾਕਾਰੀ ਦਾ ਵੱਡਾ ਗੁਣ ਤੁਰਦੇ ਰਹਿਣ ਦੇ ਸਾਹਸ ਵਿਚ ਹੈ। ਪੈਰਾਂ ਦੇ ਦਮ ਵਿਚ। ਉਹਦੇ ਲਈ ਰਸਤੇ ਅਤੇ ਮੰਜ਼ਿਲਾਂ ਕੇਵਲ ਚਿੰਨ੍ਹ ਮਾਤਰ ਹਨ। ਉਸਦਾ ਮੱਤ ਹੈ ਕਿ ਜੇ ਦਰਦ, ਸ਼ਿੱਦਤ, ਲੋਰ ਤੇ ਯਾਦ ਦਾ ਸਾਥ ਮਿਲਦਾ ਰਹੇ ਤਾਂ ਉਡਣ ਵਾਲੇ ਪੰਛੀ ਦੇ ਖੰਭ ਸੌੜੇ ਆਸਮਾਨ ਦੀ ਵੀ ਪਰਵਾਹ ਨਹੀਂ ਕਰਦੇ। ਉਸਦੀ ਰਚਨਾਕਾਰੀ ਵਿਚ ਰੋਕਾਂ ਦਾ ਜ਼ਿਕਰ ਤਾਂ ਹੈ ਪਰ ਉਸ ਦੀ ਆਸ ਨਿਰਾਸੀ ਨਹੀਂ ਹੁੰਦੀ। ਇਸ ਆਸ ਦੇ ਰਾਹ ਵਿਚ ਕਿਸੇ ਗ਼ਜ਼ਲ ਦੇ ਬਹਿਰ ਦਾ ਛੋਟਾ

ਹੋਣਾ ਵੀ ਰੁਕਾਵਟ ਨਹੀਂ ਬਣਦਾ:

ਕੁਝ ਇਸ ਤਰ੍ਹਾਂ ਹਾਂ ਲੰਮੀਆਂ ਔੜਾਂ 'ਚ ਜੀਅ ਰਹੇ
ਆਪਣੇ ਲਹੂ 'ਚੋਂ ਚੁਲੀਆਂ ਭਰ ਭਰ ਕੇ ਪੀ ਰਹੇ

ਬਲਦਾ ਰਿਹਾ ਸੀ ਜ਼ਖਮ ਦਾ ਦੀਵਾ ਵੀ ਰਾਤ ਭਰ
ਕਤਰੇ ਲਹੂ ਦੇ ਡਲ੍ਹਦੇ ਅੱਖਾਂ 'ਚ ਵੀ ਰਹੇ

ਰੂਹ ਦੇ ਪਤਾਲੋਂ ਉੱਠ ਕੇ ਭਰ ਦੇਵੇ ਜੋ ਖਲਾਅ
ਮੈਨੂੰ ਉਡੀਕ ਰੋਜ਼ ਉਸ ਆਵਾਜ਼ ਦੀ ਰਹੇ

ਜਸਵਿੰਦਰ ਨੇ ਇਕ ਇਕੱਲੇ ਵਿਸ਼ੇ ਨੂੰ ਵੀ ਆਪਣੀ ਗ਼ਜ਼ਲ ਦਾ ਆਧਾਰ ਬਣਾਇਆ ਹੈ। ਨਿਸਚੇ ਹੀ ਇਸ ਵਿਚ ਕਾਵਿਕ ਉੱਤਮਤਾ ਨਾਲੋਂ ਸੰਦੇਸ਼ ਹਾਵੀ ਹੋਣਾ ਕੁਦਰਤੀ ਸੀ। ਦੂਰ ਦੁਰੇਡੇ ਦੇਸ਼ਾਂ ਨੂੰ ਵਹੀਰਾਂ ਘੱਤ ਰਹੇ ਨੌਜਵਾਨਾਂ ਨੂੰ ਵਿਦੇਸ਼ੀ ਸੱਚ ਤੋਂ ਜਾਣੂ ਕਰਵਾਉਣ ਲਈ ਮੈਂ ਇਸ ਗ਼ਜ਼ਲ ਦੇ ਕੁਝ ਸ਼ਿਅਰ ਪੇਸ਼ ਕਰਦਾ ਹੋਇਆ 'ਅਗਰਬੱਤੀ' ਦੇ ਪੰਜਾਬੀ ਸਾਹਿਤ ਵਿਚ ਆਗਮਨ ਦਾ ਸਵਾਗਤ ਕਰਦਾ ਹਾਂ।

ਬਾਰੀਂ ਬਰਸੀਂ ਖੱਟਣ ਗਿਆ ਸੀ, ਖੱਟਣ ਗਿਆ ਨਾ ਆਇਆ
ਮਾਂ ਵੀ ਭੁੱਲਿਆ, ਮਾਂ-ਬੋਲੀ ਵੀ, ਭੁੱਲਿਆ ਮਾਂ ਦਾ ਜਾਇਆ

ਪੈਰਾਂ ਹੇਠਾਂ ਅੱਗ ਸੀ ਏਨੀ ਦਿਲ ਤਕ ਛਾਲੇ ਹੋਏ
ਆਖ਼ਰ ਤਪਦੀ ਮਿੱਟੀ ਛੱਡ ਕੇ ਬਰਫਾਂ ਵੱਲ ਉਹ ਧਾਇਆ

ਸੂਲ਼ੀ ਚੜ੍ਹ ਪਰਦੇਸੀ ਰੁੱਖ ਤੋਂ ਪੌਂਡ ਬਥੇਰੇ ਤੋੜੇ
ਰੂਹ ਨੂੰ ਚੜ੍ਹਿਆ ਤਾਪ ਨਾ ਟੁੱਟਿਆ, ਹੋਇਆ ਦੂਣ ਸਵਾਇਆ

ਤਨ ਦੀ ਪਿਆਸ ਬੁਝੀ, ਮਨ ਤੜਪੇ, ਜੜ੍ਹ ਉਖੜੀ, ਪੱਤ ਪੀਲੇ
ਰੋਜ਼ ਹਿਸਾਬ ਕਰੇ ਉਹ ਉੱਠ ਕੇ ਕੀ ਖੋਇਆ ਕੀ ਪਾਇਆ।

ਉਂਝ ਮੈਨੂੰ ਆਪਣੀ ਗੱਲ ਸੰਦੇਸ਼ਮੁਖੀ ਗ਼ਜ਼ਲ ਦੀ ਸਰਲਤਾ ਨਾਲੋਂ ਮਨੋਬਲ ਨੂੰ ਹੁਲਾਰਾ ਦੇਣ ਵਾਲੇ ਭਵਿੱਖਵਾਦੀ ਸ਼ਿਅਰਾਂ ਨਾਲ ਖਤਮ ਕਰਨੀ ਚੰਗੀ ਲੱਗੇਗੀ:

ਛਤਰੀ ਹੀ ਅਸਮਾਨ ਜਿਨ੍ਹਾਂ ਦਾ ਕੀ ਉਹਨਾਂ ਤੋਂ ਆਸਾਂ
ਕਿੱਧਰ ਗਏ ਉਹ ਪੰਛੀ ਜੋ ਲੈ ਜਾਂਦੇ ਜਾਲ ਉਡਾ ਕੇ

ਮੈਂ ਇਸ ਜੰਗਲ 'ਚ ਲੱਭਦਾ ਹਾਂ ਕਿਸੇ ਐਸੇ ਪਰਿੰਦੇ ਨੂੰ
ਹਵਾ ਦੇ ਉਲਟ ਜੋ ਉੱਡਣ ਲਈ ਪਰ ਤੋਲਦਾ ਹੋਵੇ

-ਗੁਲਜ਼ਾਰ ਸਿੰਘ ਸੰਧੂ

ਮੇਰੇ ਆਪਣੇ [ਸੁਖਦੇਵ ਸਿੱਧੂ]

ਦੁਆਬੇ ਦੇ ਜੰਮਪਲ ਇੰਗਲੈਂਡ ਵਸਦੇ ਸੁਖਦੇਵ ਸਿੱਧੂ ਦੀ ਹੱਥਲੀ ਪੁਸਤਕ (ਮੇਰੇ ਆਪਣੇ, ਪੰਨੇ 135, ਮੁੱਲ 150 ਰੁਪਏ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ) ਦੇ ਛਪਣ ਤੋਂ ਪਹਿਲਾਂ ਹੀ ਇਕ ਗੌਲਣਯੋਗ ਵਾਰਤਕ ਲੇਖਕ ਵਜੋਂ ਪੰਜਾਬੀ ਸਾਹਿਤ-ਜਗਤ ਨਾਲ ਉਸਦਾ ਪਰਿਚਯ ਹੋ ਚੁੱਕਿਆ ਸੀ। ਪਾਸ਼ ਅਤੇ ਗੁਰਦਾਸ ਰਾਮ ਆਲਮ ਵਰਗੇ ਜੁਝਾਰੂ ਕਵੀਆਂ ਦੀ ਕਵਿਤਾ ਤੇ ਉਹਨਾਂ ਦੀ ਸ਼ਖਸੀਅਤ ਨਾਲ ਮੋਹ-ਭਿੱਜੀ ਅਪਣੱਤ ਨੂੰ ਸੰਤੁਲਤ ਪਹੁੰਚ ਸਹਿਤ ਸਾਹਮਣੇ ਲਿਆਉਂਦੇ ਉਸਦੇ ਲੇਖ ਵੱਖ ਵੱਖ ਥਾਈਂ ਛਪੇ ਸਨ। ਇਹਨਾਂ ਲੇਖਾਂ ਵੱਲ ਧਿਆਨ ਖਿੱਚੇ ਜਾਣ ਦਾ ਮੁੱਢਲਾ ਕਾਰਨ ਤਾਂ ਉਹਨਾਂ ਚਰਚਤ ਸ਼ਖਸੀਅਤਾਂ ਦੀ ਖਿੱਚ ਸੀ ਜਿੰਨ੍ਹਾ ਬਾਰੇ ਕੁਝ ਨਵਾਂ ਤੇ ਸਾਰਥਕ ਦੱਸਣ ਲਈ ਸੁਖਦੇਵ ਸਿੱਧੂ ਨੇ ਕਲਮ ਚੁੱਕੀ ਸੀ, ਪਰ ਇਹ ਉਸ ਦੀ ਸੱਜਰੀ ਨਵੇਕਲੀ ਭਾਂਤ ਦੀ

ਵਾਰਤਕ ਸ਼ੈਲੀ ਦਾ ਜਾਦੂ ਹੀ ਸੀ ਜਿਸਨੇ ਉਸਦੀ ਲਿਖਤ ਨਾਲ ਹੋਰ ਵਧੇਰੇ ਸਾਂਝ ਪਾਉਣ ਦੀ ਮੇਰੇ ਵਰਗੇ ਪਾਠਕ ਅੰਦਰ ਜਗਿਆਸਾ ਪੈਦਾ ਕਰ ਦਿੱਤੀ ਸੀ। ਇਤਿਹਾਸਕ ਦਸਤਾਵੇਜ਼ਾਂ, ਵਿਚਾਰ ਚਰਚਾ ਤੇ ਇਕ ਕਾਵਿ ਸੰਗ੍ਰਹਿ ਦੇ ਸੰਪਾਦਨ ਦੇ ਰੂਪ ਵਿਚ ਇਸਤੋਂ ਪਹਿਲਾਂ ਵੀ ਉਸ ਵੱਲੋਂ ਕਿਤਾਬਾਂ ਛਪਵਾਏ ਜਾਣ ਦੀ ਸੂਚਨਾ ਹੈ ਪਰ ਗੰਭੀਰ ਸਾਹਿਤਕ ਹਲਕਿਆਂ ਦਾ ਧਿਆਨ ਖਿੱਚਣ ਦੀ ਸਮਰੱਥਾ ਸੁਖਦੇਵ ਸਿੱਧੂ ਦੀ ਗਲਪਮਈ ਵਾਰਤਕ ਨੇ ਹੀ ਹਾਸਲ ਕੀਤੀ ਹੈ।

ਸਤਾਰਾਂ ਛੋਟੇ ਛੋਟੇ ਲੇਖਾਂ ਉੱਤੇ ਆਧਾਰਿਤ ਇਸ ਪੁਸਤਕ ਨੂੰ ਸੁਖਦੇਵ ਸਿੱਧੂ ਨੇ ਤਾਂ ਵਾਰਤਕ ਹੀ ਕਿਹਾ ਹੈ ਪਰ ਇਹ ਸ਼ੁਧ ਵਾਰਤਕ ਨਾ ਹੋ ਕੇ ਯਾਦਾਂ ਦਾ ਇਕ ਸੰਗ੍ਰਹਿ ਹੈ ਜਿਸ ਵਿਚ ਗਲਪ ਵਰਗੀ ਕਲਾਤਮਕ ਪੁੱਠ ਹੈ। ਦੇਸ਼-ਵੰਡ ਦੌਰਾਨ ਪੁਰਖਿਆਂ ਦੀ ਹੱਡਬੀਤੀ ਦੀਆਂ ਸੁਣੀਆਂ ਕਥਾਵਾਂ ਨੂੰ ਪੁਸਤਕ ਦੇ ਪਹਿਲੇ ਹੀ ਲੇਖ 'ਮੇਰਾ ਪਾਕਿਸਤਾਨ' ਵਿਚ ਬਿਆਨਣ ਤੋਂ ਬਿਨਾਂ ਆਪਣੇ ਨੇੜਲੇ ਸਕੇ-ਸੰਬੰਧੀਆਂ ਤੇ ਗਰਾਈਆਂ ਦੇ ਜੀਵਨ-ਸਮਾਚਾਰ ਤੇ ਸੁਭਾਅ-ਚਿਤਰ ਸੁਖਦੇਵ ਸਿੱਧੂ ਨੇ ਇਸ ਪੁਸਤਕ ਵਿਚ ਅੰਕਤ ਕੀਤੇ ਹਨ। ਉਪਰੰਤ ਗੁਰਦਾਸ ਰਾਮ ਆਲਮ ਵਰਗੇ ਦਰਵੇਸ਼ ਕਵੀ ਸਮੇਤ ਜਿੰਨ੍ਹਾਂ ਵਿਅਕਤੀਆਂ ਦੀ ਸੁਖਦੇਵ ਸਿੱਧੂ ਨੇ ਬਾਤ ਪਾਈ ਹੈ, ਉਹਨਾਂ ਸਭਨਾਂ ਨੂੰ ਦਰੁਸਤ ਤੌਰ 'ਤੇ ਉਸ ਨੇ 'ਮੇਰੇ ਆਪਣੇ' ਕਿਹਾ ਹੈ। ਕਿਸੇ ਚੰਗੀ ਸਾਹਿਤਕ ਲਿਖਤ ਲਈ ਸ਼ਰਤ ਇਹ ਹੁੰਦੀ ਹੈ ਕਿ ਉਸ ਵਿਚੋਂ ਲੇਖਕ ਦੀ ਆਪਣੀ ਲਿਖਤ ਦੇ ਵਿਸ਼ੈ-ਵਸਤ ਦੀ ਨਿਕਟ ਸੂਝ ਅਥਵਾ ਪਾਤਰਾਂ ਨਾਲ ਡੂੰਘੀ ਪਛਾਣ ਦੀ ਟੋਹ ਤਾਂ ਮਿਲੇ ਪਰ ਉਸ ਸਭ ਕੁਝ ਤੋਂ ਲੇਖਕ ਦੁਆਰਾ ਸਥਾਪਤ ਕੀਤੀ ਗਈ ਇਕ ਵਿੱਥ ਦਾ ਵੀ ਅਹਿਸਾਸ ਹੋਵੇ। ਅਕਸਰ ਲੇਖਕ ਇਸ ਕਸੌਟੀ ਉੱਤੇ ਮਾਰ ਖਾ ਜਾਂਦੇ ਹਨ। ਸੁਖਦੇਵ ਸਿੱਧੂ ਦੀ ਇਹ ਵਿਸ਼ੇਸ਼ਤਾ ਹੈ ਕਿ ਉਸਨੇ ਅਵੱਸ਼ ਹੀ ਆਪਣਿਆਂ ਦੀ ਅਪਣੱਤ ਭਰੀ ਬਾਤ ਤਾਂ ਪਾਈ ਹੈ ਪਰ ਗੱਲ ਕਰਨ ਸਮੇਂ ਸੰਬੰਧਤ ਸ਼ਖਸੀਅਤਾਂ ਨਾਲੋਂ ਲੋੜੀਂਦੀ ਕਲਾਤਮਕ ਵਿੱਥ ਸਥਾਪਤ ਕਰਨ ਵਿਚ ਕਮਾਲ ਦੀ ਕੁਸ਼ਲਤਾ ਵੀ ਵਿਖਾਈ ਹੈ। ਸਿੱਟੇ ਵਜੋਂ ਇਸ ਵਿਚ ਜੋ ਕਿਰਦਾਰ ਪੇਸ਼ ਹੋਏ ਹਨ, ਉਹ ਆਪਣੇ ਗੁਣਾਂ ਔਗੁਣਾਂ ਸਹਿਤ ਜਿਉਂਦੇ-ਜਾਗਦੇ ਜੀਵਾਂ ਵਜੋਂ ਸਾਹਮਣੇ ਆਉਂਦੇ ਹੋਏ ਸਿਰਫ ਲੇਖਕ ਦੇ ਆਪਣੇ ਨਾ ਰਹਿਕੇ ਪਾਠਕ ਦੇ ਵੀ ਆਪਣੇ ਬਣ ਜਾਂਦੇ ਹਨ। ਅਤੇ ਬੀਤੇ ਵਿਚ ਦੂਰ-ਦੁਰਾਡੇ ਵਾਪਰੀਆਂ ਨਿੱਕੀਆਂ-ਵੱਡੀਆਂ ਘਟਨਾਵਾਂ ਇਉਂ ਜਾਪਦੀਆਂ ਹਨ ਜਿਵੇਂ ਹੁਣੇ ਹੁਣੇ ਤੁਹਾਡੇ ਨਾਲ ਜਾਂ ਤੁਹਾਡੇ ਸਾਹਮਣੇ ਵਾਪਰੀਆਂ ਹੋਣ। ਇਕ ਉਦਾਹਰਨ ਹੈ 'ਮੇਰਾ ਪਾਕਿਸਤਾਨ' ਸਿਰਲੇਖ ਅਧੀਨ ਸੰਨ ਸੰਤਾਲੀ ਦੇ ਪੰਜਾਬ ਦੇ ਬਟਵਾਰੇ ਦਾ ਜ਼ਿਕਰ. ਜਿਸਨੂੰ ਵੇਲੇ ਦੀ ਲੋਕ ਧਾਰਨਾ ਅਨੁਸਾਰ ਲੇਖਕ ਨੇ 'ਰੌਲਿਆਂ ਵੇਲੇ' ਦੇ ਨਾਉਂ ਨਾਲ ਚੇਤੇ ਕੀਤਾ ਹੈ। ਬਾਬਾ ਰਾਮ ਸਿੰਘ ਦੇ ਪਰਿਵਾਰ ਦੇ ਬਾਰ ਵਿਚੋਂ ਉਜੜਕੇ 'ਦੇਸ' ਪਰਤਣ ਦੇ ਵਿਖੜੇ ਪੈਂਡੇ ਦਾ ਬਿਰਤਾਂਤ ਸਿਰਜਦੇ ਇਸ ਲੇਖ ਵਿਚ ਸੰਨ ਸੰਤਾਲੀ ਦੇ ਰੌਲਿਆਂ ਦਾ ਜ਼ਿਕਰ ਏਨਾ ਜੀਵੰਤ ਹੈ ਕਿ ਪਾਠਕ ਸਾਢੇ ਛੇ ਦਹਾਕੇ ਪਹਿਲਾਂ ਪੰਜਾਬ ਵਿਚ ਖਿੱਚੀ ਗਈ ਲਕੀਰ ਦੇ ਆਰ ਪਾਰ ਦੇ ਭਿਅੰਕਰ ਹਾਲਾਤ ਵਿਚੋਂ ਖੁਦ ਗੁਜ਼ਰਦਾ ਮਹਿਸੂਸ ਕਰਦਾ ਹੈ। ਅਤੇ ਲੇਖਕ ਦੀ ਸੰਤੁਲਤ ਪਹੁੰਚ ਦਾ ਪ੍ਰਮਾਣ ਇਹ ਹੈ ਕਿ ਪਰਿਵਾਰ ਸਮੇਤ ਮੁਸਲਮ ਫਸਾਦੀਆਂ ਹੱਥੋਂ ਕਿਵੇਂ ਨਾ ਕਿਵੇਂ ਬਚਦੀ ਬਚਾਉਂਦੀ ਆਈ ਬੁੱਢੀ ਦਾਦੀ ਸਹਿਜ ਹੀ ਇਹ ਆਖਦੀ ਸੁਣੀ ਜਾ ਸਕਦੀ ਹੈ ਕਿ 'ਪਹਿਲੋਂ ਸਾਡੇ ਬੰਦਿਆਂ ਨੇ ਹੀ ਮੁਸਲਮਾਨਾਂ ਦੀਆਂ ਧੀਆਂ-ਭੈਣਾਂ ਦੀ ਬਿੱਜਤੀ ਕੀਤੀ ਸੀ'।

ਇਕ ਦਰਜਨ ਤੋਂ ਵੱਧ ਧੀਆਂ ਪੁੱਤਰਾਂ ਦਾ ਬਾਪ ਲੇਖਕ ਦਾ ਬਾਬਾ ਰਾਮ ਸਿੰਘ, ਤਾਇਆ ਸਰਦਾਰਾ ਸਿੰਘ, ਤਾਏ ਦੀ ਧੀ ਭੈਣ ਭਜਨੋ, ਭੂਆ ਚੰਨੋ, ਬਾਪ ਦੇ ਮਾਮੇ ਦਾ ਪੁੱਤ ਸਵਰਨਾ ਫੌਜੀ ਅਤੇ ਖੁਦ ਲੇਖਕ ਦਾ 'ਮਾਮੇ ਪੁੱਤਰ' ਤਰਸੇਮ ਸਿੰਘ ਸਭ ਚੇਤਿਆਂ ਵਿਚ ਰਹਿਣ ਵਾਲੇ ਜੀਵ ਹਨ। ਉਹਨਾਂ ਦੇ ਚਰਿੱਤਰਗਤ ਗੁਣਾਂ ਔਗੁਣਾਂ ਨੂੰ ਲੇਖਕ ਨੇ ਏਨੀ ਸਹਿਜ ਕੁਸ਼ਲਤਾ ਨਾਲ ਰੂਪਮਾਨ ਕੀਤਾ ਹੈ ਕਿ ਉਹ ਪਾਠਕ ਦੀ ਸਿਮਰਤੀ ਵਿਚ ਹਮੇਸ਼ਾ ਲਈ ਘਰ ਕਰਨ ਦੇ ਸਮਰੱਥ ਹੋ

ਜਾਂਦੇ ਹਨ। ਨਾਇਕ ਹੋਣਾ ਤਾਂ ਇਹਨਾਂ ਦੀ ਹੋਣੀ ਨਹੀਂ, ਪਰ ਰਵਾਇਤੀ ਮਾਪਦੰਡਾਂ ਅਨੁਸਾਰ ਜੇ ਇਹ ਕੋਈ ਮਾੜੇ ਕਰਮ ਵੀ ਕਰਦੇ ਹਨ ਤਾਂ ਖਲਨਾਇਕਾਂ ਦੀ ਕੋਟੀ ਵਿਚ ਵੀ ਸ਼ੁਮਾਰ ਨਹੀਂ ਕੀਤੇ ਜਾ ਸਕਦੇ। ਮਿਸਾਲ ਵਜੋਂ ਅੱਥਰਾ, ਕੁਪੱਤਾ, ਅਵੈੜ, ਡਾਢਾ ਕੌੜਾ, ਡਾਕੇ ਤੇ ਕਤਲ ਦੇ ਕੇਸ ਵਿਚ ਜੇਲ੍ਹ ਜਾਣ ਵਾਲਾ ਤਾਇਆ ਸਰਦਾਰਾ ਵੀ ਅੰਤਮ ਰੂਪ ਵਿਚ ਇਕ ਸਾਧਾਰਨ ਮਨੁੱਖ ਹੈ ਜਿਸ ਨੂੰ ਲੱਖ ਚਾਹੁਣ 'ਤੇ ਵੀ ਤ੍ਰਿਸਕਾਰਿਆ ਨਹੀਂ ਜਾ ਸਕਦਾ। ਇਕ ਪੱਧਰ ਉੱਤੇ ਇਹ ਸ਼ਖਸ ਆਪਣੇ ਬਾਰੇ ਵਿਚ ਨਮੋਸ਼ੀ ਤਾਂ ਮੰਨਦਾ ਹੈ ਪਰ ਇਹ ਪਤਾ ਨਹੀਂ ਕਿ ਨਮੋਸ਼ੀ ਉਸਨੂੰ ਬੰਦੇ ਮਾਰਨ ਦੀ ਹੈ ਜਾਂ ਜੇਲ੍ਹ ਜਾਣ ਦੀ। ਸਵਰਨਾ ਫੌਜੀ ਤੇ 'ਮਾਮੇ ਪੁੱਤਰ' ਏਸੇ ਵੰਨਗੀ ਦੇ ਹੋਰ ਕਿਰਦਾਰ ਹਨ ਜੋ ਚੁਸਤੀ ਚਲਾਕੀ ਵਰਤਦੇ ਹੋਏ ਆਪਣਿਆਂ ਬਿਗਾਨਿਆਂ ਨਾਲ ਕਈ ਤਰ੍ਹਾਂ ਦੀਆਂ ਠੱਗੀਆਂ-ਠੋਰੀਆਂ ਮਾਰਦੇ ਹਨ। ਪਰ ਸਭ ਕੁਝ ਦੇ ਬਾਵਜੂਦ ਇਹ ਸਾਰੇ ਜੇ ਨਫਰਤ ਜਾਂ ਤ੍ਰਿਸਕਾਰ ਦੇ ਪਾਤਰ ਨਹੀਂ ਬਣਦੇ ਤੇ ਆਪਣੇ ਹੀ ਰਹਿੰਦੇ ਹਨ ਤਾਂ ਇਸ ਲਈ ਕਿ ਇਹਨਾਂ ਵਿਚਲੀਆਂ ਕਮਜ਼ੋਰੀਆਂ ਵੀ ਕੋਈ ਅਲੋਕਾਰੀ ਨਹੀਂ। ਜਿਸ ਸਮਾਜਕ ਆਰਥਿਕ ਪਰਿਵੇਸ਼ ਵਿਚ ਉਹ ਉਪਜੇ ਵਿਗਸੇ ਹਨ, ਉਸਦਾ ਹੀ ਉਹ ਪਰਿਣਾਮ ਹਨ। ਜੇ ਇਹ ਲੋਕ ਵੀ 'ਆਪਣੇ' ਹਨ ਅਤੇ ਇਹਨਾਂ ਵੱਲ ਕੋਈ ਦਵੈਖ-ਭਾਵ ਨਹੀਂ ਉਭਰਦਾ ਤਾਂ ਭੂਆ ਚੰਨੋ, ਮਾਂ ਬਰਕਤੇ, ਵੱਡਾ ਸਾਧੂ ਸਿੰਘ ਤੇ ਗਦਰੀ ਬਾਬਾ ਰਲਾ ਸਿੰਘ ਵਰਗੇ ਲੇਖਕ ਦੇ ਪਿੰਡ ਤੇ ਭਾਈਚਾਰੇ ਦੇ ਸਾਊ ਲੋਕ ਵੀ ਆਪਣੀ ਸਾਧਾਰਨਤਾ ਵਿਚ ਹੀ ਚੰਗੇ ਲਗਦੇ ਹਨ। ਆਪਣੇ ਹਾਲਾਤ ਤੇ ਪਰਿਵੇਸ਼ ਅਨੁਸਾਰ ਮੋਹ, ਅਪਣੱਤ ਤੇ ਕੁਰਬਾਨੀ ਦਾ ਇਹਨਾਂ ਦਾ ਵਿਹਾਰ ਇਹਨਾਂ ਪ੍ਰਤੀ ਸਹਿਜ ਪ੍ਰਸ਼ੰਸਾ-ਭਾਵ ਅਵੱਸ਼ ਜਗਾਉਂਦਾ ਹੈ।

ਵਿਅਕਤੀਆਂ ਦੇ ਸੁਭਾਅ ਤੇ ਵਰਤੋਂ-ਵਿਹਾਰ ਵਿਚਲੀ ਸਹਿਜਤਾ ਦੇ ਗੁਣ ਨੂੰ ਕਿਤੇ ਕਿਤੇ ਮਸ਼ਕਰੀ ਤੇ ਸੂਖਮ ਵਿਅੰਗ ਨਾਲ ਜੋੜਕੇ ਸਾਹਮਣੇ ਲਿਆਂਦਾ ਗਿਆ ਹੈ ਜੋ ਪੁਸਤਕ ਦੀ ਵਾਰਤਕ ਸ਼ੈਲੀ ਦਾ ਸਲਾਹੁਣਯੋਗ ਪੱਖ ਬਣ ਜਾਂਦਾ ਹੈ। ਇਸ ਕਟਾਖ ਦੀ ਮਾਰ ਵਿਚ ਜੇ ਖੁਦ ਲੇਖਕ ਵੀ ਆ ਜਾਵੇ ਤਾਂ ਕੋਈ ਵੱਡੀ ਗੱਲ ਨਹੀਂ। ਮਾਪਿਆਂ ਦੀ ਆਗਿਆ ਤੋਂ ਬਿਨਾਂ ਚੋਰੀ ਕੇਸ ਕਟਾਉਣ ਵਰਗੇ ਬਿਰਤਾਂਤ ਨੂੰ 'ਕਤਲ ਕੇਸ' ਨਾਂ ਦੇ ਲੇਖ ਵਿਚ ਮਸ਼ਕਰੀ ਦੇ ਭਾਵ ਨਾਲ ਜਿਵੇਂ ਬਿਆਨ ਕੀਤਾ ਗਿਆ ਹੈ ਉਸ ਵਿਚ ਕਾਮਰੇਡਾਂ ਦੀ ਤੱਤਕਾਲੀਨ ਅਨੋਖੀ 'ਇਨਕਲਾਬੀ ਸਮਝ' ਦੀ ਪਰੋਖ ਆਲੋਚਨਾ ਵੀ ਸ਼ਾਮਲ ਹੈ, ਜਿਸ ਅਨੁਸਾਰ ਸਿੱਖ ਪਿਛੋਕੜ ਵਾਲੇ ਮੁੰਡਿਆਂ ਵੱਲੋਂ ਕੇਸ ਕਟਾ ਲੈਣਾ ਹੀ ਵੱਡਾ ਇਨਕਲਾਬੀ ਮਾਅਰਕਾ ਸਮਝ ਲਿਆ ਜਾਂਦਾ ਸੀ। 'ਵਾਗੀ', 'ਬਾਗੀ ਮੁੰਡੇ' ਜਾਂ 'ਬੁੱਢੇ ਦਰਿਆ ਦਾ ਭੈਅ' ਵਰਗੇ ਲੇਖਾਂ ਵਿਚ ਬਚਪਨੇ ਦੀ ਮਾਸੂਮੀਅਤ, ਸ਼ਰਾਰਤਾਂ ਤੇ ਅਸਪਸ਼ਟ ਜਿਹੇ ਪਿਆਰ ਭਾਵ ਦਾ ਸਹਿਜ ਵਰਨਣ ਵੀ ਲਿਖਤ ਨੂੰ ਮਾਨਣਯੋਗ ਬਣਾਉਂਦਾ ਹੈ। ਸਕੂਲੀ ਬੱਚਿਆਂ ਨੂੰ ਇਸ਼ਕ ਵਰਗੀ ਬਲਾ ਜਾਂ ਰਹਿਮਤ ਦਾ ਤਾਂ ਭਾਵੇਂ ਅਜੇ ਥਹੁ ਨਹੀਂ ਹੁੰਦਾ, ਪਰ ਦੇਖਣ-ਪਾਖਣ ਨੂੰ ਸੋਹਣੀ ਬਣਦੀ ਫਬਦੀ ਮੁਟਿਆਰ ਅਧਿਆਪਕਾ ਲਈ ਸਕੂਲੀ ਮੁੰਡਿਆਂ ਦਾ ਸੇਵਾ-ਭਾਵ ਅਧਿਆਪਕਾਂ ਪ੍ਰਤੀ ਸਤਿਕਾਰ-ਭਾਵ ਤੋਂ ਕੁਝ ਵੱਧ ਹੈ, ਜਿਸਦਾ ਬਚਪਨੇ ਦੀ ਅਵਸਥਾ ਵਿਚ ਲੇਖਕ ਨੂੰ ਵੀ ਠੀਕ ਠੀਕ ਅਹਿਸਾਸ ਨਹੀਂ। ਇੰਝ ਹੀ ਹੁਣ ਸਮੇਂ ਦੇ ਵਕਫੇ ਨਾਲ ਪ੍ਰੌਢ ਅਵਸਥਾ ਨੂੰ ਪਹੁੰਚਕੇ ਜ਼ਿੰਮੇਵਾਰ ਸ਼ਖਸ ਬਣਿਆ ਲੇਖਕ ਪੰਦਰਾਂ ਸੋਲ੍ਹਾਂ ਮੁੰਡਿਆਂ ਦੀ ਉਸਦੀ ਕਲਾਸ ਵਿਚ ਪੜ੍ਹਦੀ ਰਹੀ ਸੰਤੋਸ਼ ਕੁਮਾਰੀ ਨਾਂ ਦੀ ਇਕੋ ਇਕ ਕੁੜੀ ਨੂੰ, ਜੇ ਉਹ ਕਿਤੇ ਪੜ੍ਹਦੀ ਸੁਣਦੀ ਹੋਵੇ, ਸ਼ਾਬਾਸ਼ੀ ਦੀ ਹੱਕਦਾਰ ਆਖਣਾ ਲੋੜਦਾ ਹੈ, 'ਜਿਸਨੇ ਐਨੇ ਸਾਰੇ ਮੁੰਡਿਆਂ 'ਚ ਖੈਰ ਸੁੱਖ ਨਾਲ ਕੱਟ ਲਈ ਸੀ'। ਕਟਾਖ ਦਾ ਸਭ ਤੋਂ ਤਿੱਖਾ ਪਰ ਕਲਾਤਮਕ ਨਿਸ਼ਾਨਾ ਬਣਦੇ ਹਨ ਡੇਰਿਆਂ ਦੇ ਸਾਧ, ਜਿੰਨ੍ਹਾਂ ਦੇ ਨਿਜੀ ਹਿਤ 'ਸਾਧਾਂ ਦੇ ਭੇੜ' ਨੂੰ ਜਨਮ ਦਿੰਦੇ ਹਨ। ਸਾਨ੍ਹਾਂ ਦਾ ਭੇੜ ਤਾਂ ਅਸੀਂ ਆਮ ਸੁਣਿਆਂ ਹੈ ਪਰ ਸਾਧਾਂ ਦਾ ਭੇੜ ਆਪਣੀ ਸਹਿਜਤਾ ਵਿਚ ਸੁਖਦੇਵ ਸਿੱਧੂ ਦੀ ਪੁਸਤਕ ਵਿਚ ਹੀ ਪੇਸ਼ ਹੋਇਆ ਹੈ।

ਪੁਸਤਕ ਦੀ ਸਭ ਤੋਂ ਵੱਡੀ ਖਿੱਚ ਪਾਉਣ ਵਾਲੀ ਵਿਸ਼ੇਸ਼ਤਾ ਹੈ ਇਸ ਦੀ ਭਾਸ਼ਾ-ਸ਼ੈਲੀ।

ਭਾਸ਼ਾ ਦੇ ਲੋਕ ਮੁਹਾਵਰੇ ਨੂੰ ਸਹਿਜ ਜੁਗਤ ਨਾਲ ਜਿਵੇਂ ਸੁਖਦੇਵ ਸਿੱਧੂ ਨੇ ਵਰਤੋਂ ਵਿਚ ਲਿਆਂਦਾ ਹੈ, ਉਸਦੀ ਮਿਸਾਲ ਸਾਡੇ ਸਮਕਾਲੀ ਸਾਹਿਤ ਵਿਚ ਘੱਟ ਹੀ ਮਿਲਦੀ ਹੈ। ਅਕਸਰ ਲੋਕਕ ਸ਼ਬਦਾਂ ਨੂੰ ਗਲਪੀ ਲਿਖਤਾਂ ਵਿਚ ਪਾਤਰਾਂ ਦੀ ਬੋਲ-ਚਾਲ ਤੋਂ ਬਿਨਾਂ ਲੇਖਕ ਦੀ ਆਪਣੀ ਭਾਸ਼ਾ ਵਿਚ ਲਿਆਉਣਾ ਦਰੁਸਤ ਨਹੀਂ ਸਮਝਿਆ ਜਾਂਦਾ, ਪਰ ਸੁਖਦੇਵ ਸਿੱਧੂ ਦੀ ਸ਼ੈਲੀਗਤ ਸਮਰੱਥਾ ਏਨੀ ਬਲਵਾਨ ਹੈ ਕਿ ਉਸਦੀ ਲਿਖਤ ਇਸ ਧਾਰਨਾ ਨੂੰ ਰੱਦ ਕਰਦੀ ਜਾਪਦੀ ਹੈ। ਜਦੋਂ ਉਹ 'ਝੱਜੂ' ਪਾਉਂਦੇ 'ਆਵਦਿਆਂ' ਨੂੰ ਖਹਿਬੜਦਿਆਂ, 'ਡਾਡ ਮਾਰਦੀਆਂ' ਥਾਵਾਂ ਤੋਂ ਲੰਘਦਿਆਂ, 'ਘੈਂਟਾ' ਭਰ 'ਟੇਸ਼ਣ' ਉੱਤੇ ਉਡੀਕਕੇ 'ਨਾਨਕਾ ਮੇਲ ਗੱਡੀ' ਵਿਚ 'ਬਟੌਟ' ਸਫਰ ਨਾਲ, ਨਿਆਣਪੁਣੇ ਵਿਚ ਹੀ ਨਿਆਣਿਆਂ ਦਾ ਬਾਪ ਬਣ ਗਏ ਮਾਮੇ ਕੋਲ ਪਹੁੰਚਣ ਦੀ ਬਾਤ ਪਾਉਂਦਾ ਹੈ ਤਾਂ ਬਿਲਕੁਲ ਓਪਰਾ ਨਹੀਂ ਲਗਦਾ। ਇਵੇਂ ਹੀ ਵਾਰਿਸ ਸ਼ਾਹ ਦੇ ਵਿਸਤਾਰ ਵਾਂਗ ਜਦੋਂ ਉਹ ਚੋਰੀਆਂ, ਬੁਲ੍ਹੀਆਂ, ਕੁੰਢੀਆਂ, ਮੀਣੀਆਂ, ਚੱਪੀਆਂ, ਸਾਵੀਆਂ, ਚਤਰੀਆਂ, ਮੱਥੇ ਫੁੱਲੀ ਵਾਲੀਆਂ, ਸੀਲ ਤੇ ਮਾਰਨ ਖੁੰਡੀਆਂ, ਫੰਡਰਾਂ, ਤੋਕੜਾਂ, ਖੇਵੇ ਆਈਆਂ ਝੋਟੀਆਂ, ਮੱਝਾਂ, ਗਾਈਆਂ ਤੇ ਲੈਰੀਆਂ ਕੱਟੀਆਂ ਵੱਛੀਆਂ ਦੀ ਗੱਲ ਕਰਦਾ ਹੈ ਤਾਂ ਉਸਦੇ ਸ਼ਬਦ-ਭੰਡਾਰ ਦਾ ਵਿਸਥਾਰ ਅੱਖਰਨ ਦੀ ਥਾਂ ਮੋਹਕ ਹੋ ਨਿਬੜਦਾ ਹੈ।

ਥੋੜ੍ਹਾ ਸਮਾਂ ਪਹਿਲਾਂ ਜਸਵੰਤ ਦੀਦ ਦੀ 'ਧਰਤੀ ਹੋਰ ਪਰੇ...' ਨਾਂ ਦੀ ਪੁਸਤਕ ਵਿਚ ਇੰਝ ਦੀ ਹੀ ਰਸਿਕ ਵਾਰਤਕ ਪੜ੍ਹਨ ਨੂੰ ਮਿਲੀ ਸੀ। ਦਿਲਚਸਪ ਗੱਲ ਹੈ ਕਿ ਜਸਵੰਤ ਦੀਦ ਤੇ ਸੁਖਦੇਵ ਸਿੱਧੂ ਇਕੋ ਇਲਾਕੇ ਦੇ ਜੰਮਪਲ ਹਨ। ਦੀਦ ਦੀ ਲਿਖਤ ਵਾਂਗ ਹੀ ਸੁਖਦੇਵ ਸਿੱਧੂ ਦੀ ਪੁਸਤਕ 'ਮੇਰੇ ਆਪਣੇ' ਨੂੰ ਵਾਚਣਾ ਬਹੁਤ ਖੁਸ਼ਗਵਾਰ ਅਹਿਸਾਸ ਵਿਚੋਂ ਲੰਘਣਾ ਹੈ। *-ਰਘਬੀਰ ਸਿੰਘ*

ਤੰਦ ਤਾਣੀ [ਮਦਨ ਵੀਰਾ]

ਸਮਕਾਲੀ ਪੰਜਾਬੀ ਕਵਿਤਾ ਵਿਚ ਨਿਵੇਕਲੀ ਥਾਂ ਬਣਾਉਣ ਵਾਲੇ ਕਵੀਆਂ ਵਿਚ ਮਦਨ ਵੀਰਾ ਦੇ ਨਿਵੇਕਲੇਪਨ ਦੇ ਦੋ ਕਾਰਨ ਹਨ। ਪਹਿਲਾ, ਉਸਦੀ ਕਾਵਿ-ਸਾਧਨਾ ਦੀ ਸਹਿਜ ਤੋਰ। ਦੂਸਰਾ, ਉਸਦੀ ਕਵਿਤਾ ਵਿਚਲਾ ਦਲਿਤ ਸਵਰ। ਪਹਿਲਾ ਕਾਰਨ ਜਿੱਥੇ ਮਦਨ ਵੀਰਾ ਨੂੰ ਸਹਿਜਤਾ ਨਾਲ ਕਵਿਤਾ ਲਿਖਣ ਵਾਲੇ ਕਵੀ ਵਜੋਂ ਉਭਾਰਦਾ ਹੈ ਉੱਥੇ ਦੂਸਰਾ ਕਾਰਨ ਉਸਨੂੰ ਵਰਗਗਤ ਸਮਾਜ ਵਿਚ ਜਾਤੀ ਚੇਤਨਾ ਦੀ ਦਲਿਤ ਮੁਕਤੀ ਦਾ ਸੰਦੇਸ਼ ਦੇਣ ਵਾਲੇ ਮਾਨਵਵਾਦੀ ਕਵੀ ਵਜੋਂ ਪਛਾਣ ਦਿੰਦਾ ਹੈ। ਲਗਪਗ ਤਿੰਨ ਦਹਾਕਿਆਂ ਤੋਂ ਲਗਾਤਾਰ ਨਾਬਰਾਂ ਦੀ ਆਵਾਜ਼ ਨੂੰ ਉਭਾਰਨ ਵਾਲਾ ਮਦਨ ਵੀਰਾ ਉਹ ਕਵੀ ਹੈ ਜਿਸਨੇ ਅਜਿਹੀ ਆਵਾਜ਼ ਨੂੰ 'ਭਾਖਿਆ' ਰਾਹੀਂ ਉਠਾਇਆ, 'ਨਾਬਰਾਂ ਦੀ ਇਬਾਰਤ' ਰਾਹੀਂ ਗੜ੍ਹਕਾਇਆ ਤੇ 'ਤੰਦ ਤਾਣੀ' ਰਾਹੀਂ ਬੁਲੰਦ ਕੀਤਾ ਹੈ।

'ਤੰਦ- ਤਾਣੀ (ਪੰਨੇ 87, ਮੁੱਲ 130 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਕਾਵਿ ਸੰਗ੍ਰਹਿ ਵਿਚ ਦਰਜ 'ਕਰਤਾਰੀ ਆਲੋਚਕ ਲਈ' ਨਾਂ ਦੀ ਕਵਿਤਾ ਵਿਚ ਉਸਨੇ ਇਹ ਵਿਚਾਰ ਦ੍ਰਿੜਾਇਆ ਹੈ ਕਿ ਨੀਵੀਂ ਜਾਤ ਦੇ ਲੋਕਾਂ ਦੇ ਜ਼ਿੱਲਤ ਤੇ ਗ਼ੁਰਬਤ ਭਰੇ ਵੱਢੇ-ਟੁੱਕੇ ਅਤੀਤ ਤੇ ਵਰਤਮਾਨ 'ਚੋਂ ਉਗਮੇਂ ਪਤਿਤ ਤੇ ਪਲੀਤ ਭਾਵਾਂ ਦੀ ਤਰਜਮਾਨੀ ਕਰਦੀ ਕਾਵਿ-ਸਿਰਜਣਾ ਦਲਿਤ ਕਵਿਤਾ ਹੈ। ਅਤੇ ਕਵੀ ਉਹਨਾਂ ਕਰਤਾਰੀ ਆਲੋਚਕਾਂ ਉੱਤੇ ਵਿਅੰਗ ਕੱਸਦਾ ਹੈ ਜੋ ਦਲਿਤ ਕਵਿਤਾ ਦੇ ਅਰਥਾਂ ਤੇ ਭਾਵਾਂ ਨਾਲ ਉਹੋ ਜਿਹਾ ਵਰਤਾਉ ਕਰਦੇ ਹਨ ਜਿਹੋ ਜਿਹਾ ਸਵਰਨ ਜਾਤੀ ਦੇ ਲੋਕ ਨੀਵੀ ਜਾਤੀ ਦੇ ਲੋਕਾਂ ਨਾਲ।

ਐਪਰ ਮਦਨ ਵੀਰਾ ਮਾਨਵਵਾਦੀ ਪ੍ਰਗਤੀਵਾਦੀ ਵਿਚਾਰਧਾਰਕ ਦ੍ਰਿਸ਼ਟੀ ਦਾ ਮਾਲਕ ਹੋਣ ਕਰਕੇ ਜਾਤ-ਪਾਤੀ ਪ੍ਰਬੰਧ ਨੂੰ ਸਮਝਣ ਦੇ ਨਾਲ ਨਾਲ ਉਸ ਜਮਾਤੀ ਸਮਾਜਕ ਪ੍ਰਬੰਧ ਨੂੰ ਵੀ ਬਾਖੂਬੀ ਸਮਝਦਾ ਤੇ ਚਿਤਰਦਾ ਹੈ ਜਿਹੜਾ ਆਮ ਲੋਕਾਂ ਨੂੰ ਬਦਹਾਲ, ਲਾਚਾਰ ਤੇ ਬੇਬਸ ਬਣਾਉਂਦਾ

ਹੈ। ਏਸੇ ਲਈ ਉਸਦੀ ਕਵਿਤਾ ਬਦਹਾਲ ਲੋਕਾਂ ਦੀ ਬੇਬਸੀ ਨੂੰ, ਨਿਤਾਣਿਆਂ ਦੀ ਲਾਚਾਰੀ ਨੂੰ, ਤੇ ਕਣ-ਕਣ ਕਰਕੇ ਭੁਰਦੀ ਥੱਕੀ-ਹਾਰੀ ਖਲਕ ਨੂੰ ਵਸਤੂ ਬਣਾਉਂਦੀ ਹੈ। ਇਸ ਪ੍ਰਸੰਗ ਵਿਚ ਉਸ ਦੀਆਂ ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹਨਯੋਗ ਹਨ:

ਮੈਂ ਦੇਖ ਰਿਹਾ ਹਾਂ, ਜੀਣ ਦੀ ਤਾਂਘ ਨੂੰ ਲੋਚਦੀ
ਹੰਝੂਆਂ ਨੂੰ ਅੱਖਾਂ 'ਚ ਬੋਚਦੀ
ਜੀਣ ਦੇ ਉਮਾਹ 'ਚ, ਬੁੱਝ-ਬੁੱਝ ਕੇ ਮਘ ਰਹੀ
ਮੁੜ-ਮੁੜ ਕੇ ਜਗ ਰਹੀ
ਜੀਵਨ ਦੀ ਕਣੀ ਨੂੰ

ਉਪਰੋਕਤ ਕਾਵਿ-ਸਤਰਾਂ ਵਿਚ ਪੇਸ਼ ਹੋਈ ਪ੍ਰਗਤੀਵਾਦੀ-ਮਾਨਵਵਾਦੀ ਦ੍ਰਿਸ਼ਟੀ ਤਹਿਤ ਮਦਨ ਵੀਰਾ ਨੇ ਨੀਵੀਂ ਜਾਤ ਦੇ ਰਾਮ ਰੱਖਾ ਤੇ ਬੁੱਧ ਸਿੰਘ ਉਰਫ਼ ਬੁੱਧੂ ਮਜ਼ਬੂਤੀ ਕਾਵਿ-ਪਾਤਰਾਂ ਨੂੰ ਸਿਰਜ ਕੇ ਭਾਰਤੀ ਵਰਣ- ਵਿਵਸਥਾ ਦੇ ਅਜਿਹੇ ਯਥਾਰਥ ਨੂੰ ਸਾਹਵੇਂ ਲਿਆਂਦਾ ਹੈ ਕਿ ਨੀਵੀਂ ਜਾਤ ਦਾ ਵਿਅਕਤੀ ਰਾਮ ਰੱਖਾ ਤੇ ਬੁੱਧ ਸਿੰਘ ਵਾਂਗ 'ਰਾਮ ਤੇ ਘਣਸ਼ਾਮ ਵਾਲਿਆਂ' (ਹਿੰਦੂ ਸਮਾਜ) ਲਈ ਨਾ ਤਾਂ ਰਾਮ ਸੇਵਕ ਤੇ ਨਾ ਹੀ ਸ਼ਾਮ ਸੇਵਕ ਬਣ ਸਕਦਾ ਹੈ; ਏਥੋਂ ਤਕ ਕਿ ਦਸਵੇਂ ਗੁਰੂ ਦੀ ਸੰਤਾਨ ਬਣਕੇ ਵੀ ਉਹ 'ਗੁਰੂ ਦਾ ਸਿੱਖ' ਨਹੀਂ, ਕੇਵਲ ਇਕ ਮਜ਼ਬੂਤੀ ਸਿੱਖ ਹੀ ਬਣਕੇ ਰਹਿ ਗਿਆ ਹੈ। ਅਤੇ ਜਿਸਦੇ ਸੁਪਨਿਆਂ ਦੀ ਜ਼ਰਖੇਜ਼ ਜ਼ਮੀਨ ਜਾਤ ਦੇ ਸਹਿਮ ਨਾਲ ਸਲ੍ਹਾਬੀ ਗਈ ਹੈ। ਸ਼ਾਇਦ ਏਸੇ ਲਈ ਮਦਨ ਵੀਰਾ ਦਾ ਨਾਇਕ ਪਾਤਰ ਮਾਨਵੀ ਧਰਮ ਦਾ ਅਜਿਹਾ ਪਰਚਮ ਲਹਿਰਾਉਣਾ ਚਾਹੁੰਦਾ ਹੈ ਜਿਸ ਹੇਠ ਜੁੜ ਕੇ ਲੋਕ ਆਪਣੇ ਅਹਿਸਾਸਾਂ ਦੇ ਬੂਹੇ ਖੋਲ੍ਹ ਕੇ ਇਕ ਦੂਸਰੇ ਦੇ ਦਰਦ ਨੂੰ ਪਛਾਣ ਸਕਣ। ਅਜਿਹੇ ਕਾਵਿ-ਨਾਇਕ ਦੇ ਉਦੇਸ਼ ਨੂੰ ਪਰਨਾਈ ਮਦਨ ਵੀਰਾ ਦੀ ਕਵਿਤਾ ਭੀਮ-ਕੱਦ ਕਾਇਆ (ਅਮੀਰ) ਵਾਲੇ ਵਿਅਕਤੀ ਨੂੰ ਨਕਾਰਦੀ ਹੈ ਅਤੇ ਦੁੱਖ, ਸੁੱਖ ਤੇ ਸੰਵੇਦਨਾ ਭਰਪੂਰ ਗ਼ਰੀਬ ਵਿਅਕਤੀ ਨੂੰ ਸਿਰਜਦੀ ਹੋਈ ਉਸਦੇ ਕੰਨੀਂ ਇਹ ਵਿਚਾਰ ਪਾਉਂਦੀ ਹੈ ਕਿ ਉਸਨੇ ਆਪਣੇ ਮਨ ਦੀ ਮਰਜ਼ੀ ਦੀ ਧਰਤੀ ਤੇ ਅੰਬਰ ਨੂੰ ਛੂਹਣਾ ਹੈ, ਉਸਨੇ ਖੁਸ਼ਹਾਲੀ ਭਰਪੂਰ ਜੀਵਨ ਦੀ ਉਸ ਚੌਥੀ ਕੂਟ ਵੱਲ ਕੂਚ ਕਰਨਾ ਹੈ ਜੋ ਸੰਘਰਸ਼ ਭਰਪੂਰ ਹੈ, ਉਸਨੇ 'ਤਬਾਹੀ ਪਸੰਦ ਸਰਮਾਏਦਾਰੀ' ਦੀ ਤਿੱਖੀ ਤੋਰ ਨੂੰ ਪਛਾੜਨਾ ਹੈ ਜੋ ਵਿਸ਼ਵ-ਵਿਆਪੀ ਮਾਨਵੀ ਪਹੁੰਚ ਦੀ ਧਾਰ ਨੂੰ ਖੁੰਢਾ ਕਰਨ ਉੱਤੇ ਤੁਲੀ ਹੈ, ਉਸਨੇ ਵਰਣ ਤੇ ਵਰਗ ਵਿਵਸਥਾਵਾਂ ਦੀ ਉਲਝੀ ਤੰਦ-ਤਾਣੀ ਨੂੰ ਤਾਰ ਤਾਰ ਕਰਨਾ ਹੈ ਜੋ ਸਮਾਜ ਵਿਚ ਸਮਾਜਕ ਤੇ ਆਰਥਿਕ ਅਨਿਆਂ ਫੈਲਾ ਰਹੀਆਂ ਹਨ, ਉਸਨੇ ਬਿਨ ਹੁੰਗਾਰੇ ਬਿੱਲੀ ਮਾਸੀ (ਰਾਜ ਵਿਵਸਥਾ) ਦੀ ਅਮਾਨਵੀ ਬਾਤ ਨਹੀਂ ਸੁਣਨੀ, ਉਸਨੇ ਲੋਕ-ਰਾਜ ਦੇ ਸ਼ਿਸ਼ਕਾਰੇ ਤੇ ਧਰਮ ਦੇ ਦੁਲਾਰੇ ਅੱਥਰੇ ਬੋਕ (ਰਾਜਨੀਤੀਵਾਨ) ਨੂੰ ਆਪਣੇ ਹੱਥਾਂ ਦੀ ਕਰਾਮਾਤ ਤੇ ਪੈਰਾਂ ਦੇ ਕ੍ਰਿਸ਼ਮੇ ਨਾਲ ਡੱਕਣਾ ਹੈ, ਉਸਨੇ ਰਾਜ ਦੀ ਨਿਆਂ-ਵਿਵਸਥਾ ਦੇ ਢੌਂਗ ਨੂੰ ਗ਼ਲਤ ਆਖਣਾ ਹੀ ਆਖਣਾ ਹੈ, ਉਸਨੇ ਦੇਸ਼ ਅੰਦਰ ਪਨਪਦੀਆਂ ਲੰਬ-ਲਾਟਾਂ (ਅੱਤਵਾਦੀ ਕਾਰਵਾਈਆਂ) ਨੂੰ ਪਛਾਨਣਾ ਤੇ ਇਨ੍ਹਾਂ ਨੂੰ ਬੁਝਾਉਣ ਲਈ ਅੱਗੇ ਆਉਣਾ ਹੈ, ਉਸਨੇ ਅਜਿਹੇ ਸੁੱਖ-ਚੈਨ ਨੂੰ ਵੀ ਭਾਲਣਾ ਹੈ ਜੋ ਬਰੂਦ ਦੀ ਗੜੇ-ਮਾਰੀ (ਅੰਤਰਰਾਸ਼ਟਰੀ ਅੱਤਵਾਦੀ ਕਾਰਵਾਈਆਂ) ਨਾਲ ਤੂੰਬਾ-ਤੂੰਬਾ ਹੋ ਕੇ ਲੋਕ-ਦਿਲਾਂ ਅੰਦਰ ਤੜਫਦਾ ਪਿਆ ਹੈ, ਉਸਨੇ ਅੰਨ੍ਹੀ ਤੇ ਉਦਾਸ ਰਾਤ (ਅਮਾਨਵੀ ਵਰਤਾਰਾ) ਵਿਚ ਜੁਗਨੂੰ ਵਾਂਗ ਟਿਮਕ ਕੇ ਆਪਣੇ ਵਰਗੇ ਲੋਕਾਂ ਦਾ ਮਾਰਗ-ਦਰਸ਼ਕ ਬਣਨਾ ਹੈ, ਉਸਨੇ ਮਰਦ ਪ੍ਰਧਾਨ ਸਮਾਜ ਦੇ ਡੰਗਾਂ ਨਾਲ ਜ਼ਖਮੀ ਹੋਈ ਜੋਤੀ (ਕੁੜੀ) ਦਾ ਸਹਾਇਕ ਬਣਨਾ ਹੈ ਜੋ 'ਜਵਾਲਾ ਦੇ ਵੇਸ ਤੇ ਸ਼ੀਹਣੀਂ ਦੇ ਭੇਸ' (ਨਾਰੀਵਾਦੀ ਸੰਘਰਸ਼) 'ਚ ਕਾਵਾਂ ਤੇ ਚੂਹਿਆਂ ਦੇ ਮਕਰ-ਜਾਲ (ਮਰਦਾਂ ਦੇ ਤਸ਼ੱਦਦ ਤੇ ਫਰੇਬ) ਨੂੰ ਆਪਣੀ ਸੰਘਰਸ਼ਮਈ ਅੱਗ ਨਾਲ ਝੁਲਸਾਣ ਲਈ ਉਤਾਵਲੀ ਹੈ, ਉਸਨੇ ਅਜਿਹੀ ਮੁਹੱਬਤ ਨੂੰ ਅਪਨਾਉਣਾ ਹੈ ਜੋ ਸ਼ਬਦਾਂ ਦੀ ਪਕੜ ਤੋਂ ਬਾਹਰ

ਹੈ, ਉਸਨੇ ਆਪਣੇ ਦੁੱਖਾਂ ਦਾ ਦਾਰੂ (ਚੇਤਨਾ ਤੇ ਸੰਘਰਸ਼) ਆਪ ਲੱਭਣਾ ਹੈ, ਆਦਿ। ਇਸ ਤਰ੍ਹਾਂ ਮਦਨ ਵੀਰਾ ਦੀ ਕਵਿਤਾ ਉਲਝੀ ਸਮਾਜਕ ਤਾਣੀ ਨੂੰ ਸਾਰਥਕ ਪ੍ਰਗਤੀਵਾਦੀ ਮਾਨਵਵਾਦੀ ਪਹੁੰਚ ਨਾਲ ਸੁਲਝਾਉਣ ਦਾ ਕਲਾਤਮਕ ਹੀਲਾ ਹੈ, ਸ਼ੈਲੀਗਤ ਚਾਰਾਜੋਈ ਹੈ। ਮਿਸਾਲ ਲਈ ਵੇਖੋ ਇਹ ਸਤਰਾਂ :

ਤੇ ਕਾਤਰ ਭੁੱਲ ਗਏ ਕਿ ਜਿਨ੍ਹਾਂ ਨੂੰ ਜਾਚ ਹੁੰਦੀ ਹੈ
ਤਲੀ 'ਤੇ ਸਿਰ ਟਿਕਾਉਣੇ ਦੀ
ਲਹੂ ਦੇ ਹਰ ਕਤਰੇ ਨੂੰ, ਸਫਰ ਦੇ ਲੇਖੇ ਲਾਉਣੇ ਦੀ
ਅਜਿਹੇ ਪਾਂਧੀਆਂ ਨੂੰ, ਕਰਾਂ-ਪੈਰਾਂ ਦੀ ਮੁਥਾਜੀ
ਰੋਕ ਨਹੀਂ ਸਕਦੀ, ਕੋਈ ਸ਼ਕਤੀ ਟੋਕ ਨਹੀਂ ਸਕਦੀ

ਮਦਨ ਵੀਰਾ ਨੇ ਹੱਥਲੀ ਕਾਵਿ ਪੁਸਤਕ ਵਿਚ ਭਾਰਤੀ ਲੋਕਤੰਤਰੀ ਰਾਜ ਵਿਚ ਗੰਦ-ਮੰਦ ਨਾਲ ਲਿਬੜੇ ਤੇ ਮੁਸ਼ਕ ਮਾਰਦੇ ਬੁਧ-ਸੁੱਧ ਤੋਂ ਊਣੇ ਤੇ ਵਿਹੂਣੇ ਲੋਕਾਂ ਦੇ ਜੀਵਨ ਦਾ ਦ੍ਰਿਸ਼ਟਾਂਤਕ ਕਾਵਿ-ਬਿੰਬ ਸਿਰਜ ਕੇ ਇਹ ਸਾਬਤ ਕੀਤਾ ਹੈ ਕਿ ਭਾਰਤੀ ਲੋਕਤੰਤਰ ਵਿਚ ਆਮ ਲੋਕਾਂ ਦੀ ਬਰਬਾਦੀ ਹੀ ਹੋਈ ਹੈ। ਏਸੇ ਲਈ ਉਸਨੇ ਭਾਰਤੀ ਰਾਜ-ਵਿਵਸਥਾ ਨੂੰ ਲੂਲ੍ਹਾ ਤੇ ਲੰਗੜਾ ਕਹਿਣ ਦਾ ਸਾਹਸ ਕੀਤਾ ਹੈ। ਤੇ ਅਜਿਹੇ ਸਾਹਸ ਦੀ ਸ਼ਕਤੀ ਉਸਨੇ ਆਪਣੀ ਵਿਚਾਰਧਾਰਕ ਦ੍ਰਿਸ਼ਟੀ ਤੋਂ ਗ੍ਰਹਿਣ ਕੀਤੀ ਹੈ।

ਮਦਨ ਵੀਰਾ ਦੀ ਵਿਚਾਰਧਾਰਕ ਦ੍ਰਿਸ਼ਟੀ ਭਾਰਤੀ ਰਾਜ ਵਿਚ ਵਸਦੇ ਬਿਨ ਹੁੰਗਾਰੇ ਤੋਂ ਬਾਤਾਂ ਪਾਉਂਦੇ ਉਹਨਾਂ ਗਰੀਬ ਲੋਕਾਂ ਦੇ ਜੀਵਨ-ਯਥਾਰਥ ਉੱਤੇ ਟਿਕੀ ਪਈ ਹੈ ਜੋ ਆਪਣਾ ਮੂਲ ਪਛਾਨਣ ਤੋਂ ਅਸਮਰੱਥ ਅਤੇ ਸੰਸਕ੍ਰਿਤੀ ਤੇ ਧਰਮ-ਕਰਮ ਦੀ ਰਾਜਨੀਤੀ ਤੋਂ ਅਣਜਾਣ ਤੇ ਅਗਿਆਨੀ ਹਨ। ਕਵੀ ਨੇ ਅਜਿਹੇ ਅਣਜਾਣ ਤੇ ਅਗਿਆਨੀ ਵਿਅਕਤੀਆਂ ਦੀ ਜੀਵਨ-ਦਸ਼ਾ ਨੂੰ ਪ੍ਰਤੀਕਮਈ ਸ਼ੈਲੀ ਰਾਹੀਂ ਉਘਾੜਿਆ ਹੈ। ਉਸਨੇ ਨਾਗ, ਕਾਂ, ਇੱਲ, ਊਠ, ਬਿੱਲੀ, ਸੂਰ, ਚੂਹਾ, ਕੁੱਤਾ, ਹਾਥੀ, ਲੇਹਾ, ਬੋਕ, ਮਲਕ ਭਾਗੋ, ਕੌਡਾ ਰਾਕਸ਼, ਰਾਮ, ਸ਼ਾਮ ਆਦਿ ਵਿਅੰਗਾਤਮਕ, ਇਤਿਹਾਸਕ ਤੇ ਮਿਥਿਹਾਸਕ ਪ੍ਰਤੀਕਾਂ ਦੀ ਵਰਤੋਂ ਭਾਰਤੀ ਲੋਕਤੰਤਰ ਤੇ ਵਿਸ਼ਵੀਕਰਨ ਦੇ ਨਾਂਹਪੱਖੀ ਵਰਤਾਰਿਆਂ ਦੀ ਨਿੰਦਾ ਕਰਨ ਲਈ ਕੀਤੀ ਹੈ। ਅਤੇ ਜੁਗਨੂੰ, ਪਰਿੰਦਾ, ਮਰਦਾਨਾ, ਨਾਨਕ ਆਦਿ ਦੀ ਚੇਤਨਾ ਤੇ ਸੰਘਰਸ਼ ਦੇ ਭਾਵਾਂ ਨੂੰ ਸੰਚਾਰਨ ਲਈ:

ਪਰ ਇੱਲ ਦੇ ਪੰਜੇ ਲਈ
ਸ਼ਿਕਾਰੀ ਦੇ ਸ਼ਿਕੰਜੇ ਲਈ
ਪਰਿੰਦਾ ਦੂਰ ਨਹੀਂ ਹੈ, ਪਾਰ ਨਹੀਂ ਹੈ
ਗਲੋਬ ਤੋਂ ਬਾਹਰ ਨਹੀਂ ਹੈ
ਅਸੀਂ ਹੱਕ ਨੂੰ ਜਿੰਨਾ ਕੁ ਜਾਣਿਆ
ਨਿਆਂ ਨੂੰ ਜਿੰਨਾ ਕੁ ਪਛਾਣਿਆ
ਲਗਦਾ ਹੈ ਉਹ ਮਰਦਾਨੇ ਨੂੰ ਡਰਾਉਂਦਾ ਹੈ
ਬੰਦੇ ਤੋਂ ਜਾਨਵਰ ਬਣਾਉਂਦਾ ਹੈ
ਕੋਈ ਕੌਤਕੀ - ਕੋਈ ਮਾਇਆਵੀ ਹੈ
ਤੇ ਮਜ਼ਲੂਮਾਂ ਦੇ ਸਿਰ 'ਤੇ
ਬਿੱਜ ਵਾਂਗ ਗਿਰਦੀ ਕੋਈ ਭਾਵੀ ਹੈ
ਬਦਲੀ ਦਿੱਖ ਤੇ ਬਦਲੇ ਜ਼ਮਾਨਿਆਂ ਵਿਚ
ਜ਼ਮਹੂਰੀਅਤ ਦੇ ਫਸਾਨਿਆਂ ਵਿਚ
ਇਹ ਲੋਧੀ ਦੇ ਮੋਦੀ ਦਾ ਸੇਵਕ ਨਹੀਂ

ਮਲਕ ਭਾਗੋ ਦਾ ਚਾਕਰ ਹੈ

ਅਸੀਂ ਜੁਗਨੂੰ ਹਾਂ
ਸਮੇਂ ਦੇ ਨਕਸ਼ ਹਾਂ
ਅਤੇ ਨਬਜ਼ ਦੀ ਹੈ ਸੂਝ ਸਾਨੂੰ ਵੀ
ਸੱਤਾ ਦੇ ਭੇਦ ਗੁੱਝੇ ਜਾਣ ਗਏ ਹਾਂ
ਦਿੱਲੀ ਤੇ ਬਿੱਲੀ ਦੀ ਮਕਰ-ਮਾਇਆ ਜਾਣਦੇ ਹਾਂ

ਉਪਰੋਕਤ ਕਾਵਿ-ਬੰਦਾਂ ਵਿਚ ਇੱਲ, ਸ਼ਿਕਾਰੀ, ਪਰਿੰਦਾ, ਮਲਕ ਭਾਗੋ, ਮਰਦਾਨਾ, ਲੋਧੀ ਦਾ ਸੇਵਕ, ਜੁਗਨੂੰ, ਦਿੱਲੀ, ਬਿੱਲੀ ਆਦਿ ਪ੍ਰਤੀਕਾਂ ਦੀ ਵਰਤੋਂ ਭਾਰਤੀ ਲੋਕਤੰਤਰ ਅਤੇ ਵਿਸ਼ਵੀਕਰਨ ਦੇ ਵਰਤਾਰਿਆਂ ਦੀਆਂ ਸਮਾਜਕ-ਸਭਿਆਚਾਰਕ ਤੇ ਰਾਜਨੀਤਕ-ਆਰਥਿਕ ਤੰਦਾਂ ਨੂੰ ਪਕੜਨ ਲਈ ਕੀਤੀ ਗਈ ਹੈ। ਅਜਿਹੇ ਅਨੇਕਾਂ ਪ੍ਰਤੀਕਾਂ ਦੀ ਵਰਤੋਂ ਸਦਕਾ ਇਹ ਪੁਸਤਕ ਸਮਾਜਕ ਤੇ ਕਲਾਤਮਕ ਸਰੋਕਾਰਾਂ ਦੀ ਤੰਦ-ਤਾਣੀ ਦਾ ਗੁੰਦਵਾਂ ਪ੍ਰਭਾਵ ਸਿਰਜਦੀ ਹੈ।

ਇਹ ਦੱਬੇ-ਕੁਚਲੇ ਮਨੁੱਖਾਂ ਦੇ ਅਹਿਸਾਸਾਂ ਨੂੰ ਸਾਕਾਰਦੀ, ਉਹਨਾਂ ਦੀ ਜ਼ਿੰਦਗੀ ਜੀਣ ਦੀ ਲੋਚਾ ਨੂੰ ਉਭਾਰਦੀ, ਉਹਨਾਂ ਨੂੰ ਸੰਘਰਸ਼ ਲਈ ਪ੍ਰੇਰਦੀ ਅਤੇ ਉਹਨਾਂ ਦੇ ਨਵੇਂ ਸਫ਼ਰ ਦੇ ਚੇਤਨਾਮਈ ਨਕਸ਼ਾਂ ਨੂੰ ਸੁਆਰਦੀ ਹੈ।

-ਚੰਦਰ ਮੋਹਨ

ਆਰ ਦੀਆਂ ਤੇ ਪਾਰ ਦੀਆਂ [ਕੇਸਰ ਸਿੰਘ ਨੀਰ]

ਕੈਨੇਡਾ ਨਿਵਾਸੀ ਕੇਸਰ ਸਿੰਘ ਨੀਰ ਪੰਜਾਬੀ ਦਾ ਇਕ ਮੁਕੰਮਲ ਸ਼ਾਇਰ ਹੈ। ਲਗਪਗ ਪੰਜ ਛੇ ਦਹਾਕਿਆਂ ਤੋਂ ਮਾਨਤਾ ਭਰਪੂਰ ਕਵਿਤਾਵਾਂ ਲਿਖਣ ਤੇ ਛਪਵਾਉਣ ਵਾਲੇ ਸਾਡੇ ਇਸ ਸ਼ਾਇਰ ਨੇ ਸੰਨ 2006 ਵਿਚ ਪੰਜਾਬੀ ਪਾਠਕਾਂ ਨੂੰ 'ਨੈਣਾਂ ਦੇ ਮੋਤੀ' (ਸਮੁੱਚੀ ਕਾਵਿ-ਰਚਨਾ) ਚੁਗਣ ਲਈ ਦਿੱਤੇ ਸਨ ਅਤੇ ਹੁਣ 'ਆਰ ਦੀਆਂ ਤੇ ਪਾਰ ਦੀਆਂ' (ਮੁੱਲ, ਇਕ ਸੌ ਵੀਹ ਰੁਪਏ, ਪੰਨੇ 87, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ) ਰਾਹੀਂ ਆਵਾਸ ਤੇ ਪਰਵਾਸ ਦੀਆਂ ਦਵੰਦਸ਼ੀਲ, ਪਰਿਵਾਰਕ, ਸਮਾਜਕ, ਸਭਿਆਚਾਰਕ, ਆਰਥਿਕ ਤੇ ਰਾਜਨੀਤਕ ਸਥਿਤੀਆਂ ਦੀ ਸਮਝ ਦਿੱਤੀ ਹੈ।

ਕੇਸਰ ਸਿੰਘ ਨੀਰ ਦੀ ਕਵਿਤਾ ਦਾ ਵਿਧਾ-ਬਿੰਦੂ ਮਨੁੱਖ ਦੀਆਂ ਉਹਨਾਂ ਬੁਨਿਆਦੀ ਸਥਿਤੀਆਂ ਨੂੰ ਸਿਰਜਣਾ ਬਣਿਆ ਹੈ ਜਿਹਨਾਂ ਦੀ ਕਿ ਉਹ ਖ਼ੁਦ ਪੈਦਾਵਾਰ ਹੈ। ਇਸ ਕਰਕੇ ਕਾਵਿ-ਪੁਸਤਕ ਵਿਚ ਉਸਨੇ ਸਥਿਤੀਆਂ ਤੋਂ ਨਾ ਡਰਨ ਬਲਕਿ ਉਹਨਾਂ ਨਾਲ ਦਸਤਪੰਜਾ ਲੈਣ ਦਾ ਸੰਦੇਸ਼ ਦਿੱਤਾ ਹੈ। ਅਜਿਹੇ ਵਿਚਾਰ ਦੀ ਉਗਾਹੀ ਹੱਥਲੀ ਪੁਸਤਕ ਦੇ ਸਰਵਰਕ ਉੱਤੇ ਕੇਸਰ ਸਿੰਘ ਨੀਰ ਦੀ ਹੱਥ-ਲਿਖਤ ਦੇ ਇਹਨਾਂ ਕਾਵਿ-ਬੋਲਾਂ ਤੋਂ ਸਹਿਜੇ ਹੀ ਹੋ ਜਾਂਦੀ ਹੈ:

ਆਪ ਵੀ ਜਦ 'ਨੀਰ' ਹਾਂ ਮੈਂ, ਖ਼ੌਫ ਕੀ ਮੈਨੂੰ ਭੰਵਰ ਦਾ

ਨੀਰ ਦੀ ਕਾਵਿ-ਮੈਂ ਉਸ ਨੂੰ ਸਪਸ਼ਟ ਖਿਆਲਾਂ ਵਾਲੇ ਕਵੀ ਵਜੋਂ ਉਭਾਰਦੀ ਹੈ। ਕਿਉਂਕਿ ਉਸਨੇ ਸੁਪਨੇ ਤੇ ਯਥਾਰਥ ਦੇ ਪੈਮਾਨੇ ਨਾਲ ਕਾਰਜ ਕਰਦੇ ਜ਼ਮਾਨੇ ਦੇ ਰਗ-ਰੇਸ਼ੇ ਨੂੰ ਪਛਾਣਨ ਦੇ ਪੁਖ਼ਤਾ ਯਤਨ ਕੀਤੇ ਹਨ। ਏਸੇ ਲਈ ਧਰਤੀ ਨੂੰ ਸਵਰਗ ਬਣਾਉਣ ਤੇ ਪਿਆਰ ਦੇ ਗੀਤ ਗਾਉਣ ਦੀ ਲੋਚਾ ਨੀਰ ਦੀ ਕਾਵਿ-ਸੰਦੇਵਨਾ ਦਾ ਅਹਿਮ ਅੰਗ ਬਣ ਜਾਂਦੀ ਹੈ। ਏਸੇ ਲੋਚਾ ਸਦਕਾ ਉਹ ਮਹਿੰਗਾਈ ਦੀ ਖੁੱਡ ਵਿਚ ਬੈਠੀ ਮਹਿੰਗ-ਸੱਪਣੀ ਨੂੰ ਤੱਕ ਲੈਂਦਾ ਹੈ, ਦੂਰ-ਧਰਤੀ ਉੱਤੇ ਬੈਠਾ ਹੋਇਆ ਵੀ ਪੰਜਾਬ ਦੇ ਦਹਿਸ਼ਤਗਰਦੀ ਦੇ ਮਾਹੌਲ ਦੀ ਸਾਰ ਲੈ ਲੈਂਦਾ ਹੈ, ਮਾਂ-ਭਰਾ-ਯਾਰ ਦੇ ਦਿਲਾਂ ਦੇ ਭੇਤਾਂ ਤਕ ਪਹੁੰਚ ਜਾਂਦਾ ਹੈ, ਆਪਣੇ ਬੁਢੇਪੇ ਵਿਚੋਂ ਆਪਣਾ ਬਾਲ ਰੂਪ ਪਛਾਣ ਲੈਂਦਾ ਹੈ, ਮਨੁੱਖ ਦੀ ਭੌਤਿਕ ਸਥਿਤੀ ਰਾਹੀਂ ਉਸਦੇ ਮਾਨਸਿਕ ਤੇ ਬੌਧਿਕ ਪੱਧਰ ਨੂੰ ਪਛਾਨਣ ਦੇ ਯੋਗ

ਅੱਸੀਵੇਂ ਦਹਾਕੇ ਦੀਆਂ ਬਾਲੀਵੁੱਡ ਫਿਲਮਾਂ ਵਿਚਲੀ ਨਾਇਕਤਵ ਚੇਤਨਾ ਅਤੇ ਮੌਕਾ-ਮੇਲ ਦੀ ਸਿਮਰਤੀ ਉਜਾਗਰ ਕਰਦੀ ਹੈ, ਪਰ ਆਪਣੇ ਘਟਨਾਵੀ ਚਿੰਤਨ, ਸੂਚਨਾ ਭਰਪੂਰ ਬਿਰਤਾਂਤ, ਯਥਾਰਥਕ ਪਾਤਰ ਸਿਰਜਣ, ਬਹੁਪਰਤੀ ਨਾਰੀ ਚਿੰਤਨ ਦੁਆਰਾ ਪੰਜਾਬੀ ਨਾਵਲ ਨੂੰ ਕਸ਼ਮੀਰ ਦੇ ਘੱਟਗਿਣਤੀ ਸਿੱਖ ਭਾਈਚਾਰੇ ਦੀ ਪਛਾਣ ਦੇ ਸਰੋਕਾਰਾਂ ਨਾਲ ਜੋੜਨ ਕਰਕੇ ਇਹ ਟੈਕਸਟ ਪੰਜਾਬੀ ਦੀ ਸੱਭਿਆਚਾਰਕ, ਧਾਰਮਿਕ ਤੇ ਭਾਸ਼ਾਈ ਵਿਲੱਖਣਤਾ ਨੂੰ ਹੋਰ ਸੰਘਣਾ ਕਰਦੀ ਹੈ।

ਨਾਵਲੀ ਬਿਰਤਾਂਤ ਦੀ ਲੋਕੇਲ ਕਸ਼ਮੀਰ ਦੇ ਆਖਰੀ ਸਰਹੱਦੀ ਪਿੰਡ 'ਸ਼ਿਕਾਰਗਾਹ' ਦੀ ਹੈ। ਇਸ ਪਿੰਡ ਸਮੇਤ ਨੇੜਲੇ ਕਸਬਿਆਂ, ਖੇਤਰਾਂ-ਬਾਰਾਮੂਲਾ, ਬਡਗਾਮ ਆਦਿ ਦੀ ਭੂਗੋਲਕ, ਸਮਾਜਕ-ਸੰਸਕ੍ਰਿਤਕ ਤੇ ਭਾਸ਼ਾਈ ਚੇਤਨਾ ਨੂੰ ਆਧਾਰ ਬਣਾ ਕੇ ਲੇਖਿਕਾ ਨੇ ਦਹਿਸ਼ਤਪਸੰਦ ਗਰੁੱਪਾਂ ਵੱਲੋਂ ਆਪਣੀ 'ਆਜ਼ਾਦੀ' ਦੀ ਲੜਾਈ ਲਈ ਲੜੇ ਜਾ ਰਹੇ ਆਤੰਕੀ ਸੰਘਰਸ਼ ਦੀਆਂ ਪਰਤਾਂ ਉਜਾਗਰ ਕੀਤੀਆਂ ਹਨ। ਸਟੇਟ ਨਾਲ ਮੁੱਜਾਹਦੀਨ ਦੇ ਟਕਰਾਅ ਦੌਰਾਨ ਉੱਥੇ ਵਸਦਾ ਹਿੰਦੂ-ਸਿੱਖ ਘੱਟਗਿਣਤੀ ਭਾਈਚਾਰਾ ਅਤੇ ਨਿਰਦੋਸ਼ ਕਸ਼ਮੀਰੀ ਜਨਤਾ ਕੀ ਦੁਖਾਂਤ ਭੋਗਦੇ ਹਨ, ਇਸ ਦਾ ਬਿਰਤਾਂਤ ਚਿਤਰਣ ਕਥਾ-ਟੈਕਸਟ ਨੂੰ ਬਹੁ-ਪਰਤੀ, ਬਹੁ-ਪਾਸਾਰੀ ਬਣਾ ਦਿੰਦਾ ਹੈ।

ਨਾਵਲ ਦੀ ਕੇਂਦਰੀ ਪਾਤਰ ਹੈ ਬਲਵਿੰਦਰ ਕੌਰ ਉਰਫ਼ ਨਿੱਕੀ, ਜਿਹਤੀ ਨੰਬਰਦਾਰ ਅਰਜਨ ਸਿੰਘ ਦੀ ਪੋਤਰੀ ਹੈ। ਸ਼ਿਕਾਰਗਾਹ ਪਿੰਡ ਵਿਚ ਇਸ ਸਿੱਖ ਪਰਿਵਾਰ ਦਾ ਖ਼ੁਸ਼ਹਾਲ ਘਰ ਹੈ ਜਿਹੜਾ ਦਹਿਸ਼ਤਪਸੰਦਾਂ ਦੀਆਂ ਕਾਰਵਾਈਆਂ ਨਾਲ, ਕਸ਼ਮੀਰ ਦੀ ਹੋਰ ਨਿਰਦੋਸ਼ ਜਨਤਾ ਵਾਂਗ ਤਬਾਹੀ ਦਾ ਮੰਜ਼ਰ ਭੋਗਦਾ ਹੈ। ਨਿੱਕੀ ਦੇ ਪਿਤਾ ਕਰਤਾਰ ਸਿੰਘ, ਚਾਚਾ ਜਾਗਰ, ਚਾਚੀ ਕਮਲੋ, ਚਾਚਾ ਭਾਦਰ ਸਿੰਘ, ਭੂਆ ਬਸੰਤੀ, ਚਾਚੇ ਦੇ ਧੀਆਂ-ਪੁੱਤ ਦੀਪੋ, ਗੋਪੀ, ਕੁੱਕੂ, ਬਬਲੂ, ਸਿਮਰਨ, ਸਹਿਪਾਠੀ ਮੁਸਤਫ਼ਾ, ਨਸੀਮਾ, ਬਬਲੀ ਆਦਿ ਨੂੰ ਲੇਖਿਕਾ ਨੇ ਸਿੱਖ-ਮੁਸਲਿਮ ਵਰਗ ਦੇ ਪਾਤਰਾਂ ਤਹਿਤ ਚਿੱਤਰ ਕੇ ਉਨ੍ਹਾਂ ਆਤੰਕੀ ਘਟਨਾਵਾਂ ਦੇ ਚਸ਼ਮਦੀਦ ਗਵਾਹ ਜਾਂ ਪੀੜਤ ਧਿਰਾਂ ਬਣਾਇਆ ਹੈ ਜਿਨ੍ਹਾਂ ਕਰਕੇ ਕਸ਼ਮੀਰ ਦੇ ਨਿਰਦੋਸ਼ ਲੋਕਾਂ ਦਾ ਅਸਤਿਤਵ, ਸਟੇਟ ਅਤੇ ਬਾਗੀ ਮੁਜਾਹਦੀਨ ਦੇ ਖ਼ੂਨੀ ਟਕਰਾਅ ਵਿਚ ਡਰ, ਸਹਿਮ, ਦਹਿਸ਼ਤ ਅਤੇ ਮੌਤ ਦੇ ਪਰਛਾਵੇਂ ਹੇਠ ਰਹਿੰਦਾ ਹੈ।

ਨਾਵਲ ਦੀ ਬਿਰਤਾਂਤ ਵਿਧੀ ਫਲੈਸ਼ ਬੈਕ ਦੀ ਤਕਨੀਕ ਵਾਲੀ ਹੈ। ਨਿੱਕੀ ਇੰਗਲੈਂਡ ਵਿਖੇ ਆਪਣੀ ਧੀ ਪਾਰੁਲ ਨਾਲ ਰਹਿ ਰਹੀ ਹੈ ਜਿੱਥੋਂ ਬਿਰਤਾਂਤ ਆਰੰਭ ਹੁੰਦਾ ਹੈ। ਸ਼ਿਕਾਰਗਾਹ ਪਿੰਡ ਤੋਂ ਉਸ ਦਾ ਚਾਚਾ ਉਸ ਨੂੰ ਫੋਨ ਕਰਦਾ, ਪਿੰਡ ਆਉਣ ਦੀ ਤਾਕੀਦ ਕਰਦਾ ਹੈ। ਨਿੱਕੀ ਪਿੰਡ ਨਾਲ ਜੁੜਦੀ ਹੈ ਤੇ ਬਿਰਤਾਂਤ ਦੀ ਲੜੀ ਯਾਦਾਂ, ਸਿਮਰਤੀਆਂ, ਸਵੈ-ਜੀਵਨੀ ਨੁਮਾ ਵੇਰਵਿਆਂ, ਸੂਚਨਾਵੀ ਚਿੰਤਨ ਦੁਆਰਾ ਚੱਲਦੀ ਹੈ। ਲੇਖਿਕਾ ਸਿਮਰਤੀ ਰੂਪੀ ਬਿਰਤਾਂਤ ਵਿਚ ਤਿੰਨ ਕੱਟ ਮਾਰਦੀ ਹੈ ਜਿਹੜੇ ਪਾਠਕਾਂ ਨੂੰ ਨਿੱਕੀ ਤੇ ਪਾਰੁਲ ਦੇ ਪਰਵਾਸੀ ਜੀਵਨ-ਯਥਾਰਥ ਨਾਲ ਜੋੜਦੇ ਹਨ। ਆਖਿਰ ਵਿਚ ਫਲੈਸ਼ ਬੈਕ ਬਿਰਤਾਂਤ ਕਥਾ ਦੀ ਸਹਿਜ, ਸਾਧਾਰਨ ਲੜੀ ਨਾਲ ਜੁੜਦਾ ਹੈ ਤੇ ਸਮੁੱਚਾ ਨਾਵਲ ਦੁਖਾਂਤ ਤੋਂ ਮਨ-ਇੱਛਤ ਸੁਖਾਂਤ ਵੱਲ ਮੁੜ ਜਾਂਦਾ ਹੈ।

ਨਾਵਲ ਵਿਚ ਸਿੱਖ ਭਾਈਚਾਰੇ ਦੇ ਕਸ਼ਮੀਰ ਵਿਚਲੇ ਘੱਟਗਿਣਤੀ ਵਾਲੇ ਅਸਤਿਤਵ ਦੀ ਨੁਮਾਇੰਦਗੀ ਨੰਬਰਦਾਰ ਅਰਜਨ ਸਿੰਘ ਦਾ ਪਰਿਵਾਰ ਕਰਦਾ ਹੈ। ਲੇਖਿਕਾ ਨੇ ਨਿੱਕੀ ਨੂੰ ਬਿਰਤਾਂਤਕ ਉਚਾਰ ਦਾ ਕੇਂਦਰ ਰੱਖਿਆ ਹੈ ਤੇ ਉਸ ਦੇ ਪਰਿਵਾਰਕ, ਸਮਾਜਕ ਤੇ ਨਿੱਜੀ ਸਰੋਕਾਰਾਂ ਨੂੰ ਵਿਸ਼ੇਸ਼ ਕਥਾ-ਸੁਹਜ ਨਾਲ ਪੇਸ਼ ਕੀਤਾ ਹੈ। ਨਿੱਕੀ ਦੀ ਪੜ੍ਹਾਈ ਲਿਖਾਈ, ਕਾਲਿਜ ਤੇ ਯੂਨੀਵਰਸਿਟੀ ਵਿਚ ਸਹਿਪਾਠਣਾਂ ਨਾਲ ਸੰਵਾਦ, ਆਪਣੇ ਚਚੇਰੇ ਭਰਾ ਅਮਨਦੀਪ ਦੇ ਦੋਸਤ ਡੀ.ਐੱਸ.ਪੀ. ਰਾਜਬੀਰ ਸਿੰਘ ਨਾਲ ਪ੍ਰੇਮ, ਰਾਜਬੀਰ ਦੀ ਦਹਿਸ਼ਤਪਸੰਦਾਂ ਹੱਥੋਂ ਹੱਤਿਆ ਤੇ ਫੌਜੀ ਅਫ਼ਸਰ ਸਰਵਮੀਤ ਨਾਲ ਵਿਆਹ, ਸਰਵਮੀਤ ਦੇ ਕਾਰਗਿੱਲ ਜੰਗ 'ਚ ਲਾਪਤਾ ਹੋਣ ਮਗਰੋਂ ਸਹੁਰੇ ਪਰਿਵਾਰ ਦੇ ਮੈਂਬਰਾਂ ਨਾਲ ਇੰਗਲੈਂਡ ਪਰਵਾਸ ਕਰਨਾ ਨਾਵਲੀ ਬਿਰਤਾਂਤ ਦੀਆਂ ਅਹਿਮ ਘਟਨਾਵਾਂ ਹਨ। ਇਸ ਨਾਲ ਸ਼ਿਕਾਰਗਾਹ ਅਤੇ ਆਸ-ਪਾਸ ਦੇ ਪਿੰਡਾਂ

ਵਿਚ ਕਰਫਿਊ, ਮੁਜਾਹਦੀਨ ਨਾਲ ਪੁਲਿਸ ਦੇ ਟਕਰਾਅ, ਨਿਰਦੋਸ਼ਾਂ ਦੀ ਹੱਤਿਆ, ਆਗੂਆਂ ਦਾ ਦੰਭੀ ਕਿਰਦਾਰ, ਰਿਸ਼ਤਿਆਂ ਦੀ ਸਾਂਝ ਦੇ ਖੇਰੂੰ-ਖੇਰੂੰ ਹੋਣ, ਸਿੱਖ-ਹਿੰਦੂ ਪਰਿਵਾਰਾਂ ਦੀ ਹਿਜਰਤ, ਮੁਸਲਿਮ ਨੌਜਵਾਨਾਂ ਦਾ ਮਾਨਸਿਕ ਅਪਹਰਨ ਸਮੇਤ ਹਿੰਦੋਸਤਾਨ ਦੀ ਸੱਭਿਆਚਾਰਕ ਵੰਨ-ਸੁਵੰਨਤਾ ਦੇ ਟਕਰਾਅ ਨਾਲ ਜੁੜੇ ਬਿਰਤਾਂਤਕ ਵੇਰਵੇ ਨਾਵਲ ਅੰਦਰ ਕਥਾ ਰਸ ਤੇ ਵਿਚਾਰਧਾਰਾਈ ਚਿੰਤਨ ਉਭਾਰਦੇ ਹਨ।

ਨਾਵਲ ਦੇ ਸਿੱਖ ਪਾਤਰ ਅਮਨਦੀਪ ਕੁੱਕੂ, ਰਾਜਬੀਰ, ਮੀਨੂੰ, ਬਿੰਦੋ, ਸਰਵਮੀਤ, ਨਿਹੰਗ ਸਿੰਘ, ਸ਼ਾਮੋ ਅਤੇ ਨਿੱਕੀ ਦੇ ਪਰਿਵਾਰਕ ਮੈਂਬਰ ਕਸ਼ਮੀਰੀ ਦਹਿਸ਼ਤਪਸੰਦਾਂ ਤੋਂ ਪੀੜਤ ਹਨ, ਜਦਕਿ ਨਾਵਲਕਾਰ ਨੇ ਸਟੇਟ ਦੇ ਜਬਰ ਨੂੰ ਅਤੇ ਸਟੇਟ ਵੱਲੋਂ ਸਿੱਖ ਭਾਈਚਾਰੇ ਦੇ ਡਿਫੈਂਸ ਅਧਿਕਾਰੀਆਂ ਨੂੰ ਦਹਿਸ਼ਤਪਸੰਦਾਂ ਵਿਰੁੱਧ ਵਿਸ਼ੇਸ਼ ਤੌਰ 'ਤੇ ਖੜ੍ਹੇ ਕਰਨ ਦੀ ਸਾਜ਼ਿਸ਼ ਨੂੰ ਰੂਪਮਾਨ ਨਹੀਂ ਕੀਤਾ। ਲੇਖਿਕਾ ਦਹਿਸ਼ਤਪਸੰਦਾਂ ਦੀ 'ਆਜ਼ਾਦੀ' ਦੀ ਲੜਾਈ ਪਿੱਛੇ ਕਾਰਜਸ਼ੀਲ ਕਾਰਕਾਂ ਅਤੇ ਪ੍ਰੇਰਕਾਂ ਨੂੰ ਵੀ ਉਭਾਰ ਨਹੀਂ ਸਕੀ ਜਦਕਿ ਸਟੇਟ ਦੀਆਂ ਇਕਾਈਆਂ ਦੇ ਜ਼ੁਲਮ ਦਾ ਸੰਪੂਰਨ ਪੱਖ ਵੀ ਪਾਠਕਾਂ ਅੱਗੇ ਉੱਘੜ ਨਹੀਂ ਸਕਿਆ। ਫਿਰ ਵੀ ਕਸ਼ਮੀਰ ਸਮੱਸਿਆ ਵਿਚ ਜੂਝਦੇ ਸਰਹੱਦੀ ਖੇਤਰਾਂ ਦੀ ਭੂਗੋਲਕਤਾ ਤੇ ਲੋਕ ਚੇਤਨਾ ਨੂੰ ਨਾਵਲੀ ਚਿੰਤਨ ਵਿਚ ਪੂਰਨ ਸਥਾਨ ਪ੍ਰਾਪਤ ਹੋਇਆ ਹੈ।

ਦਹਿਸ਼ਤਪਸੰਦਾਂ ਦੀਆਂ ਕਾਰਵਾਈਆਂ ਕਾਰਨ ਸਿੱਖ ਮੁਸਲਿਮ ਸਾਂਝ ਦਾ ਟੁੱਟਣਾ, ਗੋਪੀ, ਲਾਲੀ ਦੇ ਵਿਆਹ, ਨਿੱਕੀ ਦੇ ਅਗਵਾ ਕਰਨ ਦੀ ਅਫ਼ਵਾਹ ਕਾਰਨ ਸਹਿਮ, ਮਾਸਟਰ ਮੋਤੀ ਲਾਲ ਦਾ ਪਿੰਡ ਤੋਂ ਹਿਜਰਤ ਕਰਨਾ, ਨਿੱਕੀ ਮੁਸਤਫ਼ਾ ਦਾ ਰਿਸ਼ਤਾ ਖਤਮ ਹੋਣ ਤੋਂ ਇਲਾਵਾ ਪਾਠੀ ਜਗਨ ਸਿੰਘ ਤੇ ਸਰਦਾਰ ਦੀ ਹੱਤਿਆ, ਦੁਕਾਨਦਾਰ ਮੱਖਣ ਸਿੰਘ ਦਾ ਕਤਲ, ਸਿੱਖ ਕੁੜੀ ਬਿੰਦੋ ਦਾ ਅਪਹਰਨ, ਗੁਰਮੁਖ ਸਿੰਘ ਦਾ ਕਤਲ, ਡੀ.ਐੱਸ.ਪੀ. ਰਾਜਬੀਰ ਦਾ ਕਤਲ ਆਦਿ ਘਟਨਾਵਾਂ ਨਾਵਲ ਦਾ ਬਿਰਤਾਂਤਕ ਆਧਾਰ ਬਣਦੀਆਂ ਹਨ ਪਰ ਨਾਵਲੀ ਟੈਕਸਟ ਦਾ ਆਖਰੀ ਹਿੱਸਾ ਕਸ਼ਮੀਰ ਸਮੱਸਿਆ ਤੋਂ ਲਾਂਭੇ ਹੋ ਕੇ ਨਿੱਕੀ ਦੇ ਨਿੱਜੀ, ਪਰਿਵਾਰਕ ਸਰੋਕਾਰਾਂ ਤਕ ਹੀ ਸਿਮਟ ਜਾਂਦਾ ਹੈ।

ਨਾਵਲ ਦੀ ਬਿਰਤਾਂਤ ਵਿਧੀ ਅਨਯ ਪੁਰਖੀ ਹੈ ਤੇ ਇਸ ਦਾ ਬਿਰਤਾਂਤਕ ਉਚਾਰ ਨਾਰੀ ਚੇਤਨਾ ਦੇ ਵਿਭਿੰਨ ਪਾਸਾਰਾਂ ਨੂੰ ਉਭਾਰਨ ਕਾਰਨ ਕਸ਼ਮੀਰ ਸਮੱਸਿਆ ਦੀ ਜਟਿਲਤਾ ਨੂੰ ਬਹੁ-ਪਾਸਾਰੀ ਤੇ ਬਹੁ-ਪਰਤੀ ਬਣਾ ਦਿੰਦਾ ਹੈ।

ਲੇਖਿਕਾ ਨੇ ਪਹਾੜੀ ਪੰਜਾਬੀ ਦੀ ਭਾਸ਼ਾਈ ਆਂਚਲਿਕਤਾ ਨੂੰ ਵੀ ਬਿਰਤਾਂਤ ਦਾ ਹਿੱਸਾ ਬਣਾਇਆ ਹੈ ਤੇ ਪਾਤਰਾਂ ਦੀ ਗੱਲਬਾਤ ਦੁਆਰਾ ਭਾਸ਼ਾਈ ਉਚਾਰਨ ਨੂੰ ਵੀ ਵਿਸ਼ੇਸ਼ ਧੁਨੀ-ਪ੍ਰਬੰਧ ਦੁਆਰਾ ਫੜਨ ਦਾ ਯਤਨ ਕੀਤਾ ਹੈ। ਸੰਖੇਪ ਬਿਰਤਾਂਤ, ਯਥਾਰਥਕ ਦ੍ਰਿਸ਼ ਚਿਤਰਣ, ਠੋਸ ਘਟਨਾਵੀ ਵੇਰਵੇ, ਵਿਚਾਰਧਾਰਕ ਸਪੱਸ਼ਟਤਾ ਅਤੇ ਨਾਵਲ ਦਾ ਮਾਨਵਵਾਦੀ ਸੰਦੇਸ਼ ਵਾਲਾ ਅੰਤ, ਇਸ ਨੂੰ ਕਲਾ-ਤੱਤਾਂ ਨਾਲ ਲਬਰੇਜ਼ ਕਰ ਦਿੰਦੇ ਹਨ।

-ਜੇ.ਬੀ.ਸੇਖੋਂ

ਪ੍ਰਾਪਤ ਪੁਸਤਕਾਂ

ਉਤਰਾਇਣ: ਸੂਰਜ ਵੱਲ ਦੀ ਯਾਤਰਾ (ਕਾਵਿ ਸੰਗ੍ਰਹਿ) ਦੇਵ
ਪੰਨੇ 290, ਮੁੱਲ 400 ਰੁਪਏ, ਨਵਯੁਗ ਪਬਲਿਸ਼ਰਜ਼,ਹੌਜ਼ ਖਾਸ, ਨਵੀਂ ਦਿੱਲੀ

ਮੇਰੇ ਲਈ ਨਾ ਰੁਕੋ (ਕਾਵਿ ਸੰਗ੍ਰਹਿ) ਡਾ. ਰਵਿੰਦਰ
ਪੰਨੇ 88, ਮੁੱਲ 130 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34-ਏ, ਚੰਡੀਗੜ੍ਹ

ਮੈਨੂੰ ਵੀ ਸਦਾਅ ਦੇਣਾ (ਗ਼ਜ਼ਲ ਸੰਗ੍ਰਹਿ) ਹਰਬੰਸ ਮਾਛੀਵਾੜਾ
ਪੰਨੇ 80, ਮੁੱਲ 100 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ,ਲੁਧਿਆਣਾ

ਮੇਰੇ ਪੁਰਖੇ (ਕਾਵਿ ਸੰਗ੍ਰਹਿ) ਗੁਰਮੀਤ ਕੱਲਰਮਾਜਰੀ
ਪੰਨੇ 112, ਮੁੱਲ 100 ਰੁਪਏ, ਹਾਸ਼ੀਆ ਪਬਲੀਕੇਸ਼ਨਜ਼, ਰਣਜੀਤ ਨਗਰ,ਪਟਿਆਲਾ

ਕਾਵਿ-ਗੰਗਾ (ਕਾਵਿ ਸੰਗ੍ਰਹਿ) ਹਰਭਜਨ ਸਿੰਘ ਮਾਂਗਟ
ਪੰਨੇ 86, ਮੁੱਲ 125 ਰੁਪਏ, ਨੈਸ਼ਨਲ ਬੁੱਕ ਸ਼ਾਪ,ਚਾਂਦਨੀ ਚੌਕ,ਦਿੱਲੀ

ਤਲਾਕ! ਤਲਾਕ!! ਤਲਾਕ!!! (ਕਾਵਿ ਸੰਗ੍ਰਹਿ) ਡਾ. ਕੇ.ਐੱਸ.ਯਾਦਵ
ਪੰਨੇ 144, ਮੁੱਲ 200 ਰੁਪਏ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

ਅੱਕ-ਫੰਬੇ (ਕਾਵਿ ਸੰਗ੍ਰਹਿ) ਕਰਨੈਲ ਸਿੰਘ 'ਨੇਕਨਾਮਾ'
ਪੰਨੇ 95, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34-ਏ, ਚੰਡੀਗੜ੍ਹ

ਰੁੱਤਾਂ ਦੇ ਪਰਛਾਵੇਂ (ਕਾਵਿ ਸੰਗ੍ਰਹਿ) ਉਜਾਗਰ ਸਿੰਘ ਕੰਵਲ
ਪੰਨੇ 207, ਮੁੱਲ 150 ਰੁਪਏ, 4 ਪੌਂਡ,5$, ਐਸਥੈਟਿਕਸ ਪਬਲੀਕੇਸ਼ਨਜ਼, ਲੁਧਿਆਣਾ

ਨਾ ਤਾਰੇ ਭਰਨ ਇਸ਼ਾਰੇ (ਕਾਵਿ ਸੰਗ੍ਰਹਿ) ਪਰਮਜੀਤ ਵਿਰਕ
ਪੰਨੇ 95, ਮੁੱਲ 120 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਹੇ ਸਖੀ (ਕਾਵਿ ਸੰਗ੍ਰਹਿ) ਸੁਰਜੀਤ
ਪੰਨੇ 80, ਮੁੱਲ 90 ਰੁਪਏ, ਰੂਪੀ ਪ੍ਰਕਾਸ਼ਨ,ਚੌਕ ਹੁਸੈਨਪੁਰਾ,ਅੰਮ੍ਰਿਤਸਰ

ਤੂੰ ਮੈਨੂੰ ਸਿਰਲੇਖ ਦੇ (ਕਾਵਿ ਸੰਗ੍ਰਹਿ) ਹਰਪ੍ਰੀਤ ਕੌਰ
ਪੰਨੇ 80, ਮੁੱਲ 80 ਰੁਪਏ, ਰੂਪੀ ਪ੍ਰਕਾਸ਼ਨ,ਚੌਕ ਹੁਸੈਨਪੁਰਾ,ਅੰਮ੍ਰਿਤਸਰ

ਘੁੰਮਣਘੇਰੀ (ਕਾਵਿ ਸੰਗ੍ਰਹਿ) ਰਵਿੰਦਰ ਰਵਾਨੀ
ਪੰਨੇ 136, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34-ਏ, ਚੰਡੀਗੜ੍ਹ

ਮਨ-ਅੰਤਰ ਦੀ ਮ੍ਰਿਗ ਤ੍ਰਿਸ਼ਨਾ (ਕਾਵਿ ਸੰਗ੍ਰਹਿ) ਕੀਰਤ ਸਿੰਘ ਤਪੀਆ
ਪੰਨੇ 112, ਮੁੱਲ 125 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਅੰਦਰ ਬਾਹਰ ਮੰਟੋ (ਨਾਟਕ) ਪ੍ਰਮਿੰਦਰਜੀਤ
ਪੰਨੇ 79, ਮੁੱਲ 110 ਰੁਪਏ, ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ

ਗੁਰਸ਼ਰਨ ਸਿੰਘ ਦੇ ਨਾਟਕ (ਛੇ ਜਿਲਦਾਂ ਵਿਚ) ਸੰਪਾਦਕ: ਕੇਵਲ ਧਾਲੀਵਾਲ
ਪੰਨੇ 431, 279, 280, 252, 448, 455, ਮੁੱਲ 250 ਰੁਪਏ ਹਰੇਕ, ਰੰਗਮੰਚ, ਅੰਮ੍ਰਿਤਸਰ

ਦੀਵੇ ਜਗਦੇ ਰਹਿਣਗੇ (ਨਾਵਲ) ਅਵਤਾਰ ਸਿੰਘ ਬਿਲਿੰਗ
ਪੰਨੇ 312, ਮੁੱਲ 260 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34-ਏ, ਚੰਡੀਗੜ੍ਹ

ਹੋਣੀ ਮਨੁੱਖੀ ਸਭਿਅਤਾ ਦੀ (ਨਾਵਲ) ਕੇਵਲ ਕਲੋਟੀ
ਪੰਨੇ 261, ਮੁੱਲ 300 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34-ਏ, ਚੰਡੀਗੜ੍ਹ

ਜਿੱਥੇ ਗਈਆਂ ਬੇੜੀਆਂ (ਨਾਵਲ) ਡਾ. ਅਮਰਜੀਤ ਸਿੰਘ
ਪੰਨੇ 158, ਮੁੱਲ 275 ਰੁਪਏ, ਸਤਵੰਤ ਬੁਕ ਏਜੰਸੀ, ਚਾਂਦਨੀ ਚੌਕ, ਦਿੱਲੀ

ਆਸ ਨਿਰਾਸੀ (ਨਾਵਲ) ਡਾ. ਅਮਰਜੀਤ ਸਿੰਘ
ਪੰਨੇ 191, ਮੁੱਲ 300 ਰੁਪਏ, ਨੈਸ਼ਨਲ ਬੁਕ ਸ਼ਾਪ,ਚਾਂਦਨੀ ਚੌਕ,ਦਿੱਲੀ

ਪਥਰਾਟ (ਨਾਵਲ) ਧਰਮ ਪਾਲ ਸਾਹਿਲ
ਪੰਨੇ 221, ਮੁੱਲ 200 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34-ਏ, ਚੰਡੀਗੜ੍ਹ

ਸਾਡੇ ਸਮੇਂ ਦਾ ਨਾਇਕ (ਨਾਵਲ) ਯੂਰੀ ਲੇਰਮਨਤੋਵ, ਅਨੁਵਾਦਕ: ਗੁਰਬਖਸ਼ ਸਿੰਘ ਫਰੈਂਕ
ਪੰਨੇ 180, ਮੁੱਲ 180 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਪਰਦੇਸ (ਨਾਵਲ) ਸੁਚਿੱਤਰਾ ਭਾਟੀਆ, ਅਨੁਵਾਦਕ: ਰਾਬਿੰਦਰ ਸਿੰਘ ਬਾਠ
ਪੰਨੇ 144, ਮੁੱਲ 160 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਚੰਗੇ ਦਿਨਾਂ ਦੀ ਉਡੀਕ (ਨਾਵਲ) ਜਸਦੇਵ ਸਿੰਘ ਧਾਲੀਵਾਲ
ਪੰਨੇ 312, ਮੁੱਲ 325 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ

ਹਨੇਰੀ ਰਾਤ ਦੇ ਜੁਗਨੂੰ (ਨਾਵਲ) ਅਜ਼ੀਜ਼ ਸਰੋਏ
ਪੰਨੇ 143, ਮੁੱਲ 160 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34-ਏ, ਚੰਡੀਗੜ੍ਹ

ਮਿੱਠਤ ਨੀਵੀਂ (ਨਾਵਲ) ਤ੍ਰਿਲੋਚਨ ਸਿੰਘ ਗਿੱਲ
ਪੰਨੇ 160, ਮੁੱਲ 180 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਕਾਲ ਚੱਕਰ (ਕਹਾਣੀ ਸੰਗ੍ਰਹਿ) ਤਲਵਿੰਦਰ ਸਿੰਘ
ਪੰਨੇ 160, ਮੁੱਲ 175 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਬਾਝ ਤੁਸਾਂ ਅਸੀਂ ਸੱਖਣੇ (ਕਹਾਣੀ ਸੰਗ੍ਰਹਿ) ਕਮਲ
ਪੰਨੇ 88, ਮੁੱਲ 130 ਰੁਪਏ, ਐਜੂਕੇਸ਼ਨਲ ਪਬਲਿਸ਼ਿੰਗ ਹਾਊਸ, ਲਾਲ ਕੂੰਆਂ,ਦਿੱਲੀ

ਨਾਨੀ ਬਾਤ ਸੁਣਾਵੇ (ਬਾਲ ਕਹਾਣੀ ਸੰਗ੍ਰਹਿ) ਕਮਲ
ਪੰਨੇ 80, ਮੁੱਲ 120 ਰੁਪਏ, ਐਜੂਕੇਸ਼ਨਲ ਪਬਲਿਸ਼ਿੰਗ ਹਾਊਸ, ਲਾਲ ਕੂੰਆਂ,ਦਿੱਲੀ

ਕੜ੍ਹਦਾ ਦੁੱਧ (ਵਾਰਤਕ) ਮੁਖਤਿਆਰ ਸਿੰਘ
ਪੰਨੇ 128, ਮੁੱਲ 140 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਭਾਰਤੀ ਲੋਕ-ਕਥਾਵਾਂ (ਵਾਰਤਕ) ਨਰਿੰਦਰ ਦੁਲੇ
ਪੰਨੇ 152, ਮੁੱਲ 170 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਜੈਸੇ ਜਲ ਮਹਿ ਕਮਲ... (ਯਾਦਾਂ) ਪ੍ਰੋ. ਪ੍ਰਿਤਪਾਲ ਕੌਰ
ਪੰਨੇ 152, ਮੁੱਲ 170 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਮਾਟੀ ਏਕ ਰੰਗ ਅਨੇਕ (ਸਵੈਜੀਵਨੀ) ਗੁਰਪਾਲ ਸਿੰਘ ਨੂਰ
ਪੰਨੇ 192, ਮੁੱਲ 200 ਰੁਪਏ, ਸੰਗਮ ਪਬਲੀਕੇਸ਼ਨਜ਼,ਸਮਾਣਾ

ਹੇਠਲੀ ਉੱਤੇ (ਲੇਖ ਸੰਗ੍ਰਹਿ) ਹਰਜੀਤ ਦੌਧਰੀਆ
ਪੰਨੇ 147, ਮੁੱਲ 175 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34-ਏ, ਚੰਡੀਗੜ੍ਹ

ਨੰਗੇ ਹਰਫ (ਲੇਖ ਸੰਗ੍ਰਹਿ) ਡਾ. ਅਜੀਤਪਾਲ ਸਿੰਘ ਐਮ.ਡੀ
ਪੰਨੇ 176, ਮੁੱਲ 100 ਰੁਪਏ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ

ਨਸ਼ਿਆਂ ਦੀ ਮਾਰ: ਬਚਾਓ ਅਤੇ ਇਲਾਜ (ਵਾਰਤਕ) ਡਾ. ਆਰ. ਕੇ. ਬਾਂਸਲ
ਪੰਨੇ 176, ਮੁੱਲ 30 ਰੁਪਏ, ਆਦੇਸ਼ ਵੈਲਫੇਅਰ ਸੁਸਾਇਟੀ, ਮੁਕਤਸਰ

ਅਹਿੰਸਾ, ਪਿਆਰ ਅਤੇ ਸ਼ਾਂਤੀ (ਵਾਰਤਕ) ਦਲਜੀਤ ਸਿੰਘ
ਪੰਨੇ 223, ਮੁੱਲ 170 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34-ਏ, ਚੰਡੀਗੜ੍ਹ

ਸਾਡੇ ਸਮਿਆਂ ਦਾ ਲੋਕ ਨਾਇਕ ਗੁਰਸ਼ਰਨ ਸਿੰਘ (ਆਲੋਚਨਾ) ਸੰਪਾਦਕ: ਕੇਵਲ ਧਾਲੀਵਾਲ
ਪੰਨੇ 384, ਮੁੱਲ 350 ਰੁਪਏ, ਰੰਗਮੰਚ, ਅੰਮ੍ਰਿਤਸਰ

ਪ੍ਰੋ.ਕਿਸ਼ਨ ਸਿੰਘ ਸਾਹਿਤ-ਚਿੰਤਨ:ਵਿਧੀ ਤੇ ਵਿਹਾਰ (ਆਲੋਚਨਾ) ਸਤਿੰਦਰ ਸਿੰਘ ਰੈਬੀ (ਡਾ.)
ਪੰਨੇ 168, ਮੁੱਲ 180 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਕਲ੍ਹ,ਅੱਜ ਤੇ ਭਲਕ:ਰਚਨਾਤਮਕ ਪਾਸਾਰ (ਆਲੋਚਨਾ) ਸੰਪਾਦਕ: ਪਰਮਿੰਦਰ ਸਿੰਘ
ਪੰਨੇ 96, ਮੁੱਲ 120 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਸਮਕਾਲੀ ਯਥਾਰਥ ਅਤੇ ਆਧੁਨਿਕ ਪੰਜਾਬੀ ਕਵਿਤਾ (ਆਲੋਚਨਾ) ਡਾ. ਕੇ. ਐੱਸ. ਯਾਦਵ
ਪੰਨੇ 255, ਮੁੱਲ 250 ਰੁਪਏ, ਲੋਕਗੀਤ ਪ੍ਰਕਾਸ਼ਨ,ਸੈਕਟਰ 34-ਏ, ਚੰਡੀਗੜ੍ਹ

ਧਰਮ ਕੰਮੇਆਣਾ ਦਾ ਕਾਵਿ ਚਿੰਤਨ (ਆਲੋਚਨਾ) ਸੰਪਾਦਕ: ਡਾ. ਸੁਖਜੀਤ ਕੌਰ
ਪੰਨੇ 136, ਮੁੱਲ 200 ਰੁਪਏ, ਸਨਾਵਰ ਪਬਲੀਕੇਸ਼ਨਜ਼, ਪਟਿਆਲਾ

ਸੇਖੋਂ,ਹਰਚਰਨ ਸਿੰਘ ਤੇ ਗਾਰਗੀ (ਆਲੋਚਨਾ) ਡਾ. ਅਮਰਜੀਤ ਸਿੰਘ
ਪੰਨੇ 120, ਮੁੱਲ 200 ਰੁਪਏ, ਸਤਵੰਤ ਬੁਕ ਏਜੰਸੀ, ਚਾਂਦਨੀ ਚੌਕ, ਦਿੱਲੀ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐੱਸ. ਸੀ. ਐੱਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ : ਰਘਬੀਰ ਸਿੰਘ *ਪ੍ਰਕਾਸ਼ਨ ਮਿਤੀ : 1 ਅਕਤੂਬਰ, 2011*

ਪੱਤਰ

ਸੁਰਜੀਤ ਹਾਂਸ ਪੰਜਾਬੀ ਦੇ ਪ੍ਰਬੁੱਧ ਚਿੰਤਕ, ਇਤਿਹਾਸਕਾਰ ਅਤੇ ਲੇਖਕ ਹਨ। ਉਨ੍ਹਾਂ ਦੀਆਂ ਰਚਨਾਵਾਂ ਪੜ੍ਹ ਕੇ ਚਾਨਣੇ-ਚਾਨਣ ਹੋ ਜਾਈਦਾ ਹੈ। 'ਸਿਰਜਣਾ' ਦਾ ਹਰ ਨਵਾਂ ਅੰਕ ਖੋਲ੍ਹਣ ਉਪਰੰਤ ਮੈਂ ਸਭ ਤੋਂ ਪਹਿਲਾਂ ਉਨ੍ਹਾਂ ਦੀ ਲਿਖਤ ਪੜ੍ਹਦਾ ਹਾਂ। ਉਹ ਹਰ ਅੰਕ ਵਿਚ ਕਿਸੇ ਇਕ ਚਰਚਿਤ ਗੈਰ-ਪੰਜਾਬੀ ਪੁਸਤਕ ਦਾ ਇਸ ਢੰਗ ਨਾਲ ਸਾਰ ਪੇਸ਼ ਕਰ ਜਾਂਦੇ ਹਨ ਕਿ ਲਗਦਾ ਹੈ ਸਾਰੀ ਕਿਤਾਬ ਪੜ੍ਹੀ ਗਈ। ਉਨ੍ਹਾਂ ਦੇ ਛੋਟੇ ਛੋਟੇ ਸੂਤ੍ਰਕ ਫ਼ਿਕਰਿਆਂ ਵਿਚ ਤਿੱਖੀ ਚੋਭ ਤੇ ਵਿਅੰਗ ਭਰਿਆ ਹੁੰਦਾ ਹੈ। ਕਈ ਵਾਰੀ ਤਾਂ ਲਗਦਾ ਹੈ ਕਿ ਉਨ੍ਹਾਂ ਕਿਸੇ ਨੁਕਤੇ ਦਾ ਸਿਰਫ਼ ਦਸ਼ਮਲਵ ਹੀ ਪੇਸ਼ ਕੀਤਾ ਹੈ। ਕੋਈ ਅਚੰਭਾ ਨਹੀਂ ਕਿ ਕਈ ਵਾਰ ਅਜਿਹੀ ਸ਼ੈਲੀ ਸੰਚਾਰ ਵਿਚ ਵੀ ਰੁਕਾਵਟ ਪਾਉਂਦੀ ਹੈ। ਫਿਰ ਉਹ ਆਪਣੇ ਵੱਲੋਂ ਹੀ ਮੌਕੇ 'ਤੇ ਘੜੇ ਸ਼ਬਦ ਵਰਤਣ ਦੀ ਵੀ ਜ਼ਿੱਦ ਕਰਦੇ ਹਨ। ਅਜਿਹੇ ਸ਼ਬਦ ਕਈ ਵਾਰ ਅਣਘੜਤ ਹੁੰਦੇ ਹਨ ਜਿਨ੍ਹਾਂ ਦਾ ਵਧੀਆ ਬਦਲ ਪਹਿਲਾਂ ਹੀ ਪੰਜਾਬੀ ਵਿਚ ਮੌਜੂਦ ਹੁੰਦਾ ਹੈ। ਸ਼ਾਇਦ ਇਹ ਗੱਲ ਵੀ ਹੋਵੇ ਕਿ ਇਕ ਵੱਡੀ ਸਾਰੀ ਕਿਤਾਬ ਦਾ ਵੱਡਾ ਸਾਰਾ ਸਾਰ ਪੇਸ਼ ਕਰਨ ਲੱਗਿਆਂ ਵਾਕਾਂ ਦਾ ਆਪਸ ਵਿਚ ਤਾਲਮੇਲ ਬਿਠਾਉਣਾ ਮੁਸ਼ਕਿਲ ਹੋਵੇ। ਕੁਝ ਵੀ ਹੋਵੇ ਇਹ ਤਕਨੀਕੀ ਜਿਹੀਆਂ ਕਮੀਆਂ ਉਨ੍ਹਾਂ ਦੀ ਵਡੇਰੀ ਪ੍ਰਾਪਤੀ ਦੇ ਸਨਮੁਖ ਨਿਗੂਣੀਆਂ ਹਨ। ਪੰਜਾਬੀ ਵਿਚ ਅਜਿਹੇ ਸਿਰੜੀ ਬੁੱਧੀਜੀਵੀਆਂ ਦੀ ਗਿਣਤੀ ਘਟਦੀ ਜਾ ਰਹੀ ਹੈ। ਕਾਮਨਾ ਹੈ ਉਹ ਲੰਮੀ ਉਮਰ ਭੋਗਣ!

ਮੈਂ ਸੂਰਜ ਅੱਗੇ ਦੀਵਾ ਦਿਖਾਉਣ ਵਾਲੀ ਗੱਲ ਕਰਨ ਲੱਗਾ ਹਾਂ। ਇਸਦਾ ਸਬੱਬ ਵੀ ਤਾਂ ਬਣਿਆ ਕਿਉਂਕਿ ਉਨ੍ਹਾਂ ਆਪ ਹੀ ਇਕ ਜਾਣਕਾਰੀ ਦੀ ਘਾਟ ਦਰਸਾਈ ਹੈ ਤੇ ਮੈਂ ਅਜਿਹੇ ਵਿਸ਼ੇ ਬਾਰੇ ਮਾੜਾ ਮੋਟਾ ਮੱਸ ਰੱਖਦਾ ਹਾਂ। ਗੱਲ ਇਉਂ ਹੈ ਕਿ 'ਸਿਰਜਣਾ' ਦੇ ਪਿਛਲੇ ਅੰਕ ਵਿਚ ਉਨ੍ਹਾਂ ਫਰਾਂਸੀਸੀ ਇਤਿਹਾਸਕਾਰ ਫ਼ਰਨਾਂ ਬਰੋਦੇਲ ਦੀ ਵੱਡ-ਆਕਾਰੀ ਪੁਸਤਕ 'ਸਰਮਾਏਦਾਰੀ ਦੀ ਉਪਜ ਅਤੇ ਇਤਿਹਾਸ' ਦਾ ਰਿਵਿਊ ਕਰਦਿਆਂ ਇਕ ਜਗਹ ਲਿਖਿਆ ਹੈ, "ਪੰਜਾਬੀ ਦਾ ਮੁਹਾਵਰਾ ਹੈ- ਪੂਜਾ ਦਾ ਧਾਨ ਬੰਦੇ ਨੂੰ ਕੋਹੜੀ ਕਰ ਦਿੰਦਾ ਹੈ। ਸਾਡੀਆਂ ਔਰਤਾਂ (ਮਰਦ ਨਹੀਂ) ਗੁਰਦਵਾਰੇ ਥਾਲੀਆਂ 'ਚ ਕਣਕ ਚੜ੍ਹਾਉਂਦੀਆਂ ਹਨ ਪਰ ਅਸੀਂ ਇਹਨੂੰ ਕਹਿੰਦੇ ਧਾਨ ਹੀ ਹਾਂ। ਕੀ ਕਣਕ ਦੀ ਚੜ੍ਹਤ ਚਾਵਲ ਤੋਂ ਮਗਰੋਂ ਹੋਈ ਜਾਂ ਅੰਨ ਲਈ ਪਹਿਲਾਂ ਧਾਨ ਲਫ਼ਜ਼ ਸੀ ਜਿਹੜਾ ਚਾਵਲ ਆਉਣ 'ਤੇ ਉਹਦੇ ਨਾਉਂ ਲੱਗ ਗਿਆ?"

ਪਹਿਲਾਂ ਅੰਨ ਸ਼ਬਦ ਦੀ ਹੀ ਗੱਲ ਕਰ ਲਈਏ। ਇਹ ਸੰਸਕ੍ਰਿਤ ਧਾਤੂ 'ਅਦ' ਤੋਂ ਬਣਿਆ ਜਿਸਦਾ ਅਰਥ, ਖਾਣਾ, ਭਖਣਾ ਹੈ ਤੇ ਇਸਦੇ ਲਿਥੂਐਨੀਅਨ, ਗਰੀਕ, ਲੈਟਿਨ, ਗੌਥਿਕ, ਜਰਮਨ, ਅੰਗਰੇਜ਼ੀ ਆਦਿ ਵਿਚ ਸੁਜਾਤੀ ਸ਼ਬਦ ਮਿਲਦੇ ਹਨ। ਬਹੁਤਿਆਂ ਦੀ ਕੀ ਗੱਲ ਕਰਨੀ ਹੈ ਅੰਗਰੇਜ਼ੀ ਸ਼ਬਦ ਈਟ (eat) ਅਤੇ ਐਡੀਬਲ (edible) ਇਸਦੇ ਸੁਜਾਤੀ ਹਨ। 'ਅੰਨ' ਮੁਢਲੇ ਤੌਰ 'ਤੇ 'ਅਦ' ਦੀ ਭੂਤਕਾਲਕ ਕਿਰਿਆ ਹੈ ਜਿਸਦਾ ਅਰਥ ਹੈ 'ਖਾਧਾ ਹੋਇਆ'। ਇਸੇ ਤੋਂ ਅੱਗੇ ਵਿਕਸਤ ਹੋਕੇ ਅਰਥ ਬਣੇ 'ਖਾਜਾ' ਖਾਸ ਤੌਰ 'ਤੇ ਉਬਲੇ ਚਾਵਲ। ਬਾਅਦ ਵਿਚ ਕੋਈ ਵੀ ਖਾਣਯੋਗ ਦਾਣਿਆਂ ਦਾ ਭਾਵ ਵਿਕਸਤ ਹੋਇਆ।

ਧਾਨ ਸ਼ਬਦ ਦਾ ਧਾਤੂ 'ਧਾ' ਹੈ । ਇਸ ਧਾਤੂ ਵਿਚ ਰੱਖਣਾ, ਚੁੱਕਣਾ ਆਦਿ ਦੇ ਭਾਵ ਨਿਹਿਤ ਹਨ। ਇਹ ਧਾਰਨ ਕਰਨਾ ਹੀ ਹੋਇਆ ਜੋ ਆਪਣੇ ਆਪ ਵਿਚ ਵੀ ਇਸੇ ਧਾਤੂ ਤੋਂ ਬਣਿਆ ਹੈ। ਅਸਲ ਵਿਚ ਇਸ ਧਾਤੂ ਤੋਂ ਦੋ ਤਰ੍ਹਾਂ ਦੇ ਅਰਥ ਨਿਕਲਦੇ ਹਨ: 1. ਕਿਸੇ ਵਸਤੂ ਆਦਿ ਵੱਲੋਂ ਆਪਣੇ ਚੁਫੇਰੇ ਕੁਝ ਲਪੇਟਣਾ ਜਾਂ ਰੱਖਣਾ; 2. ਕਿਸੇ ਵਸਤੂ ਦਾ ਆਪਣੇ ਅੰਦਰ ਕੁਝ ਰੱਖਣਾ। ਅਸੀਂ ਇਸਦੇ ਅਨਾਜ ਦੇ ਅਰਥਾਂ ਵੱਲ ਆਈਏ। ਧਰਤੀ ਕਿਸੇ ਬੀਜ ਨੂੰ ਧਾਰਨ ਕਰਕੇ ਜਾਂ ਰੱਖਕੇ ਜੋ ਪੈਦਾ ਕਰਦੀ ਹੈ ਉਹ ਸੰਸਕ੍ਰਿਤ ਵਿਚ 'ਧਾਨਯ' ਹੈ ਜਿਸਨੇ ਬਾਅਦ ਵਿਚ 'ਧਾਨ' ਦਾ ਰੂਪ ਲਿਆ। ਇਸ ਤਰ੍ਹਾਂ ਮੁਢਲੇ ਤੌਰ 'ਤੇ ਧਾਨ (ਧਾਨਯ) ਦਾ ਅਰਥ ਧਰਤੀ ਤੋਂ ਪੈਦਾ ਹੋਣ ਵਾਲੀ ਕੋਈ ਉਪਜ ਹੈ। ਬਾਅਦ ਵਿਚ ਇਹ ਚਾਵਲ ਲਈ ਰੂੜ੍ਹ ਹੋ ਗਿਆ। ਸੰਸਕ੍ਰਿਤ ਵਿਚ ਇਕੱਲੇ 'ਧਾਨ' ਦਾ ਅਰਥ ਪਾਤਰ, ਭਾਂਡਾ, ਖੋਲ, ਧਨੀਆ, ਆਬਾਦ ਥਾਂ ਆਦਿ ਹੀ ਹੈ। ਅਸਲ ਵਿਚ ਦਾਣੇ ਦੇ ਅਰਥ ਵਾਲਾ ਸੰਸਕ੍ਰਿਤ ਸ਼ਬਦ 'ਧਾਨਾ' ਹੈ ਜਿਸਦਾ ਇਹ ਅਰਥ ਇਸ ਲਈ ਪਿਆ ਕਿਉਂਕਿ ਇਹ ਧਰਤੀ ਵਿਚ 'ਧਣੇ' ਜਾਂਦੇ ਹਨ ਅਤੇ ਧਰਤੀ ਦੁਆਰਾ ਹੀ 'ਜਣੇ' ਜਾਂਦੇ ਹਨ। ਸੰਸਕ੍ਰਿਤ ਵਿਚ

ਇਸ ਸ਼ਬਦ ਦਾ ਅਰਥ ਭੁੰਨ ਕੇ ਪੀਸੇ ਹੋਏ ਜੌਂ, ਚੌਲ ਜਾਂ ਕੋਈ ਹੋਰ ਅਨਾਜ ਅਰਥਾਤ ਸੱਤੂ ਵੀ ਹੈ। ਧਨੀਆ ਸ਼ਬਦ ਵੀ ਇਸੇ ਤੋਂ ਬਣਿਆ। ਫਾਰਸੀ ਵੱਲੋਂ ਆਇਆ ਦਾਣਾ ਸ਼ਬਦ ਇਸਦਾ ਸੁਜਾਤੀ ਹੈ।

ਪਰ 'ਧਾਨ' ਦੀ ਬਹੁਤੀ ਵਰਤੋਂ ਪਿਛੇਤਰ ਦੇ ਤੌਰ 'ਤੇ ਹੁੰਦੀ ਹੈ ਜਿਸ ਵਿਚ ਇਸਦੇ ਅਰਥ 'ਰੱਖਣ ਵਾਲਾ, ਧਾਰਨ ਕਰਨ ਵਾਲਾ, ਆਬਾਦੀ ਵਾਲਾ' ਹੈ। ਆਮ ਵਰਤੋਂ ਵਿਚ ਆਉਣ ਵਾਲਾ ਗਰਭਾਧਾਨ ਤੇ ਸ਼ਾਇਦ ਦਯੂਨਾ ਵਿਚ ਇਹ ਪਿਛੇਤਰ ਦੇਖਿਆ ਜਾ ਸਕਦਾ ਹੈ ਪਰ 'ਧਾਨੀ' ਦੇ ਰੂਪ ਵਿਚ ਇਸਦੀ ਵਧੇਰੇ ਵਰਤੋਂ ਆਬਾਦੀ ਵਾਲਾ, ਵਸੋਂ ਵਾਲਾ ਦੇ ਤੌਰ 'ਤੇ ਹੋਈ ਹੈ। ਫਾਰਸੀ ਵੱਲੋਂ 'ਦਾਨਾ/ਦਾਨੀ' ਇਸਦੇ ਸੁਜਾਤੀ ਪਿਛੇਤਰ ਹਨ। ਮਿਸਾਲ ਵਜੋਂ ਪੁਸ਼ਪਧਾਨੀ/ਫੁਲਦਾਨ, ਧਰਮ ਧਾਨੀ, ਧੂਲਧਾਨੀ, ਬਲਧਾਨੀ, ਜ਼ਹਿਰਧਾਨੀ, ਅਤਰਦਾਨੀ, ਮਸਾਲੇਦਾਨੀ, ਮੱਛਰਦਾਨੀ, ਰਾਜਧਾਨੀ ਆਦਿ। "ਢੱਠਾ ਵਿਚ ਮੈਦਾਨ ਦੇ ਰਾਜਿਆਂ ਦਾ ਧਾਨੀ" (ਜੰਗਨਾਮਾ) ਵਿਚ ਧਾਨੀ ਦਾ ਅਰਥ (ਆਪਣੇ ਅਧੀਨ) ਰੱਖਣ ਵਾਲਾ ਹੈ ਜਦ ਕਿ ਕਾਹਨ ਸਿੰਘ ਨੇ ਮੋਢੀ, ਮੁਖੀਆ ਲਿਖਿਆ ਹੈ। ਇਸ ਦਾ ਅਰਥ "ਧਾਨ ਦੇ ਪੱਤੇ ਜੇਹਾ ਹਰੇ ਰੰਗ"(ਮਹਾਨ ਕੋਸ਼) ਵੀ ਹੈ। ਢਾਣੀ/ਢਾਣਾ ਸ਼ਬਦ ਤੇ ਪਿਛੇਤਰ ਵੀ ਇਸੇ ਦੇ ਰੂਪਾਂਤਰ ਹਨ। ਪੰਜਾਬ, ਹਰਿਆਣਾ, ਰਾਜਸਥਾਨ, ਯੂਪੀ, ਮਹਾਰਾਸ਼ਟਰ ਤੇ ਭਾਰਤ ਦੇ ਗੁਆਂਢੀ ਦੇਸ਼ਾਂ ਵਿਚ ਇਹ ਸ਼ਬਦ/ਪਿਛੇਤਰ ਸੈਂਕੜੇ ਪਿੰਡਾਂ ਕਸਬਿਆਂ ਦੇ ਨਾਂ ਦੇ ਅੱਗੇ ਪਿੱਛੇ ਲਗਦਾ ਹੈ ਜਿਵੇਂ ਬੁਲਢਾਣਾ, ਢਾਣਾ ਕਲਾਂ, ਢਾਣੀ ਲਹਿਰਾਂ ਵਾਲੀ, ਬਾਹਣਾਂ ਵਾਲਾ ਢਾਣੀ, ਢਾਣੀ ਡੋਗਰਾਂਵਾਲਾ, ਚੂਹੜੀਵਾਲਾ ਢਾਣਾ, ਚਿਚੌਲੀਢਾਣਾ ਆਦਿ। ਫਿਰੋਜ਼ਪੁਰ ਜ਼ਿਲ੍ਹੇ ਵਿਚ ਖਾਸ ਨਾਵਾਂ ਵਾਲੀਆਂ ਬਹੁਤ ਸਾਰੀਆਂ ਢਾਣੀਆਂ ਹਨ ਜਿਵੇਂ ਢਾਣੀ ਅਰੂੜ ਸਿੰਘ, ਢਾਣੀ ਕੜਾਕਾ ਸਿੰਘ, ਢਾਣੀ ਸੁੱਚਾ ਸਿੰਘ ਆਦਿ।

'ਧਾ' ਧਾਤੂ ਤੋਂ ਹੋਰ ਵੀ ਸਕਾਰਾਤਮਕ ਜਾਂ 'ਉਚ-ਕੀਮਤਾਂ' ਦੇ ਅਰਥਾਵੇਂ ਸ਼ਬਦਾਂ ਦੀ ਉਤਪਤੀ ਹੋਈ ਹੈ ਜਿਵੇਂ ਧਨ, ਧਨੀ, ਧੰਨ, ਧੰਨ ਧੰਨ, ਧੰਨਵਾਦ, ਧਨ (ਰਿਣ ਦੇ ਟਾਕਰੇ 'ਤੇ), ਧੰਨਭਾਗ, ਧਾਨੀ (ਇਸਤਰੀ), ਪਰਾਇਆ ਧਨ ਆਦਿ। ਰਾਜਸਥਾਨੀ ਵਿਚ ਪਤੀ ਨੂੰ ਧਣੀ ਕਿਹਾ ਜਾਂਦਾ ਹੈ। ਜੇ ਇਸ ਪਾਸੇ ਗੱਲ ਕਰੀਏ ਤਾਂ ਬਹੁਤ ਲਮਕ ਜਾਂਦੀ ਹੈ।

-ਬਲਜੀਤ ਬਾਸੀ (ਪਲਿਮਥ, ਮਿਸ਼ੀਗਨ, ਯੂ.ਐੱਸ.ਏ

.

'ਸਿਰਜਣਾ' ਦੇ 161ਵੇਂ ਅੰਕ ਵਿਚਲੀ ਲਾਲ ਸਿੰਘ ਦੀ ਕਹਾਣੀ 'ਗ਼ਦਰ' ਬਹੁ-ਪਰਤੀ ਕਹਾਣੀ ਹੈ। ਕਹਾਣੀ ਪੜ੍ਹਦਿਆਂ ਪੜ੍ਹਦਿਆਂ ਕਿੰਨੀ ਵਾਰ ਬੇਬਸੀ, ਲਾਚਾਰੀ ਦਾ ਅਹਿਸਾਸ ਹੋਇਆ। ਕਿੰਨੀ ਵਾਰ ਗੁੱਸੇ ਨਾਲ ਖੂਨ ਖੌਲਿਆ। ਇਹ ਕੀ ਹੋ ਰਿਹਾ ਹੈ, ਸਾਡੇ ਦੇਸ਼ ਅੰਦਰ। ਸਾਰਾ ਤਾਣਾ ਹੀ ਵਿਗੜਿਆ ਪਿਆ ਏ। ਉਲਝਿਆ ਪਿਆ ਏ। ਸਾਰਾ ਤੰਤਰ ਹੀ ਰਿਸ਼ਵਤਖੋਰ ਏ। ਕੀ ਯੂਨੀਵਰਸਿਟੀ, ਕੀ ਕਾਨੂੰਨ ਮਹਿਕਮਾ, ਕੀ ਪੁਲਿਸ ਤੰਤਰ ਤੇ ਕੀ ਡਾਕਟਰ, ਹਸਪਤਾਲ। ਬੀਮਾਰ ਆਦਮੀ ਨੂੰ ਦਾਖਲ ਕਰਨ ਲਈ ਰਿਸ਼ਵਤ, ਮਰੇ ਆਦਮੀ ਦੀ ਰਿਪੋਰਟ ਲਿਖਣ ਲਈ ਰਿਸ਼ਵਤ। ਕੋਰਟ-ਕਚਹਿਰੀ ਵਿਚ ਫਸ ਜਾਉ ਤਾਂ ਸਾਲੋਂ ਸਾਲ ਲਟਕਦੇ ਰਹੋ। ਕੋਈ ਸੁਣਵਾਈ ਨਹੀਂ। ਵਾਹ ਪਏ ਜਾਣੀਏ ਤਾਂ ਰਾਹ ਪਏ ਜਾਣੀਏ। ਲਗਪਗ ਹਰ ਆਦਮੀ ਇਸ ਤੰਤਰ ਦੇ ਕਿਸੇ ਨ ਕਿਸੇ ਜਾਲ ਵਿਚ ਫਸ ਹੀ ਜਾਂਦਾ ਏ ਤੇ ਫਿਰ ਉਹਦੇ 'ਚੋਂ ਨਿਕਲਣਾ ਕਿੰਨਾ ਔਖਾ ਏ। ਆਦਮੀ ਜਾਏ ਤੇ ਕਿੱਥੇ ਜਾਏ। ਕਰੇ ਤੇ ਕੀ ਕਰੇ। ਇਸ ਕਹਾਣੀ ਦਾ ਮੁੱਖ ਪਾਤਰ ਬਹੁ-ਪਰਤੀ ਜਾਲ ਵਿਚ ਫਸਿਆ ਹੋਇਆ ਏ। ਉਹ ਆਪਣੇ ਮਾਮੇ ਜਾਂ ਚਾਚੇ ਵਾਂਗ ਤੰਤਰ ਨੂੰ ਵੰਗਾਰ ਨਹੀਂ ਸਕਦਾ। ਵੰਗਾਰੇਗਾ ਤਾਂ ਆਪਣਾ ਹੋਰ ਨੁਕਸਾਨ ਕਰ ਲਵੇਗਾ।

ਕਿੱਥੇ ਇਕ ਪਾਸੇ ਉਹ ਯੂਨੀਵਰਸਿਟੀ 'ਚ ਆਪਣਾ ਇਕ ਨਾਵਲ ਸਿਲੇਬਸ 'ਚ ਲਗਾਣ ਲਈ ਤਰਲੋਮੱਛੀ ਹੁੰਦਾ ਏ ਤੇ ਦੂਜੇ ਪਾਸੇ ਆਪਣੇ ਭਰਾ ਨਾਲ ਜ਼ਮੀਨ ਜਾਇਦਾਦ ਦਾ ਚੱਕਰ ਜਿਸ ਪਿੱਛੇ ਉਹ ਕੋਰਟ ਕਚਹਿਰੀ ਦੇ ਚਕਰ ਕੱਟੀ ਜਾ ਰਿਹਾ ਹੈ। ਬਹੁਤ ਚੰਗੀ ਲੱਗੀ ਕਹਾਣੀ।

-ਰਾਜਿੰਦਰ ਕੌਰ, ਨਾਰਾਇਣਾ ਵਿਹਾਰ, ਨਵੀਂ ਦਿੱਲੀ

ਸਿਰਜਣਾ-161 ਅੰਕ ਬਾਰੇ ਕੁਝ ਪ੍ਰਭਾਵ ਸਾਂਝੇ ਕਰਨਾ ਚਾਹੁੰਦਾ ਹਾਂ। ਸੰਪਾਦਕੀ ਬੜਾ ਵੱਡਾ ਸੱਚ ਪ੍ਰਗਟਾਉਂਦਾ ਹੈ। ਨਵੇਂ ਸਿਰਿਉਂ ਪ੍ਰਗਤੀਵਾਦ ਉੱਚੀ ਪਰਵਾਜ਼ ਭਰੇਗਾ, ਮੇਰੀ ਵੀ ਇਹੋ ਕਾਮਨਾ ਹੈ ਕਿ ਇਸੇ ਤਰ੍ਹਾਂ ਹੋਵੇ।

ਬਲਵਿੰਦਰ ਸੰਧੂ ਦੀ 'ਹੇ ਕਵਿਤਾ' ਬੜੀ ਖੂਬਸੂਰਤ ਨਜ਼ਮ ਹੈ। 'ਅਕੀਦਾ' ਉਸਦੀ ਕ੍ਰਿਆਸ਼ੀਲਤਾ ਤੇ ਤੁਰੇ ਰਹਿਣ ਦੀ ਚਾਹਤ ਦੀ ਪੇਸ਼ਕਾਰੀ ਹੈ। ਉਹ ਚਿੱਤਰ ਵਿਚਲਾ ਰੁੱਖ ਨਹੀਂ ਬਣਨਾ ਚਾਹੁੰਦਾ। 'ਹਿਲਜੁੱਲ' ਅਤੇ 'ਹਕੀਮ ਨਹੀਂ ਜਾਣਦਾ' ਵੀ ਵਧੀਆ ਲੱਗੀਆਂ। ਸੁਰਖ਼ ਗੀਤ ਕਦੋਂ ਉਗਮਦਾ, ਪਰਿਸਥਿਤੀਆਂ ਬਾਖ਼ੂਬੀ ਬਿਆਨੀਆਂ ਨੇ। ਨਿਰਸੰਦੇਹ ਬਲਵਿੰਦਰ ਸੰਧੂ ਸੁਚੇਤ ਕਵੀ ਹੈ ਅਤੇ ਮਿੱਟੀ ਦਾ ਸੱਚ ਲਿਖਦਾ ਹੈ।

ਲਾਲ ਸਿੰਘ ਦੀ ਕਹਾਣੀ 'ਗ਼ਦਰ' ਵਿਚਲਾ ਪਾਤਰ ਬਲਕਾਰ ਸਿੰਘ ਆਪਣਾ ਨਾਵਲ 'ਲਾਸ਼' ਕੋਰਸ 'ਚ ਲਵਾਉਣ ਲਈ ਕਿਵੇਂ ਯੂਨੀਵੱਰਸਿਟੀ ਦੇ ਬੁੱਧੀਜੀਵੀ ਅਖਵਾਉਂਦੇ ਸਾਹਿਤ ਦੇ ਡਾਕਟਰਾਂ ਨੂੰ ਦਾਰੂ ਪਿਲਾਉਂਦਾ ਹੈ, ਬੜਾ ਸਹੀ ਲਿਖਿਆ ਹੈ। ਸਿੱਖਿਆ ਦੇ ਕੇਂਦਰ ਸਾਧ ਖਾਨੇ ਬਣ ਗਏ ਲਗਦੇ ਹਨ। ਇਸ ਦੇ ਟਾਕਰੇ ਖੁਦ ਬਲਕਾਰ ਸਿੰਘ ਦੇ ਸਕੇ ਭਾਈਆਂ ਨੇ ਉਸ ਦਾ ਬਾਪ ਮਰਵਾ ਦਿੱਤਾ, ਜ਼ਮੀਨ ਪੋਤਿਆਂ ਨਾਵੇਂ ਕਰਵਾ ਲਈ ਤੇ ਉਹ ਕੋਰਟਾਂ ਜੋਗਾ ਰਹਿ ਗਿਆ। ਉਸਦੇ ਵਕੀਲ ਨੇ ਲਾਗੇ ਸ਼ਹਿਰ 'ਚ ਇਕ ਕੋਠੀ ਲੈ ਕੇ ਦਿੱਤੀ, ਉਸ 'ਤੇ ਕਾਬਜ਼ ਰਾਜਨੀਤਕ ਗੁੰਡਾ ਬਲਕਾਰ ਸਿੰਘ ਦੇ ਪੈਰ ਨਹੀਂ ਲੱਗਣ ਦਿੰਦਾ। ਘਰੋਂ ਟੁੱਟ ਚੁੱਕਾ, ਬਾਹਰ ਵਕੀਲ ਤੇ ਬਦਮਾਸ਼ ਲੋਕਾਂ ਤੋਂ ਸਤਿਆ ਹੋਇਆ, ਬਲਕਾਰ ਸਿੰਘ ਉਦੋਂ ਮਾਮੇ ਨੂੰ ਮਿਲਣ ਜਾਂਦਾ ਹੈ ਤਾਂ ਉਦੋਂ ਮਾਮੇ ਦੀ ਬਿਮਾਰ ਦੇਹ ਨੂੰ ਹਸਪਤਾਲੀਂ ਚੁੱਕੀ ਫਿਰਦਾ ਇਥੋਂ ਦੇ ਭ੍ਰਿਸ਼ਟ ਪ੍ਰਬੰਧ ਦੇ ਸਾਖਸ਼ਾਤ ਦਰਸ਼ਨ ਕਰਦਾ ਹੈ। ਕਹਾਣੀ ਬਹੁਤ ਸਾਰੇ ਪ੍ਰਸ਼ਨ ਖੜ੍ਹੇ ਕਰਦੀ ਹੈ। ਆਪਣੀ ਗੱਲ ਬਾਖ਼ੂਬੀ ਕਹਿ ਗਈ ਹੈ ਇਹ ਕਹਾਣੀ।

ਦਰਸ਼ਨ ਸਿੰਘ ਦੀ ਕਹਾਣੀ 'ਰਖ਼ੇਲ' ਪੱਛਮੀ ਮਾਡਰਨ ਔਰਤ ਦੇ ਸੱਚ ਨੂੰ ਬਿਆਨਦੀ ਹੈ। ਇਕ ਔਰਤ ਹੈ ਈਰਾ ਜੋ ਪਤਨੀ ਹੋ ਕੇ ਮੌਜ ਕਰਨਾ ਲੋਚਦੀ ਹੈ। ਇਕ ਹੈ ਲੂਸੀਆ ਜੋ ਉਸ ਨੂੰ ਪਤਨੀ ਦੇ ਚੱਕਰ 'ਚ ਪੈਣ ਨਾਲੋਂ ਉਂਝ ਹੀ ਮੌਜ-ਮਸਤੀ ਕਰਨ ਨੂੰ ਕਹਿੰਦੀ ਹੈ। ਅਰਕਾਦੀ ਬੱਸ ਈਰਾ ਨੂੰ ਮਾਨਣ ਲਈ ਰੱਖਣਾ ਚਾਹੁੰਦਾ ਹੈ, ਪਤਨੀ ਬਣਾ ਕੇ ਨਹੀਂ। ਈਰਾ ਦਾ ਪਹਿਲਾ ਪਤੀ ਮੀਸ਼ਾ ਆਪ ਤੋਂ ਛੋਟੀ ਉਮਰ ਦੀ ਕੁੜੀ ਨਾਲ ਵਿਆਹ ਕਰ ਲੈਂਦਾ ਹੈ। ਲੂਸੀਆ ਦੀ ਪਾਰਟੀ 'ਚ ਈਰਾ ਉਸ ਕੁੜੀ ਨੂੰ ਮੀਸ਼ੇ ਨਾਲ ਵੇਖਕੇ ਗੁੱਸੇ 'ਚ ਉਥੋਂ ਨਿਕਲ ਜਾਂਦੀ ਹੈ। ਐਪਰ ਅਰਕਾਦੀ ਦੀਆਂ ਸ਼ਰਤਾਂ ਨਾਲ ਸਮਝੌਤਾ ਕਰਕੇ ਪੈਰਿਸ ਉਸ ਨਾਲ ਮੰਨ ਜਾਣਾ ਈਰਾ ਦੀ ਕਮਜ਼ੋਰੀ ਨੂੰ ਹੀ ਦਰਸਾਉਂਦਾ ਹੈ।

'ਸਮੇਂ ਦਾ ਹਾਣੀ : ਗੁਰਚਰਨ ਰਾਮਪੁਰੀ' ਨਾਉਂ ਦੇ ਲੇਖ ਵਿਚ ਚੰਦਰ ਮੋਹਨ ਨੇ ਰਾਮਪੁਰੀ ਦੀ ਕਵਿਤਾ ਦਾ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਮੁਲੰਕਣ ਕੀਤਾ ਹੈ। ਗੁਰਚਰਨ ਰਾਮਪੁਰੀ ਇਕ ਪੁਲ ਹੈ ਪਹਿਲੀ ਅਤੇ ਅੱਜ ਦੀ ਕਵਿਤਾ ਵਿਚਾਲੇ। ਉਸ ਨੇ ਧਰਮ, ਸਿਆਸਤ ਦੀ ਹਕੀਕਤ ਨੂੰ ਚੰਗੀ ਤਰ੍ਹਾਂ ਨੰਗਿਆਂ ਕੀਤਾ ਹੈ। ਉਸ ਦੀ ਕਵਿਤਾ ਲੋਕ ਮਨਾਂ ਦੀਆਂ ਖਿੜਕੀਆਂ ਖੋਲ੍ਹਦੀ ਹੈ।

ਸਮੁੱਚੇ ਅੰਕ ਉੱਤੇ ਕੀਤੀ ਮਿਹਨਤ ਸਾਖਿਆਤ ਹੁੰਦੀ ਹੈ।

-ਹਰੀ ਕ੍ਰਿਸ਼ਨ ਮਾਇਰ, ਵਿਕਾਸ ਨਗਰ, ਪੱਖੋਵਾਲ ਰੋਡ, ਲੁਧਿਆਣਾ

ਐਡੀਟੋਰੀਅਲ 'ਪ੍ਰਗਤੀਵਾਦ ਇਕ ਹੋਰ ਪਰਵਾਜ਼' ਦੇ ਉੱਤਰ ਵਿਚ 'ਹੋਣੀ ਮਨੁੱਖੀ ਸੱਭਿਅਤਾ ਦੀ' ਵੇਖਣ ਦੀ ਕੋਸ਼ਿਸ਼ ਕਰਨਾ। ਤੁਹਾਡੇ ਵੱਲੋਂ ਇੱਛਤ 'ਪਰਵਾਜ਼' ਦੇ ਆਸ਼ਕਾਂ ਨੇ ਜਿਵੇਂ-ਕਿਵੇਂ ਧੂੰਆਂ ਧੁਖਾਈ ਰੱਖਿਆ ਹੋਇਆ ਹੈ। ਪਰ ਤੁਸੀਂ ਅੱਖਾਂ ਮੂੰਦ ਲੈਂਦੇ ਹੋ। ਤੁਹਾਡੀਆਂ ਅੱਖਾਂ ਵਿਚ ਇਹ ਧੂਆਂ ਰੜਕਦਾ ਨਹੀਂ। 'ਪਰਵਾਜ਼' ਦੇ ਆਸ਼ਕਾਂ ਨੂੰ ਆਪਣੀ ਪਰਵਾਜ਼ੀ 'ਤੇ ਮਾਣ ਹੁੰਦਾ ਹੈ ਤੇ ਉਹ 'ਝੋਲੀ ਚੁੱਕ' ਨਹੀਂ ਹੋ ਸਕਦੇ। ਹੋਣ ਵੀ ਕਿਉਂ? -ਕੇਵਲ ਕਲੋਟੀ, ਟਾਂਡਾ ਉੜਮੁੜ

ਨਿਵੇਕਲੀ ਪ੍ਰਤਿਭਾ ਵਾਲੇ ਸ਼੍ਰੇਸ਼ਟ ਗਲਪਕਾਰ
ਅਵਤਾਰ ਸਿੰਘ ਬਿਲਿੰਗ ਦਾ ਨਵਾਂ ਨਾਵਲ
ਦੀਵੇ ਜਗਦੇ ਰਹਿਣਗੇ



ਸਭ ਤੋਂ ਪਿਆਰੀ ਥਾਂ ਬੰਦੇ ਲਈ ਉਹਦੀ ਜਨਮ-ਭੂਮੀ ਹੁੰਦੀ ਹੈ ਜਿੱਥੇ ਉਹ ਪੈਦਾ ਹੋਇਆ, ਜਿਸ ਮਿੱਟੀ ਵਿਚ ਉਹ ਖੇਡਿਆ, ਮੱਲ੍ਹਿਆ, ਪ੍ਰਵਾਨ ਚੜ੍ਹਿਆ। ਉਹੀ ਆਲ੍ਹਣਾ ਉਸਦੇ ਸੁਪਨਿਆਂ ਵਿਚ ਵਸਦੈ, ਬੰਦਾ ਭਾਵੇਂ ਜਿੱਥੇ ਮਰਜ਼ੀ ਜਾ ਵਸੇ। 'ਦੀਵੇ ਜਗਦੇ ਰਹਿਣਗੇ' ਵੀ ਮੇਰੀ ਮਿੱਟੀ ਦੀ ਉਪਜ ਹੈ, ਜਿਸ ਮਿੱਟੀ ਨਾਲ ਮੈਨੂੰ ਅੰਤਾਂ ਦਾ ਮੋਹ ਹੈ। ਮੇਰੇ ਪਿੰਡ ਦੇ ਲੋਕ, ਰਾਹ-ਰਸਤੇ, ਦ੍ਰਿਸ਼-ਬੂਟੇ, ਪੁਰਾਣੀਆਂ-ਨਵੀਆਂ ਸੱਭੇ ਥਾਵਾਂ, ਇਥੋਂ ਤਕ ਕਿ ਟੋਭਾ, ਨਹਿਰ ਤੇ ਮੜ੍ਹੀਆਂ ਵੀ ਮੈਨੂੰ ਦਿਨ-ਰਾਤ ਟੁੰਬਦੀਆਂ ਨੇ। ਇਸ ਪਿੰਡ ਵਿਚੋਂ ਮੈਨੂੰ ਸਾਰਾ ਪੰਜਾਬ ਦਿਸਦਾ ਹੈ।

ਸੁੰਦਰ ਦਿੱਖ ਪੰਨੇ 312 ਮੁੱਲ 260 ਰੁਪਏ

ਲੋਕਗੀਤ ਪ੍ਰਕਾਸ਼ਨ, ਸੈਕਟਰ 34 ਏ, ਚੰਡੀਗੜ੍ਹ

SIRJANA Literary Punjabi Quarterly Chandigarh

October-December 2011

Registered with the Registrar of Newspapers for India vide R.N. 10215/65

ਦੇਵ ਦੀ ਨਵੀਂ ਕਾਵਿ-ਪੁਸਤਕ

ਉਤਰਾਇਣ : ਸੂਰਜ ਵੱਲ ਦੀ ਯਾਤਰਾ

ਕਵਿਤਾ ਤੇ ਚਿਤਰਕਾਰੀ ਦੋਹਾਂ ਹੀ ਖੇਤਰਾਂ ਵਿਚ ਅਸਲੋਂ ਨਿਵੇਕਲੀ ਪਛਾਣ ਦਾ ਸਵਾਮੀ ਹੈ ਦੇਵ। ਸਿਰਜਣਾ ਦੇ ਦੋਵੇਂ ਅਮਲ ਉਸ ਦੇ ਨਿੱਜ ਨਾਲੋਂ ਨਿਖੇੜ ਕੇ ਨਹੀਂ ਵੇਖੇ ਜਾ ਸਕਦੇ, ਇਹ ਉਸਦੇ ਜੀਣ-ਥੀਣ ਦਾ ਹੀ ਇਕ ਪ੍ਰਗਟਾਵਾ ਹਨ। ਉਸ ਦੀ ਚਿਤਰਕਾਰੀ ਵਿਚੋਂ ਕਵਿਤਾ, ਕਾਵਿ-ਸਿਰਜਣਾ ਵਿਚੋਂ ਚਿਤਰਕਲਾ ਅਤੇ ਇਹਨਾਂ ਦੋਹਾਂ ਵਿਚੋਂ ਉਸਦੇ ਜੀਵਨ ਤੇ ਜੀਵਨ-ਦ੍ਰਿਸ਼ਟੀ ਦੀ ਝਲਕ ਮਿਲਦੀ ਹੈ। ਸ਼ਬਦਾਂ ਰਾਹੀਂ ਰੂਪਮਾਨ ਹੁੰਦੇ ਬਿੰਬਾਂ, ਪ੍ਰਤੀਕਾਂ, ਅਲੰਕਾਰਾਂ ਨੂੰ ਉਹ ਕਾਵਿ-ਪੰਕਤੀਆਂ ਵਿਚ ਅਜਿਹੇ ਅਨੂਠੇ ਢੰਗ ਨਾਲ ਬੀੜਦਾ ਹੈ ਕਿ ਉਹਨਾਂ ਵਿਚੋਂ ਚਿਤਰਾਂ ਦੀ ਪ੍ਰਤੀਤੀ ਹੋਣ ਲਗਦੀ ਹੈ। ਦੋਹਰੀ ਪ੍ਰਤਿਭਾ ਵਾਲੇ ਇਸ ਕਲਾਕਾਰ-ਸਿਰਜਕ ਵਰਗਾ ਪੰਜਾਬੀ ਕਲਾ ਅਤੇ ਸਾਹਿਤ ਦੇ ਜਗਤ ਵਿਚ ਹੋਰ ਕੋਈ ਨਹੀਂ। -ਰਘਬੀਰ ਸਿੰਘ (ਸਿਰਜਣਾ)

ਪੰਨੇ : 290 ਸੁੰਦਰ ਦਿੱਖ ਮੁੱਲ : 400 ਰੁਪਏ

ਨਵਯੁਗ ਪ੍ਰਕਾਸ਼ਨ, ਹੌਜ਼ ਖਾਸ, ਨਵੀਂ ਦਿੱਲੀ-110016